**Book Online** 123GoAir
WWW.123GOAIR.COM
Cheap Airline tickets to India and Worldwide.
Fares to India starting at $625*
Call: 1-844-234-6247
Email: info@123goair.com
*RT Fare Incl. Taxes Conditions Apply
95-81 114 street, Richmond Hill, NY 11419

**Real Estate Services**
BUY, SELL or RENT
Queens, Long Island & Manhattan
Ph: 917-679-0029
E-mail: sunny.singhre@gmail.com


Sunny Singh


ਬੌਬੀ ਸਿੰਘ

ਪ੍ਰਾਈਵੇਟ ਗੱਡੀਆਂ, ਕਮਰਸ਼ੀਅਲ ਟਰੱਕ, ਲਾਈਫ ਅਤੇ ਘਰਾਂ ਦੀ ਇੰਸ਼ੋਰੈਂਸ ਦੀ ਸੇਵਾ ਵਿਚ ਤਜਰਬੇਕਾਰ ਬੌਬੀ ਸਿੰਘ ਨੂੰ ਚੰਗੀਆਂ ਸੇਵਾਵਾਂ ਲਈ ਅੱਜ ਹੀ ਕਾਲ ਕਰੋ
ਪੰਜਾਬੀ ਭਰਾਵਾਂ ਦੀ ਸੇਵਾ ਵਿਚ ਹਰ ਪਲ ਹਾਜ਼ਰ
(ਸੈਲ): 718-757-7809
ਫੋਨ (ਦਫਤਰ): 718-262-9700
(ਫੈਕਸ): 516-439-5418
ਗੱਡੀਆਂ ਅਤੇ ਘਰਾਂ ਦੀ ਇੰਸ਼ੋਰੈਂਸ ਸਬੰਧੀ ਸਲਾਹ-ਮਸ਼ਵਰਾ ਕਰਕੇ ਪੈਸੇ ਦੀ ਬੱਚਤ ਕਰੋ।
120-20 101 Avenue S. Richmond Hill, NY 11419

Nineteenth Year of Publication
ਨਿਊ ਯਾਰਕ ਐਡੀਸ਼ਨ
Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 19, Issue 31, August 4, 2018 20451 N. Plum Grove Rd., Palatine, IL 60074 Ph:847-359-0746, Fax:847-705-9388

## ਬਹਿਬਲ ਕਲਾਂ ਗੋਲੀਕਾਂਡ ਦੀ ਜਾਂਚ ਵੀ 84 ਵਾਲੇ ਰਾਹ

### ਹੁਣ ਤੱਕ 3 ਕਮਿਸ਼ਨ ਕਰ ਚੁਕੇ ਹਨ ਜਾਂਚ

### ਸੁਖਬੀਰ ਨੂੰ ਵੀ ਲੱਗ ਸਕਦਾ ਹੈ ਲਪੇਟਾ

ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ ਦੀਆਂ ਪਰਤਾਂ ਖੁੱਲ੍ਹਣ ਨਾਲ ਸ਼੍ਰੋਮਣੀ ਅਕਾਲੀ ਦਲ ਦੀ ਲੀਡਰਸ਼ਿਪ, ਖਾਸ ਕਰ ਕੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਜ਼ਬਰਦਸਤ ਸੇਕ ਲੱਗਣ ਦੇ ਆਸਾਰ ਹਨ। ਉਨ੍ਹਾਂ ਦੀਆਂ ਡੇਰਾ ਸਿਰਸਾ ਦੇ ਮੁੱਖ ਪ੍ਰਬੰਧਕਾਂ ਨਾਲ ਮੀਟਿੰਗਾਂ ਉਨ੍ਹਾਂ ਲਈ ਪਰੇਸ਼ਾਨੀਆਂ ਦਾ ਸਬੱਬ ਬਣ ਸਕਦੀਆਂ ਹਨ। ਕਮਿਸ਼ਨ ਦੀ ਰਿਪੋਰਟ ਵਿਚ ਕਾਫੀ ਸਫੇ ਉਸ ਵੇਲੇ ਦੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਰੇ ਚਰਚਾ ਕੀਤੀ ਗਈ ਹੈ।

**ਚੰਡੀਗੜ੍ਹ:** ਬਹਿਬਲ ਕਲਾਂ ਤੇ ਕੋਟਕਪੂਰਾ ਗੋਲੀਕਾਂਡਾਂ ਦੀ ਜਾਂਚ ਹੁਣ ਸੀ.ਬੀ.ਆਈ. ਹਵਾਲੇ ਕਰ ਦਿੱਤੀ ਗਈ ਹੈ। ਪੰਜਾਬ ਸਰਕਾਰ ਦੇ ਇਸ ਫੈਸਲੇ ਨੂੰ ਮੁਢਲੇ ਤੌਰ ਉਤੇ 'ਟਾਈਮ ਪਾਸ' ਵਜੋਂ ਹੀ ਦੇਖਿਆ ਜਾ ਰਿਹਾ ਹੈ। ਮਾਮਲੇ ਦੀ ਜਾਂਚ ਹੁਣ ਤੱਕ ਤਿੰਨ ਕਮਿਸ਼ਨ ਕਰ ਚੁੱਕੇ ਹਨ।

ਕਾਂਗਰਸ ਸਰਕਾਰ ਬਣਨ ਪਿੱਛੋਂ ਕੈਪਟਨ ਅਮਰਿੰਦਰ ਸਿੰਘ ਵੱਲੋਂ ਬਣਾਏ ਗਏ ਜਸਟਿਸ (ਸੇਵਾ-ਮੁਕਤ) ਰਣਜੀਤ ਸਿੰਘ ਕਮਿਸ਼ਨ ਨੇ ਆਪਣੀ ਰਿਪੋਰਟ ਸਰਕਾਰ ਨੂੰ ਸੌਂਪ ਦਿੱਤੀ ਹੈ ਜਿਸ ਵਿਚ ਡੀ.ਜੀ.ਪੀ. ਸੁਮੇਧ ਸੈਣੀ ਸਮੇਤ ਕਈ ਵੱਡੇ ਅਫਸਰਾਂ ਵੱਲ ਉਂਗਲ ਕੀਤੀ ਗਈ ਹੈ। ਹੁਣ ਸਰਕਾਰ ਇਨ੍ਹਾਂ ਵਿਰੁਧ ਕਾਰਵਾਈ ਕਰਨ ਦੀ ਥਾਂ ਜਾਂਚ ਸੀ.ਬੀ.ਆਈ. ਨੂੰ ਸੌਂਪ ਰਹੀ ਹੈ। ਮੁੱਖ ਮੰਤਰੀ ਦੇ ਰਵੱਈਏ ਤੋਂ ਜਾਪ ਰਿਹਾ ਹੈ ਕਿ ਉਹ ਇਸ ਮਾਮਲੇ ਨੂੰ ਅਜੇ ਹੋਰ ਖਿੱਚਣ ਦੇ ਰੌਂਅ ਵਿਚ ਹਨ। ਦੱਸ ਦਈਏ ਕਿ ਪਿਛਲੀ ਸਰਕਾਰ ਨੇ ਧਾਰਮਿਕ ਗ੍ਰੰਥਾਂ ਦੀ ਬੇਅਦਬੀ ਦੇ ਮਾਮਲਿਆਂ ਦੀ ਜਾਂਚ 2015 ਦੇ ਅਖੀਰ ਵਿਚ ਸੀ.ਬੀ.ਆਈ. ਨੂੰ ਸੌਂਪੀ ਸੀ ਅਤੇ ਅਜੇ ਤੱਕ ਜਾਂਚ ਜਾਰੀ ਹੈ। ਅਕਾਲੀ ਸਰਕਾਰ ਵੇਲੇ ਕੈਪਟਨ ਖੁਦ ਸੀ.ਬੀ.ਆਈ. ਜਾਂਚ ਦਾ ਵਿਰੋਧ ਕਰ ਚੁੱਕੇ ਹਨ। ਹੁਣ ਕੈਪਟਨ ਤਰਕ ਦੇ ਰਹੇ ਹਨ ਕਿ ਡੀ.ਜੀ.ਪੀ. ਪੱਧਰ ਦੇ ਅਧਿਕਾਰੀਆਂ ਦੀ ਜਾਂਚ ਜੂਨੀਅਰ ਅਧਿਕਾਰੀ ਨਹੀਂ ਕਰ ਸਕਦੇ, ਇਸ ਕਰ ਕੇ ਜਾਂਚ ਸੀ.ਬੀ.ਆਈ. ਨੂੰ ਸੌਂਪੀ ਹੈ।

ਇਹ ਵੀ ਚਰਚਾ ਹੈ ਕਿ ਨਸ਼ਿਆਂ ਦੇ ਮਾਮਲੇ ਵਿਚ ਕੈਪਟਨ ਸਰਕਾਰ ਵਲੋਂ ਇਕ ਐਸ.ਐਸ.ਪੀ. ਸਮੇਤ ਹੋਰ ਸੀਨੀਅਰ ਅਫਸਰਾਂ ਖਿਲਾਫ ਕੀਤੀ ਕਾਰਵਾਈ ਕਾਰਨ ਅਫਸਰਸ਼ਾਹੀ ਵਿਚ ਕਾਫੀ ਰੋਹ ਹੈ। ਇਸ ਲਈ ਕੈਪਟਨ ਫਿਲਹਾਲ ਸੀਨੀਅਰ ਅਧਿਕਾਰੀਆਂ ਨਾਲ 'ਪੰਗਾ' ਲੈਣ ਤੋਂ ਟਲ ਰਹੇ ਹਨ। ਇਹ ਵੀ ਚਰਚਾ ਹੈ ਕਿ ਇਹ ਜਾਂਚ ਬਾਦਲਾਂ ਨੂੰ ਵੀ ਲਪੇਟੇ ਵਿਚ ਲੈ ਰਹੀ ਹੈ। ਸੀ.ਬੀ.ਆਈ. ਨੂੰ ਜਾਂਚ ਸੌਂਪਣਾ ਇਸੇ ਰਣਨੀਤੀ ਦਾ ਹਿੱਸਾ ਦੱਸਿਆ ਜਾ ਰਿਹਾ ਹੈ। ਬਹਿਬਲ ਕਲਾਂ ਤੇ ਕੋਟਕਪੂਰਾ ਗੋਲੀਕਾਂਡਾਂ ਬਾਰੇ ਪਿਛਲੀ ਸਰਕਾਰ ਨੇ ਵੀ ਕੋਈ ਰਾਹ ਨਹੀਂ ਦਿੱਤੀ ਜਦ ਕਿ ਇਹ ਸਾਫ ਹੈ ਇਸ ਕਾਂਡ ਵਿਚ ਦੋ ਸਿੱਖ ਨੌਜਵਾਨਾਂ ਦੀ ਮੌਤ ਪੁਲਿਸ ਦੀ ਗੋਲੀ ਨਾਲ ਹੋਈ ਸੀ। ਇਸ ਦੇ ਬਾਵਜੂਦ ਇਸ ਕੇਸ ਵਿਚ ਅਣਪਛਾਤਿਆਂ ਵਲੋਂ ਗੋਲੀ ਚਲਾਉਣ ਬਾਰੇ ਦਰਸਾ ਕੇ ਉਲਝਾਇਆ ਗਿਆ ਜਦ ਕਿ ਪੁਲਿਸ ਵਿਭਾਗ ਵਿਚ ਮੁਲਾਜ਼ਮਾਂ ਨੂੰ ਦਿੱਤੇ ਜਾਂਦੇ ਅਸਲੇ ਦਾ ਪੂਰਾ ਹਿਸਾਬ ਕਿਤਾਬ ਰੱਖਿਆ ਜਾਂਦਾ ਹੈ। ਇਨ੍ਹਾਂ ਮੁਲਾਜ਼ਮਾਂ ਨੂੰ ਗੋਲੀ ਚਲਾਉਣ ਦਾ ਹੁਕਮ ਕਿਸ ਨੇ ਦਿੱਤਾ, ਇਸ ਬਾਰੇ ਵੀ ਅਜੇ ਤੱਕ ਅੱਖੀਂ ਘੱਟਾ ਪਾਉਣ ਵਾਲੀ ਰਣਨੀਤੀ ਅਪਣਾਈ ਗਈ। ਕਮਿਸ਼ਨ ਨੇ ਮੈਡੀਕਲ ਗਵਾਹੀ ਦੇ ਹਵਾਲੇ ਨਾਲ ਇਹ ਇੰਕਸ਼ਾਫ ਕੀਤਾ ਹੈ ਕਿ ਬਹਿਬਲ ਕਲਾਂ ਗੋਲੀ ਕਾਂਡ ਵਿਚ ਪੀੜਤਾਂ ਦੀ ਮੌਤ ਪੁਲਿਸ ਵਲੋਂ ਨੇੜਿਉਂ ਗੋਲੀਆਂ ਮਾਰਨ ਕਾਰਨ ਹੋਈ ਸੀ। ਜਦੋਂ ਅੰਦੋਲਨਕਾਰੀਆਂ ਉਤੇ

(ਬਾਕੀ ਸਫਾ 6 ਉਤੇ)

## ਡਾ. ਹਰਜਿੰਦਰ ਖਹਿਰਾ 'ਅਮਦਾਨਾ' ਜਥੇਬੰਦੀ ਦੇ ਪ੍ਰਧਾਨ ਬਣੇ

**ਸ਼ਿਕਾਗੋ (ਬਿਊਰੋ):** ਡਾ. ਹਰਜਿੰਦਰ ਸਿੰਘ ਖਹਿਰਾ ਅੰਮ੍ਰਿਤਸਰ ਵਿਚ ਪੜ੍ਹੇ ਮੈਡੀਕਲ ਤੇ ਡੈਂਟਲ ਡਾਕਟਰਾਂ ਦੀ ਜਥੇਬੰਦੀ ਅੰਮ੍ਰਿਤਸਰ ਮੈਡੀਕਲ ਐਂਡ ਡੈਂਟਲ ਅਲੂਮਨੀ ਐਸੋਸੀਏਸ਼ਨ, ਨਾਰਥ ਅਮੈਰਿਕਾ 'ਅਮਦਾਨਾ' ਦੇ ਪ੍ਰਧਾਨ ਨਾਮਜਦ ਕੀਤੇ ਗਏ ਹਨ। ਇਸ ਸਬੰਧੀ ਫੈਸਲਾ ਅਮਦਾਨਾ (AMDAANA.COM.) ਦੀ ਨਿਊ



ਯਾਰਕ ਵਿਚ 19 ਤੋਂ 22 ਜੁਲਾਈ ਤਕ ਹੋਈ 40ਵੀਂ ਕਨਵੈਨਸ਼ਨ ਵਿਚ ਲਿਆ ਗਿਆ। ਜ਼ਿਕਰਯੋਗ ਹੈ ਕਿ ਡਾ. ਖਹਿਰਾ ਸਥਾਨਕ ਭਾਈਚਾਰਕ ਹਲਕਿਆਂ ਵਿਚ ਕਾਫੀ ਸਰਗਰਮ ਰਹਿੰਦੇ ਹਨ ਅਤੇ ਕਈ ਜਥੇਬੰਦੀਆਂ ਦੇ ਮੋਹਰੀਆਂ ਵਿਚੋਂ ਇਕ ਹਨ। ਉਹ 1995 ਤੋਂ ਇਥੇ ਵੱਖ ਵੱਖ ਧਾਰਮਕ, ਸਮਾਜਕ, ਸਿਆਸੀ ਅਤੇ ਸਭਿਆਚਾਰਕ ਪ੍ਰੋਗਰਾਮ ਕਰਵਾਉਣ ਵਿਚ ਕਾਫੀ ਸਰਗਰਮ ਰਹੇ ਹਨ।

ਡਾ. ਖਹਿਰਾ ਨੂੰ ਬਹੁਤ ਸਾਰੇ ਭਾਈਚਾਰਕ ਅਤੇ ਲੀਡਰਸ਼ਿਪ ਐਵਾਰਡ ਮਿਲ ਚੁਕੇ ਹਨ ਅਤੇ ਉਹ ਕਈ ਸਾਲ ਇਕ ਟੀ. ਵੀ. ਸ਼ੋਅ ਦੇ ਵੀ ਮੇਜ਼ਬਾਨ ਰਹੇ ਹਨ। ਉਨ੍ਹਾਂ ਆਪਣੀ ਪ੍ਰੀਮੈਡੀਕਲ

(ਬਾਕੀ ਸਫਾ 2 ਉਤੇ)

## ਖਹਿਰਾ ਦੀ ਛੁੱਟੀ ਪਿੱਛੋਂ 'ਆਪ' ਵਿਚ ਉਚੀਆਂ ਹੋਈਆਂ ਬਾਗੀ ਸੁਰਾਂ



**ਚੰਡੀਗੜ੍ਹ:** ਆਮ ਆਦਮੀ ਪਾਰਟੀ ਵਿਚਲਾ ਸਿਆਸੀ ਸੰਕਟ ਵਧਦਾ ਜਾ ਰਿਹਾ ਹੈ। ਪੰਜਾਬ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਆਗੂ ਸੁਖਪਾਲ ਸਿੰਘ ਖਹਿਰਾ ਨੂੰ ਬਦਲਣ ਪਿੱਛੋਂ ਪੰਜਾਬ ਇਕਾਈ ਵਿਚ ਭੂਚਾਲ ਆ ਗਿਆ ਹੈ। ਪਾਰਟੀ 'ਚ ਵੱਡੇ ਪੱਧਰ ਉਤੇ ਬਗਾਵਤ ਸ਼ੁਰੂ ਹੋ ਗਈ ਹੈ।

ਖਹਿਰਾ ਨੂੰ ਅਹੁਦੇ ਤੋਂ ਹਟਾਏ ਜਾਣ 'ਤੇ ਨਾਰਾਜ਼ਗੀ ਵਜੋਂ ਪਾਰਟੀ ਦੇ ਖਰੜ ਤੋਂ ਵਿਧਾਇਕ ਕੰਵਰ ਸੰਧੂ ਨੇ ਵਿਧਾਇਕ ਦਲ ਦੇ ਬੁਲਾਰੇ ਵਜੋਂ ਅਸਤੀਫਾ ਦੇ ਦਿੱਤਾ ਹੈ। ਇਹ ਵੀ ਚਰਚਾ ਹੈ ਕਿ ਪਾਰਟੀ ਛੇਤੀ ਹੀ ਨਵਾਂ ਪੰਜਾਬ ਪ੍ਰਧਾਨ ਲਗਾਉਣ ਦੀ ਤਿਆਰੀ 'ਚ ਹੈ ਅਤੇ ਮੌਜੂਦਾ ਪ੍ਰਧਾਨ ਭਗਵੰਤ ਮਾਨ ਦੀ ਪ੍ਰਧਾਨਗੀ ਕਿਸੇ ਵੇਲੇ ਵੀ ਖੁੱਸ ਸਕਦੀ ਹੈ। ਪਾਰਟੀ ਦੇ ਸੂਤਰਾਂ ਅਨੁਸਾਰ ਖਹਿਰਾ ਨੂੰ ਹਟਾਉਣ ਦਾ ਕਾਰਨ ਭਾਵੇਂ ਪੰਜਾਬ 'ਚ ਪਾਰਟੀ ਵਲੋਂ ਦਲਿਤ ਚਿਹਰਾ ਮੂਹਰੇ ਲਿਆਉਣਾ ਦੱਸਿਆ ਜਾ ਰਿਹਾ ਹੈ ਪਰ ਇਸ ਦੇ ਪਿੱਛੇ ਅਸਲ ਕਾਰਨ ਖਹਿਰਾ ਵੱਲੋਂ ਲੰਮੇ ਸਮੇਂ ਤੋਂ ਪਾਰਟੀ ਖਿਲਾਫ਼ ਅਲਾਪੀਆਂ ਜਾ ਰਹੀਆਂ ਬਾਗੀ ਸੁਰਾਂ ਹੀ ਹਨ। ਖਹਿਰਾ ਨੇ ਪਾਰਟੀ ਦੇ ਕੌਮੀ ਪ੍ਰਧਾਨ ਅਰਵਿੰਦ ਕੇਜਰੀਵਾਲ ਵੱਲੋਂ ਬਿਕਰਮ ਸਿੰਘ ਮਜੀਠੀਆ ਤੋਂ ਮੁਆਫੀ ਮੰਗਣ ਤੋਂ ਬਾਅਦ ਖੁੱਲ੍ਹੇ ਰੂਪ ਵਿਚ ਇਸ ਵਿਰੁਧ ਬਿਆਨ ਦਿੱਤੇ ਸਨ। ਖਹਿਰਾ ਸਿੱਖ ਰਾਇਸ਼ੁਮਾਰੀ ਦੀ ਮੁਹਿੰਮ ਸਬੰਧੀ ਵੀ ਆਪਣੇ ਬਿਆਨ ਕਾਰਨ ਵਿਵਾਦਾਂ ਵਿਚ ਘਿਰੇ ਸਨ। ਕੇਂਦਰੀ ਆਗੂਆਂ ਨੂੰ ਉਸ ਦੇ ਅਜਿਹੇ ਬਿਆਨਾਂ ਨੂੰ ਆਧਾਰ ਬਣਾ ਕੇ ਕਾਰਵਾਈ ਕਰਨ ਦਾ ਬਹਾਨਾ ਮਿਲ ਗਿਆ।


ਪੰਜਾਬ ਦੇ ਸਹਿ ਪ੍ਰਧਾਨ ਡਾ. ਬਲਬੀਰ ਸਿੰਘ ਅਤੇ ਸੁਖਪਾਲ ਸਿੰਘ ਖਹਿਰਾ ਹੁਣ ਆਹਮੋ-ਸਾਹਮਣੇ ਹਨ। ਇਕ ਪਾਸੇ ਖਹਿਰਾ ਵੱਲੋਂ ਪਾਰਟੀ ਵਿਧਾਇਕਾਂ ਨੂੰ ਇਕਜੁਟ ਕਰ ਕੇ ਆਪਣੀ ਤਾਕਤ

(ਬਾਕੀ ਸਫਾ 6 ਉਤੇ)


Ad Space Available
Please Call,
Ph: 847-359-0746


Harpreet Singh





Special Sale 2018
ਅੰਮ੍ਰਿਤਸਰ $975
ਦਿੱਲੀ $855
ਟੈਕਸ ਸਮੇਤ
734 838 9998
24 ਘੰਟੇ ਐਮਰਜੈਂਸੀ ਸੇਵਾ
WorldWide Travel
www.fly2world.com
866 66 INDIA
46342
Fares shown are from Detroit for departure between Sep 5th and Dec 8th. Fare may change without notice, please call for more details. Other conditions



Tanya`s Beauty Salon
*Threading/Waxing
*Facial (Men & Women)
*Anti-Aging Facial-Bleach
*Hair Cut-Color and Style
We Specialize in Bridal & Henna
85-03 Roosevelt Ave., Jackson Heights, NY 11373
Ph: 718-205-7832

### ਇੰਡੀਅਨ ਓਵਰਸੀਜ਼ ਕਾਂਗਰਸ ਦੀ ਨੈਸ਼ਨਲ ਕਾਨਫਰੰਸ

# ਸੈਮ ਪਿਤਰੋਦਾ ਵੱਲੋਂ ਪਰਵਾਸੀਆਂ ਨੂੰ ਭਾਰਤ ਲਈ ਹੰਭਲਾ ਮਾਰਨ ਦਾ ਸੱਦਾ

**ਨਿਊ ਯਾਰਕ:** ਆਲ ਇੰਡੀਆ ਕਾਂਗਰਸ ਕਮੇਟੀ ਦੇ ਓਵਰਸੀਜ਼ ਕਾਂਗਰਸ ਵਿਭਾਗ ਦੇ ਚੇਅਰਮੈਨ ਸੈਮ ਪਿਤਰੋਦਾ ਨੇ ਕਿਹਾ ਹੈ ਕਿ ਇਸ ਵਕਤ ਭਾਰਤ ਚੌਰਾਹੇ ਵਿਚ ਖੜ੍ਹਾ ਹੈ, ਹੁਣ ਪਰਵਾਸੀ ਭਾਰਤੀ ਮਦਦ ਲਈ ਅੱਗੇ ਆਉਣ ਤਾਂ ਕਿ ਮੁਸ਼ਕਿਲ 'ਚ ਫਸੀ ਭਾਰਤ ਦੀ ਜਮਹੂਰੀਅਤ ਨੂੰ



*ਸੈਮ ਪਿਤਰੋਦਾ*

ਬਚਾਇਆ ਜਾ ਸਕੇ ਅਤੇ ਸੱਚ ਤੇ ਅਹਿੰਸਾ ਦੇ ਮਾਰਗ ਉਤੇ ਅਗਾਂਹ ਕਦਮ ਵਧਾਏ ਜਾ ਸਕਣ। ਉਹ ਇਥੇ ਕਰਾਊਨ ਪਲਾਜ਼ਾ ਹੋਟਲ ਵਿਚ ਇੰਡੀਅਨ ਨੈਸ਼ਨਲ ਓਵਰਸੀਜ਼ ਕਾਂਗਰਸ (ਆਈ.ਐਨ.ਓ.ਸੀ.) ਦੀ ਨੈਸ਼ਨਲ ਕਾਨਫਰੰਸ ਦੇ ਉਦਘਾਟਨ ਮੌਕੇ ਬੋਲ ਰਹੇ ਸਨ।

ਸ੍ਰੀ ਪਿਤਰੋਦਾ ਨੇ 'ਨੈਸ਼ਨਲ ਹੈਰਾਲਡ' ਅਖਬਾਰ ਨਾਲ ਸਬੰਧਤ ਕੇਸ ਦੇ ਹਵਾਲੇ ਨਾਲ ਕਿਹਾ ਕਿ ਦੇਸ਼ ਵਿਚ ਭੈਅ ਤੇ ਦਹਿਸ਼ਤ ਵਾਲਾ ਮਾਹੌਲ ਬਣਾਇਆ ਜਾ ਰਿਹਾ ਹੈ ਅਤੇ ਸੱਤਾਧਾਰੀ ਧਿਰ ਵਲੋਂ ਸਿਆਸੀ ਲਾਹੇ ਲਈ ਲਗਾਤਾਰ ਕੁਫਰ ਤੋਲਿਆ ਜਾ ਰਿਹਾ ਹੈ। ਉਨ੍ਹਾਂ ਅਗਲੇ ਸਾਲ 2019 ਵਿਚ ਆ ਰਹੀਆਂ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਡੈਲੀਗੇਟਾਂ ਨੂੰ ਸੱਦਾ ਦਿੱਤਾ ਕਿ ਉਹ ਸਾਰੇ ਰਲ ਕੇ ਕਾਂਗਰਸ ਦੀ ਚੋਣ ਮੁਹਿੰਮ ਨੂੰ ਮਜ਼ਬੂਤ ਕਰਨ ਤਾਂ ਕਿ ਦੇਸ਼ ਵਿਚ ਜਮਹੂਰੀ ਕਦਰਾਂ-ਕੀਮਤਾਂ ਬਹਾਲ ਕੀਤੀਆਂ ਜਾ ਸਕਣ।

ਆਈ.ਐਨ.ਓ.ਸੀ. ਅਮਰੀਕਾ ਦੇ ਕਈ ਸਾਲ ਪ੍ਰਧਾਨ ਰਹੇ ਅਤੇ ਇੰਡੀਅਨ ਓਵਰਸੀਜ਼ ਕਾਂਗਰਸ (ਆਈ.ਓ.ਸੀ.) ਦੇ ਗਵਰਨਿੰਗ ਬੋਰਡ ਦੇ ਮੈਂਬਰ ਡਾ. ਸੁਰਿੰਦਰ ਮਲਹੋਤਰਾ ਨੇ ਸੱਦਾ ਦਿੱਤਾ ਕਿ ਸਾਰੇ ਜਣੇ ਆਪਸੀ ਧੜੇਬੰਦੀ ਛੱਡ ਕੇ ਪਾਰਟੀ ਦੀ ਮਜ਼ਬੂਤੀ ਲਈ ਅੱਗੇ ਆਉਣ। ਆਈ.ਓ.ਸੀ. ਦੇ ਵਾਈਸ ਚੇਅਰਮੈਨ ਜਾਰਜ ਅਬਰਾਹਮ ਨੇ ਕਿਹਾ ਕਿ ਇਸ ਵਕਤ ਭਾਰਤੀ ਜਮਹੂਰੀਅਤ ਹਮਲੇ ਦੀ ਮਾਰ ਹੇਠ ਹੈ। ਹੁਣ ਸਾਨੂੰ ਸੰਵਿਧਾਨ ਦੀ ਰਾਖੀ ਲਈ ਅੱਗੇ ਆਉਣਾ ਪਵੇਗਾ।

ਆਈ.ਐਨ.ਓ.ਸੀ. ਅਮਰੀਕਾ ਦੇ ਪ੍ਰਧਾਨ ਮੋਹਿੰਦਰ ਸਿੰਘ ਗਿਲਜ਼ੀਆਂ ਨੇ ਕਾਂਗਰਸ ਵੱਲੋਂ ਭਾਰਤ ਦੇ ਵਿਕਾਸ ਵਿਚ ਪਾਏ ਯੋਗਦਾਨ ਦੀ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਇਨ੍ਹਾਂ ਯਤਨਾਂ ਨਾਲ ਹੀ ਦੇਸ਼ ਦੀ ਆਰਥਿਕਤਾ ਮਜ਼ਬੂਤ ਹੋਈ ਹੈ। ਇਸ ਮੌਕੇ ਉਨ੍ਹਾਂ ਅਮਰੀਕਾ ਵਿਚ ਓਵਰਸੀਜ਼ ਕਾਂਗਰਸ ਦੀ ਮਜ਼ਬੂਤੀ ਲਈ ਕੁਝ ਯੋਜਨਾਵਾਂ ਵੀ ਸਾਂਝੀਆਂ ਕੀਤੀਆਂ। ਉਨ੍ਹਾਂ ਵਾਅਦਾ ਕੀਤਾ ਕਿ ਜਥੇਬੰਦੀ ਦੀ ਮੈਂਬਰਸ਼ਿਪ ਹੋਰ ਵਧਾਈ ਜਾਵੇਗੀ ਅਤੇ ਨੌਜਵਾਨਾਂ ਨੂੰ ਜਥੇਬੰਦੀ ਨਾਲ ਜੋੜ ਕੇ ਯੂਨੀਵਰਸਿਟੀਆਂ ਤੇ ਹੋਰ ਅਦਾਰਿਆਂ ਵਿਚ ਭਾਰਤੀ ਵਿਦਿਆਰਥੀਆਂ ਨਾਲ ਸੰਪਰਕ ਸਾਧਿਆ ਜਾਵੇਗਾ। ਉਨ੍ਹਾਂ ਆਸ ਪ੍ਰਗਟਾਈ ਕਿ ਆਈ.ਓ.ਸੀ. ਲਈ ਹੈਡਕੁਆਰਟਰ ਵਜੋਂ ਕੰਮ ਕਰਨ ਲਈ ਛੇਤੀ ਹੀ 'ਕਾਂਗਰਸ ਭਵਨ' ਉਸਾਰਿਆ ਜਾ ਸਕਦਾ ਹੈ।

ਆਲ ਇੰਡੀਆ ਕਾਂਗਰਸ ਕਮੇਟੀ ਦੇ ਓਵਰਸੀਜ਼ ਕਾਂਗਰਸ ਵਿਭਾਗ ਦੇ ਨਵ-ਨਿਯੁਕਤ ਸਕੱਤਰ ਹਿਮਾਂਸ਼ੂ ਵਿਆਸ ਨੇ ਕਿਹਾ ਕਿ ਸੰਸਾਰ ਭਰ ਵਿਚ ਓਵਰਸੀਜ਼ ਕਾਂਗਰਸ ਚੈਪਟਰਾਂ ਨੂੰ ਹੋਰ ਮਜ਼ਬੂਤ ਕੀਤਾ ਜਾਵੇਗਾ। ਸਾਬਕਾ ਸੰਸਦ ਮੈਂਬਰ ਅਤੇ ਕਾਂਗਰਸ ਦੇ ਸਕੱਤਰ ਮਧੂ ਯਾਸਖੀ ਨੇ ਭਾਰਤੀ ਜਮਹੂਰੀਅਤ ਨੂੰ ਦਰਪੇਸ਼ ਚੁਣੌਤੀਆਂ ਬਾਰੇ ਚਰਚਾ ਕੀਤੀ। ਉਨ੍ਹਾਂ ਰਾਫਾਲ ਜਹਾਜ਼ਾਂ ਦੀ ਖਰੀਦੋ-





ਫਰੋਖਤ ਵਿਚ ਹੋਏ ਭ੍ਰਿਸ਼ਟਾਚਾਰ ਦਾ ਮਸਲਾ ਵੀ ਉਭਾਰਿਆ।

ਆਈ.ਐਨ.ਓ.ਸੀ. (ਆਈ.) ਦੇ ਪ੍ਰਧਾਨ ਸ਼ੁੱਧ ਪ੍ਰਕਾਸ਼ ਸਿੰਘ ਨੇ ਆਪਣੇ ਸਾਥੀਆਂ ਨਾਲ ਜਾਣ-ਪਛਾਣ ਕਰਵਾਈ। ਕਾਨਫਰੰਸ ਨੂੰ ਆਈ.ਐਨ.ਓ.ਸੀ. (ਅਮਰੀਕਾ) ਦੇ ਸਕੱਤਰ ਜਨਰਲ ਹਰਬਚਨ ਸਿੰਘ, ਆਈ.ਐਨ.ਓ.ਸੀ (ਆਈ.) ਦੇ ਜਨਰਲ ਸਕੱਤਰ ਰਾਜਿੰਦਰ ਦੀਚਪੱਲੀ, ਆਈ.ਓ.ਸੀ. (ਇੰਗਲੈਂਡ) ਦੇ ਪ੍ਰਧਾਨ ਕਮਲਪ੍ਰੀਤ ਸਿੰਘ ਧਾਲੀਵਾਲ ਅਤੇ ਡਾ. ਡਾਇਨ ਨਾਇਕ ਨੇ ਵੀ ਸੰਬੋਧਨ ਕੀਤਾ। ਮਨੋਜ ਸ਼ਿੰਦੇ ਨੇ ਆਈ.ਟੀ. ਯੋਜਨਾਵਾਂ ਬਾਰੇ ਦੱਸਿਆ। ਮੀਡੀਆ ਕੋਆਰਡੀਨੇਟਰ ਤਵੀਸ਼ੀ ਅਲਗ ਨੇ ਕਾਂਗਰਸ ਦੇ ਇਤਿਹਾਸ ਨਾਲ ਸਬੰਧਤ ਵੀਡੀਓ ਵਿਖਾਈਆਂ ਅਤੇ ਰਾਹੁਲ ਗਾਂਧੀ ਵੱਲੋਂ ਭਾਰਤ ਲਈ ਅਗਲੀਆਂ ਯੋਜਨਾਵਾਂ ਦਾ ਖੁਲਾਸਾ ਕੀਤਾ।

ਇਸ ਕਾਨਫਰੰਸ ਵਿਚ ਹੋਰਨਾਂ ਤੋਂ ਇਲਾਵਾ ਟੀ.ਜੇ. ਗਿੱਲ, ਮਾਲਿਨੀ ਸ਼ਾਹ, ਜੌਹਨ ਜੋਸਫ, ਗੁਰਮੀਤ ਸਿੰਘ ਗਿੱਲ, ਚਰਨ ਸਿੰਘ, ਫੁੰਮਣ ਸਿੰਘ, ਰਵੀ ਚੋਪੜਾ, ਥੌਮਸ ਟੀ. ਊਮੈਨ, ਸਤੀਸ਼ ਸ਼ਰਮਾ, ਆਰ. ਜਯਾਚੰਦਰਨ, ਕੁਲਵੀਰ ਸਿੰਘ ਪ੍ਰੇਮਪੁਰ ਸਰਪੰਚ, ਸਰਬਜੀਤ ਸਿੰਘ, ਦਵਿੰਦਰ ਵੋਹਰਾ, ਸੰਤੋਖ ਸਿੰਘ, ਪਾਲ ਸਹੋਤਾ, ਰਾਣਾ ਗਿੱਲ, ਹਰਕੇਸ਼ ਠਾਕੁਰ, ਸਵਰਨ ਸਿੰਘ, ਡਾ. ਮੁਹੰਮਦ ਜਮੀਲ ਆਦਿ ਨੇ ਹਿੱਸਾ ਲਿਆ ਜੋ ਬਤੌਰ ਡੈਲੀਗੇਟ ਨਿਊ ਯਾਰਕ, ਨਿਊ ਜਰਸੀ, ਮੈਰੀਲੈਂਡ, ਵਰਜੀਨੀਆ, ਕੁਨੈਕਟੀਕੱਟ, ਇਲੀਨਾਏ, ਕੈਲੀਫੋਰਨੀਆ, ਇੰਡੀਆਨਾ, ਟੈਕਸਸ, ਮਿਨੀਸੋਟਾ, ਵਾਸ਼ਿੰਗਟਨ, ਫਲੋਰੀਡਾ, ਪੈਨਸਿਲਵੇਨੀਆ, ਮੈਸਾਚੂਸੈਟਸ, ਮਿਸ਼ੀਗਨ ਅਤੇ ਓਂਟਾਰੀਓ (ਕੈਨੇਡਾ) ਤੋਂ ਆਏ ਸਨ।

## ਹਜ਼ਾਰ ਰੁਪਏ ਲਈ ਕਤਲ

**ਹਠੂਰ:** ਪਿੰਡ ਚੀਮਾ ਵਿਚ ਮਹਿਜ ਹਜ਼ਾਰ ਰੁਪਏ ਲਈ ਇਕ ਵਿਅਕਤੀ ਦਾ ਕਤਲ ਕਰ ਦਿੱਤਾ ਗਿਆ ਹੈ। ਅਵਤਾਰ ਸਿੰਘ ਉਰਫ ਪੱਪੂ, ਜੋ ਇਟਲੀ ਰਹਿੰਦਾ ਸੀ ਅਤੇ ਛੁੱਟੀਆਂ 'ਚ ਪਿੰਡ ਆਇਆ ਹੋਇਆ ਸੀ।

ਉਸ ਨੇ ਆਪਣੇ ਪਿੰਡ ਦੀ ਸੁਖਵਿੰਦਰ ਕੌਰ ਨੂੰ ਇਕ ਹਜ਼ਾਰ ਰੁਪਏ ਦਿੱਤੇ ਹੋਏ ਸਨ ਅਤੇ ਉਸ ਨੂੰ ਪੈਸੇ ਵਾਪਸ ਦੇਣ ਲਈ ਕਹਿ ਕੇ ਆਪਣੇ ਘਰ ਆ ਗਿਆ। ਕੁਝ ਸਮੇਂ ਬਾਅਦ ਉਕਤ ਔਰਤ ਆਪਣੇ ਲੜਕਿਆਂ ਨਾਲ ਅਵਤਾਰ ਸਿੰਘ ਦੇ ਘਰ ਆ ਗਏ ਤੇ ਕਿਰਪਾਨ ਨਾਲ ਕੀਤੇ ਹਮਲੇ 'ਚ ਅਵਤਾਰ ਸਿੰਘ ਦੀ ਮੌਕੇ ਉਤੇ ਹੀ ਮੌਤ ਹੋ ਗਈ।

# ਭਗੌੜੇ ਆਰਥਿਕ ਅਪਰਾਧੀ ਬਿੱਲ ਪਾਸ

**ਨਵੀਂ ਦਿੱਲੀ:** ਸੰਸਦ ਨੇ ਭਗੌੜੇ ਆਰਥਿਕ ਅਪਰਾਧੀ ਬਿਲ, 2018 ਪਾਸ ਕਰ ਦਿੱਤਾ। ਇਹ ਬਿਲ ਵਿਜੇ ਮਾਲਿਆ ਤੇ ਨੀਰਵ ਮੋਦੀ ਵਰਗੇ ਵੱਡੇ ਘਪਲੇਬਾਜ਼ਾਂ ਨੂੰ ਵਿਦੇਸ਼ ਭੱਜਣ ਅਤੇ ਦੇਸ਼ ਦੇ ਕਾਨੂੰਨੀ ਅਮਲ ਤੋਂ ਬਚਣੋਂ ਰੋਕਣ ਦੇ ਮਕਸਦ ਨਾਲ ਲਿਆਂਦਾ ਗਿਆ ਹੈ। ਇਸ ਨੂੰ ਰਾਜ ਸਭਾ ਨੇ ਜ਼ੁਬਾਨੀ ਵੋਟ ਰਾਹੀਂ ਪਾਸ ਕਰ ਦਿੱਤਾ, ਜਦੋਂਕਿ ਲੋਕ ਸਭ ਨੇ ਇਸ ਨੂੰ 19 ਜੁਲਾਈ ਨੂੰ ਵੀ ਹਰੀ ਝੰਡੀ ਦਿਖਾ ਦਿੱਤੀ ਸੀ।

ਵਿੱਤ ਮੰਤਰੀ ਪਿਯੂਸ਼ ਗੋਇਲ ਨੇ ਉਪਰਲੇ ਸਦਨ ਨੂੰ ਦੱਸਿਆ ਕਿ ਦੇਸ਼ ਤੋਂ ਭੱਜਣ ਅਤੇ ਕਾਨੂੰਨੀ ਪ੍ਰਕਿਰਿਆ ਤੋਂ ਬਚਣ ਦਾ ਰੁਝਾਨ ਵਧ ਰਿਹਾ ਹੈ, ਜਿਸ ਨੂੰ ਰੋਕਣ ਦੀ ਲੋੜ ਹੈ, ਪਰ ਮੌਜੂਦਾ ਕਾਨੂੰਨ ਇਸ ਗੰਭੀਰ ਸਮੱਸਿਆ ਦੇ ਟਾਕਰੇ ਲਈ ਕਾਫੀ ਨਹੀਂ ਹਨ। ਉਨ੍ਹਾਂ ਕਿਹਾ ਕਿ ਫੌਜਦਾਰੀ ਕਾਨੂੰਨ ਸਾਨੂੰ ਉਨ੍ਹਾਂ ਦੀ ਜਾਇਦਾਦ ਕੁਰਕ ਕਰਨ ਦੀ ਇਜਾਜ਼ਤ ਨਹੀਂ ਦਿੰਦੇ।

ਇਹ ਕਾਨੂੰਨ ਇਨ੍ਹਾਂ ਅਪਰਾਧੀਆਂ ਨੂੰ ਬਾਹਰ ਭੱਜਣ ਤੋਂ ਰੋਕਣ ਦਾ ਇਕ ਅਸਰਦਾਰ, ਤੇਜ਼ ਤੇ ਭਗੌੜੇ ਆਰਥਿਕ ਅਪਰਾਧੀ ਬਿਲ ਸੰਸਦ ਵੱਲੋਂ ਪਾਸ ਸੰਵਿਧਾਨਕ ਤਰੀਕਾ ਹੈ।

ਦੂਜੇ ਪਾਸੇ ਵਿਰੋਧੀ ਮੈਂਬਰਾਂ ਨੇ ਅਨੇਕਾਂ ਕਾਨੂੰਨ ਹੋਣ ਦੇ ਬਾਵਜੂਦ ਦੋਸ਼ੀਆਂ ਨੂੰ ਨੱਥ ਨਾ ਪੈ ਸਕਣ ਲਈ ਸਰਕਾਰ ਦੀ ਇੱਛਾ ਸ਼ਕਤੀ ਦੀ ਘਾਟ ਨੂੰ ਜ਼ਿੰਮੇਵਾਰ ਕਰਾਰ ਦਿੱਤਾ।

## ਦੁਨੀਆਂ ਦੀ ਸਭ ਤੋਂ ਬਿਰਧ ਔਰਤ ਦਾ ਦੇਹਾਂਤ

**ਟੋਕੀਓ:** ਜਾਪਾਨ ਵਾਸੀ ਦੁਨੀਆਂ ਦੀ ਸਭ ਤੋਂ ਬਿਰਧ ਔਰਤ ਚੀਓ ਮਿਆਕੋ (117) ਦਾ ਦੇਹਾਂਤ ਹੋ ਗਿਆ ਹੈ। ਦੋ ਮਈ 1901 ਨੂੰ ਜੰਮੀ ਮਿਆਕੋ ਜਾਪਾਨ ਦੇ ਹੀ 117 ਸਾਲਾ ਨਬੀ ਤਜੀਮਾ ਦੀ ਮੌਤ ਤੋਂ ਬਾਅਦ ਅਪਰੈਲ 'ਚ ਦੁਨੀਆਂ ਦੀ ਸਭ ਤੋਂ ਵਡੇਰੀ ਉਮਰ ਦੀ ਔਰਤ ਬਣੀ ਸੀ।

ਮਿਆਕੋ ਦਾ ਨਾਂ ਗਿੰਨੀਜ਼ ਬੁੱਕ ਆਫ ਵਰਲਡ ਰਿਕਾਰਡਜ਼ ਵਿਚ ਦਰਜ ਹੈ।

# ਡਾ. ਖਹਿਰਾ ਡਾਕਟਰਾਂ ਦੀ ਜਥੇਬੰਦੀ 'ਅਮਦਾਨਾ' ਦੇ ਪ੍ਰਧਾਨ ਬਣੇ

*(ਸਫਾ ਇਕ ਦੀ ਬਾਕੀ)*

ਪੜ੍ਹਾਈ ਲਾਇਲਪੁਰ ਖਾਲਸਾ ਕਾਲਜ, ਜਲੰਧਰ ਤੋਂ ਮੁਕੰਮਲ ਕੀਤੀ ਅਤੇ ਦੰਦਾਂ ਦੇ ਡਾਕਟਰ ਦੀ ਪੜ੍ਹਾਈ ਗੌਰਮਿੰਟ ਡੈਂਟਲ ਕਾਲਜ ਤੇ ਹਸਪਤਾਲ, ਅੰਮ੍ਰਿਤਸਰ ਤੋਂ ਕੀਤੀ। ਅਮਰੀਕਾ ਆਉਣ ਪਿਛੋਂ ਉਨ੍ਹਾਂ ਦੰਦਾਂ ਦੇ ਡਾਕਟਰ ਵਜੋਂ ਅਗਲੀ ਪੜ੍ਹਾਈ ਅਮਰੀਕਾ ਦੇ ਨਾਮੀ ਟਫਟਸ ਯੂਨੀਵਰਸਿਟੀ ਸਕੂਲ ਆਫ ਡੈਂਟਲ ਮੈਡੀਸਨ ਤੋਂ ਮੁਕੰਮਲ ਕੀਤੀ। ਹੁਣ ਪਿਛਲੇ ਲੰਮੇ ਸਮੇਂ ਤੋਂ ਸ਼ਿਕਾਗੋਲੈਂਡ ਵਿਚ ਪ੍ਰਾਈਵੇਟ ਪ੍ਰੈਕਟਿਸ ਚਲਾ ਰਹੇ ਹਨ।

ਇਸ ਸਾਲ ਅਮਦਾਨਾ ਦੀ ਸਾਲਾਨਾ ਕਨਵੈਨਸ਼ਨ ਜਰਸੀ ਸਿਟੀ ਦੇ ਹੋਟਲ ਹਯਾਤ ਵਿਚ ਹੋਈ ਜਿਸ ਵਿਚ ਕਰੀਬ 300 ਡੈਲੀਗੇਟਾਂ ਨੇ ਹਿੱਸਾ ਲਿਆ। ਕਾਨਫਰੰਸ ਵਿਚ ਅਮਰੀਕਾ ਅਤੇ ਕੈਨੇਡਾ ਵਿਚ ਕਲਿਨਿਕ ਚਲਾ ਰਹੇ ਅਤੇ ਵੱਖ ਵੱਖ ਯੂਨੀਵਰਸਿਟੀਆਂ ਦੇ ਮੈਡੀਕਲ ਅਤੇ ਡੈਂਟਲ ਪ੍ਰੋਫੈਸਰ ਸ਼ਾਮਲ ਹੋਏ। ਅਮਰੀਕਾ ਅਤੇ ਕੈਨੇਡਾ ਦੇ ਚੋਟੀ ਦੇ ਡਾਕਟਰਾਂ ਨੇ ਮੈਡੀਕਲ ਅਤੇ ਡੈਂਟਲ ਪੜ੍ਹਾਈ ਲਈ ਅਗਵਾਈ ਦਿੱਤੀ।

ਜਨਰਲ ਬਾਡੀ ਮੀਟਿੰਗ ਦੌਰਾਨ ਡਾ. ਸਤਵੰਤ ਸਿੰਘ ਨੇ ਅਮਦਾਨਾ ਵਲੋਂ ਚਲਾਏ ਜਾ ਰਹੇ ਤਾਜ਼ਾ ਪ੍ਰਾਜੈਕਟਾਂ, ਖਾਸ ਕਰ ਇੰਡੀਆ ਵਿਚ ਲੋੜਵੰਦ ਵਿਦਿਆਰਥੀਆਂ ਦੀ ਮਦਦ ਕਰਨ ਅਤੇ ਵੱਖ ਵੱਖ ਹਸਪਤਾਲਾਂ ਵਿਚ ਕੀਤੇ ਜਾ ਰਹੇ ਚੈਰਿਟੀ ਦੇ ਕਾਰਜਾਂ ਬਾਰੇ ਜਾਣਕਾਰੀ ਦਿੱਤੀ।

ਕਾਨਫਰੰਸ ਦੀ ਮੇਜ਼ਬਾਨੀ ਡਾ. ਮਹਿਤਾ ਨੇ ਕੀਤੀ ਅਤੇ ਨਵੇਂ ਪ੍ਰਧਾਨ ਡਾ. ਖਹਿਰਾ ਨਾਲ ਜਾਣ-ਪਛਾਣ ਕਰਵਾਈ। ਡਾ. ਖਹਿਰਾ ਨੇ ਆਪਣੀ ਤਕਰੀਰ ਵਿਚ ਆਪਣੀ ਧਰਮ ਪਤਨੀ ਹਰਪ੍ਰੀਤ, ਪੁੱਤਰ ਜਸਕੀਰਤ ਤੇ ਧੀ ਜੈਸਮੀਨ ਦਾ ਇਖਲਾਕੀ ਸਹਿਯੋਗ ਅਤੇ ਦੋਸਤਾਂ ਦਾ ਇਸ ਅਹਿਮ ਜਥੇਬੰਦੀ ਦੇ ਪ੍ਰਧਾਨ ਦੀ ਜਿੰਮੇਵਾਰੀ ਸੌਂਪਣ ਲਈ ਉਚੇਚਾ ਧੰਨਵਾਦ ਕੀਤਾ।

ਇਸ ਮੌਕੇ ਜੀਵਨ ਭਰ ਦੀਆਂ ਪ੍ਰਾਪਤੀਆਂ ਲਈ ਅਵਾਰਡ ਡਾ. ਪਾਹੂਜਾ ਅਤੇ ਡਾ. ਪੁਰੀ ਨੂੰ ਦਿੱਤਾ ਗਿਆ। ਜਥੇਬੰਦੀ ਦੀ ਅਗਲੀ ਕਨਵੈਨਸ਼ਨ ਸਿਨਸਿਨੈਟੀ, ਓਹਾਇਓ ਵਿਚ ਹੋਵੇਗੀ ਅਤੇ ਇਸ ਦੇ ਮੇਜ਼ਬਾਨ ਜਥੇਬੰਦੀ ਦੇ ਸਕੱਤਰ ਡਾ. ਜਸਪ੍ਰੀਤ ਕੌਰ ਚਾਹਲ ਹੋਣਗੇ। ਹੋਰ ਜਾਣਕਾਰੀ ਜਥੇਬੰਦੀ ਦੀ ਵੈਬਸਾਈਟ www.amdaana.com ਤੋਂ ਹਾਸਲ ਕੀਤੀ ਜਾ ਸਕਦੀ ਹੈ।

Downsizing my Business
Gas Stations
Convenience Stores
For Sale/Lease
Indianapolis, Indiana
Gurinder Singh Khalsa
(317) 308-1050
adhoyee@gmail.com
28-31

# ਏਸ਼ੀਅਨ ਫੁੱਟਬਾਲ ਸਟਾਰ ਪਰਮਿੰਦਰ ਕੋਚ ਨਿਊ ਯਾਰਕ ਵਿਖੇ

**ਨਿਊ ਯਾਰਕ (ਇਕਬਾਲ ਸਿੰਘ ਜੱਬੋਵਾਲੀਆ):** ਬੀ. ਐਸ. ਐਫ., ਜੇ. ਸੀ. ਟੀ., ਏਸ਼ੀਅਨ ਸਟਾਰ, ਜਮਸ਼ੇਦਪੁਰ ਵਿਖੇ ਬੈਸਟ-ਪਲੇਅਰ ਦਾ 'ਰਹੀਮ ਐਵਾਰਡ' ਜੇਤੂ, ਭਾਰਤੀ ਟੀਮ ਦਾ 5 ਵਾਰ ਕਪਤਾਨ ਰਹਿ ਚੁਕਾ, ਮਹਾਰਾਜਾ ਰਣਜੀਤ ਸਿੰਘ ਸਟੇਟ ਐਵਾਰਡ ਜੇਤੂ ਅਤੇ ਪੰਜਾਬ ਦੀ ਟੀਮ ਦਾ ਸਕੱਤਰ ਰਹੇ ਪਰਮਿੰਦਰ ਸਿੰਘ ਪਹਿਲੀ ਵਾਰ ਨਿਊ ਯਾਰਕ ਪਹੁੰਚ ਰਹੇ ਹਨ।



ਪਰਮਿੰਦਰ ਸਿੰਘ ਕਪੂਰਥਲਾ ਕਲਚਰਲ ਅਤੇ ਸਪੋਰਟਸ ਕਲੱਬ ਵਲੋਂ 5 ਅਗਸਤ, ਐਤਵਾਰ ਨੂੰ ਕਰਵਾਏ ਜਾ ਰਹੇ 7ਵੇਂ ਖੇਡ ਮੇਲੇ 'ਤੇ ਉਚੇਚੇ ਤੌਰ 'ਤੇ ਸ਼ਾਮਲ ਹੋਣਗੇ। ਉਹ ਇਥੇ ਆਪਣੇ ਪ੍ਰਸ਼ੰਸਕਾਂ, ਸਾਥੀ ਖਿਡਾਰੀਆਂ ਤੇ ਦਰਸ਼ਕਾਂ ਨਾਲ ਖੇਡਾਂ ਪ੍ਰਤੀ ਵਿਚਾਰ ਸਾਂਝੇ ਕਰਨਗੇ। ਹੋਰ ਜਾਣਕਾਰੀ ਲਈ ਪਰਮਿੰਦਰ ਫੋਨ: 780-807-9101, ਕਾਰੀ ਫੋਨ: 917-681-5959 ਅਤੇ ਬੱਲ ਫੋਨ: 917-915-1900 ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।

## ਲਾਲ ਕਿਲ੍ਹਾ 8 ਤੋਂ 15 ਅਗਸਤ ਤੱਕ ਆਮ ਲੋਕਾਂ ਲਈ ਬੰਦ

**ਨਵੀਂ ਦਿੱਲੀ:** ਆਜ਼ਾਦੀ ਦਿਵਸ ਲਈ ਤਿਆਰੀਆਂ ਨੂੰ ਮੁੱਖ ਰੱਖਦਿਆਂ ਸੁਰੱਖਿਆ ਦੇ ਮੱਦੇਨਜ਼ਰ 8 ਤੋਂ 15 ਅਗਸਤ ਤੱਕ ਲਾਲ ਕਿਲ੍ਹਾ ਆਮ ਲੋਕਾਂ ਲਈ ਬੰਦ ਰਹੇਗਾ। ਭਾਰਤ ਦੀਆਂ ਪੁਰਾਤਤਵ ਵਸਤਾਂ ਦਾ ਸਰਵੇਖਣ ਕਰਨ ਵਾਲਿਆਂ ਵੱਲੋਂ ਹੁਕਮ ਜਾਰੀ ਕੀਤੇ ਗਏ ਹਨ ਕਿ ਲਾਲ ਕਿਲ੍ਹੇ ਦੇ ਅੰਦਰ ਜਾਣਾ ਲੋਕਾਂ ਲਈ 8 ਅਗਸਤ 2018 ਦੀ ਸਵੇਰ ਤੋਂ 15 ਅਗਸਤ ਸੁਤੰਤਰਤਾ ਦਿਵਸ ਜਸ਼ਨਾਂ ਦੇ ਖਤਮ ਹੋਣ ਤੱਕ ਬੰਦ ਰਹੇਗਾ।

## ਟੀਪੂ ਸੁਲਤਾਨ ਦੇ 1000 ਜੰਗੀ ਰਾਕੇਟ ਮਿਲੇ

**ਸ਼ਿਵਮੋਗਾ(ਕਰਨਾ):** ਸ਼ਿਵਮੋਗਾ ਜ਼ਿਲ੍ਹੇ ਵਿਚਲੇ ਇਕ ਪਿੰਡ ਦੇ ਪੁਰਾਣੇ ਖੂਹ ਵਿਚੋਂ ਮੈਸੂਰ ਦੇ ਸ਼ਾਸਕ ਟੀਪੂ ਸੁਲਤਾਨ ਵੱਲੋਂ 18ਵੀਂ ਸਦੀ ਵਿਚ ਜੰਗ ਦੌਰਾਨ ਵਰਤੇ ਗਏ 1000 ਰਾਕੇਟ ਖੂਹ ਵਿਚਲੀ ਗਾਰ ਵਿਚੋਂ ਮਿਲੇ ਹਨ।


# Matrimonials

## ਵਰ ਦੀ ਲੋੜ ਹੈ

Jatt Sikh family looking match for daughter 26, 5'-4", US citizen, completing healthcare administration. Wanted suitable well educated, good looking citizen or green card holder or on student visa. Contact, Ph: 734-548-2767 29-32

Saraswat Brahmin well settled family from Ludhiana district seeks a suitable match in USA/Canada for their beautiful slim daughter 25/5'5", studying Masters in English at Punjab University, Chandigarh. Contact: advashwaniatre@gmail.com or India phone 91-98141-37081 29

Parents seek suitable medico match for their dentist doctor daughter, US citizen, 34 yrs, 5'-4", attractive, never married, family oriented. Cast no bar. Pl. call or text, Ph: 916-254-6378 or E-mail: psmiles1212@gmail.com 27-34

## ਲੜਕੀ ਦੀ ਲੋੜ ਹੈ

Looking for a suitable girl for Ramgarhia Sikh boy 32 yrs, 5'-10", working at a very reputed IT company in Bay area, California. Please contact: Ph: 512-806-4053 or email:psingh03850@gmail.com 30-

## ਵਰ ਦੀ ਲੋੜ ਹੈ

Jat Sikh brother invites alliance for 38 years old widow sister living in India. No kid's no other issue. Homely, respectfull, well mannered religious Girl. Trained boutique designer. The match should be US green card holder, Citizen preferred in California, between 38-45, non smoker, social drinking ok. Please contact: lavi.singh47@gmail.com with bio-data & photo. 31-34

*To Advertise with Punjab Times Call: 847-359-0746*


# ਇੰਟਰਨੈਸ਼ਨਲ ਯੁੱਧ ਗਤਕਾ ਮੁਕਾਬਲੇ 5 ਅਗਸਤ ਨੂੰ

**ਨਿਊ ਯਾਰਕ (ਬਿਊਰੋ):** 16ਵੇਂ ਸਾਲਾਨਾ ਗਤਕਾ ਮੁਕਾਬਲੇ ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ, ਰਿਚਮੰਡ ਹਿੱਲ ਵਿਖੇ ਆਉਂਦੀ 5 ਅਗਸਤ, ਐਤਵਾਰ ਨੂੰ ਸਵੇਰੇ 11 ਤੋਂ 8 ਵਜੇ ਤੱਕ ਹੋਣਗੇ। ਇਨ੍ਹਾਂ ਮੁਕਾਬਲਿਆਂ ਵਿਚ ਕੌਮਾਂਤਰੀ ਪੱਧਰ ਦੀਆਂ ਅਤੇ ਉਤਰੀ ਅਮਰੀਕਾ ਦੇ ਵੱਖ ਵੱਖ ਸ਼ਹਿਰਾਂ ਤੋਂ ਗਤਕਾ ਟੀਮਾਂ ਹਿੱਸਾ ਲੈਣਗੀਆਂ। ਜੇਤੂ ਯੋਧਿਆਂ ਨੂੰ 10,000 ਡਾਲਰ ਤੋਂ ਵੱਧ ਦੇ ਇਨਾਮ ਵੰਡੇ ਜਾਣਗੇ। ਇਹ ਗਤਕਾ ਮੁਕਾਬਲੇ ਇਸ ਸਾਲ 1978 ਵਿਚ ਅੰਮ੍ਰਿਤਸਰ ਵਿਚ ਸ਼ਹੀਦ ਹੋਏ ਸਿੰਘਾਂ ਦੀ ਯਾਦ ਵਿਚ ਹੋਣਗੇ।



ਕੈਲੀਫੋਰਨੀਆ ਦੇ ਸ਼ਹਿਰਾਂ-ਸੈਲਮਾ, ਫਰੀਮਾਂਟ ਤੇ ਯੂਬਾ ਸਿਟੀ; ਨਿਊ ਯਾਰਕ, ਨਿਊ ਜਰਸੀ, ਇੰਡੀਆਨਾ, ਡੀ. ਸੀ., ਟੋਰਾਂਟੋ, ਸੱਰੀ ਬੀ. ਸੀ., ਕੈਲਗਰੀ, ਮੌਂਟਰੀਆਲ ਅਤੇ ਇੰਡੀਆ ਤੋਂ ਗਤਕਾ ਖਿਡਾਰੀ ਇਸ ਟੂਰਨਾਮੈਂਟ ਵਿਚ ਹਿੱਸਾ ਲੈਣਗੇ। ਵਿਸ਼ੇਸ਼ ਤੌਰ 'ਤੇ ਫਰੀ ਸੋਟੀ ਅਤੇ ਕਿਰਪਾਨਾਂ ਘੁਮਾਉਣ ਦੇ ਮੁਕਾਬਲੇ ਹੋਣਗੇ। ਵਿਦੇਸ਼ਾਂ ਵਿਚ ਇਹ ਸਭ ਤੋਂ ਵੱਡਾ ਗਤਕਾ ਮੁਕਾਬਲਾ ਹੋਵੇਗਾ। ਕੋਈ ਫੀਸ ਨਹੀਂ ਹੋਵੇਗੀ। ਗੁਰੂ ਕਾ ਲੰਗਰ ਅਤੁੱਟ ਵਰਤੇਗਾ।

ਹੋਰ ਜਾਣਕਾਰੀ ਲਈ ਭਾਈ ਜਸਦੇਵ ਸਿੰਘ ਨਾਲ ਫੋਨ: 416-835-1909 ਅਤੇ ਵੈਬਸਾਈਟ www.yudh.net ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।

# ਸ਼ਮਸ਼ੇਰ ਸਿੰਘ ਢਿੱਲੋਂ ਨੂੰ ਅਸਹਿ ਸਦਮਾ ਜਵਾਨ ਪੁੱਤਰ ਦੀ ਹਾਦਸੇ 'ਚ ਮੌਤ

**ਨਿਊ ਯਾਰਕ (ਬਿਊਰੋ):** ਸ਼ਹੀਦ ਭਾਈ ਮਨੀ ਸਿੰਘ ਜੀ ਕਲਚਰਲ ਸੁਸਾਇਟੀ,



ਨਿਊ ਯਾਰਕ ਦੇ ਸਾਬਕਾ ਪ੍ਰਧਾਨ ਸ਼ਮਸ਼ੇਰ ਸਿੰਘ ਢਿੱਲੋਂ ਨੂੰ ਉਸ ਸਮੇਂ ਅਸਹਿ ਤੇ ਗਹਿਰਾ ਸਦਮਾ ਪੁੱਜਾ ਜਦੋਂ ਉਨ੍ਹਾਂ ਦਾ 28 ਸਾਲਾ ਸਪੁੱਤਰ ਸੁਖਪਾਲ ਸਿੰਘ (ਸੁਖ) ਢਿੱਲੋਂ ਭਾਰਤ ਫੇਰੀ ਦੌਰਾਨ ਇਕ ਸੜਕ ਹਾਦਸੇ 'ਚ ਸਵਰਗ ਸਿਧਾਰ ਗਿਆ। ਉਹ ਆਪਣੇ ਪਿੱਛੇ ਮਾਂ ਨਰਿੰਦਰ ਕੌਰ, ਭਰਾ ਪਰਵਿੰਦਰ ਸਿੰਘ ਤੇ ਪਿਤਾ ਸ਼ਮਸ਼ੇਰ ਸਿੰਘ ਢਿੱਲੋਂ ਨੂੰ ਅਸਹਿ ਦਰਦ ਵਿਛੋੜੇ ਵਿਚ ਛੱਡ ਗਿਆ ਹੈ।

ਸਵਰਗੀ ਸੁੱਖ ਢਿੱਲੋਂ ਦੀ ਆਤਮਿਕ ਸ਼ਾਂਤੀ ਲਈ ਰੱਖੇ ਗਏ ਸਹਿਜ ਪਾਠ ਦਾ ਭੋਗ 4 ਅਗਸਤ, ਸਨਿਚਰਵਾਰ ਨੂੰ ਇਥੇ ਗੁਰਦੁਆਰਾ ਸਿੱਖ ਸੈਂਟਰ 222-31 96ਵੀਂ ਐਵੇਨਿਊ, ਕੁਈਨਜ਼ ਵਿਲੇਜ ਵਿਖੇ ਦੁਪਹਿਰ ਇਕ ਵਜੇ ਪਵੇਗਾ। ਸ. ਸ਼ਮਸ਼ੇਰ ਸਿੰਘ ਢਿੱਲੋਂ ਨਾਲ ਸੰਪਰਕ ਫੋਨ: 718-415-2846 ਰਾਹੀਂ ਹੋ ਸਕਦਾ ਹੈ।

ਸ਼ਹੀਦ ਭਾਈ ਮਨੀ ਸਿੰਘ ਜੀ ਕਲਚਰਲ ਸੁਸਾਇਟੀ, ਨਿਊ ਯਾਰਕ ਨੇ ਢਿੱਲੋਂ ਪਰਿਵਾਰ ਨਾਲ ਦਿਲੀ ਹਮਦਰਦੀ ਜਾਹਰ ਕਰਦਿਆਂ ਵਾਹਿਗੁਰੂ ਅੱਗੇ ਸੁੱਖ ਢਿੱਲੋਂ ਦੀ ਆਤਮਾ ਨੂੰ ਆਪਣੇ ਚਰਨਾਂ ਵਿਚ ਸਥਾਨ ਬਖਸ਼ਣ ਦੀ ਅਰਦਾਸ ਕੀਤੀ ਹੈ।

# ਧੋਖੇਬਾਜ਼ ਐਨ.ਆਰ.ਆਈ. ਲਾੜਿਆਂ 'ਤੇ ਸ਼ਿਕੰਜਾ

**ਨਵੀਂ ਦਿੱਲੀ:** ਭਾਰਤ ਵਿਚ ਵਿਆਹ ਕਰਵਾ ਕੇ ਪਤਨੀ ਨੂੰ ਛੱਡ ਵਿਦੇਸ਼ ਜਾਣ ਵਾਲੇ ਐਨ.ਆਰ.ਆਈ. ਲਾੜਿਆਂ ਖਿਲਾਫ਼ ਸ਼ਿਕੰਜਾ ਮਜ਼ਬੂਤ ਕਰਨ ਲਈ ਸਰਕਾਰ ਮੌਜੂਦਾ ਕਾਨੂੰਨ 'ਚ ਵਿਆਪਕ ਬਦਲਾਅ ਦੀ ਤਿਆਰੀ 'ਚ ਹੈ। ਤਜਵੀਜ਼ੀ ਬਦਲਾਅ ਤਹਿਤ ਅਜਿਹੇ ਲਾੜਿਆਂ ਦੇ ਨਾਂ ਉਤੇ ਵੈੱਬਸਾਈਟ ਰਾਹੀਂ ਸੰਮਨ ਜਾਰੀ ਕੀਤਾ ਜਾਵੇਗਾ ਅਤੇ ਉਸ ਨੂੰ ਹਾਸਲ ਹੋਇਆ ਵੀ ਮੰਨਿਆ ਜਾਵੇਗਾ। ਅਜਿਹੇ ਪਰਵਾਸੀ ਭਾਰਤੀ ਪਤੀਆਂ ਨੂੰ ਭਗੌੜਾ ਐਲਾਨ ਕੇ ਉਸ ਦੀ ਜਾਇਦਾਦ ਜ਼ਬਤ ਕਰ ਲਈ ਜਾਵੇਗੀ।

ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਨੇ ਇਹ ਵੀ ਕਿਹਾ ਕਿ ਸਰਕਾਰ ਇਸ ਸਬੰਧੀ ਬਿੱਲ ਸੰਸਦ ਦੇ ਸਰਦ ਰੁੱਤ ਇਜਲਾਸ 'ਚ ਪੇਸ਼ ਕਰੇਗੀ। ਜ਼ਿਕਰਯੋਗ ਹੈ ਕਿ ਪੰਜਾਬ ਐਨ.ਆਰ.ਆਈ. ਕਮਿਸ਼ਨ ਦੇ ਸਾਬਕਾ ਪ੍ਰਧਾਨ ਜਸਟਿਸ ਅਰਵਿੰਦ ਗੋਇਲ ਦੀ ਅਗਵਾਈ ਹੇਠ 2016 'ਚ ਬਣੇ ਪੈਨਲ ਨੇ ਕਾਨੂੰਨ 'ਚ ਬਦਲਾਅ ਦੀ ਸਿਫਾਰਸ਼ ਕੀਤੀ ਸੀ। ਵਿਦੇਸ਼ ਮੰਤਰੀ ਨੇ ਕਿਹਾ ਕਿ ਇਸ ਸਬੰਧੀ ਬਿੱਲ ਦਾ ਖਾਕਾ ਤਿਆਰ ਕਰ ਲਿਆ ਗਿਆ ਹੈ ਅਤੇ ਛੇਤੀ ਹੀ ਇਸ ਨੂੰ ਮੰਤਰੀ ਮੰਡਲ ਕੋਲ ਭੇਜਿਆ ਜਾਵੇਗਾ। ਮੰਤਰਾਲੇ ਵੱਲੋਂ ਇਸ ਸਬੰਧੀ ਚੁੱਕੇ ਜਾਣ ਵਾਲੇ ਕਦਮਾਂ 'ਚ ਸਭ ਤੋਂ ਪਹਿਲਾਂ ਅਜਿਹੀ ਵੈੱਬਸਾਈਟ ਬਣਾਉਣ ਲਈ ਜਿਥੇ ਸੰਮਨ ਅਤੇ ਵਾਰੰਟ ਜਾਰੀ ਕੀਤੇ ਜਾਣਗੇ। ਦੱਸਣਯੋਗ ਹੈ ਕਿ ਅਜੇ ਤੱਕ ਇਸ ਸਬੰਧੀ ਅਖਬਾਰਾਂ 'ਚ ਸੰਮਨ ਭੇਜੇ ਜਾਂਦੇ ਹਨ, ਜਿਸ ਨੂੰ ਐਨ.ਆਰ.ਆਈ. ਲਾੜੇ 'ਨਾ ਪੜ੍ਹਨ' ਦਾ ਹਵਾਲਾ ਦੇ ਕੇ ਇਸ ਦਾ ਜਵਾਬ ਨਹੀਂ ਦਿੰਦੇ।

ਸਰਕਾਰ ਵੱਲੋਂ ਉਸ ਖਿਲਾਫ਼ ਕੋਈ ਵੀ ਕਾਨੂੰਨੀ ਕਾਰਵਾਈ ਸ਼ੁਰੂ ਕਰਨ 'ਚ ਸਭ ਤੋਂ ਵੱਡੀ ਰੁਕਾਵਟ ਉਸ ਨੂੰ ਨੋਟਿਸ ਭੇਜਣਾ ਹੀ ਹੁੰਦਾ ਹੈ, ਕਿਉਂਕਿ ਜ਼ਿਆਦਾਤਰ ਪਰਵਾਸੀ ਆਪਣੀ ਪਤਨੀ ਜਾਂ ਉਸ ਦੇ ਪਰਿਵਾਰ ਨੂੰ ਆਪਣਾ ਸਹੀ ਪਤਾ ਤੱਕ ਨਹੀਂ ਦੱਸਦੇ। ਇਸ ਤੋਂ ਪਹਿਲਾਂ ਚੁੱਕੇ ਕਦਮਾਂ 'ਚ ਸਰਕਾਰ ਨੇ ਜੂਨ 'ਚ ਇਹ ਐਲਾਨ ਵੀ ਕੀਤਾ ਸੀ ਕਿ ਭਾਰਤ 'ਚ ਵਿਆਹ ਕਰਵਾਉਣ ਵਾਲੇ ਐਨ.ਆਰ.ਆਈ. ਲਾੜਿਆਂ ਨੂੰ ਵਿਆਹ ਤੋਂ ਇਕ ਹਫਤੇ ਅੰਦਰ ਹੀ ਵਿਆਹ ਦੀ ਰਜਿਸਟ੍ਰੇਸ਼ਨ ਕਰਵਾਉਣੀ ਲਾਜ਼ਮੀ ਹੋਵੇਗੀ ਅਤੇ ਉਨ੍ਹਾਂ ਨੂੰ ਆਪਣੇ ਪਾਸਪੋਰਟ 'ਤੇ ਵੀ ਇਸ ਸਬੰਧੀ ਜਾਣਕਾਰੀ ਦਰਜ ਕਰਵਾਉਣੀ ਪਵੇਗੀ। ਅਜਿਹਾ ਨਾ ਕਰਨ ਵਾਲਿਆਂ ਦਾ ਪਾਸਪੋਰਟ ਜ਼ਬਤ ਕੀਤੇ ਜਾਣ ਦਾ ਇੰਤਜ਼ਾਮ ਵੀ ਰੱਖਿਆ ਗਿਆ ਹੈ। ਅਜੇ ਤੱਕ ਪੰਜਾਬ ਸਮੇਤ ਕੁਝ ਹੀ ਰਾਜ ਅਜਿਹੇ ਹਨ, ਜਿਥੇ ਵਿਆਹ ਦੀ ਰਜਿਸਟ੍ਰੇਸ਼ਨ ਲਾਜ਼ਮੀ ਹੈ।


**ਵੇਟਰ, ਡਿਸ਼ ਵਾਸ਼ਰ ਤੇ ਹੈਲਪਰ ਦੀ ਲੋੜ ਹੈ**

ਮੈਡੀਸਨ, ਵਿਸਕਾਨਸਿਨ ਵਿਚ ਭਾਰਤੀ ਰੈਸਟੋਰੈਂਟ ਲਈ ਵੇਟਰ, ਡਿਸ਼ ਵਾਸ਼ਰ ਅਤੇ ਹੈਲਪਰ ਦੀ ਲੋੜ ਹੈ

ਮੁਫਤ ਖਾਣਾ ਤੇ ਹੋਰ ਸਹੂਲਤਾਂ

ਸੰਪਰਕ ਕਰੋ: ਮਿਸਟਰ ਸਿੰਘ

ਫੋਨ: 262-391-7666

31-33

*ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ*

ਫੋਨ (408) 687-1899

**Gurdip Singh Sandhu**

Homeopathic Practitioner/Consultant Since 1973
DHMS-Gold Medalist, BAMS, MDEh.- India

**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
**EX Member:** The California Homeopathic Society
National Center For Homeopathy- USA



*Gurdip Singh Sandhu*

**Live on Jas TV**
Saturday 9:30AM and Sunday 4PM (Pacific Time)

7021 Village Park Way, Dublin, CA 94568

Email: Homeomedicine@yahoo.com

**Michigan Truck Driving School**

6405 Middlebelt Road, Romulus, MI 48174

ਖੁਸ਼ਖਬਰੀ! ਖੁਸ਼ਖਬਰੀ!! ਖੁਸ਼ਖਬਰੀ!!!
ਹੁਣ 48 ਸਟੇਟਾਂ ਵਿਚ ਮਨਜ਼ੂਰਸ਼ੁਦਾ




*ਆਪਣੀ ਸਟੇਟ ਤੋਂ ਲਰਨਿੰਗ ਪਰਮਿਟ ਲੈ ਕੇ ਆਓ ਤੇ ਉਸੇ ਸਟੇਟ ਦਾ ਡਰਾਈਵਿੰਗ ਲਾਇੰਸੈਂਸ ਲਓ
*3-4 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ

Raj Jamarai Cell:734-644-1010 Office:734-747-4298

# ਪਾਕਿਸਤਾਨ ਚੋਣਾਂ: ਬਹੁਮਤ ਤੋਂ ਖੁੰਝੀਆਂ ਸਾਰੀਆਂ ਧਿਰਾਂ

## ਇਮਰਾਨ ਵੱਲੋਂ ਪ੍ਰਧਾਨ ਮੰਤਰੀ ਦੀ ਦਾਅਵੇਦਾਰੀ

**ਇਸਲਾਮਾਬਾਦ:** ਪਾਕਿਸਤਾਨ ਵਿਚ ਹੋਈਆਂ ਆਮ ਚੋਣਾਂ ਵਿਚ ਇਮਰਾਨ ਖਾਨ ਦੀ ਅਗਵਾਈ ਵਾਲੀ ਪਾਕਿਸਤਾਨ ਤਹਿਰੀਕ-ਏ-ਇਨਸਾਫ ਪਾਰਟੀ (ਪੀ.ਟੀ.ਆਈ.) ਵੱਡੀ ਧਿਰ ਵਜੋਂ ਉਭਰੀ ਹੈ। ਪੀ.ਟੀ.ਆਈ. ਨੇ 117 ਸੀਟਾਂ 'ਤੇ ਜਿੱਤ ਹਾਸਲ ਕੀਤੀ ਹੈ ਤੇ ਸਰਕਾਰ ਬਣਾਉਣ ਲਈ 172 ਸੀਟਾਂ ਲੋੜੀਂਦੀਆਂ ਹਨ। ਪੀ.ਟੀ.ਆਈ. ਹੁਣ ਖੇਤਰੀ ਪਾਰਟੀਆਂ ਅਤੇ ਆਜ਼ਾਦ ਉਮੀਦਵਾਰਾਂ ਨਾਲ ਰਾਬਤਾ ਕਰਨ ਵਿਚ ਜੁਟੀ ਹੈ। ਦਾਅਵਾ ਕੀਤਾ ਜਾ ਰਿਹਾ ਹੈ ਕਿ ਇਮਰਾਨ ਖਾਨ 11 ਅਗਸਤ ਨੂੰ ਪ੍ਰਧਾਨ ਮੰਤਰੀ ਵਜੋਂ ਸਹੁੰ ਚੁੱਕਣਗੇ।

ਇਮਰਾਨ ਖਾਨ ਦੇ ਇਸ ਐਲਾਨ ਪਿੱਛੋਂ ਮੁਲਕ ਵਿਚ ਸਿਆਸੀ ਸਰਗਰਮੀਆਂ ਪੂਰੇ ਜੋਬਨ ਉਤੇ ਹਨ ਅਤੇ ਵੱਖ-ਵੱਖ ਧਿਰਾਂ ਵੱਲੋਂ ਆਜ਼ਾਦਾਨਾ ਤੇ ਗੁਪਤ ਮੀਟਿੰਗਾਂ ਕਰਕੇ ਜੋੜ-ਤੋੜ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ।



ਪੀ.ਟੀ.ਆਈ. ਤੋਂ ਬਾਅਦ ਪਾਕਿਸਤਾਨ ਦੀਆਂ ਦੋ ਹੋਰ ਵੱਡੀਆਂ ਸਿਆਸੀ ਪਾਰਟੀਆਂ ਪਾਕਿਸਤਾਨ ਪੀਪਲਜ਼ ਪਾਰਟੀ ਤੇ ਪਾਕਿਸਤਾਨ ਮੁਸਲਿਮ ਲੀਗ-ਨਵਾਜ਼ ਵੀ ਆਉਣ ਵਾਲੇ ਦਿਨਾਂ ਵਿਚ ਮੀਟਿੰਗ ਕਰ ਕੇ ਸੰਸਦੀ ਰਣਨੀਤੀ ਬਾਰੇ ਵਿਚਾਰ-ਵਟਾਂਦਰਾ ਕਰ ਸਕਦੀਆਂ ਹਨ। ਪਾਕਿਸਤਾਨ ਮੀਡੀਆ ਵੱਲੋਂ ਵੀ ਲਗਾਤਾਰ ਕੈਬਨਿਟ ਅਤੇ ਹੋਰਨਾਂ ਅਹਿਮ ਅਹੁਦਿਆਂ ਉਤੇ ਨਿਯੁਕਤੀਆਂ ਬਾਰੇ ਕਿਆਸਅਰਾਈਆਂ ਲਾਈਆਂ ਜਾ ਰਹੀਆਂ ਹਨ। ਪੀ.ਟੀ.ਆਈ. ਜੇਕਰ ਜੀ.ਡੀ.ਏ., ਐਮ.ਕਿਉ.ਐਮ-ਪੀ, ਪੀ. ਐਮ. ਐਲ-ਕਿਉ ਤੇ ਅਵਾਮੀ ਮੁਸਲਿਮ ਲੀਗ ਦੀ ਹਮਾਇਤ ਹਾਸਲ ਕਰ ਲੈਂਦੀ ਹੈ ਤਾਂ ਸੀਟਾਂ ਦੀ ਗਿਣਤੀ 122 ਤੱਕ ਪੁੱਜ ਜਾਵੇਗੀ। ਦੱਸ ਦਈਏ ਕਿ ਜੇਲ੍ਹ 'ਚ ਬੰਦ ਸਾਬਕਾ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਦੀ ਪਾਰਟੀ ਪਾਕਿਸਤਾਨ ਮੁਸਲਿਮ ਲੀਗ-ਨਵਾਜ਼ ਨੂੰ ਕੁੱਲ 270 ਸੰਸਦੀ ਸੀਟਾਂ ਉਤੇ ਹੋਈਆਂ ਚੋਣਾਂ ਵਿਚੋਂ 62 ਸੀਟਾਂ ਹਾਸਲ ਹੋਈਆਂ ਹਨ ਜਦਕਿ ਆਸਿਫ ਅਲੀ ਜ਼ਰਦਾਰੀ ਦੀ ਅਗਵਾਈ ਵਾਲੀ ਪਾਕਿਸਤਾਨ ਪੀਪਲਜ਼ ਪਾਰਟੀ (ਪੀ.ਪੀ.ਪੀ.) ਨੂੰ 43 ਸੀਟਾਂ 'ਤੇ ਜਿੱਤ ਹਾਸਲ ਹੋਈ ਹੈ।

ਇਸ ਤੋਂ ਇਲਾਵਾ ਆਜ਼ਾਦ ਉਮੀਦਵਾਰਾਂ ਨੇ 12 ਸੀਟਾਂ ਉਤੇ ਕਬਜ਼ਾ ਕੀਤਾ ਹੈ। ਪਾਕਿਸਤਾਨ ਦੀ ਕੌਮੀ ਅਸੈਂਬਲੀ ਦੇ ਕੁੱਲ 342 ਮੈਂਬਰ ਹਨ, ਜਿਨ੍ਹਾਂ ਵਿਚੋਂ 272 ਸਿੱਧੇ ਤੌਰ ਉਤੇ ਚੁਣੇ ਜਾਂਦੇ ਹਨ। ਸਰਕਾਰ ਕਾਇਮ ਕਰਨ ਲਈ ਕਿਸੇ ਵੀ ਪਾਰਟੀ ਕੋਲ 172 ਸੀਟਾਂ ਹੋਣੀਆਂ ਲਾਜ਼ਮੀ ਹਨ। 118 ਸੀਟਾਂ ਲੈ ਕੇ ਪਾਕਿਸਤਾਨ ਤਹਿਰੀਕ-ਏ-ਇਨਸਾਫ ਵੱਡੀ ਧਿਰ ਵਜੋਂ ਉਭਰੀ ਹੈ। ਦੱਸ ਦਈਏ ਕਿ ਆਮ ਚੋਣਾਂ ਵਿਚ ਕਈ ਵੱਡੇ ਆਗੂਆਂ ਨੂੰ ਹਾਰ ਦਾ ਮੂੰਹ ਦੇਖਣਾ ਪਿਆ ਹੈ ਜਿਨ੍ਹਾਂ ਵਿਚ ਸਾਬਕਾ ਪ੍ਰਧਾਨ ਮੰਤਰੀ ਸ਼ਾਹਿਦ ਖ਼ਾਕਾਨ ਅੱਬਾਸੀ, ਪਾਕਿਸਤਾਨ ਮੁਸਲਿਮ ਲੀਗ-ਐਨ ਦੇ ਪ੍ਰਧਾਨ ਸ਼ਾਹਬਾਜ਼ ਸ਼ਰੀਫ ਤੇ ਕੱਟੜਪੰਥੀ ਜਮਾਤ-ਏ-ਇਸਲਾਮੀ ਦੇ ਮੁਖੀ ਸਿਰਾਜੁਲ ਹੱਕ ਸ਼ਾਮਲ ਹਨ।

ਅੱਬਾਸੀ ਜੋ ਕਿ ਸੁਪਰੀਮ ਕੋਰਟ ਵੱਲੋਂ ਨਵਾਜ਼ ਸ਼ਰੀਫ ਨੂੰ ਅਯੋਗ ਕਰਾਰ ਦੇਣ ਤੋਂ ਬਾਅਦ ਪ੍ਰਧਾਨ ਮੰਤਰੀ ਬਣੇ ਸਨ, ਨੇ ਮਰੀ ਵਿਚਲੇ ਆਪਣੇ ਜੱਦੀ ਹਲਕੇ ਐਨਏ 57 ਹਲਕੇ ਅਤੇ ਆਪਣੇ ਵਸੇਬੇ ਦੇ ਹਲਕੇ ਐਨਏ-53 ਇਸਲਾਮਾਬਾਦ ਤੋਂ ਪੀ.ਐਮ.ਐਲ-ਐਨ ਦੇ ਉਮੀਦਵਾਰ ਵਜੋਂ ਚੋਣ ਲੜੀ ਸੀ। ਉਹ ਦੋਵਾਂ ਹਲਕਿਆਂ ਤੋਂ ਹਾਰ ਗਏ ਹਨ। ਐਨਏ -57 ਪਾਰਟੀ ਦਾ ਗੜ੍ਹ ਮੰਨਿਆ ਜਾਂਦਾ ਸੀ ਜਿਥੋਂ ਅੱਬਾਸੀ ਦੇ ਪਿਤਾ 1985 ਵਿਚ ਪਹਿਲੀ ਵਾਰ ਚੋਣ ਜਿੱਤੇ ਸਨ। ਉਸ ਤੋਂ ਬਾਅਦ ਅੱਬਾਸੀ ਨੇ 1990, 1993, 1997, 2008 ਅਤੇ 2013 ਦੀਆਂ ਚੋਣਾਂ ਵਿਚ ਜਿੱਤ ਦਰਜ ਕੀਤੀ ਸੀ। ਇਸ ਦੌਰਾਨ ਉਨ੍ਹਾਂ ਨੂੰ ਸਿਰਫ 2002 ਦੀਆਂ ਚੋਣਾਂ ਵਿਚ ਹਾਰ ਦਾ ਮੂੰਹ ਦੇਖਣਾ ਪਿਆ ਸੀ। ਪਾਕਿਸਤਾਨ ਮੁਸਲਿਮ ਲੀਗ-ਨਵਾਜ਼ ਦੇ ਪ੍ਰਧਾਨ ਸ਼ਾਹਬਾਜ਼ ਸ਼ਰੀਫ ਨੇ ਕਰਾਚੀ, ਸਵਾਤ ਤੇ ਲਾਹੌਰ ਦੀਆਂ ਤਿੰਨ ਸੀਟਾਂ ਤੋਂ ਚੋਣ ਲੜੀ ਸੀ। ਕਰਾਚੀ ਤੇ ਸਵਾਤ ਵਿਚ ਉਨ੍ਹਾਂ ਨੂੰ ਪਾਕਿਸਤਾਨ ਤਹਿਰੀਕ-ਏ-ਇਨਸਾਫ਼ ਦੇ ਉਮੀਦਵਾਰਾਂ ਨੇ ਮਾਤ ਦਿੱਤੀ।

ਚੋਣਾਂ ਵਿਚ ਧੂੜ ਚੱਟਣ ਵਾਲੇ ਹੋਰਨਾਂ ਵੱਡੇ ਆਗੂਆਂ ਵਿਚ ਮੁਤਹਿਦਾ ਮਜਲਿਸ ਏ ਅਮਾਲ ਦੇ ਮੁਖੀ ਮੌਲਾਨਾ ਫਜ਼ਲੁਰ ਰਹਿਮਾਨ ਸ਼ਾਮਲ ਹਨ ਜਿਨ੍ਹਾਂ ਡੇਰਾ ਇਸਮਾਇਲ ਖਾਂ ਅਤੇ ਖ਼ੈਬਰ ਪਖ਼ਤੂਨਖਵਾ ਦੇ ਲੱਕੀ ਮਾਰਵਾਤ ਦੇ ਹਲਕਿਆਂ ਤੋਂ ਚੋਣ ਲੜੀ ਸੀ ਪਰ ਉਨ੍ਹਾਂ ਨੂੰ ਦੋਵੇਂ ਥਾਈਂ ਖੈਰ ਨਾ ਪਈ। ਇਨ੍ਹਾਂ ਤੋਂ ਇਲਾਵਾ ਸ਼ਰੀਫ ਖ਼ਾਨਦਾਨ ਦੇ ਵਫ਼ਾਦਾਰ ਰਾਣਾ ਸਨਾਉੱਲਾ ਫੈਸਲਾਬਾਦ ਤੋਂ, ਖਵਾਜਾ ਸਾਦ ਰਫੀਕ, ਖਾਨ ਅਬਦੁਲ ਗਫਾਰ ਖਾਨ ਦੇ ਪੋਤਰੇ ਅਸਫੰਦਯਾਰ ਵਲੀ ਖਾਨ ਚਾਰਸੱਦਾ ਤੋਂ ਤੇ ਜਮਾਤ-ਏ-ਇਸਲਾਮੀ ਦੇ ਸਿਰਾਜੁਲ ਹੱਕ ਲੋਅਰ ਦੀਰ ਹਲਕੇ ਤੋਂ ਚੋਣ ਹਾਰ ਗਏ। ਪਾਕਿਸਤਾਨ ਪੀਪਲਜ਼ ਪਾਰਟੀ ਦੇ ਆਗੂ ਬਿਲਾਵਲ ਭੁੱਟੋ ਜ਼ਰਦਾਰੀ ਖ਼ੈਬਰ ਪਖ਼ਤੂਨਖਵਾ ਵਿਚ ਐਨਏ-8 ਮਾਲਾਕੰਦ ਹਲਕੇ ਤੋਂ ਚੋਣ ਹਾਰ ਗਏ।

### ਮਤਦਾਨ ਹੋਇਆ ਚੋਰੀ: ਨਵਾਜ਼ ਸ਼ਰੀਫ

ਪਾਕਿਸਤਾਨ ਦੀ ਜੇਲ੍ਹ ਵਿਚ ਬੰਦ ਸਾਬਕਾ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਨੇ ਪਹਿਲੀ ਵਾਰ ਚੋਣ ਨਤੀਜਿਆਂ ਉਤੇ ਆਪਣੀ ਪ੍ਰਤੀਕਿਰਿਆ ਜ਼ਾਹਰ ਕਰਦਿਆਂ ਦੋਸ਼ ਲਾਇਆ ਕਿ ਮਤਦਾਨ ਚੋਰੀ ਕਰ ਲਿਆ ਗਿਆ ਸੀ ਅਤੇ ਚਿਤਾਵਨੀ ਦਿੱਤੀ ਕਿ ਛੇੜਛਾੜ ਵਾਲੇ ਅਤੇ ਸ਼ੱਕੀ ਨਤੀਜਿਆਂ ਦੀ ਕੀਮਤ ਦੇਸ਼ ਦੀ ਰਾਜਨੀਤੀ ਉਤੇ ਮਾੜੇ ਪ੍ਰਭਾਵ ਦੇ ਰੂਪ ਵਿਚ ਚੁਕਾਉਣੀ ਪਵੇਗੀ।

### ਲੋਕਾਂ ਨੇ ਹਾਫਿਜ਼ ਸਈਦ ਨੂੰ ਮੂੰਹ ਨਾ ਲਾਇਆ

**ਇਸਲਾਮਾਬਾਦ:** ਮੁੰਬਈ ਹਮਲੇ ਦੇ ਮੁੱਖ ਸਾਜ਼ਿਸ਼ਕਾਰ ਹਾਫ਼ਿਜ਼ ਸਈਦ ਦੇ ਸਮਰਥਨ ਵਾਲੀ ਪਾਰਟੀ ਅੱਲ੍ਹਾ-ਓ-ਅਕਬਰ ਤਹਿਰੀਕ ਨੂੰ ਪਾਕਿਸਤਾਨੀ ਦੀਆਂ ਚੋਣਾਂ 'ਚ ਕਰਾਰੀ ਹਾਰ ਮਿਲੀ ਹੈ। ਇਸ ਚੋਣਾਂ 'ਚ ਭਾਗ ਲੈ ਰਹੇ ਹਾਫ਼ਿਜ਼ ਦੇ ਬੇਟੇ ਹਾਫ਼ਿਜ਼ ਤਲਹਾ ਸਈਦ ਅਤੇ ਜਵਾਈ ਖ਼ਾਲਿਦ ਵਲੀਦ ਆਪਣੇ-ਆਪਣੇ ਹਲਕੇ ਤੋਂ ਚੋਣ ਹਾਰ ਗਏ। ਇਸ ਤੋਂ ਇਲਾਵਾ ਕਈ ਕੱਟੜਪੰਥੀ ਅਤੇ ਪਾਬੰਦੀਸ਼ੁਦਾ ਸੰਗਠਨਾਂ ਨੇ ਇਨ੍ਹਾਂ ਚੋਣਾਂ 'ਚ ਭਾਗ ਲਿਆ ਸੀ ਪਰ ਸਾਰੇ ਅਸਫਲ ਹੋਏ।

### ਮੋਦੀ ਨੇ ਇਮਰਾਨ ਖਾਨ ਨੂੰ ਦਿੱਤੀ ਵਧਾਈ

**ਨਵੀਂ ਦਿੱਲੀ:** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਪੀ.ਟੀ.ਆਈ. ਦੇ ਮੁਖੀ ਇਮਰਾਨ ਖਾਨ ਨੂੰ ਫੋਨ ਕਰ ਕੇ ਉਨ੍ਹਾਂ ਨੂੰ ਨੈਸ਼ਨਲ ਅਸੈਂਬਲੀ ਚੋਣਾਂ 'ਚ ਸਭ ਤੋਂ ਵੱਡੀ ਪਾਰਟੀ ਵਜੋਂ ਉਭਰਨ ਉਤੇ ਵਧਾਈ ਦਿੱਤੀ ਹੈ। ਸ੍ਰੀ ਮੋਦੀ ਨੇ ਆਸ ਜਤਾਈ ਕਿ ਪਾਕਿਸਤਾਨ 'ਚ ਜਮਹੂਰੀਅਤ ਦੀਆਂ ਜੜ੍ਹਾਂ ਹੋਰ ਮਜ਼ਬੂਤ ਹੋਣਗੀਆਂ। ਉਨ੍ਹਾਂ ਗੁਆਂਢੀ ਮੁਲਕਾਂ 'ਚ ਸ਼ਾਂਤੀ ਅਤੇ ਵਿਕਾਸ ਦੇ ਆਪਣੇ ਦ੍ਰਿਸ਼ਟੀਕੋਣ ਨੂੰ ਵੀ ਦੁਹਰਾਇਆ।

## ਪਾਕਿਸਤਾਨ ਦੀਆਂ ਜੇਲ੍ਹਾਂ 'ਚ ਬੰਦ ਨੇ 470 ਭਾਰਤੀ ਕੈਦੀ

**ਇਸਲਾਮਾਬਾਦ:** ਪਾਕਿਸਤਾਨ ਦੀਆਂ ਜੇਲ੍ਹਾਂ ਵਿਚ 418 ਮਛੇਰਿਆਂ ਸਣੇ ਤਕਰੀਬਨ 470 ਭਾਰਤੀ ਬੰਦ ਹਨ। ਇਹ ਜਾਣਕਾਰੀ ਪਾਕਿਸਤਾਨ ਸਰਕਾਰ ਵੱਲੋਂ ਦੇਸ਼ ਦੀ ਸੁਪਰੀਮ ਕੋਰਟ ਨੂੰ ਇਕ ਰਿਪੋਰਟ ਦਾਖਲ ਕਰ ਕੇ ਦਿੱਤੀ ਗਈ ਹੈ। ਪਾਕਿਸਤਾਨ ਸਰਕਾਰ ਦੇ ਵਿਦੇਸ਼ ਮੰਤਰਾਲੇ ਵੱਲੋਂ ਸੁਪਰੀਮ ਕੋਰਟ ਵਿਚ ਦਾਖਲ ਕੀਤੀ ਗਈ ਰਿਪੋਰਟ ਵਿਚ ਇਹ ਵੀ ਦੱਸਿਆ ਗਿਆ ਹੈ ਕਿ ਭਾਰਤੀ ਜੇਲ੍ਹਾਂ ਵਿਚ ਤਕਰੀਬਨ 357 ਪਾਕਿਸਤਾਨੀ ਬੰਦ ਹਨ। ਮੰਤਰਾਲੇ ਨੇ ਇਹ ਖੁਲਾਸਾ ਵੀ ਕੀਤਾ ਹੈ ਕਿ ਤਣਾਅ ਵਧਣ ਕਾਰਨ ਦੋਹਾਂ ਦੇਸ਼ਾਂ ਵਿਚਕਾਰ ਹੁੰਦੀ ਗੱਲਬਾਤ ਟੁੱਟ ਜਾਣ ਕਰ ਕੇ ਅਕਤੂਬਰ 2013 ਤੋਂ ਬਾਅਦ ਕੈਦੀਆਂ ਲਈ ਬਣੀ ਪਾਕਿਸਤਾਨ ਭਾਰਤੀ ਨਿਆਇਕ ਕਮੇਟੀ ਦੀ ਮੀਟਿੰਗ ਨਹੀਂ ਹੋਈ ਹੈ।

'ਦਿ ਐਕਸਪ੍ਰੈਸ ਟ੍ਰਿਬਿਊਨ' ਦੀ ਇਕ ਰਿਪੋਰਟ ਅਨੁਸਾਰ ਦੇਸ਼ ਦੇ ਅੰਦਰੂਨੀ ਮਾਮਲਿਆਂ ਬਾਰੇ ਮੰਤਰਾਲੇ ਵੱਲੋਂ ਸਾਂਝੀ ਕੀਤੀ ਗਈ ਜਾਣਕਾਰੀ ਮੁਤਾਬਕ ਪਾਕਿਸਤਾਨ ਦੀਆਂ ਜੇਲ੍ਹਾਂ ਵਿਚ 53 ਆਮ ਨਾਗਰਿਕਾਂ ਅਤੇ 418 ਮਛੇਰਿਆਂ ਨੂੰ ਮਿਲਾ ਕੇ ਕੁੱਲ 471 ਭਾਰਤੀ ਬੰਦ ਹਨ। ਮੰਤਰਾਲੇ ਨੇ ਸੁਪਰੀਮ ਕੋਰਟ ਨੂੰ ਦੱਸਿਆ ਹੈ ਕਿ ਹਾਲ ਹੀ ਵਿਚ ਪਹਿਲੀ ਜੁਲਾਈ ਨੂੰ ਦੋਹਾਂ ਦੇਸ਼ਾਂ ਵੱਲੋਂ ਇਕ-ਦੂਜੇ ਨੂੰ ਸੌਂਪੀਆਂ ਗਈਆਂ ਕੈਦੀਆਂ ਦੀ ਸੂਚੀਆਂ 'ਚ ਭਾਰਤੀ ਹਾਈ ਕਮਿਸ਼ਨ ਨੇ ਦੱਸਿਆ ਹੈ ਕਿ 249 ਆਮ ਪਾਕਿਸਤਾਨੀ ਨਾਗਰਿਕ ਅਤੇ 108 ਪਾਕਿਸਤਾਨੀ ਮਛੇਰੇ ਇਸ ਵੇਲੇ ਭਾਰਤ ਦੀਆਂ ਜੇਲ੍ਹਾਂ ਵਿਚ ਬੰਦ ਹਨ। ਰਿਪੋਰਟ ਤੋਂ ਇਹ ਖੁਲਾਸਾ ਵੀ ਹੋਇਆ ਹੈ ਕਿ 2016 ਤੋਂ ਭਾਰਤ ਨੇ 114 ਪਾਕਿਸਤਾਨੀ ਕੈਦੀ ਛੱਡੇ ਹਨ, ਜਿਨ੍ਹਾਂ ਵਿਚ 83 ਆਮ ਨਾਗਰਿਕ ਅਤੇ 31 ਮਛੇਰੇ ਸ਼ਾਮਲ ਸਨ। ਦੂਜੇ ਪਾਸੇ ਪਾਕਿਸਤਾਨ ਨੇ ਇਸੇ ਸਮੇਂ ਦੌਰਾਨ 951 ਭਾਰਤੀਆਂ ਨੂੰ ਛੱਡਿਆ ਹੈ, ਜਿਨ੍ਹਾਂ ਵਿਚ 941 ਮਛੇਰੇ ਤੇ 10 ਆਮ ਨਾਗਰਿਕ ਸਨ।

ਇਕ ਮੀਡੀਆ ਰਿਪੋਰਟ ਅਨੁਸਾਰ ਪਾਕਿਸਤਾਨ ਦੇ ਚੀਫ ਜਸਟਿਸ ਸਕੀਬ ਨਿਸਾਰ ਦੀ ਅਗਵਾਈ ਹੇਠਲੇ ਸੁਪਰੀਮ ਕੋਰਟ ਦੇ ਤਿੰਨ ਜੱਜਾਂ ਦਾ ਇਹ ਬੈਂਚ ਪਾਕਿਸਤਾਨ ਫਿਸ਼ਰਫੋਕ ਫੋਰਮ ਤੇ ਪਾਕਿਸਤਾਨ ਕਿਰਤ ਸਿੱਖਿਆ ਤੇ ਖੋਜ ਸੰਸਥਾ ਵੱਲੋਂ ਪਾਈ ਗਈ ਸਾਂਝੀ ਪਟੀਸ਼ਨ ਉਤੇ ਸੁਣਵਾਈ ਕਰੇਗਾ। ਇਸ ਪਟੀਸ਼ਨ 'ਚ ਉਕਤ ਸੰਸਥਾਵਾਂ ਵੱਲੋਂ ਭਾਰਤੀ ਜੇਲ੍ਹਾਂ ਵਿਚ ਪਾਕਿਸਤਾਨੀ ਮਛੇਰਿਆਂ ਦੀ ਦੁਰਦਸ਼ਾ ਦੇ ਦੋਸ਼ ਲਗਾਏ ਗਏ ਹਨ।

## ਜ਼ਹਿਰ ਦੇ ਪਿਆਲੇ ਵਾਂਗ ਸੀ ਭਾਜਪਾ ਨਾਲ ਗੱਠਜੋੜ: ਮਹਿਬੂਬਾ

**ਸ੍ਰੀਨਗਰ:** ਜੰਮੂ-ਕਸ਼ਮੀਰ 'ਚ ਭਾਜਪਾ ਅਤੇ ਪੀ.ਡੀ.ਪੀ. ਵਿਚਕਾਰ ਗੱਠਜੋੜ ਪਿਛਲੇ ਮਹੀਨੇ ਜੂਨ 'ਚ ਟੁੱਟ ਚੁੱਕਾ ਹੈ। ਹੁਣ ਇਸ ਗੱਠਜੋੜ ਉਤੇ ਪਹਿਲੀ ਵਾਰ ਜੰਮੂ-ਕਸ਼ਮੀਰ ਦੀ



ਪਹਿਲੀ ਮਹਿਲਾ ਮੁੱਖ ਮੰਤਰੀ ਰਹਿ ਚੁੱਕੀ ਮਹਿਬੂਬਾ ਮੁਫਤੀ ਨੇ ਆਪਣਾ ਰੁਖ ਸਪਸ਼ਟ ਕੀਤਾ ਹੈ। ਮਹਿਬੂਬਾ ਨੇ ਕਿਹਾ ਕਿ ਇਹ ਗੱਠਜੋੜ ਉਨ੍ਹਾਂ ਲਈ ਆਸਾਨ ਨਹੀਂ ਸੀ ਸਗੋਂ ਇਕ ਜ਼ਹਿਰ ਦਾ ਪਿਆਲਾ ਪੀਣ ਦੇ ਬਰਾਬਰ ਸੀ।

ਮਹਿਬੂਬਾ ਮੁਫਤੀ ਨੇ ਸ੍ਰੀਨਗਰ ਦੀ ਸ਼ੇਰ-ਏ-ਕਸ਼ਮੀਰ ਪਾਰਕ ਵਿਚ ਪਾਰਟੀ ਦੇ ਸਥਾਪਨਾ ਦਿਵਸ ਮੌਕੇ ਸੈਂਕੜੇ ਵਰਕਰਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਉਹ ਕਦੇ ਵੀ ਇਸ ਗੱਠਜੋੜ ਦੇ ਪੱਖ 'ਚ ਨਹੀਂ ਸੀ। ਜਦੋਂ ਉਨ੍ਹਾਂ ਦੇ ਪਿਤਾ ਚੋਣਾਂ ਤੋਂ ਬਾਅਦ ਭਾਜਪਾ ਦੇ ਨਾਲ ਗੱਠਜੋੜ ਕਰਨ ਜਾ ਰਹੇ ਸਨ, ਤਾਂ ਮੇਰੇ ਮਨ 'ਚ ਇਸ ਬਾਰੇ ਸਵਾਲ ਪੈਦਾ ਹੋ ਰਹੇ ਸਨ। ਮੈਂ ਇਸ ਬਾਰੇ ਆਪਣੇ ਪਿਤਾ ਸਵਰਗੀ ਮੁਫਤੀ ਮੁਹੰਮਦ ਸਈਦ ਨਾਲ ਗੱਲ ਕੀਤੀ ਸੀ ਪਰ ਉਸ ਸਮੇਂ ਉਨ੍ਹਾਂ ਨੇ ਇਸ ਗੱਲ ਨੂੰ ਨਕਾਰ ਦਿੱਤਾ ਸੀ। ਮਹਿਬੂਬਾ ਮੁਫਤੀ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਪਾਕਿਸਤਾਨ 'ਚ ਨਵੀਂ ਸਰਕਾਰ ਦੇ ਪ੍ਰਧਾਨ ਮੰਤਰੀ ਬਣਨ ਦੀ ਤਿਆਰੀ 'ਚ ਇਮਰਾਨ ਖਾਨ ਵੱਲੋਂ ਦੋਸਤੀ ਦਾ ਹੱਥ ਵਧਾਉਣ ਦੇ ਦਿੱਤੇ ਬਿਆਨ ਉਤੇ ਜ਼ਰੂਰੀ ਕਦਮ ਉਠਾਉਣ ਦੀ ਅਪੀਲ ਵੀ ਕੀਤੀ ਅਤੇ ਕਿਹਾ ਕਿ ਪ੍ਰਧਾਨ ਮੰਤਰੀ ਮੋਦੀ ਨੂੰ ਇਮਰਾਨ ਖਾਨ ਦੀ ਦੋਸਤੀ ਦੀ ਪੇਸ਼ਕਸ਼ ਸਵੀਕਾਰ ਕਰਨੀ ਚਾਹੀਦੀ ਹੈ।

## ਸੰਯੁਕਤ ਰਾਸ਼ਟਰ ਨੂੰ ਵਿੱਤੀ ਸੰਕਟ ਦੀ ਮਾਰ

**ਸੰਯੁਕਤ ਰਾਸ਼ਟਰ:** ਸੰਯੁਕਤ ਰਾਸ਼ਟਰ ਮੁਖੀ ਨੇ ਚਿਤਾਵਨੀ ਦਿੱਤੀ ਹੈ ਕਿ ਸੰਯੁਕਤ ਰਾਸ਼ਟਰ ਆਰਥਿਕ ਸੰਕਟ ਨਾਲ ਜੂਝ ਰਿਹਾ ਹੈ ਤੇ ਇਸ 'ਚ ਸ਼ਾਮਲ ਦੇਸ਼ਾਂ ਨੂੰ ਸਮੇਂ ਉਤੇ ਆਪਣੇ ਲਾਜ਼ਮੀ ਯੋਗਦਾਨ ਦਾ ਭੁਗਤਾਨ ਕਰਨ ਲਈ ਕਿਹਾ ਹੈ। ਯੂ.ਐਨ. ਸਟਾਫ ਨੂੰ ਇਕ ਚਿੱਠੀ 'ਚ ਸਕੱਤਰ ਜਨਰਲ ਐਂਟੋਨੀਓ ਗੁਟਾਰੇਜ਼ ਨੇ ਕਿਹਾ ਕਿ ਉਨ੍ਹਾਂ ਯੂ.ਐਨ. ਸਾਹਮਣੇ ਆ ਰਹੀ ਵਿੱਤੀ ਪਰੇਸ਼ਾਨੀ ਬਾਰੇ ਇਸ ਦੇ ਮੈਂਬਰ ਦੇਸ਼ਾਂ ਨੂੰ ਚਿੱਠੀ ਲਿਖ ਕੇ ਜਾਣੂ ਕਰਵਾਇਆ ਹੈ।

ਚਿੱਠੀ 'ਚ ਲਿਖਿਆ ਕਿ ਮੈਂਬਰ ਦੇਸ਼ਾਂ ਵੱਲੋਂ ਪਾਏ ਜਾਂਦੇ ਵਿੱਤੀ ਯੋਗਦਾਨ 'ਚ ਦੇਰੀ ਇਸ ਸੰਕਟ ਦੀ ਮੁੱਖ ਵਜ੍ਹਾ ਹੈ ਤੇ ਇਹ ਵਿੱਤੀ ਸੰਕਟ ਪਿਛਲੇ ਵਿੱਤੀ ਸੰਕਟਾਂ ਨਾਲੋਂ ਵੱਖਰਾ ਹੈ। ਇਸ ਸਾਲ ਹੁਣ ਤੱਕ ਭਾਰਤ ਸਮੇਤ 112 ਮੈਂਬਰ ਦੇਸ਼ਾਂ ਨੇ ਆਪਣੇ ਸਾਰੇ ਰੈਗੂਲਰ ਬਜਟ ਬਕਾਏ ਦਾ ਭੁਗਤਾਨ ਕਰ ਦਿੱਤਾ ਹੈ।

ਭਾਰਤ ਵੱਲੋਂ ਇਸ ਸਾਲ ਜਨਵਰੀ 'ਚ 1 ਕਰੋੜ 70 ਲੱਖ ਅਮਰੀਕੀ ਡਾਲਰ ਤੋਂ ਵਧ ਰਕਮ ਦਾ ਭੁਗਤਾਨ ਕੀਤਾ ਗਿਆ ਜਦਕਿ ਅਫ਼ਗਾਨਿਸਤਾਨ, ਬੰਗਲਾਦੇਸ਼, ਬ੍ਰਾਜ਼ੀਲ, ਮਿਸਰ, ਇਸਰਾਈਲ, ਮਾਲਦੀਵ, ਪਾਕਿਸਤਾਨ, ਸਾਊਦੀ ਅਰਬ, ਸੇਸ਼ਲਜ਼, ਸੂਡਾਨ, ਸੀਰੀਆ, ਅਮਰੀਕਾ ਤੇ ਜ਼ਿੰਬਾਬਵੇ ਸਮੇਤ 81 ਦੇਸ਼ਾਂ ਵਲੋਂ ਅਜੇ ਤੱਕ ਆਪਣੇ ਰੈਗੂਲਰ ਬਜਟ ਬਕਾਏ ਦਾ ਭੁਗਤਾਨ ਨਹੀਂ ਕੀਤਾ ਗਿਆ।

## ਅਸਾਮ ਦੇ 40 ਲੱਖ ਲੋਕਾਂ ਨੂੰ 'ਖਾਨਾਬਦੋਸ਼' ਐਲਾਨਿਆ

**ਗੁਹਾਟੀ:** ਅਸਾਮ ਦੇ ਤਕਰੀਬਨ 40 ਲੱਖ ਲੋਕਾਂ ਦੀ ਕਿਸਮਤ ਅਧਵਾਟੇ ਲਟਕ ਗਈ ਹੈ ਅਤੇ ਕੇਂਦਰ ਸਰਕਾਰ ਨੇ ਉਨ੍ਹਾਂ ਦੀ ਨਾਗਰਿਕਤਾ ਦੇ ਦਰਜੇ ਬਾਰੇ ਕੋਈ ਵੀ ਪ੍ਰਤੀਕਰਮ ਦੇਣ ਤੋਂ ਇਨਕਾਰ ਕਰ ਦਿੱਤਾ ਹੈ। ਕੌਮੀ ਨਾਗਰਿਕਤਾ ਰਜਿਸਟਰ (ਐਨ.ਆਰ.ਸੀ.) ਦੇ ਮੁਕੰਮਲ ਖਰੜੇ ਵਿਚੋਂ 40 ਲੱਖ ਤੋਂ ਵੱਧ ਵਿਅਕਤੀਆਂ ਦੇ ਨਾਮ ਕੱਟੇ ਜਾਣ ਨਾਲ ਰੌਲਾ ਪੈ ਗਿਆ ਹੈ। ਸੰਸਦ 'ਚ ਵਿਰੋਧੀ ਧਿਰ ਨੇ ਇਹ ਮੁੱਦਾ ਉਠਾਇਆ ਅਤੇ ਜਦੋਂ ਉਹ ਸਰਕਾਰ ਦੇ ਜਵਾਬ ਤੋਂ ਸੰਤੁਸ਼ਟ ਨਾ ਹੋਏ ਤਾਂ ਉਨ੍ਹਾਂ ਸਦਨ 'ਚੋਂ ਵਾਕ ਆਊਟ ਕਰ ਦਿੱਤਾ। ਉਂਜ ਖਰੜੇ 'ਚ 2.89 ਕਰੋੜ ਯੋਗ ਵਿਅਕਤੀਆਂ ਦੇ ਨਾਮ ਸ਼ਾਮਲ ਹਨ।

ਰਜਿਸਟਰਾਰ ਜਨਰਲ ਆਫ ਇੰਡੀਆ ਸੈਲੇਸ਼ ਨੇ ਐਲਾਨ ਕੀਤਾ ਕਿ ਐਨ.ਆਰ.ਸੀ. ਦੇ ਮੁਕੰਮਲ ਖਰੜੇ 'ਚ ਕੁੱਲ 3,29,91,384 ਅਰਜ਼ੀਕਾਰਾਂ 'ਚੋਂ 2,89,83,677 ਵਿਅਕਤੀਆਂ ਨੂੰ ਸ਼ਾਮਲ ਕਰਨ ਦੇ ਯੋਗ ਪਾਇਆ ਗਿਆ ਹੈ। ਉਂਜ ਕਰੀਬ 40.07 ਲੱਖ ਅਰਜ਼ੀਕਾਰਾਂ ਦਾ ਨਾਮ ਖਰੜੇ 'ਚ ਸ਼ਾਮਲ ਨਹੀਂ ਹੈ ਜਿਨ੍ਹਾਂ ਕੋਲ ਅਸਾਮੀ ਹੋਣ ਦਾ ਯੋਗ ਸਬੂਤ ਨਹੀਂ ਮਿਲਿਆ। ਸੈਲੇਸ਼ ਨੇ ਕਿਹਾ ਕਿ ਇਹ ਭਾਰਤ ਅਤੇ ਅਸਾਮ ਲਈ ਇਤਿਹਾਸਕ ਦਿਨ ਹੈ। ਇਹ ਕਾਨੂੰਨੀ ਪ੍ਰਕਿਰਿਆ ਹੈ ਜਿਸ ਨੂੰ ਸੁਪਰੀਮ ਕੋਰਟ ਦੀ ਨਿਗਰਾਨੀ ਹੇਠ ਅੰਜਾਮ ਦਿੱਤਾ ਗਿਆ ਹੈ।

ਕਰੀਬ 40 ਲੱਖ ਅਰਜ਼ੀਕਾਰਾਂ ਦਾ ਨਾਮ ਹਟਾਉਣ ਦਾ ਕਾਰਨ ਪੁੱਛੇ ਜਾਣ 'ਤੇ ਐਨ.ਆਰ.ਸੀ. ਦੇ ਸੂਬਾ ਕੋਆਰਡੀਨੇਟਰ ਪ੍ਰਤੀਕ ਹਜੇਲਾ ਨੇ ਕਿਹਾ ਕਿ ਉਹ ਇਸ ਦੇ ਕਾਰਨ ਜਨਤਕ ਨਹੀਂ ਕਰਨਗੇ।

ਲੋਕਾਂ ਨੂੰ ਇਕੱਲਿਆਂ-ਇਕੱਲਿਆਂ ਜਾਣਕਾਰੀ ਦੇ ਦਿੱਤੀ ਜਾਵੇਗੀ। ਉਹ ਨਾਮ ਨਾ ਹੋਣ ਦੇ ਕਾਰਨਾਂ ਦੀ ਜਾਣਕਾਰੀ ਐਨ.ਆਰ.ਸੀ. ਸੇਵਾ ਕੇਂਦਰਾਂ ਤੋਂ ਲੈ ਸਕਦੇ ਹਨ। ਉਨ੍ਹਾਂ ਸਪੱਸ਼ਟ ਕੀਤਾ ਕਿ ਚਾਰ ਵਰਗਾਂ ਦੇ ਲੋਕਾਂ ਨੂੰ ਖਰੜੇ 'ਚ ਸ਼ਾਮਲ ਨਹੀਂ ਕੀਤਾ ਗਿਆ ਹੈ ਕਿਉਂਕਿ ਉਨ੍ਹਾਂ ਦੀ ਯੋਗਤਾ ਸਬੰਧੀ ਸੁਪਰੀਮ ਕੋਰਟ ਨੇ ਰੋਕ ਲਾਈ ਹੋਈ ਹੈ। ਇਹ ਚਾਰ ਵਰਗ ਹਨ- ਸ਼ੱਕੀ ਵੋਟਰ, ਉਨ੍ਹਾਂ ਦੇ ਕੁਨਬੇ, ਵਿਦੇਸ਼ੀ ਟ੍ਰਿਬਿਊਨਲਜ਼ 'ਚ ਬਕਾਇਆ ਹਵਾਲੇ ਅਤੇ ਉਨ੍ਹਾਂ ਦੇ ਕੁਨਬੇ ਸ਼ਾਮਲ ਹਨ।

ਸੈਲੇਸ਼ ਨੇ ਕਿਹਾ ਕਿ ਦਾਅਵਿਆਂ ਤੇ ਇਤਰਾਜ਼ਾਂ ਦਾ ਅਮਲ 30 ਅਗਸਤ ਤੋਂ 30 ਸਤੰਬਰ ਤੱਕ ਚੱਲੇਗਾ ਅਤੇ ਇਸ ਨੂੰ ਇਕ ਹੋਰ ਮਹੀਨੇ ਲਈ ਵੀ ਵਧਾਇਆ ਜਾ ਸਕਦਾ ਹੈ। ਜ਼ਿਕਰਯੋਗ ਹੈ ਕਿ ਅਸਾਮ ਪਹਿਲਾ ਭਾਰਤੀ ਸੂਬਾ ਹੈ ਜਿਥੇ ਐਨ.ਆਰ.ਸੀ. ਦੀ 1951 ਤੋਂ ਬਾਅਦ ਸੁਧਾਈ ਕੀਤੀ ਜਾ ਰਹੀ ਹੈ ਅਤੇ 24 ਮਾਰਚ 1971 ਤੱਕ ਰਹਿ ਰਹੇ ਲੋਕਾਂ ਦੇ ਨਾਮ ਸਬੂਤਾਂ ਨਾਲ ਭਾਰਤੀ ਨਾਗਰਿਕਾਂ ਦੀ ਸੂਚੀ 'ਚ ਸ਼ਾਮਲ ਕੀਤੇ ਜਾ ਰਹੇ ਹਨ।

### ਕਾਂਗਰਸ ਤੇ ਮਮਤਾ ਨੇ ਖੜ੍ਹੇ ਕੀਤੇ ਸਵਾਲ

**ਨਵੀਂ ਦਿੱਲੀ:** ਕਾਂਗਰਸ ਨੇ 40 ਲੱਖ ਵਿਅਕਤੀਆਂ ਦੇ ਨਾਮ ਅੰਤਿਮ ਖਰੜੇ 'ਚੋਂ ਹਟਾਉਣ 'ਤੇ ਸਵਾਲ ਖੜ੍ਹੇ ਕਰਦਿਆਂ ਕਿਹਾ ਹੈ ਕਿ 90ਵਿਆਂ ਵਿਚ ਸਿਰਫ ਸਾਢੇ ਤਿੰਨ ਲੱਖ ਸ਼ੱਕੀ ਵੋਟਰ ਸਨ। ਅਸਾਮ ਕਾਂਗਰਸ ਦੇ ਪ੍ਰਧਾਨ ਰਿਪੁਨ ਬੋਰਾ ਨੇ ਕਿਹਾ ਕਿ ਭਾਜਪਾ ਦੀ ਅਗਵਾਈ ਹੇਠ ਇਹ ਸਿਆਸਤ ਤੋਂ ਪ੍ਰੇਰਿਤ ਕਦਮ ਹੈ ਜੋ 'ਧਰੁਵੀਕਰਨ ਦੀ ਸਿਆਸਤ' ਖੇਡਣ ਦੀ ਕੋਸ਼ਿਸ਼ ਕਰ ਰਹੀ ਹੈ। ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਕੇਂਦਰ 'ਤੇ ਨਿਸ਼ਾਨਾ ਲਾਉਂਦਿਆਂ ਦੋਸ਼ ਲਾਇਆ ਕਿ ਉਹ ਵੋਟ ਬੈਂਕ ਦੀ ਸਿਆਸਤ ਕਰ ਰਹੀ ਹੈ।

# ਅੰਮ੍ਰਿਤਸਰ ਜ਼ਮੀਨ ਕੇਸ ਵਿਚੋਂ ਕੈਪਟਨ ਅਮਰਿੰਦਰ ਸਿੰਘ ਬਰੀ

**ਮੁਹਾਲੀ:** ਮੁਹਾਲੀ ਦੀ ਇਕ ਵਿਸ਼ੇਸ਼ ਜ਼ਿਲ੍ਹਾ ਅਦਾਲਤ ਨੇ ਸੂਬੇ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਭ੍ਰਿਸ਼ਟਾਚਾਰ ਦੇ ਮਾਮਲੇ ਵਿਚ ਬੇਕਸੂਰ ਮੰਨਦਿਆਂ ਸਾਰੇ ਦੋਸ਼ਾਂ ਤੋਂ ਬਾਇੱਜ਼ਤ ਬਰੀ ਕਰ ਦਿੱਤਾ ਹੈ। ਵਿਜੀਲੈਂਸ ਵੱਲੋਂ ਅੰਮ੍ਰਿਤਸਰ ਨਗਰ ਸੁਧਾਰ ਟਰੱਸਟ ਦੇ ਬਹੁ ਚਰਚਿਤ 32 ਏਕੜ ਜ਼ਮੀਨ ਘੁਟਾਲੇ ਦੇ ਮਾਮਲੇ ਵਿਚ 11 ਸਤੰਬਰ 2008 ਨੂੰ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਸਮੇਤ ਕਈ ਹੋਰਨਾਂ ਆਗੂਆਂ ਅਤੇ ਅਧਿਕਾਰੀਆਂ ਵਿਰੁੱਧ ਵਿਜੀਲੈਂਸ ਥਾਣਾ ਫੇਜ਼-8 ਵਿਚ ਕੇਸ ਦਰਜ ਕੀਤਾ ਗਿਆ ਸੀ ਅਤੇ ਇਸ ਮਾਮਲੇ ਦੀ ਸੁਣਵਾਈ ਮੁਹਾਲੀ ਦੇ ਵਧੀਕ ਜ਼ਿਲ੍ਹਾ ਤੇ ਸੈਸ਼ਨ ਜੱਜ ਜਸਵਿੰਦਰ ਸਿੰਘ ਦੀ ਅਦਾਲਤ ਵਿਚ ਚੱਲ ਰਹੀ ਸੀ।



ਜ਼ਮੀਨ ਘੁਟਾਲੇ ਵਿਚ ਬਰੀ ਹੋਣ ਵਾਲਿਆਂ ਵਿਚ ਕੈਪਟਨ ਅਮਰਿੰਦਰ ਸਿੰਘ ਸਮੇਤ ਬ੍ਰਿਗੇਡੀਅਰ (ਸੇਵਾ ਮੁਕਤ) ਗੁਰਚਰਨ ਸਿੰਘ ਖਾਰਾ, ਅੰਮ੍ਰਿਤਸਰ ਨਗਰ ਸੁਧਾਰ ਟਰੱਸਟ ਦੇ ਸਾਬਕਾ ਚੇਅਰਮੈਨ ਜੁਗਲ ਕਿਸ਼ੋਰ ਸ਼ਰਮਾ, ਪੰਜਾਬ ਵਿਧਾਨ ਸਭਾ ਦੇ ਸਾਬਕਾ ਸਕੱਤਰ ਨਛੱਤਰ ਸਿੰਘ ਮਾਵੀ, ਸਾਬਕਾ ਸੰਯੁਕਤ ਸਕੱਤਰ ਤਾਰਾ ਸਿੰਘ, ਬਲਜੀਤ ਸਿੰਘ, ਵਿੱਕੀ ਸ਼ਰਮਾ, ਰਜਿੰਦਰ ਸ਼ਰਮਾ, ਅਸ਼ਵਨੀ ਕਾਲੇ ਸ਼ਾਹ, ਮਹੇਸ਼ ਖੰਨਾ, ਕ੍ਰਿਸ਼ਨ ਕੁਮਾਰ ਕੌਲ, ਸੁਭਾਸ਼ ਚੰਦ, ਪਰਮਿੰਦਰ ਸਿੰਘ ਤੁੰਗ, ਰਾਜੀਵ ਭਗਤ ਅਤੇ ਰੋਹਿਤ ਸ਼ਰਮਾ ਸ਼ਾਮਲ ਹਨ।

ਇਹ ਸਾਰੇ ਵਿਅਕਤੀ ਅਦਾਲਤ ਵਿਚ ਹਾਜ਼ਰ ਸਨ। ਜਦੋਂਕਿ ਇਸ ਮਾਮਲੇ ਵਿਚ ਨਾਮਜ਼ਦ ਵਿਧਾਨ ਸਭਾ ਦੇ ਸਾਬਕਾ ਸਪੀਕਰ ਡਾ. ਕੇਵਲ ਕ੍ਰਿਸ਼ਨ, ਸਾਬਕਾ ਕੈਬਨਿਟ ਮੰਤਰੀ ਰਘੂ ਨਾਥ ਸਹਾਏਪੁਰੀ ਅਤੇ ਚੌਧਰੀ ਜਗਜੀਤ ਸਿੰਘ ਦੀ ਮੌਤ ਹੋ ਚੁੱਕੀ ਹੈ। ਖੁੱਲ੍ਹੀ ਅਦਾਲਤ ਵਿਚ ਜੱਜ ਨੇ ਆਪਣਾ ਫੈਸਲਾ ਸੁਣਾਉਂਦੇ ਹੋਏ ਇਹ ਸਪੱਸ਼ਟ ਕੀਤਾ ਕਿ ਕਿਸੇ ਮੁਲਜ਼ਮ ਖਿਲਾਫ਼ ਇਸ ਕੇਸ ਵਿਚ ਵਿਜੀਲੈਂਸ ਵੱਲੋਂ ਲਗਾਏ ਗਏ ਦੋਸ਼ਾਂ ਸਬੰਧੀ ਕੋਈ ਪੁਖਤਾ ਸਬੂਤ ਸਾਹਮਣੇ ਨਹੀਂ ਆਏ ਅਤੇ ਵਿਜੀਲੈਂਸ ਦੀ ਨਵੇਂ ਸਿਰਿਉਂ ਵੱਖ-ਵੱਖ ਪਹਿਲੂਆਂ ਉਤੇ ਕੀਤੀ ਗਈ ਜਾਂਚ ਪੜਤਾਲ ਦੀ ਦੂਜੀ ਕੈਂਸਲੇਸ਼ਨ ਰਿਪੋਰਟ ਨੂੰ ਆਧਾਰ ਬਣਾ ਕੇ ਕੈਪਟਨ ਅਮਰਿੰਦਰ ਸਿੰਘ ਅਤੇ ਹੋਰਨਾਂ ਮੁਲਜ਼ਮਾਂ ਵਿਰੁੱਧ ਕੇਸ ਖਤਮ ਕੀਤਾ ਜਾਂਦਾ ਹੈ।

ਵਿਜੀਲੈਂਸ ਦੀ ਰਿਪੋਰਟ ਮੁਤਾਬਕ ਮੁੱਖ ਮੰਤਰੀ ਸਣੇ ਇਸ ਮਾਮਲੇ ਵਿਚ ਨਾਮਜ਼ਦ ਕਿਸੇ ਵੀ ਮੁਲਜ਼ਮ ਖਿਲਾਫ ਕੋਈ ਕੇਸ ਨਹੀਂ ਬਣਦਾ ਹੈ ਅਤੇ ਨਾ ਹੀ ਹੁਣ ਤੱਕ ਦੀ ਜਾਂਚ ਦੌਰਾਨ ਕਿਸੇ ਮੁਲਜ਼ਮ ਖਿਲਾਫ਼ ਕੋਈ ਠੋਸ ਸਬੂਤ ਹੀ ਮਿਲਿਆ ਹੈ। ਹਾਲਾਂਕਿ ਇਸ ਮਾਮਲੇ ਵਿਚ ਸਾਬਕਾ ਡਿਪਟੀ ਸਪੀਕਰ ਬੀਰਦਵਿੰਦਰ ਸਿੰਘ ਨੇ ਕੈਪਟਨ ਵਿਰੁੱਧ ਸਰਕਾਰੀ ਗਵਾਹ ਬਣਨ ਲਈ ਅਰਜ਼ੀ ਦਿੱਤੀ ਸੀ ਪਰ ਬੀਤੀ 11 ਜੁਲਾਈ ਨੂੰ ਅਦਾਲਤ ਨੇ ਉਨ੍ਹਾਂ ਦੀ ਅਰਜ਼ੀ ਖਾਰਜ ਕਰ ਦਿੱਤੀ ਸੀ। ਮੁੱਖ ਮੰਤਰੀ ਦੇ ਵਕੀਲ ਏ.ਪੀ.ਐਸ ਦਿਓਲ ਨੇ ਕਿਹਾ ਕਿ ਆਖਰ ਨਿਆਂ ਮਿਲਿਆ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਇਸ ਮਾਮਲੇ ਵਿਚ ਅਪੀਲ ਲਈ ਕੋਈ ਥਾਂ ਨਹੀਂ ਹੈ ਅਤੇ ਕੋਈ ਵੀ ਦੋਸ਼ ਨਿਰਧਾਰਤ ਨਹੀਂ ਕੀਤਾ ਗਿਆ। ਉਧਰ, ਜਿਵੇਂ ਹੀ ਅਦਾਲਤ ਨੇ ਮੁੱਖ ਮੰਤਰੀ ਨੂੰ ਬਰੀ ਕਰਨ ਦਾ ਫੈਸਲਾ ਸੁਣਾਇਆ ਤਾਂ ਕਾਂਗਰਸੀ ਵਰਕਰਾਂ ਵਿੱਚ ਖੁਸ਼ੀ ਦੀ ਲਹਿਰ ਦੌੜ ਗਈ ਅਤੇ ਪਸ਼ੂ ਪਾਲਣ ਮੰਤਰੀ ਬਲਬੀਰ ਸਿੰਘ ਸਿੱਧੂ ਸਮੇਤ ਹੋਰਨਾਂ ਆਗੂਆਂ ਨੇ ਇਕ ਦੂਜੇ ਨੂੰ ਵਧਾਈਆਂ ਦਿੱਤੀਆਂ।

## ਝੂਠਾ ਕੇਸ ਦਰਜ ਕੀਤਾ ਸੀ: ਕੈਪਟਨ

ਮੁਹਾਲੀ ਅਦਾਲਤ ਦੇ ਫੈਸਲੇ ਤੋਂ ਬਾਗੋਬਾਗ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਸਚਾਈ ਦੀ ਜਿੱਤ ਹੋਈ ਹੈ। ਉਨ੍ਹਾਂ ਕਿਹਾ ਕਿ ਵਿਜੀਲੈਂਸ ਨੇ ਪਿਛਲੀ ਸਰਕਾਰ ਦੇ ਕਹਿਣ 'ਤੇ ਉਨ੍ਹਾਂ ਖਿਲਾਫ਼ ਝੂਠਾ ਕੇਸ ਦਰਜ ਕੀਤਾ ਸੀ। ਹੁਣ ਤੱਕ ਕਰੀਬ 500 ਸੁਣਵਾਈਆਂ ਹੋਈਆਂ ਹਨ ਜਿਸ ਵਿਚ ਅਦਾਲਤ ਅਤੇ ਸਰਕਾਰ ਦਾ ਸਮਾਂ ਬਰਬਾਦ ਹੋਇਆ ਹੈ, ਪਰ ਆਖਰਕਾਰ ਇਸ ਨਾਲ ਇਹ ਸਿੱਧ ਹੋ ਗਿਆ ਹੈ ਕਿ ਉਨ੍ਹਾਂ ਦਾ ਇਸ ਮਾਮਲੇ 'ਚ ਕੋਈ ਵੀ ਦੋਸ਼ ਨਹੀਂ ਸੀ ਬਲਕਿ ਪਿਛਲੀ ਸਰਕਾਰ ਨੇ ਸਿਆਸੀ ਬਦਲਾਖੋਰੀ ਦੇ ਆਪਣੇ ਏਜੰਡੇ ਹੇਠ ਇਨ੍ਹਾਂ ਦੋਸ਼ਾਂ ਨੂੰ ਖੁਦ ਘੜਿਆ ਸੀ।

## ਇਸ ਤਰ੍ਹਾਂ ਦਰਜ ਹੋਇਆ ਸੀ ਕੇਸ

ਬੀਰਦਵਿੰਦਰ ਸਿੰਘ ਨੇ 12ਵੀਂ ਵਿਧਾਨ ਸਭਾ ਵਿਚ 22 ਫਰਵਰੀ 2006 ਨੂੰ ਇਹ ਮੁੱਦਾ ਚੁੱਕਿਆ ਸੀ। ਇਸ ਮਾਮਲੇ ਨੂੰ ਗੰਭੀਰਤਾ ਨੂੰ ਲੈਂਦਿਆਂ 13ਵੀਂ ਵਿਧਾਨ ਸਭਾ ਨੇ ਸਦਨ ਦੀਆਂ ਦੋ ਕਮੇਟੀਆਂ ਨਿਯੁਕਤ ਕਰ ਕੇ ਇਸ ਸਾਰੇ ਮਾਮਲੇ ਦੀ ਜਾਂਚ ਕੀਤੀ ਗਈ ਅਤੇ ਮੁੱਖ ਸਕੱਤਰ ਦੇ ਹੁਕਮਾਂ ਉਤੇ ਅੰਮ੍ਰਿਤਸਰ ਨਗਰ ਸੁਧਾਰ ਟਰੱਸਟ ਦੇ ਬਹੁਕਰੋੜੀ ਜ਼ਮੀਨ ਘੁਟਾਲੇ ਦੀ ਵਿਜੀਲੈਂਸ ਤੋਂ ਜਾਂਚ ਕਰਵਾਈ ਗਈ। ਇਸ ਤਰ੍ਹਾਂ ਕੈਪਟਨ ਅਤੇ ਕੁਝ ਹੋਰਨਾਂ ਦੇ ਖਿਲਾਫ਼ ਵਿਜੀਲੈਂਸ ਥਾਣਾ ਮੁਹਾਲੀ ਵਿਚ ਕੇਸ ਦਰਜ ਕੀਤਾ ਗਿਆ ਜਿਸ ਦਾ 10 ਸਾਲਾਂ ਬਾਅਦ ਨਿਬੇੜਾ ਹੋ ਗਿਆ।

## ਐਕਸਿਸ ਬੈਂਕ ਵਿਚ 10 ਲੱਖ ਦਾ ਡਾਕਾ

**ਗੜ੍ਹਸ਼ੰਕਰ:** ਤਹਿਸੀਲ ਗੜ੍ਹਸ਼ੰਕਰ ਦੇ ਕਸਬਾ ਕੋਟ ਫਤੂਹੀ ਵਿਚ ਵਿਸ਼ਕਰਮਾ ਮੰਦਰ ਨੇੜੇ ਐਕਸਿਸ ਬੈਂਕ ਬਰਾਂਚ ਪਿੰਡ ਮੰਨਣਹਾਣਾ ਵਿਚੋਂ ਪੰਜ ਹਥਿਆਰਬੰਦ ਲੁਟੇਰਿਆਂ ਨੇ 9 ਲੱਖ 60 ਹਜ਼ਾਰ ਰੁਪਏ ਦੀ ਨਗਦੀ ਲੁੱਟ ਲਈ। ਇਹ ਸਮੁੱਚੀ ਵਾਰਦਾਤ ਤੇ ਲੁਟੇਰਿਆਂ ਦੀਆਂ ਤਸਵੀਰਾਂ ਸੀ. ਸੀ. ਟੀ.ਵੀ. ਕੈਮਰੇ ਵਿਚ ਕੈਦ ਹੋ ਗਈਆਂ ਹਨ।

ਬੈਂਕ ਦੇ ਮੈਨੇਜਰ ਭਵਨੇਸ਼ ਭਾਰਗਵ ਨੇ ਦੱਸਿਆ ਕਿ ਦੁਪਹਿਰ ਕਰੀਬ ਇਕ ਵਜੇ ਇਕ ਨੌਜਵਾਨ ਹੱਥ ਵਿਚ ਕਾਪੀ ਫੜੀ ਬੈਂਕ 'ਚ ਦਾਖਲ ਹੋਇਆ ਤੇ ਪੈਸੇ ਜਮ੍ਹਾਂ ਕਰਵਾਉਣ ਵਾਲੀ ਪਰਚੀ ਲੈ ਕੇ ਵਾਪਸ ਜਾਣ ਲੱਗਾ। ਪੁੱਛਣ 'ਤੇ ਉਸ ਨੇ ਕਿਹਾ, 'ਪੈਸੇ ਸਟੇਟ ਬੈਂਕ ਵਿਚ ਜਮ੍ਹਾਂ ਕਰਵਾਉਣੇ ਸੀ' ਤੇ ਬਾਹਰ ਚਲਾ ਗਿਆ। ਇਸ ਪਿਛੋਂ ਉਸ ਸਮੇਤ ਪੰਜ ਹਥਿਆਰਬੰਦ ਨੌਜਵਾਨ ਹੱਥਾਂ ਵਿਚ ਰਿਵਾਲਵਰ ਲੈ ਕੇ ਬੈਂਕ ਵਿਚ ਆਣ ਵੜੇ। ਇਨ੍ਹਾਂ ਵਿਚੋਂ ਇਕ ਨੇ ਸਕਿਉਰਿਟੀ ਗਾਰਡ ਅਤੇ ਬਾਕੀਆਂ ਨੇ ਮੈਨੇਜਰ ਅਤੇ ਬਾਕੀ ਮੁਲਾਜ਼ਮਾਂ ਦੀਆਂ ਪੁੜਪੁੜੀਆਂ 'ਤੇ ਰਿਵਾਲਵਰ ਰੱਖ ਦਿੱਤੇ ਤੇ 9.60 ਲੱਖ ਰੁਪਏ ਲੁੱਟ ਕੇ ਲੈ ਗਏ।

# ਪੰਚਾਇਤੀ ਚੋਣਾਂ ਲਈ ਸਿਆਸੀ ਧਿਰਾਂ ਵੱਲੋਂ ਕਮਰਕੱਸੇ

**ਚੰਡੀਗੜ੍ਹ:** ਪੰਜਾਬ ਵਿਚ ਪੰਚਾਇਤੀ ਚੋਣਾਂ ਲਈ ਰਾਜਨੀਤਿਕ ਪਾਰਟੀਆਂ ਅਤੇ ਸਰਕਾਰ ਨੇ ਤਿਆਰੀ ਖਿੱਚ ਲਈ ਹੈ। ਗਰਾਮ ਪੰਚਾਇਤਾਂ, ਬਲਾਕ ਸਮਿਤੀਆਂ ਤੇ ਜ਼ਿਲ੍ਹਾ ਪਰਿਸ਼ਦ ਚੋਣਾਂ ਕਰਾਉਣ ਲਈ ਸਰਕਾਰ ਵੱਲੋਂ ਸੂਬਾਈ ਚੋਣ ਕਮਿਸ਼ਨ ਨੂੰ 30 ਸਤੰਬਰ ਤੱਕ ਅਮਲ ਪੂਰਾ ਕਰਨ ਲਈ ਕਿਹਾ ਗਿਆ ਹੈ ਤੇ ਕਮਿਸ਼ਨ ਵੱਲੋਂ ਇਸੇ ਸੰਦਰਭ ਵਿਚ ਸਰਗਰਮੀਆਂ ਸ਼ੁਰੂ ਕੀਤੀਆਂ ਗਈਆਂ ਹਨ।

ਚੋਣ ਕਮਿਸ਼ਨ ਵੱਲੋਂ ਮੱਧ ਪ੍ਰਦੇਸ਼, ਰਾਜਸਥਾਨ ਤੇ ਹਰਿਆਣਾ ਤੋਂ ਬੈਲਟ ਬਕਸੇ ਮੰਗਵਾਏ ਗਏ ਹਨ, ਕਿਉਂਕਿ ਇਹ ਚੋਣਾਂ ਬੈਲਟ ਪੇਪਰ ਰਾਹੀਂ ਕਰਾਈਆਂ ਜਾਣਗੀਆਂ ਅਤੇ ਵੋਟਰ ਸੂਚੀਆਂ ਦੀ ਮੁਢਲੀ ਪ੍ਰਕਾਸ਼ਨਾ ਹੋ ਗਈ ਹੈ।

ਕਾਂਗਰਸ, ਸ਼੍ਰੋਮਣੀ ਅਕਾਲੀ ਦਲ, ਭਾਜਪਾ, ਖੱਬੀਆਂ ਧਿਰਾਂ ਤੇ 'ਆਪ' ਵੱਲੋਂ ਇਨ੍ਹਾਂ ਚੋਣਾਂ ਦੌਰਾਨ ਉਮੀਦਵਾਰ ਖੜ੍ਹੇ ਕੀਤੇ ਜਾਣਗੇ। ਇਨ੍ਹਾਂ ਪਾਰਟੀਆਂ ਨੇ ਸਥਾਨਕ ਪੱਧਰ ਦੇ ਆਗੂਆਂ ਨੂੰ ਉਮੀਦਵਾਰਾਂ ਦੀ ਚੋਣ ਦਾ ਕੰਮ ਸੌਂਪ ਦਿੱਤਾ ਹੈ। ਪੰਜਾਬ ਦੀਆਂ ਰਵਾਇਤੀ ਪਾਰਟੀਆਂ ਤਾਂ ਹਰ ਵਾਰੀ ਇਹ ਚੋਣਾਂ ਲੜਦੀਆਂ ਹੀ ਹਨ, ਪਰ 'ਆਪ' ਵੱਲੋਂ ਦਿਹਾਤੀ ਖੇਤਰ ਦੀਆਂ ਚੋਣਾਂ ਪਹਿਲੀ ਵਾਰ ਲੜੀਆਂ ਜਾਣੀਆਂ ਹਨ। ਪੰਚਾਇਤ ਵਿਭਾਗ ਮੁਤਾਬਕ ਪੰਜਾਬ ਵਿਚ ਇਸ ਵਾਰੀ 13278 ਗਰਾਮ ਪੰਚਾਇਤਾਂ, 22 ਜ਼ਿਲ੍ਹਾ ਪਰਿਸ਼ਦਾਂ ਤੇ 150 ਪੰਚਾਇਤ ਸਮਿਤੀਆਂ ਲਈ ਵੋਟਾਂ ਪੈਣਗੀਆਂ।



ਪੰਜਾਬ ਸਰਕਾਰ ਵੱਲੋਂ ਇਨ੍ਹਾਂ ਚੋਣਾਂ ਵਿਚ ਮਹਿਲਾਵਾਂ ਨੂੰ 50 ਫੀਸਦੀ ਰਾਖਵਾਂਕਰਨ ਦੇਣ ਦਾ ਫੈਸਲਾ ਕਰਦਿਆਂ ਕਾਨੂੰਨ ਵਿਚ ਲੋੜੀਂਦੀਆਂ ਤਰਮੀਮਾਂ ਵੀ ਕੀਤੀਆਂ ਜਾ ਚੁੱਕੀਆਂ ਹਨ। ਸਰਕਾਰ ਵੱਲੋਂ ਕੀਤੇ ਐਲਾਨ ਤੋਂ ਬਾਅਦ ਪਿੰਡਾਂ ਵਿਚ ਵੀ ਸਿਆਸੀ ਮਾਹੌਲ ਭਖਣ ਲੱਗਿਆ ਹੈ। ਪੰਜਾਬ ਦੇ ਦਿਹਾਤੀ ਖੇਤਰ ਵਿਚ ਇਸ ਵਾਰੀ ਬੜਾ ਰੌਚਕ ਮਾਹੌਲ ਬਣਿਆ ਹੋਇਆ ਹੈ। ਸੂਬੇ ਵਿਚ ਪੂਰੇ ਇਕ ਦਹਾਕੇ ਬਾਅਦ ਸੱਤਾ ਤਬਦੀਲ ਹੋਈ ਹੈ। ਕਾਂਗਰਸ ਸਰਕਾਰ ਦੇ ਹੋਂਦ ਵਿਚ ਆਉਣ ਦੇ ਪਹਿਲੇ ਹੀ ਦਿਨ ਤੋਂ ਪ੍ਰਸ਼ਾਸਨ ਤੇ ਪੁਲਿਸ ਉਤੇ ਅਕਾਲੀ ਦਲ ਦਾ ਪ੍ਰਭਾਵ ਹੋਣ ਦੀਆਂ ਸ਼ਿਕਾਇਤਾਂ ਕਾਂਗਰਸ ਦੇ ਆਗੂਆਂ, ਵਿਧਾਇਕਾਂ, ਮੰਤਰੀਆਂ ਇਥੋਂ ਤੱਕ ਕਿ ਕਾਂਗਰਸ ਦੇ ਸੂਬਾ ਪ੍ਰਧਾਨ ਸੁਨੀਲ ਜਾਖੜ ਵੱਲੋਂ ਵੀ ਕੀਤੀਆਂ ਜਾਂਦੀਆਂ ਹਨ। ਇਸ ਰਾਜਸੀ ਮਹੌਲ ਵਿਚ ਹਾਲਾਤ ਇਹ ਬਣ ਗਏ ਹਨ ਕਿ ਕਈ ਖੇਤਰਾਂ ਵਿਚ ਕਾਂਗਰਸੀਆਂ ਅੰਦਰ ਇਨ੍ਹਾਂ ਚੋਣਾਂ ਦਾ ਚਾਅ ਦੇਖਣ ਨੂੰ ਨਹੀਂ ਮਿਲ ਰਿਹਾ। ਦਿਹਾਤੀ ਵਿਕਾਸ ਤੇ ਪੰਚਾਇਤ ਮੰਤਰੀ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਕਈ ਵਾਰੀ ਇਹ ਗੱਲ ਮੰਨ ਚੁੱਕੇ ਹਨ ਕਿ ਅਕਾਲੀਆਂ ਵੇਲੇ ਪੰਚਾਇਤੀ ਗਰਾਂਟਾਂ ਅਤੇ ਫੰਡਾਂ ਵਿਚ ਹੋਈਆਂ ਧਾਂਦਲੀਆਂ ਦੀ ਜਾਂਚ ਕਰਨ ਲਈ ਕੋਈ ਅਫਸਰ ਹਾਮੀ ਨਹੀਂ ਭਰ ਰਿਹਾ।

ਪੰਜਾਬ ਦੀਆਂ ਇਨ੍ਹਾਂ ਸੰਸਥਾਵਾਂ 'ਤੇ ਇਕ ਦਹਾਕਾ ਅਕਾਲੀ ਦਲ ਦਾ ਕਬਜ਼ਾ ਰਿਹਾ ਹੈ ਤੇ ਕਾਂਗਰਸੀਆਂ ਨੂੰ ਇਕ ਦਹਾਕੇ ਤੋਂ ਬਾਅਦ ਜ਼ਿਲ੍ਹਾ ਪਰਿਸ਼ਦਾਂ ਤੇ ਪੰਚਾਇਤ ਸਮਿਤੀਆਂ ਉਤੇ ਝੰਡਾ ਝੁਲਦਾ ਹੋਣ ਦੇ ਸੁਪਨੇ ਆਉਣ ਲੱਗੇ ਹਨ। ਗਰਾਮ ਪੰਚਾਇਤਾਂ, ਜ਼ਿਲ੍ਹਾ ਪਰਿਸ਼ਦਾਂ ਤੇ ਪੰਚਾਇਤ ਸਮਿਤੀਆਂ ਭੰਗ ਕਰ ਕੇ ਪ੍ਰਸ਼ਾਸਕ ਲਾ ਦਿੱਤੇ ਸਨ। ਪੰਚਾਇਤ ਵਿਭਾਗ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਗਰਾਮ ਪੰਚਾਇਤਾਂ ਉਤੇ ਲਾਏ ਪ੍ਰਬੰਧਕ ਸਿਰਫ ਹੰਗਾਮੀ ਹਾਲਤ ਵਿਚ ਹੀ ਕੋਈ ਫੈਸਲਾ ਲੈ ਸਕਦੇ ਹਨ। ਉਂਜ, ਗਰਾਮ ਸਭਾਵਾਂ ਦੀ ਵੀ ਕੋਈ ਭੂਮਿਕਾ ਨਹੀਂ ਰਹੀ। ਇਸੇ ਤਰ੍ਹਾਂ ਦੀ ਵਿਵਸਥਾ ਜ਼ਿਲ੍ਹਾ ਪਰਿਸ਼ਦਾਂ ਤੇ ਪੰਚਾਇਤ ਸਮਿਤੀਆਂ ਦੇ ਮਾਮਲੇ ਵਿਚ ਹੈ। ਰਾਜਨੀਤਕ ਪਾਰਟੀਆਂ ਵੱਲੋਂ ਜ਼ਿਲ੍ਹਾ ਪਰਿਸ਼ਦ ਤੇ ਪੰਚਾਇਤ ਸਮਿਤੀਆਂ ਦੀਆਂ ਚੋਣਾਂ ਆਪੋ-ਆਪਣੇ ਚੋਣ ਨਿਸ਼ਾਨਾਂ ਉਤੇ ਲੜੀਆਂ ਜਾਣਗੀਆਂ, ਜਦੋਂਕਿ ਗਰਾਮ ਪੰਚਾਇਤਾਂ ਦੀਆਂ ਚੋਣਾਂ ਆਜ਼ਾਦ ਤੌਰ ਉਤੇ ਲੜੀਆਂ ਜਾਣਗੀਆਂ। ਇਸ ਦੌਰਾਨ ਅਕਾਲੀ ਦਲ ਦੇ ਬੁਲਾਰੇ ਡਾ. ਦਲਜੀਤ ਸਿੰਘ ਚੀਮਾ ਦਾ ਕਹਿਣਾ ਹੈ ਕਿ ਜ਼ਿਲ੍ਹਾ ਪਰਿਸ਼ਦ ਤੇ ਪੰਚਾਇਤ ਸਮਿਤੀਆਂ ਦੀਆਂ ਚੋਣਾਂ ਪਾਰਟੀ ਵੱਲੋਂ ਪਹਿਲਾਂ ਵਾਂਗ ਹੀ ਚੋਣ ਨਿਸ਼ਾਨ ਉਤੇ ਲੜੀਆਂ ਜਾਣਗੀਆਂ।

## ਸਰਪੰਚਾਂ ਲਈ ਜ਼ਿਲ੍ਹਾ ਪੱਧਰੀ ਰਾਖਵਾਂਕਰਨ ਨੂੰ ਪ੍ਰਵਾਨਗੀ

**ਚੰਡੀਗੜ੍ਹ:** ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੀ ਰਾਇ 'ਤੇ ਗੌਰ ਕਰਦਿਆਂ ਪੰਜਾਬ ਵਜ਼ਾਰਤ ਨੇ ਸਰਪੰਚਾਂ ਲਈ ਬਲਾਕ ਪੱਧਰੀ ਰਾਖਾਵਾਂਕਰਨ ਦੇ ਮੌਜੂਦਾ ਅਮਲ ਦੀ ਥਾਂ ਜ਼ਿਲ੍ਹਾ ਪੱਧਰੀ ਰਾਖਵਾਂਕਰਨ ਮੁੜ ਲਾਗੂ ਕਰਨ ਦਾ ਫੈਸਲਾ ਕੀਤਾ ਹੈ। ਵਜ਼ਾਰਤ ਨੇ 'ਪੰਜਾਬ ਰਿਜ਼ਰਵੇਸ਼ਨ ਆਫ ਸਰਪੰਚਿਜ਼ ਆਫ ਗ੍ਰਾਮ ਪੰਚਾਇਤਸ ਐਂਡ ਚੇਅਰਮੈਨ ਐਂਡ ਵਾਈਸ ਚੇਅਰਮੈਨ ਆਫ ਪੰਚਾਇਤ ਸਮਿਤੀ ਐਂਡ ਜ਼ਿਲ੍ਹਾ ਪ੍ਰੀਸ਼ਦ ਰੂਲਜ਼-1994' ਵਿਚ ਸੋਧ ਨੂੰ ਪ੍ਰਵਾਨਗੀ ਦੇ ਦਿੱਤੀ ਹੈ ਤਾਂ ਕਿ ਸਰਪੰਚਾਂ ਦੀ ਰੋਟੇਸ਼ਨ ਪ੍ਰੀਕਿਰਿਆ ਬਣਾਈ ਜਾ ਸਕੇ।

# ਪੀੜਤ ਮਹਿਲਾ ਦੇ ਮੁੱਕਰਨ ਕਾਰਨ ਲੰਗਾਹ ਬਲਾਤਕਾਰ ਦੇ ਦੋਸ਼ਾਂ ਤੋਂ ਬਰੀ

**ਗੁਰਦਾਸਪੁਰ:** ਅਦਾਲਤ ਨੇ ਸਾਬਕਾ ਅਕਾਲੀ ਮੰਤਰੀ ਸੁੱਚਾ ਸਿੰਘ ਲੰਗਾਹ ਨੂੰ ਬਲਾਤਕਾਰ ਅਤੇ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦੇ ਕੇਸ ਵਿਚੋਂ ਬਰੀ ਕਰ ਦਿੱਤਾ। ਲੰਗਾਹ ਖਿਲਾਫ਼ ਵਿਜੀਲੈਂਸ ਵਿਭਾਗ ਪਠਾਨਕੋਟ ਵਿਚ ਤਾਇਨਾਤ ਇਕ ਮਹਿਲਾ ਕਾਂਸਟੇਬਲ ਦੀ ਸ਼ਿਕਾਇਤ ਉਤੇ 28 ਸਤੰਬਰ, 2017 ਨੂੰ ਧਾਰਾ 376 (ਬਲਾਤਕਾਰ) ਤੇ ਹੋਰ ਧਾਰਾਵਾਂ ਤਹਿਤ ਕੇਸ ਦਰਜ ਕੀਤਾ ਗਿਆ ਸੀ।

ਮਹਿਲਾ ਨੇ ਦੋਸ਼ ਲਗਾਇਆ ਸੀ ਕਿ ਸ੍ਰੀ ਲੰਗਾਹ ਸਾਲ 2009 ਤੋਂ ਉਸ ਦਾ ਜਿਨਸੀ ਸ਼ੋਸ਼ਣ ਕਰ ਰਹੇ ਸਨ। ਇਸ ਸਬੰਧੀ ਇਕ ਅਸ਼ਲੀਲ ਵੀਡੀਓ ਵੀ ਵਾਇਰਲ ਹੋਈ ਸੀ, ਜਿਸ ਕਾਰਨ ਪੰਜਾਬ ਦੀ ਸਿਆਸਤ ਵਿਚ ਭੂਚਾਲ ਆ ਗਿਆ ਸੀ। ਉਦੋਂ ਲੋਕ ਸਭਾ ਜ਼ਿਮਨੀ ਚੋਣ ਹੋਣ ਕਾਰਨ ਕਾਂਗਰਸ ਨੂੰ ਫਾਇਦਾ ਵੀ ਮਿਲਿਆ ਸੀ। ਘਟਨਾ ਬਾਅਦ ਸ੍ਰੀ ਲੰਗਾਹ ਨੂੰ ਸ਼੍ਰੋਮਣੀ ਅਕਾਲੀ ਦਲ ਵਿਚੋਂ ਕੱਢ ਦਿੱਤਾ ਗਿਆ ਅਤੇ ਸ੍ਰੀ ਅਕਾਲ ਤਖ਼ਤ ਨੇ ਵੀ ਪੰਥ ਵਿਚੋਂ ਛੇਕ ਦਿੱਤਾ ਸੀ। ਕੇਸ ਦਰਜ ਹੋਣ ਪਿੱਛੋਂ ਸ੍ਰੀ ਲੰਗਾਹ ਰੂਪੋਸ਼ ਹੋ ਗਏ ਸਨ ਪਰ ਪੇਸ਼ਗੀ ਜ਼ਮਾਨਤ ਰੱਦ ਹੋਣ ਬਾਅਦ 4 ਅਕਤੂਬਰ ਨੂੰ ਗੁਰਦਾਸਪੁਰ ਅਦਾਲਤ ਵਿਚ ਆਤਮ-ਸਮਰਪਣ ਕੀਤਾ ਸੀ। ਵੀਡੀਓ ਵਾਇਰਲ ਹੋਣ ਉਪਰੰਤ ਸਿੱਖ ਸੰਗਠਨਾਂ ਦੀ ਮੰਗ ਉਤੇ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦੀ ਧਾਰਾ 295ਏ ਵੀ ਕੇਸ ਵਿਚ ਜੋੜੀ ਗਈ ਸੀ।

ਸੁਣਵਾਈ ਦੌਰਾਨ ਸਬੰਧਤ ਔਰਤ ਆਪਣੇ ਪਹਿਲੇ ਬਿਆਨਾਂ ਤੋਂ ਮੁੱਕਰ ਗਈ। ਉਸ ਨੇ ਅਦਾਲਤ ਵਿਚ ਕਿਹਾ ਕਿ ਪੁਲਿਸ ਨੇ ਦਬਾਅ ਪਾ ਕੇ ਸ੍ਰੀ ਲੰਗਾਹ ਖਿਲਾਫ਼ ਸ਼ਿਕਾਇਤ ਕਰਵਾਈ ਸੀ। ਉਸ ਨੇ ਵੀਡੀਓ ਵਿਚ ਵੀ ਆਪਣੇ ਹੋਣ ਤੋਂ ਇਨਕਾਰ ਕੀਤਾ। ਇਸ ਕਾਰਨ ਸ੍ਰੀ ਲੰਗਾਹ ਅਦਾਲਤ ਵਿਚੋਂ ਜ਼ਮਾਨਤ ਲੈਣ ਵਿਚ ਵੀ ਸਫਲ ਹੋ ਗਏ। ਇਸੇ ਰੌਸ਼ਨੀ ਵਿਚ ਅਦਾਲਤ ਨੇ ਸ੍ਰੀ ਲੰਗਾਹ ਨੂੰ ਧਾਰਾ 376 (ਬਲਾਤਕਾਰ) ਅਤੇ 295ਏ (ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ) ਤਹਿਤ ਦੋਸ਼ਾਂ ਤੋਂ ਬਰੀ ਕਰ ਦਿੱਤਾ।



ਲੰਗਾਹ ਨੇ ਕਿਹਾ ਕਿ ਉਨ੍ਹਾਂ ਨੂੰ ਅਦਾਲਤ ਤੋਂ ਨਿਆਂ ਮਿਲਣ ਦਾ ਪੂਰਾ ਭਰੋਸਾ ਸੀ। ਉਨ੍ਹਾਂ ਕਿਹਾ ਕਿ ਵਿਰੋਧੀਆਂ ਨੇ ਲੋਕ ਸਭਾ ਜ਼ਿਮਨੀ ਚੋਣ ਵਿਚ ਲਾਹਾ ਲੈਣ ਲਈ ਉਨ੍ਹਾਂ ਨੂੰ 'ਝੂਠਾ' ਫਸਾਇਆ ਸੀ। ਉਨ੍ਹਾਂ ਕਿਹਾ ਕਿ ਉਹ ਜਲਦੀ ਹੀ ਪਾਰਟੀ ਪ੍ਰਧਾਨ ਨੂੰ ਮਿਲਣਗੇ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਕੋਲੋਂ ਵੀ ਇਨਸਾਫ਼ ਦੀ ਮੰਗ ਕਰਨਗੇ।

# ਵਿਦੇਸ਼ੀ ਨਸ਼ਾ ਤਸਕਰ ਪੰਜਾਬ ਪੁਲਿਸ ਲਈ ਬਣੇ ਚੁਣੌਤੀ

**ਚੰਡੀਗੜ੍ਹ:** ਵਿਦੇਸ਼ੀ ਨਸ਼ਾ ਤਸਕਰ ਪੰਜਾਬ ਪੁਲਿਸ ਲਈ ਵੱਡੀ ਚੁਣੌਤੀ ਬਣੇ ਹੋਏ ਹਨ। ਪੁਲਿਸ ਵੱਲੋਂ ਹੁਣ ਤੱਕ ਗ੍ਰਿਫਤਾਰ ਕੀਤੇ ਨਸ਼ਾ ਤਸਕਰਾਂ 'ਚ ਪਾਕਿਸਤਾਨੀ, ਨਾਈਜੀਰੀਅਨ ਸਮੇਤ ਵਿਦੇਸ਼ੀ ਤਸਕਰ ਸ਼ਾਮਲ ਹਨ। ਅੰਕੜਿਆਂ ਅਨੁਸਾਰ ਸਾਲ 2017 ਵਿਚ ਪੁਲਿਸ ਨੇ 50 ਵਿਦੇਸ਼ੀ ਤਸਕਰਾਂ ਨੂੰ ਕਾਬੂ ਕੀਤਾ ਹੈ ਜਦੋਂ ਕਿ ਸਾਲ 2018 'ਚ ਹੁਣ ਤੱਕ ਪੁਲਿਸ ਨੇ 24 ਵਿਦੇਸ਼ੀ ਨਸ਼ਾ ਤਸਕਰਾਂ ਨੂੰ ਫੜਿਆ ਹੈ । ਇਸ ਸਬੰਧੀ ਪੁਲਿਸ ਨੇ ਦਾਅਵਾ ਕੀਤਾ ਸੀ ਕਿ ਹਾਂਗਕਾਂਗ ਵਿਚ ਬੈਠੇ ਇਕ ਵੱਡੇ ਨਸ਼ਾ ਤਸਕਰ ਦਾ ਸੁਰਾਗ ਪੁਲਿਸ ਹੱਥ ਲਗਾ ਹੈ ਜਿਸ ਸਬੰਧੀ ਜਲਦ ਅਹਿਮ ਖੁਲਾਸੇ ਹੋ ਸਕਦੇ ਹਨ।

ਪੰਜਾਬ 'ਚ ਨਸ਼ੇ ਦੀ ਸਪਲਾਈ ਦਾ ਵੱਡਾ ਕਾਰਨ ਪਾਕਿਸਤਾਨ ਸਰਹੱਦ ਪੰਜਾਬ ਦੇ ਨਾਲ ਲੱਗਣਾ ਦੱਸਿਆ ਜਾ ਰਿਹਾ ਹੈ। ਅਜਿਹੇ 'ਚ ਨਸ਼ੇ ਦੀ ਖੇਪ ਪਹੁੰਚਾਉਣ ਲਈ ਨਸ਼ਾ ਤਸਕਰ ਪਾਕਿਸਤਾਨ ਸਰਹੱਦ ਦੇ ਨਾਲ ਨਾਲ ਵੱਖ-ਵੱਖ ਰਸਤਿਆਂ ਦੀ ਵਰਤੋਂ ਕਰਦੇ ਹਨ। ਪਾਕਿਸਤਾਨ ਨਾਲ ਲੱਗਦੇ ਸਰਹੱਦੀ ਖੇਤਰਾਂ ਵਿਚ ਬੀ.ਐਸ.ਐਫ ਅਤੇ ਪੁਲਿਸ ਭਾਰੀ ਮਾਤਰਾ 'ਚ ਕਈ ਵਾਰ ਨਸ਼ੇ ਦੀ ਖੇਪ ਫੜ ਚੁੱਕੀ ਹੈ। ਪੁਲਿਸ ਸੂਤਰਾਂ ਅਨੁਸਾਰ ਸਰਹੱਦੀ ਇਲਾਕਿਆਂ ਜ਼ਰੀਏ ਹੋ ਰਹੀ ਨਸ਼ਾ ਤਸਕਰੀ ਪੁਲਿਸ ਲਈ ਮੁਸੀਬਤ ਬਣੀ ਹੋਈ ਹੈ।

**Punjab Times**

**Established in 2000**
**19th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Gurbakhsh Singh Bhandal
Baljit Basi
Ashok Bhaura
Tarlochan Singh Dupalpur
Major Kular
**California**
Shiara Dhindsa
661-703-6664
**New York**
**Iqbal S. Jabowalia**
**917-375-6395**
**Circulation**
**Harbhajan Singh**
**917-856-5229**
**Photographer**
**Kamaljit Singh Virdi**
**Ph. 847-502-2703**

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 100 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

## ਰਾਇਸ਼ੁਮਾਰੀ 'ਚ ਸ਼ਾਮਲ ਹੋਣ ਲਈ ਸਿੱਖ ਖੁਦ ਫੈਸਲਾ ਲੈਣ: ਮਾਨ

**ਅੰਮ੍ਰਿਤਸਰ:** ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ 'ਸਿੱਖਜ਼ ਫਾਰ ਜਸਟਿਸ' ਜਥੇਬੰਦੀ ਵੱਲੋਂ ਸਿੱਖ ਰਾਜ ਦੇ ਮੁੱਦੇ ਉਤੇ ਕਰਵਾਈ ਜਾ ਰਹੀ ਰਾਇਸ਼ੁਮਾਰੀ ਸਬੰਧੀ ਆਖਿਆ ਕਿ ਉਕਤ ਜਥੇਬੰਦੀ ਨੇ ਆਪਣੇ ਕਿਸੇ ਪ੍ਰੋਗਰਾਮ ਬਾਰੇ ਜਾਣਕਾਰੀ ਉਨ੍ਹਾਂ ਨਾਲ ਸਾਂਝੀ ਨਹੀਂ ਕੀਤੀ। ਇਸ ਲਈ ਉਨ੍ਹਾਂ ਨੂੰ ਇਸ ਪ੍ਰੋਗਰਾਮ ਬਾਰੇ ਕੁਝ ਨਹੀਂ ਪਤਾ।

ਸ੍ਰੀ ਮਾਨ ਨੇ ਖੁਲਾਸਾ ਕੀਤਾ ਕਿ ਉਨ੍ਹਾਂ ਨੂੰ ਪੰਜਾਬ ਅਤੇ ਹੋਰਨਾਂ ਸੂਬਿਆਂ ਤੋਂ ਸਿੱਖਾਂ ਦੇ ਫੋਨ ਆ ਰਹੇ ਹਨ ਕਿ ਇਸ ਰਾਇਸ਼ੁਮਾਰੀ ਬਾਰੇ ਸਿੱਖ ਜਥੇਬੰਦੀ ਵੱਲੋਂ ਉਨ੍ਹਾਂ ਨੂੰ ਲੰਡਨ ਸੱਦਿਆ ਜਾ ਰਿਹਾ ਹੈ। ਇਸ ਸਬੰਧੀ ਵੀਜ਼ੇ ਅਤੇ ਖਰਚਾ ਵੀ ਦਿੱਤਾ ਜਾ ਰਿਹਾ ਹੈ ਤੇ ਉਹ ਪ੍ਰੋਗਰਾਮ ਵਿਚ ਸ਼ਾਮਲ ਹੋਣ ਲਈ ਰਾਏ ਮੰਗ ਰਹੇ ਹਨ।

ਸ੍ਰੀ ਮਾਨ ਨੇ ਕਿਹਾ ਕਿ ਇਸ ਸਮਾਗਮ ਵਿਚ ਸ਼ਾਮਲ ਹੋਣ ਵਾਲੇ ਸਿੱਖ ਆਪਣੇ ਪੱਧਰ ਉਤੇ ਫੈਸਲਾ ਲੈਣ ਅਤੇ ਆਪਣੇ ਪੱਧਰ ਉਤੇ ਹੀ ਘੋਖ ਕਰਨ। ਜਾਣਕਾਰੀ ਅਨੁਸਾਰ ਸਿੱਖ ਜਥੇਬੰਦੀ ਵੱਲੋਂ 12 ਅਗਸਤ ਨੂੰ ਲੰਡਨ ਵਿਚ ਸਮਾਗਮ ਕਰਵਾਇਆ ਜਾ ਰਿਹਾ ਹੈ।

# ਪੰਜਾਬ ਮੰਚ ਵੱਲੋਂ ਰਾਜਾਂ ਦੀ ਖੁਦਮੁਖਤਾਰੀ ਲਈ ਐਲਾਨਨਾਮਾ

**ਚੰਡੀਗੜ੍ਹ:** ਪੰਜਾਬ ਮੰਚ ਨੇ ਆਪਣਾ ਐਲਾਨਨਾਮਾ ਜਾਰੀ ਕਰਦਿਆਂ ਰਾਜਾਂ ਨੂੰ ਖੁਦਮੁਖਤਾਰੀ ਦੇਣ ਦੀ ਮੰਗ ਕੀਤੀ। ਪੰਜਾਬ ਮੰਚ ਦੇ ਆਗੂ ਸੰਸਦ ਮੈਂਬਰ ਧਰਮਵੀਰ ਗਾਂਧੀ ਨੇ ਕਿਹਾ ਕਿ ਭਾਰਤੀ ਸੰਵਿਧਾਨ ਵਿਚ ਰਾਜਾਂ ਨੂੰ ਮਿਲੀ ਸੀਮਤ ਖੁਦਮੁਖਤਾਰੀ ਵੀ ਭਾਰਤੀ ਗਣਰਾਜ ਨੇ ਆਜ਼ਾਦੀ ਪਿਛੋਂ ਦੇ ਸਾਲਾਂ ਦੌਰਾਨ ਤਾਕਤ ਅਤੇ ਸੂਖਮ ਤਰੀਕਿਆਂ ਰਾਹੀਂ ਖੋਹ ਕੇ ਰੱਖ ਦਿੱਤੀ ਹੈ।

ਨਤੀਜੇ ਵਜੋਂ ਅੱਜ ਪੰਜਾਬ ਸਮੇਤ ਬਹੁਤੇ ਰਾਜ ਲੱਖਾਂ ਕਰੋੜਾਂ ਦੇ ਕਰਜ਼ਈ ਹਨ ਅਤੇ ਬਜਟਾਂ ਦਾ ਬਹੁਤਾ ਹਿੱਸਾ ਕਰਜ਼ੇ ਦੀਆਂ ਕਿਸ਼ਤਾਂ ਦੇਣ ਵਿਚ ਹੀ ਨਿਕਲ ਜਾਂਦਾ ਹੈ। ਡਾ. ਗਾਂਧੀ ਨੇ ਕਿਹਾ ਕਿ ਪੰਜਾਬ ਦੀ ਹਾਲਤ ਬਹੁਤ ਖਰਾਬ ਹੈ, ਜਿਸ ਦੇ ਕੁਦਰਤੀ ਵਸੀਲੇ ਦਰਿਆਈ ਪਾਣੀ ਨੂੰ ਭਾਰਤੀ ਸੰਵਿਧਾਨ ਦੀਆਂ ਧੱਜੀਆਂ ਉਡਾ ਕੇ ਮੁਫਤ ਲੁੱਟ ਲਿਆ ਗਿਆ ਹੈ। ਪੰਜਾਬ ਵਿਚ ਅੱਜ ਘੋਰ ਨਿਰਾਸ਼ਾ ਦਾ ਆਲਮ ਹੈ। ਨੌਜਵਾਨ ਵਿਦੇਸ਼ ਉਡਾਰੀ ਮਾਰ ਰਹੇ ਹਨ ਜਾਂ ਨਸ਼ਿਆਂ ਦੀ ਲਪੇਟ ਵਿਚ ਹਨ। ਦੂਜੇ ਪਾਸੇ ਖੇਤੀ ਘਾਟੇ ਵਾਲਾ ਸੌਦਾ ਬਣ ਕੇ ਰਹਿ ਗਈ ਹੈ, ਜਿਸ ਕਾਰਨ ਕਿਸਾਨ ਖੁਦਕੁਸ਼ੀਆਂ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਮੰਚ, ਕਾਂਗਰਸ ਦੇ 'ਨਹਿਰੂਵਾਦੀ ਸਮਾਜਵਾਦ' ਅਤੇ 'ਨਹਿਰੂਵਾਦੀ ਧਰਮ ਨਿਰਪੱਖਤਾ' ਦੇ ਨਾਕਾਮ ਤਜਰਬੇ ਨੂੰ ਦਰਅਸਲ ਭਾਰਤੀ ਉਪ-ਮਹਾਂਦੀਪ ਦੀ ਫਿਰਕੂ ਵੰਡ ਦਾ ਹੀ ਵਿਸਥਾਰ ਮੰਨਦਾ ਹੈ, ਜਿਸ ਨੇ ਹੁਣ ਭਾਜਪਾ ਦੇ ਰੂਪ ਵਿਚ ਹਿੰਦੂ-ਬਹੁਗਿਣਤੀਵਾਦ ਨੂੰ ਥਾਂ ਦਿੱਤੀ ਹੈ।

ਉਨ੍ਹਾਂ ਕਿਹਾ ਕਿ ਪੰਜਾਬ ਮੰਚ, ਭਾਰਤੀ ਸਿਆਸਤ ਦੀਆਂ ਦੋਹਾਂ ਧਾਰਾਵਾਂ ਨੂੰ ਇਕੋ ਕੇਂਦਰਵਾਦੀ ਧਾਰਾ ਮੰਨਦਾ ਹੈ, ਜੋ ਭਾਰਤੀ ਉਪ-ਮਹਾਂਦੀਪ ਦੀਆਂ ਵਿਲੱਖਣਤਾਵਾਂ ਦੇ ਰੂਪ ਵਿਚ ਵਿਚਰ ਰਹੀਆਂ ਨੀਮ ਕੌਮੀ, ਧਾਰਮਿਕ, ਜਾਤਪਾਤ, ਭਾਸ਼ਾਈ, ਇਲਾਕਾਈ ਅਤੇ ਨਸਲੀ ਪਛਾਣ ਲਈ ਦਮ ਘੋਟੂ ਹਨ। ਡਾ. ਧਰਮਵੀਰ ਨੇ ਮੰਗ ਕੀਤੀ ਕਿ ਭਾਰਤ ਸਰਕਾਰ ਰਾਜਾਂ ਨੂੰ ਅੰਦਰੂਨੀ ਖੁਦਮੁਖਤਾਰੀ ਰਾਹੀਂ ਸਚਮੁੱਚ ਦਾ ਫੈਡਰਲ ਭਾਰਤ ਬਣਾਉਣ ਲਈ ਕੇਂਦਰ-ਰਾਜ ਸਬੰਧਾਂ ਦੇ ਸਾਰੇ ਪੱਖਾਂ ਉਤੇ ਮੁੜ ਨਜ਼ਰਸਾਨੀ ਕਰਨ ਲਈ ਕਦਮ ਚੁੱਕੇ ਜਾਣ। ਉਨ੍ਹਾਂ ਲੋਕਾਂ ਨੂੰ ਪੰਜਾਬ ਮੰਚ ਦੇ ਝੰਡੇ ਹੇਠ ਅਤੇ ਪੰਜਾਬ ਦੇ ਜਮਹੂਰੀਕਰਨ ਲਈ ਲਾਮਬੰਦ ਹੋਣ ਦਾ ਸੱਦਾ ਦਿੱਤਾ।

## ਸਿੱਖ ਕਤਲੇਆਮ ਦੇ ਉਮਰ ਕੈਦੀ ਨੂੰ ਜ਼ਮਾਨਤ

**ਨਵੀਂ ਦਿੱਲੀ:** ਦਿੱਲੀ ਹਾਈ ਕੋਰਟ ਨੇ 1984 ਦੇ ਸਿੱਖ ਕਤਲੇਆਮ ਦੇ ਇਕ ਕੇਸ ਵਿਚ ਉਮਰ ਕੈਦ ਭੁਗਤ ਰਹੇ 91 ਸਾਲਾ ਮੁਜਰਮ ਕੈਪਟਨ ਭਾਗਮੱਲ ਦੀ ਛੇ ਹਫਤੇ ਲਈ ਜ਼ਮਾਨਤ ਮਨਜ਼ੂਰ ਕਰ ਲਈ ਹੈ। ਇਹ ਹੁਕਮ ਹਾਈ ਕੋਰਟ ਦੀ ਚੀਫ ਜਸਟਿਸ ਗੀਤਾ ਮਿੱਤਲ ਤੇ ਜਸਟਿਸ ਅਨੂ ਮਲਹੋਤਰਾ ਦੇ ਬੈਂਚ ਨੇ ਸੁਣਾਏ। ਬੈਂਚ ਨੇ ਕਿਹਾ, "ਮੁਦਈ ਦੀ ਉਮਰ ਤੇ ਸਿਹਤ ਨੂੰ ਧਿਆਨ ਵਿਚ ਰੱਖਦਿਆਂ ਅਸੀਂ ਉਸ ਨੂੰ ਛੇ ਹਫਤਿਆਂ ਲਈ ਜ਼ਮਾਨਤ ਦਿੰਦੇ ਹਾਂ।" ਭਾਗਮੱਲ ਨੇ ਸਿਹਤ ਦੇ ਆਧਾਰ ਉਤੇ ਜ਼ਮਾਨਤ ਮੰਗੀ ਸੀ।

ਸੁਣਵਾਈ ਦੌਰਾਨ ਦੰਗਾ ਪੀੜਤਾਂ ਵੱਲੋਂ ਪੇਸ਼ ਸੀਨੀਅਰ ਵਕੀਲ ਐਚ.ਐਸ. ਫੂਲਕਾ ਨੇ ਮਾਮਲੇ ਦੀ ਛੇਤੀ ਸੁਣਵਾਈ ਦੀ ਮੰਗ ਕੀਤੀ। ਉਨ੍ਹਾਂ ਕਿਹਾ ਕਿ ਇਸ ਭਿਆਨਕ ਘਟਨਾ ਨੂੰ 34 ਸਾਲ ਬੀਤ ਚੁੱਕੇ ਹਨ ਪਰ ਹਾਲੇ ਤੱਕ ਪੀੜਤਾਂ ਨੂੰ ਇਨਸਾਫ ਨਹੀਂ ਮਿਲਿਆ।

## ਹੁਣ ਰਿਸ਼ਵਤ ਦੇਣ ਵਾਲਿਆਂ ਨੂੰ ਵੀ ਹੋਵੇਗੀ ਕੈਦ

**ਨਵੀਂ ਦਿੱਲੀ:** ਹੁਣ ਰਿਸ਼ਵਤ ਲੈਣ ਵਾਲਿਆਂ ਨੂੰ ਹੀ ਨਹੀਂ, ਸਗੋਂ ਦੇਣ ਵਾਲਿਆਂ ਨੂੰ ਵੀ ਸੱਤ ਸਾਲ ਤੱਕ ਕੈਦ ਦੀ ਸਜ਼ਾ ਹੋ ਸਕੇਗੀ। ਇਸ ਸਬੰਧੀ ਸੰਸਦ ਵੱਲੋਂ ਪਾਸ ਨਵੇਂ ਭ੍ਰਿਸ਼ਟਾਚਾਰ-ਰੋਕੂ ਸੋਧ ਬਿਲ ਨੇ ਰਾਸ਼ਟਰਪਤੀ ਰਾਮ ਨਾਥ ਕੋਵਿੰਦ ਦੀ ਮਨਜ਼ੂਰੀ ਮਿਲਣ ਪਿੱਛੋਂ ਕਾਨੂੰਨੀ ਰੂਪ ਲੈ ਲਿਆ ਹੈ।

ਇਸ ਤੋਂ ਇਲਾਵਾ ਐਕਟ ਵਿਚ ਨਵੀਂ ਸੋਧ ਰਾਹੀਂ ਲੋਕ ਸੇਵਕਾਂ ਭਾਵ ਸਿਆਸਤਦਾਨਾਂ, ਅਫ਼ਸਰਸ਼ਾਹਾਂ, ਬੈਂਕਰਾਂ ਤੇ ਹੋਰਨਾਂ ਨੂੰ ਭ੍ਰਿਸ਼ਟਾਚਾਰ ਦੇ ਦੋਸ਼ ਹੇਠ ਮੁਕੱਦਮੇਬਾਜ਼ੀ ਤੋਂ ਬਚਾਉਣ ਲਈ ਨਵੀਂ 'ਢਾਲ' ਵੀ ਦਿੱਤੀ ਗਈ ਹੈ। ਹੁਣ ਸੀ.ਬੀ.ਆਈ. ਸਣੇ ਵੱਖ-ਵੱਖ ਜਾਂਚ ਏਜੰਸੀਆਂ ਨੂੰ ਉਨ੍ਹਾਂ ਖਿਲਾਫ਼ ਕੋਈ ਵੀ ਜਾਂਚ ਕਰਨ ਤੋਂ ਪਹਿਲਾਂ ਸਮਰੱਥ ਅਥਾਰਟੀ ਤੋਂ ਲਾਜ਼ਮੀ ਅਗਾਊਂ ਮਨਜ਼ੂਰੀ ਲੈਣੀ ਹੋਵੇਗੀ। ਇਸ ਸਬੰਧੀ ਸਰਕਾਰੀ ਹੁਕਮ ਵਿਚ ਕਿਹਾ ਗਿਆ ਹੈ ਕਿ ਰਾਸ਼ਟਰਪਤੀ ਨੇ 'ਭ੍ਰਿਸ਼ਟਾਚਾਰ-ਰੋਕੂ (ਸੋਧ) ਐਕਟ, 1988' ਨੂੰ ਹਾਲ ਹੀ ਵਿਚ ਮਨਜ਼ੂਰੀ ਦਿੱਤੀ ਹੈ।

# ਕੈਨੇਡਾ 'ਚ ਭਾਰਤੀ ਜੋੜੇ 'ਤੇ ਨਸਲੀ ਹਮਲਾ

**ਟੋਰਾਂਟੋ:** ਕੈਨੇਡਾ 'ਚ ਭਾਰਤੀ ਮੂਲ ਦੇ ਜੋੜੇ ਨੂੰ ਉਸ ਸਮੇਂ ਨਸਲੀ ਹਮਲੇ ਦਾ ਸ਼ਿਕਾਰ ਹੋਣਾ ਪਿਆ ਜਦੋਂ ਇਕ ਗੋਰੇ ਨੇ ਉਨ੍ਹਾਂ ਨੂੰ ਆਪਣੇ ਵਤਨ ਪਰਤ ਜਾਣ ਲਈ ਕਿਹਾ ਅਤੇ ਉਨ੍ਹਾਂ ਦੇ ਬੱਚਿਆਂ ਨੂੰ ਜਾਨੋਂ ਮਾਰ ਦੇਣ ਦੀਆਂ ਧਮਕੀਆਂ ਦਿੱਤੀਆਂ। ਪੁਲਿਸ ਇਸ ਘਟਨਾ ਨੂੰ ਨਸਲੀ ਹਮਲਾ ਮੰਨ ਕੇ ਮਾਮਲੇ ਦੀ ਜਾਂਚ ਕਰ ਰਹੀ ਹੈ।

ਮੀਡੀਆ ਰਿਪੋਰਟਾਂ ਅਨੁਸਾਰ ਇਹ ਘਟਨਾ ਐਤਵਾਰ ਨੂੰ ਉਸ ਸਮੇਂ ਵਾਪਰੀ ਜਦੋਂ ਓਂਟਾਰੀਓ ਦੇ ਹੈਮਿਲਟਨ 'ਚ ਵਾਲਮਾਰਟ ਦੇ ਸੁਪਰਸੈਂਟਰ ਦੀ ਪਾਰਕਿੰਗ ਵਿਚ ਭਾਰਤੀ ਵਿਅਕਤੀ ਤੇ 47 ਸਾਲਾ ਡੇਲ ਰੌਬਰਟਸਨ ਵਿਚਾਲੇ ਤਕਰਾਰ ਹੋ ਗਿਆ। ਉਨ੍ਹਾਂ ਵਿਚਾਲੇ ਇਹ ਬਹਿਸ ਉਸ ਸਮੇਂ ਹੋਈ ਜਦੋਂ ਇਹ ਜੋੜਾ ਪਾਰਕਿੰਗ 'ਚ ਵਾਪਸ ਆ ਰਿਹਾ ਸੀ ਤੇ ਉਹ ਰੌਬਰਟਸਨ ਜੋ ਕਿ ਟਰੱਕ 'ਚ ਸਵਾਰ ਸੀ, ਦੇ ਰਾਹ ਵਿਚ ਆ ਗਏ।

ਫੇਸਬੁੱਕ ਤੇ ਯੂਟਿਊਬ 'ਤੇ ਪਾਈ ਗਈ ਵੀਡੀਓ 'ਚ ਭਾਰਤੀ ਵਿਅਕਤੀ ਗੋਰੇ ਨੂੰ ਇਹ ਪੁੱਛਦਾ ਹੋਇਆ ਦਿਖਾਈ ਦੇ ਰਿਹਾ ਹੈ ਕਿ ਉਹ ਆਪਣੇ ਬੱਚਿਆਂ ਸਾਹਮਣੇ ਕਿਹੋ ਜਿਹੀ ਮਿਸਾਲ ਪੇਸ਼ ਕਰ ਰਹੇ ਹਨ। ਤਕਰਾਰ ਵਧਣ ਮਗਰੋਂ ਰੌਬਰਟਸਨ ਨੇ ਕਿਹਾ, 'ਮੈਂ ਨਸਲਵਾਦੀ ਹਾਂ। ਮੈਨੂੰ ਤੁਸੀਂ ਪਸੰਦ ਨਹੀਂ ਹੋ। ਮੈਨੂੰ ਉਹ (ਭਾਰਤੀ ਦੀ ਪਤਨੀ) ਪਸੰਦ ਨਹੀਂ ਹੈ।' ਇਸ ਮਗਰੋਂ ਉਸ ਨੇ ਕਿਹਾ, 'ਮੈਂ ਤੁਹਾਡੇ ਬੱਚਿਆਂ ਦਾ ਕਤਲ ਕਰ ਦੇਵਾਂਗਾ।'

## ਇਮਰਾਨ ਦੇ ਹਲਫਦਾਰੀ ਸਮਾਗਮ 'ਚ ਮੋਦੀ ਨੂੰ ਸੱਦੇ ਬਾਰੇ ਵਿਚਾਰਾਂ

**ਲਾਹੌਰ:** ਪਾਕਿਸਤਾਨ ਵਿਚ ਇਮਰਾਨ ਖਾਨ ਦੇ ਪ੍ਰਧਾਨ ਮੰਤਰੀ ਵਜੋਂ ਸਹੁੰ ਚੁੱਕ ਸਮਾਗਮ ਵਿਚ ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸਮੇਤ ਸਾਰਕ ਦੇਸ਼ਾਂ ਦੇ ਆਗੂਆਂ ਨੂੰ ਸੱਦਾ ਦੇਣ ਬਾਰੇ ਸੋਚ ਵਿਚਾਰ ਕੀਤੀ ਜਾ ਰਹੀ ਹੈ।

ਖਾਨ ਦੀ ਅਗਵਾਈ ਹੇਠਲੀ ਪਾਕਿਸਤਾਨ ਤਹਿਰੀਕ-ਏ-ਇਨਸਾਫ਼ (ਪੀ.ਟੀ.ਆਈ.) ਲੰਘੀ 25 ਜੁਲਾਈ ਦੀਆਂ ਚੋਣਾਂ ਵਿਚ 116 ਸੀਟਾਂ ਜਿੱਤ ਕੇ ਕੌਮੀ ਅਸੈਂਬਲੀ ਵਿਚ ਸਭ ਤੋਂ ਵੱਡੀ ਧਿਰ ਬਣ ਕੇ ਉਭਰੀ ਸੀ ਪਰ ਇਸ ਨੂੰ ਸਰਕਾਰ ਬਣਾਉਣ ਲਈ ਹੋਰਨਾਂ ਪਾਰਟੀਆਂ ਦੀ ਮਦਦ ਲੈਣੀ ਪੈ ਸਕਦੀ ਹੈ। ਉਨ੍ਹਾਂ ਕਿਹਾ ਸੀ ਕਿ ਉਹ ਪ੍ਰਧਾਨ ਮੰਤਰੀ ਵਜੋਂ 11 ਅਗਸਤ ਨੂੰ ਹਲਫ ਲੈਣਗੇ।

# ਖਹਿਰਾ ਦੀ ਛੁੱਟੀ ਪਿੱਛੋਂ 'ਆਪ' ਵਿਚ ਉਚੀਆਂ ਹੋਈਆਂ ਬਾਗੀ ਸੁਰਾਂ

*(ਸਫਾ ਇਕ ਦੀ ਬਾਕੀ)*

ਵਿਖਾਉਣ ਵਿਚ ਜੁਟਿਆ ਹੋਇਆ ਹੈ ਤੇ ਦੂਜੇ ਪਾਸੇ ਬਲਬੀਰ ਸਿੰਘ ਦਿੱਲੀ ਹਾਈਕਮਾਂਡ ਦੇ ਆਸਰੇ ਖਹਿਰਾ ਖਿਲਾਫ ਲਾਮਬੰਦੀ ਕਰ ਰਿਹਾ ਹੈ। ਪਤਾ ਲੱਗਾ ਹੈ ਕਿ ਡਾ. ਬਲਬੀਰ ਸਿੰਘ ਵੱਲੋਂ ਪਾਰਟੀ ਦੇ ਹੋਰਨਾਂ ਆਗੂਆਂ ਤੇ ਹੇਠਲੇ ਅਹੁਦੇਦਾਰਾਂ ਨਾਲ ਸਲਾਹ ਮਸ਼ਵਰਾ ਕੀਤੇ ਬਗੈਰ ਧੜਾਧੜ ਕੀਤੀਆਂ ਜਾ ਰਹੀਆਂ ਨਿਯੁਕਤੀਆਂ ਖਿਲਾਫ ਪਾਰਟੀ ਅੰਦਰ ਵਿਆਪਕ ਰੋਸ ਹੈ ਤੇ ਵੱਡੀ ਗਿਣਤੀ ਆਗੂ ਖਹਿਰਾ ਦੇ ਹੱਕ ਵਿਚ ਹਨ। ਸੂਤਰ ਦੱਸਦੇ ਹਨ ਕਿ ਖਹਿਰੇ ਨੂੰ ਹਟਾਉਣ ਦਾ ਫੈਸਲਾ ਅੱਜ ਨਹੀਂ ਸਗੋਂ ਕਾਫੀ ਪਹਿਲਾਂ ਲਿਆ ਜਾ ਚੁੱਕਾ ਸੀ। ਉਧਰ, ਕਾਂਗਰਸ ਦੇ ਕੁਝ ਸੀਨੀਅਰ ਆਗੂਆਂ 'ਚ ਖਹਿਰਾ ਨੂੰ ਪਾਰਟੀ 'ਚ ਸ਼ਾਮਲ ਕਰਾਉਣ ਨੂੰ ਲੈ ਕੇ ਹੁਣ ਤੋਂ ਬਹਿਸ ਸ਼ੁਰੂ ਹੋ ਚੁੱਕੀ ਹੈ ਤੇ ਕੁਝ ਆਗੂਆਂ ਨੇ ਖਹਿਰਾ ਨੂੰ ਕਾਂਗਰਸ 'ਚ ਸ਼ਾਮਲ ਨਾ ਕਰਨ ਸਬੰਧੀ ਬਿਆਨਬਾਜ਼ੀ ਸ਼ੁਰੂ ਕਰ ਦਿੱਤੀ ਹੈ।

ਪਾਰਟੀ ਵਿਚ ਇਸ ਖਿੱਚੋਤਾਣ ਕਾਰਨ 'ਆਪ' ਦੇ ਭਵਿਖ ਬਾਰੇ ਵੀ ਸ਼ੰਕੇ ਉਠਣ ਲੱਗੇ ਹਨ। ਪਿਛਲੀਆਂ ਵਿਧਾਨ ਸਭਾ ਦੀਆਂ ਚੋਣਾਂ ਵਿਚ ਇਸ ਪਾਰਟੀ ਦੇ ਚੋਣਾਂ ਜਿੱਤਣ ਦੀ ਉਮੀਦ ਕੀਤੀ ਜਾਣ ਲੱਗੀ ਸੀ ਪਰ ਇਸ ਦੇ ਚੁਣੇ ਪ੍ਰਤੀਨਿਧਾਂ ਦੀ ਗਿਣਤੀ ਸਿਮਟ ਕੇ 20 ਹੀ ਰਹਿ ਗਈ। ਐਚ.ਐਸ. ਫੂਲਕਾ ਵਰਗੇ ਪ੍ਰਸਿਧ ਵਕੀਲ ਜਿਸ ਨੂੰ ਵਿਧਾਨ ਸਭਾ ਵਿਚ ਵਿਰੋਧੀ ਦਲ ਦਾ ਲੀਡਰ ਬਣਾਇਆ ਗਿਆ ਸੀ, ਉਸ ਨੇ ਆਪਣਾ ਤਿਆਗ ਪੱਤਰ ਦੇ ਦਿੱਤਾ। ਉਸ ਦੀ ਥਾਂ 'ਤੇ ਪਹਿਲਾਂ ਕਾਂਗਰਸੀ ਰਹੇ ਅਤੇ ਬਾਅਦ ਵਿਚ ਆਮ ਆਦਮੀ ਪਾਰਟੀ ਵਿਚ ਸ਼ਾਮਲ ਹੋ ਕੇ ਵਿਧਾਇਕ ਬਣੇ ਸੁਖਪਾਲ ਸਿੰਘ ਖਹਿਰਾ ਨੂੰ ਵਿਧਾਨ ਸਭਾ ਵਿਚ ਇਹ ਅਹੁਦਾ ਸੌਂਪਿਆ ਗਿਆ।

# ਬਹਿਬਲ ਕਲਾਂ ਗੋਲੀਕਾਂਡ ਦੀ ਜਾਂਚ ਵੀ 84 ਵਾਲੇ ਰਾਹ

*(ਸਫਾ ਇਕ ਦੀ ਬਾਕੀ)*

ਗੋਲੀਆਂ ਦਾਗੀਆਂ ਗਈਆਂ ਤਾਂ ਉਹ ਬੈਠੇ ਅਤੇ ਹਮਲਾਵਰ ਖੜ੍ਹੇ ਸਨ।

ਯਾਦ ਰਹੇ ਕਿ ਇਸ ਤੋਂ ਪਹਿਲਾਂ 1984 ਦੇ ਸਿੱਖ ਕਤਲੇਆਮ ਦੀ ਜਾਂਚ ਨੂੰ ਵੀ ਇਸੇ ਗੇੜ ਵਿਚ ਉਲਝਾਈ ਰੱਖਿਆ ਗਿਆ ਹੈ। ਇਸ ਕਤਲੇਆਮ ਦੀ ਜਾਂਚ ਲਈ 12 ਕਮਿਸ਼ਨ ਬਣੇ ਪਰ ਦੋਸ਼ੀਆਂ ਨੂੰ ਸਜ਼ਾ ਦਿਵਾਉਣ ਵਿਚ ਕੋਈ ਵੀ ਸਫਲ ਨਾ ਹੋ ਸਕਿਆ। ਹੁਣ ਭਾਜਪਾ ਸਰਕਾਰ ਵੱਲੋਂ ਬਣਾਈ ਗਈ ਵਿਸ਼ੇਸ਼ ਜਾਂਚ ਟੀਮ (ਸਿੱਟ) ਵੀ ਇਸੇ ਰਾਹ ਪਈ ਹੋਈ ਹੈ।

ਉਧਰ, ਬਰਗਾੜੀ ਇਨਸਾਫ ਮੋਰਚਾ ਨੇ ਕੈਪਟਨ ਸਰਕਾਰ ਦੇ ਰੌਂਅ ਨੂੰ ਦੇਖਦੇ ਹੋਏ ਬਰਗਾੜੀ ਮੋਰਚਾ ਨਵੇਂ ਪੜਾਅ ਵਿਚ ਭਖਾਉਣ ਦਾ ਫੈਸਲਾ ਕਰ ਲਿਆ ਹੈ। ਕੈਪਟਨ ਸਰਕਾਰ ਦੇ ਫੈਸਲੇ ਤੋਂ ਪੰਥਕ ਆਗੂ ਕਾਫੀ ਔਖੇ ਹਨ ਅਤੇ ਇਸ ਨੂੰ ਅਕਾਲੀ ਦਲ ਨੂੰ ਮੌਕਾ ਦੇਣ ਵਾਲੀ ਕਾਰਵਾਈ ਦੱਸਿਆ ਜਾ ਰਿਹਾ ਹੈ। ਦੱਸ ਦਈਏ ਕਿ ਕੈਪਟਨ ਸਰਕਾਰ ਨੇ ਇਹ ਫੈਸਲਾ ਜਸਟਿਸ ਰਣਜੀਤ ਸਿੰਘ ਕਮਿਸ਼ਨ ਵਲੋਂ ਸੌਂਪੀ ਰਿਪੋਰਟ ਪਿੱਛੋਂ ਲਿਆ ਹੈ।

ਜਸਟਿਸ ਰਣਜੀਤ ਸਿੰਘ ਕਮਿਸ਼ਨ ਨੇ ਬਹਿਬਲ ਕਲਾਂ ਅਤੇ ਕੋਟਕਪੂਰਾ ਗੋਲੀਕਾਂਡ ਲਈ ਤਤਕਾਲੀ ਡੀ.ਜੀ.ਪੀ. ਸੁਮੇਧ ਸਿੰਘ ਸੈਣੀ ਨੂੰ ਜ਼ਿੰਮੇਵਾਰ ਠਹਿਰਾਇਆ ਹੈ। ਕਮਿਸ਼ਨ ਨੇ ਆਈ.ਜੀ. ਪਰਮਜੀਤ ਸਿੰਘ ਉਮਰਾਨੰਗਲ, ਡੀ.ਆਈ.ਜੀ. ਅਮਰ ਸਿੰਘ ਚਹਿਲ ਅਤੇ ਤਿੰਨ ਐਸ.ਐਸ.ਪੀਜ਼ ਤੇ ਦੋ ਗੰਨਮੈਨਾਂ ਖਿਲਾਫ ਵੀ ਉਂਗਲ ਉਠਾਈ ਹੈ। ਰਿਪੋਰਟ 'ਚ ਇਹ ਵੀ ਆਖਿਆ ਗਿਆ ਹੈ ਕਿ ਗੋਲੀ ਚਲਾਉਣ ਦੀ ਉਕਾ ਹੀ ਲੋੜ ਨਹੀਂ ਸੀ।

## ਸੁਪਰੀਮ ਕੋਰਟ ਨੇ ਟੈਕਸ ਛੋਟਾਂ ਬਾਰੇ ਫੈਸਲਾ ਉਲਟਾਇਆ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਆਪਣਾ 21 ਸਾਲ ਪੁਰਾਣਾ ਫੈਸਲਾ ਉਲੱਦ ਦਿੱਤਾ ਹੈ ਤੇ ਇਹ ਨਿਰਧਾਰਤ ਕੀਤਾ ਹੈ ਕਿ ਟੈਕਸ ਛੋਟਾਂ ਬਾਬਤ ਨੋਟੀਫਿਕੇਸ਼ਨ ਵਿਚ ਕਿਸੇ ਵੀ ਤਰ੍ਹਾਂ ਦੀ ਅਸਪਸ਼ਟਤਾ ਰਾਜ ਦੇ ਪੱਖ ਵਿਚ ਗਿਣੀ ਜਾਵੇਗੀ।

1997 ਵਿਚ ਸੁਪਰੀਮ ਕੋਰਟ ਨੇ ਫਤਵਾ ਦਿੱਤਾ ਸੀ ਕਿ ਟੈਕਸ ਛੋਟਾਂ ਦੀਆਂ ਮੱਦਾਂ ਜਾਂ ਨੋਟੀਫਿਕੇਸ਼ਨ ਵਿਚ ਕਿਸੇ ਵੀ ਤਰ੍ਹਾਂ ਦੀ ਅਸਪਸ਼ਟਤਾ ਛੋਟਾਂ ਦੇ ਲਾਭ ਦਾ ਦਾਅਵਾਗੀਰ ਅਸੈਸੀ ਦੇ ਪੱਖ ਵਿਚ ਗਿਣਿਆ ਜਾਂਦਾ ਹੈ। ਉਂਜ, ਅਦਾਲਤ ਨੇ ਦ੍ਰਿੜਾਇਆ ਕਿ ਜੇ ਟੈਕਸ ਦੇਣਦਾਰੀ ਦੇ ਕਿਸੇ ਕਾਨੂੰਨ ਵਿਚ ਅਸਪਸ਼ਟਤਾ ਹੈ ਤਾਂ ਉਸ ਦਾ ਲਾਭ ਅਸੈਸੀ ਨੂੰ ਜਾਣਾ ਚਾਹੀਦਾ ਹੈ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਵਰਿੰਦਰ ਕੌਰ ਗਿੱਲ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿੱਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ

# ਕੈਪਟਨ ਸਰਕਾਰ ਵੱਲੋਂ ਪੇਂਡੂ ਲੋਕਾਂ ਨੂੰ ਭਲਾਈ ਯੋਜਨਾਵਾਂ ਦਾ ਚੋਗਾ

**ਚੰਡੀਗੜ੍ਹ:** ਸਰਕਾਰ ਬਦਲਦਿਆਂ ਹੀ ਸੂਬੇ ਦੇ ਲੱਖਾਂ ਲਾਭਪਾਤਰੀਆਂ ਦੀਆਂ ਸਰਕਾਰੀ ਸਹੂਲਤਾਂ ਤੇ ਰਿਆਇਤ ਉਤੇ ਲਕੀਰ ਫੇਰਨ ਵਾਲੀ ਕੈਪਟਨ ਸਰਕਾਰ ਅੱਗੇ ਆ ਰਹੀਆਂ ਬਲਾਕ ਸੰਮਤੀ, ਜ਼ਿਲ੍ਹਾ ਪ੍ਰੀਸ਼ਦ ਅਤੇ ਪੰਚਾਇਤੀ ਚੋਣਾਂ ਤੋਂ



ਪਹਿਲਾਂ ਲੋਕ ਭਲਾਈ ਯੋਜਨਾਵਾਂ ਰਾਹੀਂ ਪੇਂਡੂ ਲੋਕਾਂ ਦੇ ਨੇੜੇ ਹੋਣ ਲੱਗੀ ਹੈ।

ਪੰਜਾਬ ਸਰਕਾਰ ਮਹਾਤਮਾ ਗਾਂਧੀ ਸਰਬੱਤ ਵਿਕਾਸ ਯੋਜਨਾ ਤਹਿਤ ਪੂਰੇ ਰਾਜ 'ਚ ਪਿੰਡਾਂ ਅੰਦਰ ਲੱਗ ਰਹੇ ਵਿਸ਼ੇਸ਼ ਕੈਂਪਾਂ ਦੌਰਾਨ ਇਕੋ ਛੱਤ ਹੇਠ ਦਿੱਤੀਆਂ ਜਾ ਰਹੀਆਂ ਸਮੁੱਚੀਆਂ ਪ੍ਰਸ਼ਾਸਨਿਕ ਸੇਵਾਵਾਂ 'ਚ ਨਵੇਂ ਲਾਭਪਾਤਰੀਆਂ ਦੇ ਨਾਲ-ਨਾਲ ਵੱਡੀ ਗਿਣਤੀ ਉਨ੍ਹਾਂ ਲੋਕਾਂ ਦੀ ਵੀ ਹੈ, ਜਿਨ੍ਹਾਂ ਦੇ ਨਵੀਂ ਸਰਕਾਰ ਦੇ ਸਰਵਿਆਂ ਦੌਰਾਨ ਨੀਲੇ ਕਾਰਡ 'ਤੇ ਮਿਲਦੀ ਆਟਾ-ਦਾਲ ਸਕੀਮ, ਪੈਨਸ਼ਨ ਜਾਂ ਦਲਿਤਾਂ ਨੂੰ ਦਿੱਤੀ ਜਾਂਦੀ 200 ਯੂਨਿਟ ਦੀ ਬਿਜਲੀ ਮੁਆਫੀ 'ਤੇ ਕਟੌਤੀ ਲੱਗ ਗਈ ਸੀ। ਭਾਵੇਂ ਮਹਾਤਮਾ ਗਾਂਧੀ ਸਰਬੱਤ ਵਿਕਾਸ ਯੋਜਨਾ ਦੀ ਸ਼ੁਰੂਆਤ ਪਿਛਲੇ ਸਾਲ ਅਕਤੂਬਰ ਮਹੀਨੇ 'ਚ ਕਰ ਕੇ ਇਸ ਦਾ ਇਕ ਸਰਵੇ ਜਨਵਰੀ 2018 ਤੱਕ ਮੁਕੰਮਲ ਵੀ ਕਰ ਲਿਆ ਸੀ, ਪਰ ਉਸ ਸਮੇਂ ਸਰਕਾਰ ਵੱਲੋਂ ਇਕੱਲੇ ਪੰਚਾਇਤੀ ਵਿਭਾਗ ਰਾਹੀਂ ਕਰਵਾਏ ਗਏ ਸਹੂਲਤਾਂ ਤੇ ਰਿਆਇਤਾਂ ਸਬੰਧੀ ਸਰਵੇ ਵਾਲੀ ਰਿਪੋਰਟ ਨੂੰ ਇਕ ਤਰ੍ਹਾਂ ਨਾਲ ਰੱਦ ਹੀ ਕਰ ਦਿੱਤਾ ਗਿਆ ਹੈ।


ਹੁਣ ਨਵੇਂ ਸਰਵੇ ਰਾਹੀਂ ਸਮੁੱਚੇ ਵਿਭਾਗਾਂ ਦੇ ਮੁਲਾਜ਼ਮ ਮੌਕੇ ਉਤੇ ਜਾ ਕੇ ਇਸ ਯੋਜਨਾ ਤਹਿਤ ਆਉਂਦੀਆਂ 23 ਸੇਵਾਵਾਂ ਬਾਰੇ ਜਿਥੇ ਯੋਗ ਲੋਕਾਂ ਦੇ ਫਾਰਮ ਭਰਦੇ ਹਨ, ਉਥੇ ਮੌਕੇ ਉਤੇ ਦੂਸਰੇ ਵਿਭਾਗਾਂ ਪਾਸੋਂ ਸਬੰਧਤ ਵਿਅਕਤੀ ਦੀ ਜ਼ਮੀਨ, ਜਾਇਦਾਦ ਬਾਰੇ ਪੜਤਾਲ ਦੇ ਨਾਲ-ਨਾਲ ਅਪਾਹਜਾਂ ਬਾਰੇ ਡਾਕਟਰ ਪਾਸੋਂ ਵੀ ਤੁਰਤ ਰਿਪੋਰਟ ਲੈ ਕੇ ਸਮੁੱਚੀ ਕਾਰਵਾਈ ਨੂੰ ਮੁਕੰਮਲ ਕਰ ਲਿਆ ਜਾਂਦਾ ਤੇ ਇਸ ਬਾਰੇ ਯੋਗ ਵਿਅਕਤੀਆਂ ਨੂੰ ਸਰਕਾਰੀ ਸਕੀਮਾਂ ਦਾ ਲਾਭ ਜਲਦ ਦੇਣ ਲਈ ਇਕ-ਦੋ ਦਿਨਾਂ 'ਚ ਇਸ ਬਾਰੇ ਸਮੁੱਚਾ ਡਾਟਾ ਆਨ ਲਾਈਨ ਕਰ ਕੇ ਡੀ.ਸੀ. ਦਫਤਰਾਂ 'ਤੇ ਅੱਗੇ ਸਬੰਧਤ ਵਿਭਾਗਾਂ ਨੂੰ ਵੀ ਭੇਜ ਦਿੱਤਾ ਜਾਂਦਾ ਹੈ।

## ਨਸ਼ੇ ਵੰਡਣ ਵਾਲਿਆਂ ਦੇ ਬਾਈਕਾਟ ਦਾ ਸੱਦਾ

**ਚੰਡੀਗੜ੍ਹ:** 'ਪਿੰਡ ਬਚਾਓ, ਪੰਜਾਬ ਬਚਾਓ' ਕਮੇਟੀ ਵੱਲੋਂ 'ਪੰਚਾਇਤੀ ਚੋਣਾਂ, ਪਿੰਡ ਤੇ ਗ੍ਰਾਮ ਸਭਾ' ਵਿਸ਼ੇ ਉਤੇ ਕਰਵਾਏ ਸੈਮੀਨਾਰ ਵਿਚ ਆਗਾਮੀ ਪੰਚਾਇਤੀ ਚੋਣਾਂ ਦੌਰਾਨ ਨਸ਼ੇ ਵੰਡਣ ਵਾਲੇ ਲੋਕਾਂ ਦਾ ਬਾਈਕਾਟ ਕਰਨ ਤੇ ਉਨ੍ਹਾਂ ਖਿਲਾਫ ਕਾਨੂੰਨੀ ਕਾਰਵਾਈ ਕਰਵਾਉਣ ਦਾ ਸੱਦਾ ਦਿੱਤਾ ਗਿਆ। ਉਘੇ ਅਰਥ ਸ਼ਾਸਤਰੀ ਡਾ. ਸੁੱਚਾ ਸਿੰਘ ਗਿੱਲ ਨੇ ਕਿਹਾ ਕਿ ਪੰਜਾਬ ਵਿਚ ਪੰਚਾਇਤਾਂ ਨੂੰ 29 ਵਿਭਾਗਾਂ ਵਿਚੋਂ ਸਿਰਫ 5 ਵਿਭਾਗ ਦਿੱਤੇ ਹਨ, ਜਦੋਂਕਿ ਕੇਰਲਾ ਵਿਚ 27 ਵਿਭਾਗ ਆਜ਼ਾਦ ਰੂਪ ਵਿਚ ਪੰਚਾਇਤਾਂ ਕੋਲ ਹਨ। ਵਿਧਾਇਕ ਤੇ ਸੰਸਦ ਮੈਂਬਰ ਪੰਚਾਇਤਾਂ ਨੂੰ ਸਿੱਧੀਆਂ ਗਰਾਂਟਾਂ ਦੇਣ ਦੇ ਹੱਕ ਵਿਚ ਨਹੀਂ ਹਨ। ਚੋਣਾਂ ਮੌਕੇ ਭਾਈਚਾਰੇ ਦੀ ਮਜ਼ਬੂਤੀ ਹੋਣੀ ਚਾਹੀਦੀ ਹੈ ਤੇ ਚੋਣਾਂ ਰਾਜਨੀਤਿਕ ਲੜਾਈ ਦੀ ਸੱਥ ਨਹੀਂ ਬਣਨੀਆਂ ਚਾਹੀਦੀਆਂ।

# ਪੰਜਾਬ 'ਚ ਰਵਾਇਤੀ ਨਸ਼ਿਆਂ ਦੀ ਖੇਤੀ ਦੇ ਹੱਕ ਵਿਚ ਲਾਮਬੰਦੀ

**ਚੰਡੀਗੜ੍ਹ:** ਨਸ਼ਿਆਂ ਦੀ ਓਵਰਡੋਜ਼ ਨਾਲ ਹੋ ਰਹੀਆਂ ਮੌਤਾਂ ਮਗਰੋਂ ਸਰਕਾਰ ਭੁੱਕੀ ਅਤੇ ਅਫੀਮ ਵਰਗੇ ਰਵਾਇਤੀ ਨਸ਼ਿਆਂ ਦੀ ਖੇਤੀ ਬਾਰੇ ਖੁੱਲ ਦੇ ਸਕਦੀ ਹੈ। ਸੰਸਦ ਮੈਂਬਰ ਡਾ. ਧਰਮਵੀਰ ਗਾਂਧੀ ਨੇ ਮੁੱਖ ਮੰਤਰੀ ਨੂੰ ਭੇਜੇ ਪੱਤਰ 'ਚ ਸਾਫ ਕਿਹਾ ਹੈ ਕਿ ਜੇਕਰ ਸੂਬੇ ਦੀ ਜਵਾਨੀ ਬਚਾਉਣੀ ਹੈ ਤਾਂ ਨਸ਼ਿਆਂ ਦੇ ਆਦੀ ਹੋ ਚੁੱਕੇ ਨੌਜਵਾਨਾਂ ਨੂੰ ਸਿੰਥੈਟਿਕ ਅਤੇ ਜਾਨਲੇਵਾ ਨਸ਼ੇ ਤੋਂ ਹਟਾਉਣ ਲਈ ਰਿਵਾਇਤੀ ਅਤੇ ਸਸਤੇ ਨਸ਼ੇ ਉਪਲਬਧ ਕਰਾ ਦਿੱਤੇ ਜਾਣ।



ਉਨ੍ਹਾਂ ਲਿਖਿਆ ਕਿ ਅਜਿਹਾ ਉਪਰਾਲਾ ਕਰਨ ਨਾਲ ਘੱਟ ਤੋਂ ਘੱਟ ਨਸ਼ੇ ਦੇ ਓਵਰਡੋਜ ਨਾਲ ਕਿਸੇ ਨੌਜਵਾਨ ਦੀ ਜਾਨ ਤਾਂ ਨਹੀਂ ਜਾਵੇਗੀ। ਡਾ. ਗਾਂਧੀ ਵੱਲੋਂ ਭੇਜੇ ਗਏ ਪੱਤਰ ਨੂੰ ਮੁੱਖ ਮੰਤਰੀ ਨੇ ਸਿਹਤ ਮੰਤਰੀ ਬ੍ਰਹਮ ਮਹਿੰਦਰ ਨੂੰ ਭੇਜ ਕੇ ਇਸ ਸੁਝਾਅ ਉਤੇ ਆਪਣੀ ਰਾਏ ਅਤੇ ਰਿਪੋਰਟ ਦੇਣ ਲਈ ਕਹਿ ਦਿੱਤਾ ਹੈ। ਹਾਲਾਂਕਿ ਅਜੇ ਸਿਹਤ ਮੰਤਰੀ ਨੇ ਇਸ ਸਬੰਧੀ ਕੋਈ ਰਾਏ ਨਹੀਂ ਦਿੱਤੀ ਹੈ ਪਰ ਮੰਨਿਆ ਜਾ ਰਿਹਾ ਹੈ ਕਿ ਇਸ ਗੰਭੀਰ ਸਥਿਤੀ ਨਾਲ ਨਿਪਟਣ ਲਈ ਸਰਕਾਰ ਡਾ. ਗਾਂਧੀ ਵੱਲੋਂ ਦਿੱਤੇ ਸੁਝਾਅ ਨੂੰ ਗੰਭੀਰਤਾ ਨਾਲ ਲੈ ਰਹੀ ਹੈ। ਮੁੱਖ ਮੰਤਰੀ ਨੇ ਡਾ. ਗਾਂਧੀ ਨੂੰ ਲਿਖੇ ਜਵਾਬੀ ਪੱਤਰ ਵਿਚ ਕਿਹਾ ਹੈ ਕਿ ਨਸ਼ੇ ਦੇ ਦੁਰਉਪਯੋਗ ਦੇ ਕਾਰਨ ਸੂਬੇ ਵਿਚ ਹੋ ਰਹੀਆਂ ਮੌਤਾਂ ਨੂੰ ਰੋਕਣ ਲਈ ਤਤਕਾਲ ਕਦਮ ਚੁੱਕਣ ਬਾਰੇ ਹਦਾਇਤਾਂ ਜਾਰੀ ਹਨ ਅਤੇ ਉਨ੍ਹਾਂ ਦੇ ਸੁਝਾਅ 'ਤੇ ਸਿਹਤ ਮੰਤਰੀ ਨੂੰ ਆਪਣੀ ਰਾਏ ਦੇਣ ਲਈ ਕਿਹਾ ਗਿਆ ਹੈ।

ਇਸ ਸਬੰਧੀ ਡਾ. ਧਰਮਵੀਰ ਗਾਂਧੀ ਨੇ ਕਿਹਾ ਕਿ ਉਹ ਕਾਫੀ ਸਮੇਂ ਤੋਂ ਇਹ ਮੰਗ ਰੱਖਦੇ ਆ ਰਹੇ ਹਨ ਕਿ ਸੂਬੇ ਵਿਚ ਰਿਵਾਇਤੀ ਨਸ਼ਿਆਂ ਦੀ ਖੇਤੀ ਸ਼ੁਰੂ ਕੀਤੀ ਜਾਵੇ ਅਤੇ ਰਾਜ ਸਰਕਾਰ ਉਸ ਨੂੰ ਆਪਣੇ ਕੰਟਰੋਲ ਹੇਠ ਲੈ ਕੇ ਤੈਅ ਮਾਤਰਾ ਵਿਚ ਇਹ ਪਦਾਰਥ ਨਸ਼ੇ ਦੇ ਆਦੀ ਲੋਕਾਂ ਨੂੰ ਉਪਲਬਧ ਕਰਾਏ, ਇਸ ਨਾਲ ਜਿਥੇ ਸਿੰਥੈਟਿਕ ਅਤੇ ਜਾਨਲੇਵਾ ਨਸ਼ਿਆਂ ਦੇ ਮਾਫੀਆ ਦੀ ਕਮਰ ਟੁੱਟੇਗੀ ਉਥੇ ਹੀ ਰਿਵਾਇਤੀ ਨਸ਼ਿਆਂ ਦੇ ਉਤਪਾਦਨ ਅਤੇ ਵਿਕਰੀ ਨਾਲ ਸਰਕਾਰ ਨੂੰ ਮਾਲੀਆ ਵੀ ਆਵੇਗਾ। ਉਨ੍ਹਾਂ ਕਿਹਾ ਕਿ ਹਾਲ ਹੀ ਵਿਚ ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਨਾਲ ਮਿਲ ਕੇ ਉਹ ਰਿਵਾਇਤੀ ਨਸ਼ੇ ਦੀ ਖੇਤੀ ਸਬੰਧੀ ਸੁਝਾਅ ਦੇ ਚੁੱਕੇ ਹਨ ਜਿਸ ਉਤੇ ਰਾਜਨਾਥ ਸਿੰਘ ਨੇ ਸਹਿਮਤੀ ਪ੍ਰਗਟਾਈ ਅਤੇ ਭਰੋਸਾ ਦਵਾਇਆ ਹੈ ਕਿ ਜੇਕਰ ਪੰਜਾਬ ਸਰਕਾਰ ਇਸ ਸਬੰਧੀ ਕੇਂਦਰ ਨੂੰ ਪ੍ਰਸਤਾਵ ਭੇਜਦੀ ਹੈ ਤਾਂ ਉਸ ਉਤੇ ਜ਼ਰੂਰ ਵਿਚਾਰ ਕੀਤਾ ਜਾਵੇਗਾ।

# ਡੋਪ ਟੈਸਟ ਬਾਰੇ ਠੰਢੇ ਪਏ ਪੰਜਾਬ ਦੇ ਸਿਆਸੀ ਆਗੂ

**ਚੰਡੀਗੜ੍ਹ:** ਪੰਜਾਬ ਵਿਚ ਬੜੇ ਜ਼ੋਰ-ਸ਼ੋਰ ਨਾਲ ਸ਼ੁਰੂ ਹੋਏ ਡੋਪ ਟੈਸਟ ਦੇ ਸ਼ੋਸ਼ੇ ਦੀ ਹਵਾ ਸਰਕਾਰ ਦੇ ਆਪਣੇ ਮੰਤਰੀਆਂ ਅਤੇ ਵਿਧਾਇਕਾਂ ਨੇ ਹੀ ਕੱਢ ਦਿੱਤੀ, ਜਿਸ ਤੇਜ਼ੀ ਨਾਲ ਇਹ ਸਿਆਸੀ



ਡਰਾਮਾ ਸ਼ੁਰੂ ਹੋਇਆ ਸੀ, ਕੁਝ ਦਿਨਾਂ ਮਗਰੋਂ ਉਸੇ ਤਰ੍ਹਾਂ ਸ਼ਾਂਤ ਵੀ ਹੋ ਗਿਆ।

ਆਮ ਆਦਮੀ ਪਾਰਟੀ ਦੇ ਇਕ ਵਿਧਾਇਕ ਨੇ ਡੋਪ ਟੈਸਟ ਕਰਾ ਕੇ ਇਸ ਦੀ ਸ਼ੁਰੂਆਤ ਕਰ ਦਿੱਤੀ ਸੀ ਪਰ ਉਸ ਮਗਰੋਂ ਇਸ ਨੂੰ ਲੈ ਕੇ ਸਿਆਸੀ ਡਰਾਮਾ ਤਾਂ ਕਈ ਦਿਨ ਚੱਲਦਾ ਰਿਹਾ ਪਰ ਨਾ ਤਾਂ ਮੁੱਖ ਮੰਤਰੀ ਨੇ ਡੋਪ ਟੈਸਟ ਕਰਾਇਆ ਤੇ ਨਾ ਹੀ ਉਨ੍ਹਾਂ ਦੇ ਕਿਸੇ ਵੀ ਮੰਤਰੀ ਨੇ, ਹਾਲਾਂਕਿ ਪੰਚਾਇਤ ਮੰਤਰੀ ਤ੍ਰਿਪਤ ਰਾਜਿੰਦਰ ਬਾਜਵਾ ਆਪਣਾ ਡੋਪ ਟੈਸਟ ਕਰਾਉਣ ਜ਼ਰੂਰ ਗਏ ਸਨ, ਪਰ ਡਾਕਟਰ ਨੇ ਇਸ ਲਈ ਉਨ੍ਹਾਂ ਦਾ ਟੈਸਟ ਕਰਨ ਤੋਂ ਮਨਾਂ ਕਰ ਦਿੱਤਾ ਸੀ ਕਿਉਂਕਿ ਉਨ੍ਹਾਂ ਨੇ ਕਿਸੇ ਨਾ ਕਿਸੇ ਸਰੀਰਕ ਬਿਮਾਰੀ ਦੇ ਚਲਦੇ ਦਵਾਈ ਲਈ ਹੋਈ ਸੀ। ਹਾਲਾਂਕਿ ਨਸ਼ਿਆਂ ਖਿਲਾਫ ਸ਼ੁਰੂ ਹੋਈ ਮੁਹਿੰਮ ਤਹਿਤ ਕੈਪਟਨ ਵੱਲੋਂ ਖੁਦ ਵੀ ਡੋਪ ਟੈਸਟ ਕਰਾਉਣ ਦਾ ਐਲਾਨ ਕੀਤਾ ਗਿਆ ਸੀ ਅਤੇ ਇਸ ਦੇ ਜਵਾਬ 'ਚ ਸਰਕਾਰ ਦੇ ਮੰਤਰੀਆਂ ਨੇ ਰਲਵਾਂ ਮਿਲਵਾਂ ਹੁੰਗਾਰਾ ਦਿੱਤਾ ਪਰ ਟੈਸਟ ਕਿਸੇ ਨਾ ਕਰਾਇਆ।

ਬਾਜਵਾ ਅਤੇ ਆਪ ਦੇ ਕੁਝ ਵਿਧਾਇਕਾਂ ਨੂੰ ਛੱਡ ਹੋਰ ਕੋਈ ਵੀ ਮੰਤਰੀ ਜਾਂ ਵਿਧਾਇਕ ਡੋਪ ਟੈਸਟ ਕਰਾਉਣ ਲਈ ਅੱਗੇ ਨਹੀਂ ਆਇਆ। ਦੂਜੇ ਪਾਸੇ ਇਸ ਸਿਆਸੀ ਡਰਾਮੇ ਦੇ ਕਰੀਬ ਤਿੰਨ ਹਫਤੇ ਲੰਘ ਜਾਣ ਦੇ ਬਾਅਦ ਵੀ ਮੁੱਖ ਮੰਤਰੀ ਨੇ ਆਪਣਾ ਡੋਪ ਟੈਸਟ ਨਹੀਂ ਕਰਵਾਇਆ ਹੈ ਅਤੇ ਨਾ ਹੀ ਕਿਸੇ ਮੰਤਰੀ ਦੇ ਇਹ ਟੈਸਟ ਕਰਾਉਣ ਦੀ ਸੂਚਨਾ ਹੈ। ਇਸ ਵਿਚਾਲੇ ਯੂਥ ਕਾਂਗਰਸ ਵੱਲੋਂ ਜ਼ੋਰ ਸ਼ੋਰ ਨਾਲ ਡੋਪ ਟੈਸਟ ਕਰਾਉਣ ਦਾ ਐਲਾਨ ਕੀਤਾ ਗਿਆ ਸੀ ਅਤੇ ਕਿਹਾ ਗਿਆ ਕਿ ਜ਼ਿਲ੍ਹਾ ਪੱਧਰ ਉਤੇ ਪਾਰਟੀ ਆਗੂ ਡੋਪ ਟੈਸਟ ਕਰਾਉਣਗੇ ਪਰ ਯੂਥ ਕਾਂਗਰਸ ਦੇ ਆਗੂਆਂ ਨੇ ਵੱਡੇ ਪੱਧਰ 'ਤੇ ਡੋਪ ਟੈਸਟ ਕਰਾਇਆ ਹੋਵੇ, ਇਹ ਗੱਲ ਵੀ ਸਾਹਮਣੇ ਨਹੀਂ ਆਈ। ਬਹੁਤੇ ਮੰਤਰੀਆਂ ਨੇ ਕਿਸੇ ਨਾ ਕਿਸੇ ਬਿਮਾਰੀ ਦਾ ਹਵਾਲਾ ਦੇ ਕੇ ਡੋਪ ਟੈਸਟ ਨਹੀਂ ਕਰਵਾਇਆ ਹੈ।

ਉਧਰ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਤਾਂ ਡੋਪ ਟੈਸਟ ਮੁਹਿੰਮ ਨੂੰ ਸਿਰੇ ਤੋਂ ਖਾਰਜ ਕਰਦੇ ਹੋਏ ਇਸ ਨੂੰ ਸਿਆਸੀ ਡਰਾਮਾ ਹੀ ਦੱਸਿਆ ਗਿਆ ਸੀ। ਦੂਜੇ ਪਾਸੇ ਆਪ ਆਗੂ ਸੁਖਪਾਲ ਸਿੰਘ ਖਹਿਰਾ, ਕੰਵਰ ਸੰਧੂ, ਅਮਨ ਅਰੋੜਾ ਸਮੇਤ ਕਈ ਵਿਧਾਇਕਾਂ ਨੇ ਡੋਪ ਟੈਸਟ ਕਰਾ ਲਏ ਸਨ।

## ਮਹਿਲਾ ਕਰਮਚਾਰੀਆਂ ਬਾਰੇ ਅਜੇ ਵੀ ਭੰਬਲਭੂਸਾ

ਡੋਪ ਟੈਸਟ ਮਹਿਲਾ ਕਰਮਚਾਰੀਆਂ ਲਈ ਲਾਜ਼ਮੀ ਹੋਵੇਗਾ ਜਾਂ ਨਹੀਂ, ਅਜੇ ਇਹ ਗੱਲ ਸਾਫ ਨਹੀਂ ਹੋ ਪਾਈ ਹੈ। ਸ਼ੁਰੂਆਤ ਦੇ ਹੁਕਮਾਂ ਅਨੁਸਾਰ ਡੋਪ ਟੈਸਟ ਦਾ ਫਾਰਮ ਮਹਿਲਾ ਅਤੇ ਪੁਰਸ਼ ਮੁਲਾਜ਼ਮਾਂ ਦੋਵਾਂ ਲਈ ਸਹੀ ਸੀ ਪਰ ਇਸ ਫੈਸਲੇ ਦਾ ਸਿੱਧਾ ਵਿਰੋਧ ਹੋਣ ਮਗਰੋਂ ਕੈਪਟਨ ਅਮਰਿੰਦਰ ਸਿੰਘ ਵੱਲੋਂ ਕਿਹਾ ਗਿਆ ਕਿ ਮਹਿਲਾ ਕਰਮਚਾਰੀਆਂ ਦਾ ਡੋਪ ਟੈਸਟ ਨਹੀਂ ਹੋਵੇਗਾ ਪਰ ਇਸ ਫੈਸਲੇ 'ਤੇ ਸਰਕਾਰੀ ਮੋਹਰ ਨਹੀਂ ਲੱਗ ਸਕੀ। ਮੁੱਖ ਮੰਤਰੀ ਦਫਤਰ ਦੇ ਇਕ ਅਧਿਕਾਰੀ ਅਨੁਸਾਰ ਮੁੱਖ ਮੰਤਰੀ ਦੇ ਹੁਕਮਾਂ ਅਨੁਸਾਰ ਮੁੱਖ ਸਕੱਤਰ ਕਰਮਚਾਰੀਆਂ ਦੇ ਡੋਪ ਟੈਸਟ ਨੂੰ ਲੈ ਕੇ ਨਿਯਮਾਵਲੀ ਤਿਆਰ ਕਰ ਰਹੇ ਹਨ, ਜਿਸ ਦੇ ਬਾਅਦ ਫੈਸਲਾ ਹੋ ਸਕੇਗਾ।

# ਪੰਜਾਬ 'ਚ ਹੈਜ਼ੇ ਤੇ ਪੇਚਿਸ਼ ਨੇ ਮਚਾਇਆ ਕਹਿਰ

**ਜਲੰਧਰ:** ਹੁਸ਼ਿਆਰਪੁਰ ਤੇ ਜਲੰਧਰ ਵਿਚ ਹੈਜ਼ੇ ਤੇ ਪੇਚਿਸ਼ ਫੈਲਣ ਕਾਰਨ ਵੱਡੀ ਗਿਣਤੀ ਲੋਕ ਬਿਮਾਰ ਪੈ ਗਏ ਹਨ। ਇਨ੍ਹਾਂ ਵਿਚੋਂ 11 ਲੋਕਾਂ ਦੀ ਮੌਤ ਹੋ ਗਈ ਹੈ। ਸਾਢੇ ਪੰਜ ਸੌ ਤੋਂ ਵੱਧ ਲੋਕ ਹਸਪਤਾਲ ਦਾਖਲ ਹਨ। ਇਸ ਬਿਮਾਰੀ ਦਾ ਕਾਰਨ ਦੂਸ਼ਿਤ ਪਾਣੀ ਦੇ ਸਫਾਈ ਦੇ ਮਾੜੇ ਪ੍ਰਬੰਧ ਦੱਸਿਆ ਜਾ ਰਿਹਾ ਹੈ। ਇਸ ਬਿਮਾਰੀ ਨੇ ਕੁਝ ਦਿਨਾਂ ਵਿਚ ਹੀ ਵੱਡੇ ਇਲਾਕੇ ਨੂੰ ਆਪਣੀ ਲਪੇਟ ਵਿਚ ਲੈ ਲਿਆ ਹੈ। ਮਰੀਜ਼ਾਂ ਦੀ ਤਾਦਾਦ ਤੇਜ਼ੀ ਨਾਲ ਵਧ ਰਹੀ ਹੈ। ਇਸ ਖਬਰ ਪਿੱਛੋਂ ਸਿਹਤ ਵਿਭਾਗ ਦੀਆਂ ਵੀ ਚੂਲਾਂ ਹਿੱਲ ਗਈਆਂ ਹਨ। ਉਧਰ ਇੰਡੀਅਨ ਮੈਡੀਕਲ ਐਸੋਸੀਏਸ਼ਨ (ਆਈ.ਐਮ.ਏ.) ਦੀ ਮੁਕਾਮੀ ਇਕਾਈ ਨੇ ਜ਼ਿਲ੍ਹਾ ਸਿਹਤ ਅਧਿਕਾਰੀਆਂ ਨੂੰ ਹਰ ਤਰ੍ਹਾਂ ਦੀ ਹਮਾਇਤ ਦੇਣ ਦਾ ਐਲਾਨ ਕੀਤਾ ਹੈ।



ਜ਼ਿਲ੍ਹਾ ਅਧਿਕਾਰੀਆਂ ਦਾ ਕਹਿਣਾ ਹੈ ਕਿ ਇਹ ਹੰਗਾਮੀ ਸਥਿਤੀ, ਜਲ ਸਪਲਾਈ ਲਾਈਨਾਂ ਵਿਚ ਸੀਵਰੇਜ ਦਾ ਪਾਣੀ ਰਲਣ ਕਾਰਨ ਪੈਦਾ ਹੋਈ ਹੈ। ਹੁਸ਼ਿਆਰਪੁਰ ਵਿਚ ਹਾਲਾਤ ਜ਼ਿਆਦਾ ਖਰਾਬ ਹਨ। ਜਲੰਧਰ ਦੇ ਗੁਰੂ ਨਾਨਕਪੁਰਾ ਇਲਾਕੇ ਵਿਚ ਹੈਜ਼ੇ ਨਾਲ ਇਕ ਬੱਚੇ ਦੀ ਮੌਤ ਹੋ ਜਾਣ ਕਾਰਨ ਮਰਨ ਵਾਲਿਆਂ ਦੀ ਗਿਣਤੀ ਹੁਣ 2 ਹੋ ਗਈ ਹੈ। ਇਸ ਬਿਮਾਰੀ ਦੇ ਪੀੜਤਾਂ ਦੀ ਗਿਣਤੀ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ। ਮ੍ਰਿਤਕ ਬੱਚੇ ਸੰਤੋਸ਼ ਦੇ ਪਿਤਾ ਨਵਲ ਕਿਸ਼ੋਰ ਯਾਦਵ ਨੇ ਦੱਸਿਆ ਕਿ ਉਸ ਦੇ ਲੜਕੇ ਨੂੰ 26 ਜੁਲਾਈ ਨੂੰ ਉਲਟੀ ਦਸਤ ਦੀ ਬਿਮਾਰੀ ਸ਼ੁਰੂ ਹੋਈ ਸੀ। ਉਸ ਦੀਆਂ ਦੋ ਬੱਚੀਆਂ ਤੇ ਪਤਨੀ ਵੀ ਹੈਜ਼ੇ ਤੋਂ ਪੀੜਤ ਹਨ ਜਿਨ੍ਹਾਂ ਦਾ ਇਲਾਜ ਚੱਲ ਰਿਹਾ ਹੈ।

ਇਲਾਕੇ ਦੇ ਲੋਕਾਂ ਨੇ ਨਿਗਮ ਦੇ ਅਧਿਕਾਰੀਆਂ 'ਤੇ ਦੋਸ਼ ਲਗਾਉਂਦੇ ਹੋਏ ਕਿਹਾ ਕਿ ਉਹ ਹਰ ਵਾਰ ਖਾਨਾਪੂਰਤੀ ਕਰ ਕੇ ਚਲੇ ਜਾਂਦੇ ਹਨ ਜਦਕਿ ਉਨ੍ਹਾਂ ਦੇ ਇਲਾਕੇ ਵਿਚ ਕਾਫੀ ਸਮੇਂ ਤੋਂ ਦੂਸ਼ਿਤ ਪਾਣੀ ਆ ਰਿਹਾ ਹੈ। ਇਸ ਦੀ ਸ਼ਿਕਾਇਤ ਉਹ ਕਈ ਵਾਰ ਕਰ ਚੁੱਕੇ ਹਨ ਪਰ ਕੋਈ ਸੁਣਵਾਈ ਨਹੀਂ ਹੋ ਰਹੀ। ਇੰਡੀਆ ਕਿਡਨੀ ਹਸਪਤਾਲ ਦੇ ਡਾਕਟਰ ਨੇ ਦੱਸਿਆ ਕਿ ਸੰਤੋਸ਼ ਯਾਦਵ ਹੈਜ਼ੇ ਨਾਲ ਪੀੜਤ ਸੀ ਜਿਸ ਕਾਰਨ ਉਹ ਕਾਫੀ ਕਮਜ਼ੋਰ ਹੋ ਗਿਆ ਸੀ ਤੇ ਉਸ ਦੇ ਪਰਿਵਾਰਕ ਮੈਂਬਰਾਂ ਨੂੰ ਉਸ ਨੂੰ ਹਸਪਤਾਲ ਦਾਖਲ ਕਰਵਾਉਣ ਦੀ ਸਲਾਹ ਦਿੱਤੀ ਗਈ ਸੀ ਪਰ ਉਹ ਦਵਾਈ ਲੈ ਕੇ ਉਸ ਨੂੰ ਘਰ ਲੈ ਗਏ ਸਨ।

## ਮ੍ਰਿਤਕਾਂ ਦੇ ਵਾਰਸਾਂ ਨੂੰ ਦੋ ਦੋ ਲੱਖ ਦੇਣ ਦਾ ਐਲਾਨ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਹੁਸ਼ਿਆਰਪੁਰ ਵਿਚ ਹੈਜ਼ੇ ਕਾਰਨ ਮਰੇ ਸੱਤ ਜਣਿਆਂ ਦੇ ਪਰਿਵਾਰਾਂ ਨੂੰ 2-2 ਲੱਖ ਰੁਪਏ ਐਕਸ ਗ੍ਰੇਸ਼ੀਆ ਦੇਣ ਦਾ ਐਲਾਨ ਕੀਤਾ ਹੈ। ਉਨ੍ਹਾਂ ਨੇ ਵਧੀਕ ਮੁੱਖ ਸਕੱਤਰ ਸਿਹਤ ਨੂੰ ਸਥਿਤੀ 'ਤੇ ਨਿਗਰਾਨੀ ਰੱਖਣ ਅਤੇ ਬਿਮਾਰੀ ਨੂੰ ਫੈਲਣ ਤੋਂ ਰੋਕਣ ਲਈ ਕੋਸ਼ਿਸ਼ਾਂ ਤੇਜ਼ ਕਰਨ ਲਈ ਆਖਿਆ ਹੈ।

# ਹੁਣ ਪੰਜਾਬ ਦੇ ਚੌਲ ਖਾਣਗੇ ਚੀਨੀ ਲੋਕ

**ਨਵੀਂ ਦਿੱਲੀ:** ਭਾਰਤ ਤੋਂ ਚੀਨ ਨੂੰ ਨਿਰਯਾਤ ਲਈ 19 ਚੌਲ ਮਿੱਲਾਂ ਦੀ ਚੋਣ ਕੀਤੀ ਗਈ ਹੈ। ਵਣਜ ਮੰਤਰਾਲੇ ਦੀ ਸੰਸਥਾ ਏਪੀਡਾ ਮੁਤਾਬਕ ਜੋ 19 ਮਿੱਲਾਂ ਦੀ ਚੋਣ ਕੀਤੀ ਗਈ ਹੈ, ਉਨ੍ਹਾਂ 'ਚ ਸਭ ਤੋਂ ਵੱਧ 10 ਹਰਿਆਣੇ ਦੀਆਂ, 4 ਪੰਜਾਬ ਦੀਆਂ ਤੇ ਦਿੱਲੀ, ਉਤਰ ਪ੍ਰਦੇਸ਼, ਜੰਮੂ-ਕਸ਼ਮੀਰ, ਤੇਲੰਗਾਨਾ ਤੇ ਮਹਾਰਾਸ਼ਟਰ ਦੀ ਇਕ-ਇਕ ਮਿੱਲ ਸ਼ਾਮਲ ਹੈ। ਚੀਨ ਦੇ ਕਸਟਮ ਵਿਭਾਗ ਵੱਲੋਂ ਜਿਨ੍ਹਾਂ ਮਿੱਲਾਂ ਨੂੰ ਮਨਜ਼ੂਰੀ ਦੇ ਦਿੱਤੀ ਗਈ ਹੈ, ਉਨ੍ਹਾਂ 'ਚ ਵਧੇਰੇ ਮਿੱਲਾਂ ਦੇਸ਼ ਦੀਆਂ ਵੱਡੀਆਂ ਚੌਲ ਨਿਰਯਾਤ ਕੰਪਨੀਆਂ ਦੀਆਂ ਹਨ।

ਇੰਡੀਆ ਗੇਟ ਬਾਸਮਤੀ ਚੌਲ ਤਿਆਰ ਕਰਨ ਵਾਲੀ ਕੰਪਨੀ ਕੇਆਰਬੀਐਲ, ਦਾਵਤ ਬਾਸਮਤੀ ਬ੍ਰਾਂਡ ਵੇਚਣ ਵਾਲੀ ਐਲਟੀ ਫੂਡਜ਼, ਕੋਹੇਨੂਰ ਬਾਸਮਤੀ ਬ੍ਰਾਂਡ ਵੇਚਣ ਵਾਲੀ ਕੋਹੇਨੂਰ ਫੂਡਜ਼, ਅਡਾਨੀ ਗਰੁੱਪ ਦੀ ਕੰਪਨੀ ਅਡਾਨੀ ਵਿਲਮਰ ਲਿਮਟਿਡ, ਬੈਸਟ ਫੂਡ ਨਾਂ ਤੋਂ ਚੌਲ ਵੇਚਣ ਵਾਲੀ ਕੰਪਨੀ ਬੈਸਟ ਫੂਡ ਲਿਮਟਿਡ ਤੇ ਅਮੀਰਾ ਫੂਡਜ਼ ਜਿਹੇ ਵੱਡੇ ਚੌਲ ਨਿਰਯਾਤਕਾਂ ਦੀਆਂ ਮਿੱਲਾਂ ਨੂੰ ਇਹ ਮਨਜ਼ੂਰੀ ਮਿਲੀ ਹੈ।

ਜ਼ਿਕਰਯੋਗ ਹੈ ਕਿ ਚੀਨ ਦੁਨੀਆਂ ਵਿਚ ਚੌਲ ਦਾ ਸਭ ਤੋਂ ਵੱਡਾ ਉਪਭੋਗਤਾ ਤੇ ਆਯਾਤਕ ਹੈ। ਆਪਣੀ ਲੋੜ ਨੂੰ ਪੂਰਾ ਕਰਨ ਲਈ ਚੀਨ ਸਾਲ 'ਚ 50-60 ਲੱਖ ਟਨ ਚੌਲ ਆਯਾਤ ਕਰਦਾ ਹੈ। ਦੂਜੇ ਪਾਸੇ ਭਾਰਤ ਦੁਨੀਆਂ ਦਾ ਸਭ ਤੋਂ ਵੱਡਾ ਚੌਲ ਨਿਰਯਾਤ ਦੇਸ਼ ਹੈ ਪਰ ਭਾਰਤ ਤੋਂ ਸਿੱਧੇ ਤੌਰ 'ਤੇ ਚੀਨ ਨੂੰ ਚੌਲ ਨਿਰਯਾਤ ਨਹੀਂ ਹੁੰਦੇ ਸੀ। ਹੁਣ ਚੀਨ ਭਾਰਤ ਤੋਂ ਸਿੱਧੇ ਤੌਰ ਉਤੇ ਚੌਲ ਆਯਾਤ ਕਰਨ ਜਾ ਰਿਹਾ ਹੈ ਤਾਂ ਇਸ ਭਾਰਤੀ ਚੌਲ ਉਦਯੋਗ ਤੇ ਚੌਲ ਕੰਪਨੀਆਂ ਲਈ ਵੱਡਾ ਮੌਕਾ ਹੈ।

# ਆਈਲੈਟਸ ਨੇ ਪੱਟੇ ਪੰਜਾਬ ਦੇ ਪਾੜ੍ਹੇ

**ਚੰਡੀਗੜ੍ਹ:** ਪੰਜਾਬ ਦੇ ਪਾੜ੍ਹਿਆਂ ਦਾ ਕਾਲਜ ਦੀ ਪੜ੍ਹਾਈ ਤੋਂ ਮੋਹ ਭੰਗ ਹੋਣ ਲੱਗਾ ਹੈ। ਇਸ ਵਰ੍ਹੇ ਬਹੁਤੇ ਕਾਲਜਾਂ 'ਚ ਦਾਖਲਿਆਂ ਦੀ ਗਿਣਤੀ 20 ਫੀਸਦੀ ਤੋਂ ਵੀ ਘੱਟ ਹੈ। ਕਾਲਜਾਂ ਦੇ ਸਟਾਫ ਨੂੰ ਦਾਖਲਿਆਂ ਵਾਸਤੇ ਪਿੰਡਾਂ-ਸ਼ਹਿਰਾਂ ਦੀਆਂ ਗਲੀਆਂ 'ਚ ਚੱਕਰ ਮਾਰਨੇ ਪੈ ਰਹੇ ਹਨ। ਇਸ ਦਾ ਮੁੱਖ ਕਾਰਨ ਨੌਜਵਾਨਾਂ ਵਿਚ ਆਈਲੈਟਸ ਦਾ ਵਧਿਆ ਰੁਝਾਨ ਹੈ।

ਕਾਲਜਾਂ 'ਚ ਜਿਥੇ ਟਾਂਵਾਂ ਟਾਂਵਾਂ ਵਿਦਿਆਰਥੀ ਦਿਸ ਰਿਹਾ ਹੈ, ਉਥੇ ਥਾਂ-ਥਾਂ ਖੁੱਲ੍ਹੇ ਆਈਲੈਟਸ ਸੈਂਟਰ ਵਿਦਿਆਰਥੀਆਂ ਨਾਲ ਭਰੇ ਪਏ ਹਨ। ਆਈਲੈਟਸ ਸੈਂਟਰਾਂ ਮੁਤਾਬਕ ਹਰੇਕ ਸਾਲ ਆਈਲੈਟਸ ਕਰਨ ਵਾਲੇ ਵਿਦਿਆਰਥੀਆਂ ਦੀ ਗਿਣਤੀ 'ਚ ਵਾਧਾ ਹੋ ਰਿਹਾ ਹੈ ਤੇ ਇਸ ਵਾਰ ਪਿਛਲੇ ਸਾਰੇ ਰਿਕਾਰਡ ਟੁੱਟ ਚੁੱਕੇ ਹਨ। ਲਗਭਗ 80% ਵਿਦਿਆਰਥੀ ਜਿਨ੍ਹਾਂ ਵਿਚ ਬਹੁਤੇ ਬਾਰ੍ਹਵੀਂ ਪਾਸ ਹਨ, ਆਈਲੈਟਸ ਦੀ ਪੜ੍ਹਾਈ ਕਰ ਰਹੇ ਹਨ। ਬੀ.ਏ. ਭਾਗ ਪਹਿਲੇ ਦੇ ਬਹੁਤੇ ਕਾਲਜਾਂ 'ਚ 10 ਤੋਂ ਲੈ ਕੇ 20 ਵਿਦਿਆਰਥੀਆਂ ਦਾ ਦਾਖਲਾ ਹੀ ਹੋ ਸਕਿਆ ਹੈ। ਨਾ-ਮਾਤਰ ਦਾਖਲਿਆਂ ਨੂੰ ਦੇਖਦਿਆਂ ਯੂਨੀਵਰਸਿਟੀਆਂ ਨੇ ਦਾਖਲਾ ਮਿਤੀ 'ਚ ਵਾਧਾ ਕਰਦਿਆਂ 24 ਜੁਲਾਈ ਤੋਂ 31 ਜੁਲਾਈ ਕਰ ਦਿੱਤੀ ਹੈ, ਜਦਕਿ ਇਹ ਦਾਖਲਾ 9 ਜੁਲਾਈ ਨੂੰ ਸ਼ੁਰੂ ਕਰ ਦਿੱਤਾ ਗਿਆ ਸੀ ਅਤੇ 24 ਜੁਲਾਈ ਤੋਂ ਬਾਅਦ ਲੇਟ ਫੀਸ ਨਾਲ ਦਾਖਲਾ ਲੈਣ ਦੀ ਇਜਾਜ਼ਤ ਸੀ।

ਦਿਨੋਂ ਦਿਨ ਘਟ ਰਹੀ ਵਿਦਿਆਰਥੀਆਂ ਦੀ ਗਿਣਤੀ ਨੂੰ ਦੇਖਦਿਆਂ ਕਈ ਕਾਲਜਾਂ ਨੇ ਅਹਿਮ ਕੋਰਸ ਵੀ ਬੰਦ ਕਰ ਦਿੱਤੇ ਹਨ ਅਤੇ ਕਈ ਅਜਿਹੇ ਕਾਲਜ ਹਨ, ਜਿਨ੍ਹਾਂ ਨੇ ਸਟਾਫ ਦੀ ਵੀ ਕਟੌਤੀ ਕਰ ਦਿੱਤੀ ਹੈ। ਇੰਜੀਨੀਅਰਿੰਗ ਕਾਲਜਾਂ ਦੀ ਹਾਲਤ ਵੀ ਇਸ ਕਦਰ ਪਤਲੀ ਹੋ ਚੁੱਕੀ ਹੈ ਕਿ ਚੰਡੀਗੜ੍ਹ, ਲੁਧਿਆਣਾ, ਜਲੰਧਰ, ਅੰਮ੍ਰਿਤਸਰ, ਪਟਿਆਲਾ ਆਦਿ ਮੁੱਖ ਸ਼ਹਿਰਾਂ ਨੂੰ ਛੱਡ ਕੇ ਸੂਬੇ ਦੇ ਬਾਕੀ ਸ਼ਹਿਰਾਂ, ਕਸਬਿਆਂ ਵਿਚ ਖੁੱਲ੍ਹੇ ਕਾਲਜਾਂ 'ਚ 10 ਫੀਸਦੀ ਦਾਖਲੇ ਵੀ ਨਹੀਂ ਰਹਿ ਗਏ ਹਨ। ਅੱਜ-ਕੱਲ੍ਹ ਪੰਜਾਬ ਦੇ ਹਰੇਕ ਵਿਦਿਆਰਥੀ ਦੀ ਸੋਚ ਵਿਦੇਸ਼ੀ ਪੜ੍ਹਾਈ ਉਤੇ ਟਿਕੀ ਹੈ, ਜੋ ਵਿਦੇਸ਼ਾਂ 'ਚ ਜਾਣ ਲਈ ਆਈਲੈਟਸ ਕੇਂਦਰਾਂ 'ਚ ਆਪਣੀ



ਕਿਸਮਤ ਅਜ਼ਮਾ ਰਹੇ ਹਨ। ਸੂਬੇ ਅੰਦਰ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ, ਗੁਰੂ ਨਾਨਕ ਦੇਵ ਯੂਨੀਵਰਸਿਟੀ ਸ੍ਰੀ ਅੰਮ੍ਰਿਤਸਰ, ਪੰਜਾਬੀ ਯੂਨੀਵਰਸਿਟੀ ਪਟਿਆਲਾ ਅਧੀਨ ਲਗਭਗ 571 ਮਾਨਤਾ ਪ੍ਰਾਪਤ ਕਾਲਜ ਅਤੇ ਆਈ.ਕੇ. ਗੁਜਰਾਲ ਪੰਜਾਬ ਟੈਕਨੀਕਲ ਯੂਨੀਵਰਸਿਟੀ ਜਲੰਧਰ, ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ ਬਠਿੰਡਾ ਅਧੀਨ ਲਗਭਗ 170 ਇੰਜੀਨੀਅਰਿੰਗ ਕਾਲਜਾਂ ਤੋਂ ਇਲਾਵਾ ਸੂਬੇ ਅੰਦਰ ਕਈ ਹੋਰ ਪ੍ਰੋਫੈਸ਼ਨਲ ਯੂਨੀਵਰਸਿਟੀਆਂ ਹਨ, ਜਿਨ੍ਹਾਂ ਦੇ ਇਸ ਵਾਰ ਨਾ-ਮਾਤਰ ਦਾਖਲੇ ਹੋਣ ਦੀ ਸਥਿਤੀ ਬਣੀ ਹੋਈ ਹੈ।

ਇੰਜੀਨੀਅਰਿੰਗ ਕਾਲਜਾਂ ਦਾ ਦਾਖਲਾ ਸ਼ੁਰੂ ਹੋਏ ਨੂੰ ਲਗਭਗ ਮਹੀਨਾ ਹੋ ਗਿਆ ਹੈ, ਜੋ 25 ਜੂਨ ਤੋਂ 15 ਅਗਸਤ ਤੱਕ ਚੱਲੇਗਾ, ਪਰ ਇਸ ਵਰ੍ਹੇ ਦੌਰਾਨ ਇੰਜੀਨੀਅਰਿੰਗ ਕਾਲਜਾਂ ਦੇ ਦਾਖਲਿਆਂ ਦਾ ਵੀ ਮੰਦਾ ਹਾਲ ਹੈ। ਸੂਬੇ ਦੇ 5 ਸਰਕਾਰੀ ਕਾਲਜਾਂ ਵਿਚੋਂ ਤਿੰਨ ਕਾਲਜਾਂ ਅਤੇ ਹੋਰ ਨਾਮਵਰ ਪ੍ਰਾਈਵੇਟ ਕਾਲਜਾਂ ਵਿਚ ਕੰਪਿਊਟਰ ਸਾਇੰਸ ਅਤੇ ਸਬੰਧਿਤ ਕੋਰਸਾਂ ਤੋਂ ਇਲਾਵਾ ਮਕੈਨੀਕਲ ਇੰਜੀਨੀਅਰਿੰਗ ਕਾਲਜ 'ਚ ਮਹਿਜ਼ 25-30 ਫੀਸਦੀ ਦਾਖਲੇ ਹੋਏ ਸਨ, ਜਦਕਿ ਇਲੈਕਟ੍ਰੀਕਲ, ਇਲੈਕਟ੍ਰੋਨਿਕਸ, ਕੈਮੀਕਲ ਇੰਜੀਨੀਅਰਿੰਗ, ਇਨਫਰਮੇਸ਼ਨ ਟੈਕਨਾਲੋਜੀ, ਪ੍ਰੋਡਕਸ਼ਨ ਇੰਜੀਨੀਅਰਿੰਗ, ਇੰਡਸਟਰੀਅਲ ਇੰਜੀਨੀਅਰਿੰਗ, ਬਾਇਓ ਟੈਕਨਾਲੋਜੀ ਆਦਿ 'ਚ 10 ਫੀਸਦੀ ਦਾਖਲੇ ਵੀ ਨਹੀਂ ਹੋ ਸਕੇ।

ਸੂਬੇ ਦੇ ਦੋ ਸਰਕਾਰੀ ਕਾਲਜਾਂ ਵਿਚ ਮਲੋਟ ਇੰਸਟੀਚਿਊਟ ਆਫ ਮੈਨੇਜਮੈਂਟ ਐਂਡ ਇਨਫੋਰਮੇਸ਼ਨ ਟੈਕਨਾਲੋਜੀ ਮਲੋਟ ਅਤੇ ਬਾਬਾ ਹੀਰਾ ਸਿੰਘ ਭੱਠਲ ਕਾਲਜ ਆਫ ਇੰਜੀਨੀਅਰਿੰਗ ਐਂਡ ਟੈਕਨਾਲੋਜੀ ਲਹਿਰਾਗਾਗਾ ਦੀ ਹਾਲਤ ਅਜਿਹੀ ਹੈ ਕਿ ਉਕਤ ਕਾਲਜਾਂ ਦਾ ਬੂਹਾ ਕਿਸੇ ਵੇਲੇ ਵੀ ਬੰਦ ਹੋ ਸਕਦਾ ਹੈ। ਇਥੋਂ ਤੱਕ ਕਿ ਲਹਿਰਾਗਾਗਾ ਸਰਕਾਰੀ ਕਾਲਜ ਦੇ ਪਿਛਲੇ ਸਾਲ ਖਰਚੇ ਵੀ ਨਹੀਂ ਪੂਰੇ ਹੋ ਸਕੇ ਸਨ, ਜਿਸ ਕਾਰਨ ਗਰਾਂਟ ਲੈਣ ਕਾਲਜ ਚਲਾਉਣ ਵਾਸਤੇ ਪੰਜਾਬ ਸਰਕਾਰ ਨੂੰ ਗੁਹਾਰ ਲਗਾਉਣੀ ਪਈ ਸੀ। ਇਸ ਦੇ ਨਾਲ ਹੀ ਲੱਖਾਂ ਰੁਪਏ ਖਰਚ ਕੇ ਕੀਤੀ ਇੰਜੀਨੀਅਰਿੰਗ ਦੀ ਪੜ੍ਹਾਈ ਦਾ ਮੁੱਲ ਨਾ ਪੈਣ ਕਰਕੇ ਇੰਜੀਨੀਅਰ ਪ੍ਰਾਈਵੇਟ ਕੰਪਨੀਆਂ 'ਚ ਨਿਗੂਣੀਆਂ ਤਨਖਾਹਾਂ ਉਤੇ ਕੰਮ ਕਰਨ ਲਈ ਮਜਬੂਰ ਹਨ, ਜਿਨ੍ਹਾਂ ਵੱਲ ਦੇਖ ਦੂਜੇ ਵਿਦਿਆਰਥੀਆਂ ਦਾ ਇੰਜੀਨੀਅਰਿੰਗ ਦੀ ਪੜ੍ਹਾਈ ਪ੍ਰਤੀ ਰੁਝਾਨ ਘਟਣ ਲੱਗਾ ਹੈ।

# ਬਾਦਲਾਂ ਦੀ ਮੰਨਣ ਵਾਲੇ ਅਫਸਰਾਂ ਨੂੰ ਸਖਤ ਸੁਨੇਹਾ

**ਚੰਡੀਗੜ੍ਹ:** ਪੰਜਾਬ ਵਿਚ ਸੱਤਾ ਤਬਦੀਲੀ ਤੋਂ ਸਵਾ ਸਾਲ ਬਾਅਦ ਵੀ ਕਾਂਗਰਸੀ ਨੇਤਾਵਾਂ ਦੇ ਗਿਲੇ ਦੂਰ ਨਹੀਂ ਹੋਏ। ਇਹ ਗਿਲੇ ਸਿਵਲ ਤੇ ਪੁਲਿਸ ਪ੍ਰਸ਼ਾਸਨ ਉਤੇ ਅਕਾਲੀਆਂ ਖਾਸ ਕਰ ਬਾਦਲਾਂ ਦੇ ਪ੍ਰਭਾਵ ਸਬੰਧੀ ਹਨ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਦੌਰਾਨ ਇਹ ਮੁੱਦਾ ਸੂਬਾ ਕਾਂਗਰਸ ਦੇ ਪ੍ਰਧਾਨ ਸੁਨੀਲ ਕੁਮਾਰ ਜਾਖੜ ਨੇ ਚੁੱਕਿਆ। ਸੂਤਰਾਂ ਦਾ ਦੱਸਣਾ ਹੈ ਕਿ ਮੁੱਖ ਮੰਤਰੀ ਅਤੇ ਹੋਰਨਾਂ ਉਚ ਸਿਵਲ ਤੇ ਪੁਲਿਸ ਅਧਿਕਾਰੀਆਂ ਦੀ ਮੌਜੂਦਗੀ ਵਿਚ ਸ੍ਰੀ ਜਾਖੜ ਨੇ ਡਿਪਟੀ ਕਮਿਸ਼ਨਰਾਂ ਅਤੇ ਜ਼ਿਲ੍ਹਾ ਪੁਲਿਸ ਮੁਖੀਆਂ ਨੂੰ ਕਿਹਾ ਕਿ ਪ੍ਰਸ਼ਾਸਨ ਖਾਸ ਕਰ ਪੁਲਿਸ ਅਫਸਰ ਅਜੇ ਵੀ ਅਕਾਲੀ ਨੇਤਾਵਾਂ ਖਾਸ ਕਰ ਬਾਦਲਾਂ ਦੇ ਪ੍ਰਭਾਵ ਅਧੀਨ ਕੰਮ ਕਰਦੇ ਹਨ।



ਉਨ੍ਹਾਂ ਇਥੋਂ ਤੱਕ ਕਿਹਾ ਕਿ ਅਫਸਰਾਂ ਨੂੰ ਇਸ ਗੱਲ ਦਾ ਅਹਿਸਾਸ ਹੋਣਾ ਚਾਹੀਦਾ ਹੈ ਕਿ ਸੱਤਾ ਬਦਲ ਚੁੱਕੀ ਹੈ, ਇਸ ਲਈ ਨੀਲੇ ਰੰਗ ਦਾ ਪ੍ਰਭਾਵ ਨਾ ਮੰਨਿਆ ਜਾਵੇ। ਕਾਂਗਰਸ ਪ੍ਰਧਾਨ ਨੇ ਕਿਹਾ, ਅਸੀਂ ਇਹ ਵੀ ਨਹੀਂ ਕਹਿੰਦੇ ਕਿ ਅਕਾਲੀ ਵਰਕਰਾਂ ਜਾਂ ਨੇਤਾਵਾਂ ਦੇ ਕੰਮ ਨਹੀਂ ਹੋਣੇ ਚਾਹੀਦੇ ਪਰ ਕਾਂਗਰਸ ਵਰਕਰਾਂ ਨੂੰ ਅੱਖੋਂ ਪਰੋਖੇ ਨਹੀਂ ਕੀਤਾ ਜਾਣਾ ਚਾਹੀਦਾ। ਇਕ ਸੀਨੀਅਰ ਅਧਿਕਾਰੀ ਨੇ ਕਾਂਗਰਸ ਪ੍ਰਧਾਨ ਵੱਲੋਂ ਉਠਾਏ ਮੁੱਦੇ ਦੀ ਪੁਸ਼ਟੀ ਕਰਦਿਆਂ ਕਿਹਾ ਕਿ ਸ੍ਰੀ ਜਾਖੜ ਨੇ ਜਦੋਂ ਇਹ ਕਿਹਾ, ਲੋਕ ਸਾਡੇ ਕੋਲ ਆਉਂਦੇ ਹਨ ਤਾਂ ਉਨ੍ਹਾਂ ਦੇ ਕੰਮ ਨਹੀਂ ਹੁੰਦੇ ਤੇ ਅਖੀਰ ਤਾਅਨਾ ਮਾਰਦੇ ਹਨ ਕਿ ਕਿਉਂ ਨਾ ਸੁਖਬੀਰ ਬਾਦਲ ਤੋਂ ਹੀ ਫੋਨ ਕਰਾ ਦੇਈਏ ਕੰਮ ਤਾਂ ਹੋ ਜਾਵੇਗਾ। ਸੱਤਾਧਾਰੀ ਪਾਰਟੀ ਦੇ ਸੂਬਾ ਪ੍ਰਧਾਨ ਦੀ ਇਹ ਗੱਲ ਸੁਣਦਿਆਂ ਹੀ ਮੁੱਖ ਮੰਤਰੀ ਅਮਰਿੰਦਰ ਸਿੰਘ ਸਮੇਤ ਸਾਰਿਆਂ ਦੇ ਚਿਹਰਿਆਂ ਦਾ ਰੰਗ ਬਦਲ ਗਿਆ।

ਇਹ ਮੁੱਦਾ ਸੁਨੀਲ ਜਾਖੜ ਸਮੇਤ ਪੰਜਾਬ ਦੇ ਮੰਤਰੀਆਂ, ਵਿਧਾਇਕਾਂ ਅਤੇ ਕਾਂਗਰਸੀ ਨੇਤਾਵਾਂ ਵੱਲੋਂ ਕਈ ਵਾਰ ਚੁੱਕਿਆ ਜਾ ਗਿਆ ਹੈ। ਇਥੋਂ ਤੱਕ ਕਿ ਮੰਤਰੀ ਮੰਡਲ ਅਤੇ ਕਾਂਗਰਸ ਵਿਧਾਇਕ ਦਲ ਦੀਆਂ ਮੀਟਿੰਗਾਂ ਦੌਰਾਨ ਵੀ ਮੁੱਖ ਮੰਤਰੀ ਦੀ ਮੌਜੂਦਗੀ ਵਿਚ ਇਸ ਮੁੱਦੇ ਉਤੇ ਕਈ ਵਾਰੀ ਚਰਚਾ ਹੋ ਚੁੱਕੀ ਹੈ। ਸੂਤਰਾਂ ਦਾ ਇਹ ਵੀ ਦੱਸਣਾ ਹੈ ਕਿ ਹਾਕਮ ਪਾਰਟੀ ਦੇ ਨੇਤਾਵਾਂ ਵੱਲੋਂ ਇਸ ਮੁੱਦੇ 'ਤੇ ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਤੱਕ ਵੀ ਸ਼ਿਕਾਇਤਾਂ ਕੀਤੀਆਂ ਗਈਆਂ ਹਨ ਤੇ ਕੁਝ ਮਹੀਨੇ ਪਹਿਲਾਂ ਇਕ ਮੀਟਿੰਗ ਦੌਰਾਨ ਰਾਹੁਲ ਗਾਂਧੀ ਨੇ ਇਨ੍ਹਾਂ ਸ਼ਿਕਾਇਤਾਂ ਸਬੰਧੀ ਮੁੱਖ ਮੰਤਰੀ ਨੂੰ ਜਾਣੂ ਵੀ ਕਰਵਾਇਆ ਸੀ। ਲੋਕ ਸਭਾ ਦੀਆਂ ਆਮ ਚੋਣਾਂ ਕਾਰਨ ਕਾਂਗਰਸੀ ਵਰਕਰਾਂ ਵਿਚ ਪੈਦਾ ਹੋਈ ਇਹ ਭਾਵਨਾ ਗੰਭੀਰ ਰੁਖ ਅਖਤਿਆਰ ਕਰਦੀ ਜਾ ਰਹੀ ਹੈ।

# ਚੰਦਨ ਦੇ ਰੁੱਖਾਂ ਦੀ ਖੇਤੀ ਕਰੇਗੀ ਪੰਜਾਬੀਆਂ ਨੂੰ ਮਾਲੋਮਾਲ

**ਪਟਿਆਲਾ:** ਪੰਜਾਬ ਦਾ ਵਾਤਾਵਰਨ ਅਤੇ ਮਿੱਟੀ ਚੰਦਨ ਦੀ ਖੇਤੀ ਲਈ ਅਨੁਕੂਲ ਹੈ ਅਤੇ ਇਸ ਦੀ ਗਵਾਹੀ ਪੰਜਾਬ ਵਿਚ ਲਾਏ ਗਏ ਟੈਸਟ ਪਲਾਂਟ ਭਰ ਰਹੇ ਹਨ। ਜੰਗਲਾਤ ਵਿਭਾਗ ਵੱਲੋਂ ਘਲੌਤੀ ਬੀੜ ਵਿਚ ਆਪਣੀ ਨਰਸਰੀ ਕੋਲ ਲਾਏ ਗਏ ਚੰਦਨ ਦੇ ਕਰੀਬ 70 ਬੂਟੇ ਵੱਧ ਫੁੱਲ ਰਹੇ ਹਨ। ਭਾਵੇਂ ਕਿ ਇਨ੍ਹਾਂ ਦੀ ਖੁਸ਼ਬੂ ਕੋਈ ਬਹੁਤੀ ਸਪੱਸ਼ਟ ਹੋਈ ਪਰ ਇਨ੍ਹਾਂ ਬੂਟਿਆਂ ਦੇ ਵਾਧੇ ਨੂੰ ਦੇਖ ਕੇ ਪੰਜਾਬ ਸਰਕਾਰ ਨੇ ਚਾਰ ਹੋਰ ਟੈਸਟ ਪਲਾਂਟ ਲੁਧਿਆਣਾ, ਰੋਪੜ, ਹੁਸ਼ਿਆਰਪੁਰ ਅਤੇ ਬਠਿੰਡਾ ਵਿਚ ਲਗਾ ਦਿੱਤੇ ਹਨ। ਇਥੇ ਘਲੌਤੀ ਬੀੜ ਵਿਚ ਲਾਏ ਗਏ ਚੰਦਨ ਦੇ ਰੁੱਖਾਂ ਦੀ ਉਮਰ ਕਰੀਬ 20 ਸਾਲ ਹੋ ਗਈ ਹੈ।

ਜੰਗਲਾਤ ਵਿਭਾਗ ਇਨ੍ਹਾਂ ਰੁੱਖਾਂ ਨੂੰ ਕੱਟ ਕੇ ਵੇਚ ਵੀ ਸਕਦਾ ਹੈ ਪਰ ਅਧਿਕਾਰੀਆਂ ਅਨੁਸਾਰ ਇਹ ਬੂਟੇ ਪ੍ਰਦਰਸ਼ਨੀ ਲਈ ਰੱਖੇ ਗਏ ਹਨ ਤਾਂ ਜੋ ਕਿਸਾਨ ਇਹ ਰੁੱਖ ਦੇਖ ਕੇ ਚੰਦਨ ਦੀ ਖੇਤੀ ਵੱਲ ਉਤਸ਼ਾਹਿਤ ਹੋ ਸਕਣ। ਪੰਜਾਬ ਵਿਚ ਸਮਰਾਲਾ ਕੋਲ ਆਪਣੀ ਚੰਦਨ ਦੇ ਰੁੱਖਾਂ ਦੀ ਨਰਸਰੀ ਲਗਾ ਚੁੱਕੇ ਅਰੁਣ ਖੁਰਮੀ ਨੇ ਦੱਸਿਆ ਇੰਸਟੀਚਿਊਟ ਆਫ ਵੁੱਡ ਸਾਇੰਸ ਐਂਡ ਟੈਕਨਾਲੋਜੀ ਕਰਨਾਟਕਾ (ਆਈ.ਡਬਲਿਊ.ਐਸ.ਟੀ.) ਵਿਚ ਉਹ ਟਰੇਨਿੰਗ ਕਰ ਕੇ ਆਇਆ ਹੈ, ਜਿਸ ਤਹਿਤ ਉਸ ਨੇ ਚੰਦਨ ਦੀ ਖੇਤੀ ਵੱਲ ਰੁਖ ਕੀਤਾ ਹੈ। ਸ੍ਰੀ ਖੁਰਮੀ ਨੇ ਦੱਸਿਆ ਕਿ ਉਸ ਨੇ ਨਵੰਬਰ 2017 ਵਿਚ



ਨਰਸਰੀ ਬਣਾਉਣੀ ਸ਼ੁਰੂ ਕੀਤੀ ਸੀ, ਜਿਸ ਦਾ ਚੰਗਾ ਉਤਪਾਦਨ ਹੋਣ ਦੀ ਸੰਭਾਵਨਾ ਹੈ। ਉਂਜ ਤਾਂ ਚੰਦਨ ਦੀ ਖੇਤੀ ਦੀ ਉਮਰ 25-30 ਸਾਲ ਦੀ ਹੈ ਪਰ ਇਸ ਵਿਚ ਚੰਦਨ ਦੀ ਲੱਕੜ 8 ਸਾਲਾਂ ਵਿਚ ਬਣਨੀ ਸ਼ੁਰੂ ਹੋ ਜਾਂਦੀ ਹੈ। 12 ਤੋਂ 15 ਸਾਲ ਦੇ ਬੂਟਿਆਂ ਨੂੰ ਕੱਟ ਕੇ ਵੇਚਿਆ ਜਾ ਸਕਦਾ ਹੈ।

ਦੱਖਣ ਦੀਆਂ ਸਰਕਾਰਾਂ ਕਿਸਾਨਾਂ ਨੂੰ ਇਹ ਜੰਗਲ ਲਾਉਣ ਲਈ ਸਾਰੀਆਂ ਸਹੂਲਤਾਂ ਦਿੰਦੀਆਂ ਹਨ ਅਤੇ 12000 ਰੁਪਏ ਕਿੱਲੋ ਦੇ ਭਾਅ ਖਰੀਦਦੀਆਂ ਹਨ ਜਦੋਂਕਿ ਕੌਮਾਂਤਰੀ ਮਾਰਕੀਟ ਵਿਚ ਚੰਦਨ ਦੀ ਕੀਮਤ 35000 ਰੁਪਏ ਕਿੱਲੋ ਤੱਕ ਵੀ ਪੁੱਜੀ ਹੈ। ਗੁਜਰਾਤ ਦੇ ਭਰੂਚ ਦੇ ਇਕ ਕਿਸਾਨ ਨੇ 10 ਲੱਖ ਰੁਪਏ ਨਾਲ ਚੰਦਨ ਦੀ ਖੇਤੀ ਸ਼ੁਰੂ ਕੀਤੀ ਸੀ ਅਤੇ 15 ਤੋਂ 20 ਸਾਲਾਂ ਵਿਚ ਉਸ ਨੇ 15 ਕਰੋੜ ਰੁਪਏ ਦੀ ਕਮਾਈ ਕੀਤੀ। ਚੰਦਨ ਦੀ ਖੇਤੀ ਵਿਚ ਨਿੰਬੂ, ਆਂਵਲਾ, ਸੰਤਰੇ, ਡੇਕਾਂ, ਸਬਜ਼ੀਆਂ ਆਦਿ ਫਸਲਾਂ ਬੀਜੀਆਂ ਜਾ ਸਕਦੀਆਂ ਹਨ। ਚੰਦਨ ਦਾ ਇਕ ਪੌਦਾ 40-50 ਰੁਪਏ ਵਿਚ ਮਿਲਦਾ ਹੈ ਅਤੇ ਇਕ ਏਕੜ ਵਿਚ 400 ਪੌਦੇ ਲਗਾਏ ਜਾ ਸਕਦੇ ਹਨ। ਇਸ ਦਾ ਬੀਮਾ ਵੀ ਹੋ ਜਾਂਦਾ ਹੈ ਕਿਉਂਕਿ ਪੌਦੇ ਚੋਰੀ ਹੋਣ ਦਾ ਡਰ ਰਹਿੰਦਾ ਹੈ। ਇਹ ਪਤਾ ਲੱਗਾ ਹੈ ਕਿ ਚੰਦਨ ਦੇ ਰੁੱਖ ਦੀ ਜੜ੍ਹ ਵਿਚੋਂ ਤੇਲ ਨਿਕਲਦਾ ਹੈ, ਜੋ ਬਹੁਤ ਮਹਿੰਗਾ ਹੁੰਦਾ ਹੈ। ਇਕ ਰੁੱਖ ਕਰੀਬ 40 ਕਿੱਲੋ ਲੱਕੜ ਦੇ ਦਿੰਦਾ ਹੈ ਅਤੇ ਜੜ੍ਹਾਂ ਵਿਚੋਂ ਨਿਕਲਦੇ ਤੇਲ ਨਾਲ ਕਿਸਾਨ ਨਿਹਾਲ ਹੋ ਜਾਂਦਾ ਹੈ ਕਿਉਂਕਿ ਕੌਮਾਂਤਰੀ ਮਾਰਕੀਟ ਵਿਚ ਚੰਦਨ ਦੇ ਤੇਲ ਦੀ ਬਹੁਤ ਮੰਗ ਹੈ। ਚੰਦਨ ਦਾ ਰੁੱਖ 5 ਤੋਂ 50 ਡਿਗਰੀ ਸੈਲਸੀਅਸ ਤੱਕ ਤਾਪਮਾਨ ਵਾਲੇ ਇਲਾਕਿਆਂ ਵਿਚ ਲਗਾਇਆ ਜਾ ਸਕਦਾ ਹੈ। ਮਾਨਸੂਨ ਵਿਚ ਇਸ ਦਾ ਬਹੁਤ ਵਾਧਾ ਹੁੰਦਾ ਹੈ ਜਦਕਿ ਗਰਮੀਆਂ ਵਿਚ ਇਸ ਨੂੰ ਸਿੰਜਾਈ ਦੀ ਲੋੜ ਹੁੰਦੀ ਹੈ।

# ਦਵਿੰਦਰ ਬੰਬੀਹਾ ਗੈਂਗ ਦੇ 11 ਮੈਂਬਰ ਗ੍ਰਿਫਤਾਰ

**ਚੰਡੀਗੜ੍ਹ:** ਪੰਜਾਬ ਪੁਲਿਸ ਨੇ ਦਵਿੰਦਰ ਬੰਬੀਹਾ ਗੈਂਗ ਦੇ 11 ਮੈਂਬਰਾਂ ਨੂੰ ਗ੍ਰਿਫਤਾਰ ਕਰ ਕੇ ਉਨ੍ਹਾਂ ਦੇ ਕਬਜ਼ੇ 'ਚੋਂ 17 ਹਥਿਆਰ ਬਰਾਮਦ ਕੀਤੇ ਹਨ। ਉਨ੍ਹਾਂ ਨੂੰ ਸਥਾਨਕ ਅਦਾਲਤ 'ਚ ਪੇਸ਼ ਕਰਕੇ ਛੇ ਦਿਨਾਂ ਦੀ ਪੁਲੀਸ ਹਿਰਾਸਤ ਵਿਚ ਭੇਜ ਦਿੱਤਾ ਗਿਆ ਹੈ।

ਗ੍ਰਿਫਤਾਰ ਕੀਤੇ ਗਏ ਗੈਂਗਸਟਰ ਹੱਤਿਆ, ਕਤਲ ਕਰਨ ਦੀ ਕੋਸ਼ਿਸ਼, ਵਾਹਨ ਖੋਹਣ, ਨਸ਼ਾ ਤਸਕਰੀ, ਹਥਿਆਰਾਂ ਦੇ ਗੈਰਕਾਨੂੰਨੀ ਸੌਦਿਆਂ ਅਤੇ ਹਥਿਆਰ ਲੁੱਟਣ ਤੇ ਚੋਰੀ ਦੀਆਂ ਵਾਰਦਾਤਾਂ 'ਚ ਸ਼ਾਮਲ ਸਨ। ਇਨ੍ਹਾਂ ਦੀ ਪਛਾਣ ਅਮਨ ਕੁਮਾਰ, ਯਾਦਵਿੰਦਰ ਸਿੰਘ, ਵਰਿੰਦਰਪਾਲ ਸਿੰਘ, ਅਰਸ਼ਦੀਪ ਸਿੰਘ, ਰਜਤ ਕੁਮਾਰ, ਕਰਨ ਮੰਗਲਾ, ਸੁੱਖਾ, ਪਲਵਿੰਦਰ ਸਿੰਘ, ਸੁਮਿਤ ਬਜਾਜ, ਆਲਮ ਭੱਠਲ ਅਤੇ ਲਖਵਿੰਦਰ ਸਿੰਘ ਵਜੋਂ ਹੋਈ ਹੈ। ਇਨ੍ਹਾਂ ਦੇ ਕਬਜ਼ੇ 'ਚੋਂ 9 ਪਿਸਤੌਲਾਂ, ਪੰਜ ਰਿਵਾਲਵਰ, ਇਕ ਰਾਈਫਲ ਅਤੇ ਦੋ ਬੰਦੂਕਾਂ ਬਰਾਮਦ ਹੋਈਆਂ ਹਨ।

# ਛੇਵੇਂ ਪਾਤਸ਼ਾਹ ਨਾਲ ਸਬੰਧਤ ਗੁਰਦੁਆਰੇ ਦੀ ਥਾਂ ਸ਼੍ਰੋਮਣੀ ਕਮੇਟੀ ਨੂੰ ਮੋੜੀ

**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਹੇਠਲੇ ਛੇਵੇਂ ਪਾਤਸ਼ਾਹ ਗੁਰੂ ਹਰਿਗੋਬਿੰਦ ਸਾਹਿਬ ਨਾਲ ਸਬੰਧਤ ਗੁਰਦੁਆਰਾ ਸਾਹਿਬ ਮੰਡੀ ਗੋਬਿੰਦਗੜ੍ਹ ਦੀ ਜਗ੍ਹਾ ਇਕ ਕਿਰਾਏਦਾਰ ਵੱਲੋਂ 36 ਸਾਲ ਬਾਅਦ ਗੁਰਦੁਆਰੇ ਨੂੰ ਵਾਪਸ ਕਰ ਦਿੱਤੀ ਗਈ ਹੈ।

ਸ੍ਰੀ ਜੱਸਾ ਸਿੰਘ ਆਹਲੂਵਾਲੀਆ ਮੰਡੀ ਗੋਬਿੰਦਗੜ੍ਹ 'ਚ ਗੁਰਦੁਆਰੇ ਦੀ ਇਸ ਜਗ੍ਹਾ (ਪਲਾਟ) ਉਤੇ ਕਿਰਾਏਦਾਰ ਸਨ ਅਤੇ ਹੁਣ ਉਨ੍ਹਾਂ ਗੁਰਦੁਆਰਾ ਸਾਹਿਬ ਦੀ ਥਾਂ ਵਾਪਸ ਕਰ ਦਿੱਤੀ। ਜੱਸਾ ਸਿੰਘ ਦੇ ਇਸ ਫੈਸਲੇ ਤੋਂ ਬਾਅਦ ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਡਾ. ਰੂਪ ਸਿੰਘ ਅਤੇ ਸ਼੍ਰੋਮਣੀ ਕਮੇਟੀ ਮੈਂਬਰ ਕਰਨੈਲ ਸਿੰਘ ਪੰਜੋਲੀ ਨੇ ਉਨ੍ਹਾਂ ਨੂੰ ਸਿਰੋਪਾਓ ਦੇ ਕੇ ਸਨਮਾਨਤ ਕੀਤਾ। ਉਨ੍ਹਾਂ ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਨੂੰ ਹਰ ਤਰ੍ਹਾਂ ਦਾ ਬਕਾਇਆ ਰਾਸ਼ੀ ਦੇਣ ਦੀ ਲਿਖਤੀ ਤੌਰ ਉਤੇ ਸਹਿਮਤੀ ਵੀ ਦਿੱਤੀ ਹੈ। ਸ੍ਰੀ ਆਹਲੂਵਾਲੀਆ ਨੇ ਕਿਹਾ ਕਿ ਉਹ ਗੁਰਦੁਆਰੇ ਦੀ ਜ਼ਮੀਨ 'ਤੇ ਕਾਬਜ਼ ਹੋਰ ਲੋਕਾਂ ਨੂੰ ਵੀ ਜ਼ਮੀਨ ਵਾਪਸ ਗੁਰਦੁਆਰਾ ਸਾਹਿਬ ਨੂੰ ਦੇਣ ਲਈ ਪ੍ਰੇਰਿਤ ਕਰਨਗੇ।

ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਡਾ. ਰੂਪ ਸਿੰਘ ਨੇ ਦੱਸਿਆ ਕਿ ਮੰਡੀ ਗੋਬਿੰਦਗੜ੍ਹ 'ਚ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਹੇਠ ਛੇਵੇਂ ਪਾਤਸ਼ਾਹ ਦੇ ਗੁਰਦੁਆਰੇ ਦੀ ਜ਼ਮੀਨ ਪਲਾਟਾਂ ਦੇ ਰੂਪ ਵਿਚ ਸ਼ਹਿਰ ਅੰਦਰ ਸਥਿਤ ਹੈ। ਮੰਡੀ ਗੋਬਿੰਦਗੜ੍ਹ ਲੋਹੇ ਦੇ ਵਪਾਰ ਲਈ ਪ੍ਰਸਿੱਧ ਹੈ ਅਤੇ ਗੁਰਦੁਆਰੇ ਦੀ ਜ਼ਮੀਨ ਵਿਚ ਲੋਕਾਂ ਨੇ ਗੋਦਾਮ ਬਣਾਏ ਹੋਏ ਹਨ। ਸ਼੍ਰੋਮਣੀ ਕਮੇਟੀ ਕਿਰਾਏਦਾਰਾਂ ਨਾਲ ਨਵੇਂ ਸਿਰਿਉਂ ਕਿਰਾਏਨਾਮਾ ਲਿਖਣ ਲਈ ਤਿਆਰ ਹੈ ਪਰ ਕੁਝ ਲੋਕ ਜਗ੍ਹਾ ਤੋਂ ਕਬਜ਼ਾ ਨਹੀਂ ਛੱਡ ਰਹੇ ਤੇ ਕਿਰਾਏਦਾਰਾਂ ਵੱਲੋਂ ਲੰਮੇ ਸਮੇਂ ਤੋਂ ਕਿਰਾਇਆ ਵੀ ਨਹੀਂ ਦਿੱਤਾ ਜਾ ਰਿਹਾ।

# ਐਸ.ਵਾਈ.ਐਲ. ਬਾਰੇ ਹਰਿਆਣਾ ਨੇ ਫੜ੍ਹੀ ਸਰਗਰਮੀ

**ਨਵੀਂ ਦਿੱਲੀ:** ਹਰਿਆਣਾ ਸਰਕਾਰ ਨੇ ਪੰਜਾਬ ਨਾਲ ਚੱਲਦੇ ਐਸ.ਵਾਈ.ਐਲ. (ਸਤਲੁਜ ਯਮੁਨਾ ਲਿੰਕ) ਨਹਿਰ ਵਿਵਾਦ ਦੇ ਛੇਤੀ ਨਿਪਟਾਰੇ ਲਈ ਸੁਪਰੀਮ ਕੋਰਟ ਵਿਚ ਪਹੁੰਚ ਕੀਤੀ ਹੈ। ਅਦਾਲਤ ਨੇ ਹਰਿਆਣਾ ਸਰਕਾਰ ਨੂੰ ਕਿਹਾ ਹੈ ਕਿ ਉਹ ਮਾਮਲੇ ਨੂੰ ਸੁਣਵਾਈ ਲਈ ਢੁਕਵੇਂ ਬੈਂਚ ਅੱਗੇ ਭੇਜਣ ਲਈ ਸੁਪਰੀਮ ਕੋਰਟ ਰਜਿਸਟਰੀ ਕੋਲ ਪਹੁੰਚ ਕਰੇ।

ਇਸ ਤੋਂ ਪਹਿਲਾਂ ਸੁਪਰੀਮ ਕੋਰਟ ਨੇ ਪੰਜਾਬ ਅਤੇ ਹਰਿਆਣਾ ਵਿਚ ਐਸ.ਵਾਈ.ਐਲ. ਵਿਵਾਦ ਨੂੰ ਨਿਪਟਾਉਣ ਲਈ ਕੇਂਦਰ ਸਰਕਾਰ ਨੂੰ ਸਮਾਂ ਦੇ ਦਿੱਤਾ ਸੀ। ਗਿਆਰਾਂ ਜੁਲਾਈ ਨੂੰ ਸੁਪਰੀਮ ਕੋਰਟ ਨੇ ਹਰਿਆਣਾ ਤੇ ਪੰਜਾਬ ਨੂੰ ਕਿਹਾ ਸੀ ਕਿ ਉਹ ਅਦਾਲਤ ਦੇ ਹੁਕਮਾਂ ਦਾ ਸਤਿਕਾਰ ਕਰਨ। ਦੋਵਾਂ ਸੂਬਿਆਂ ਵਿਚ ਪਾਣੀ ਸਬੰਧੀ ਇਹ ਵਿਵਾਦਗ੍ਰਸਤ ਸਮਝੌਤਾ 1981 ਵਿਚ ਹੋਂਦ ਵਿਚ ਆਇਆ ਸੀ। ਇਸ ਦੇ ਪਿਛੋਕੇ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਸਰਗਰਮ ਭੂਮਿਕਾ ਰਹੀ ਸੀ। ਦੋਵਾਂ ਰਾਜਾਂ ਨੇ ਇਸ ਦੇ ਤਹਿਤ ਆਪੋ ਆਪਣੇ ਖੇਤਰ ਵਿਚ ਨਹਿਰ ਦਾ ਨਿਰਮਾਣ ਕਰਨਾ ਸੀ।


ਹਰਿਆਣਾ ਨੇ ਨਹਿਰ ਦਾ ਨਿਰਮਾਣ ਕਰ ਲਿਆ ਹੈ ਪਰ ਪੰਜਾਬ ਵਿਚ ਨਹਿਰ ਨਹੀਂ ਬਣ ਸਕੀ। ਸਾਲ 2004 ਵਿਚ ਪੰਜਾਬ ਦੀ ਕਾਂਗਰਸ ਸਰਕਾਰ ਨੇ 1981 ਦੇ ਸਮਝੌਤੇ ਨੂੰ ਰੱਦ ਕਰਨ ਲਈ 'ਪੰਜਾਬ ਟਰਮੀਨੇਸ਼ਨ ਆਫ ਐਗਰੀਮੈਂਟ ਐਕਟ' ਬਣਾ ਦਿੱਤਾ ਸੀ। ਇਸ ਦੇ ਤਹਿਤ ਰਾਵੀ ਬਿਆਸ ਦੇ ਪਾਣੀ ਦੀ ਵੰਡ ਸਬੰਧੀ ਸਾਰੇ ਸਮਝੌਤੇ ਰੱਦ ਕਰ ਦਿੱਤੇ ਸਨ। ਸਾਲ 2002 ਵਿਚ ਸੁਪਰੀਮ ਕੋਰਟ ਨੇ ਹਰਿਆਣਾ ਦੇ ਦਾਅਵੇ ਨੂੰ ਸਵੀਕਾਰ ਕਰਦਿਆਂ ਪੰਜਾਬ ਨੂੰ ਸਮਝੌਤੇ ਦਾ ਸਤਿਕਾਰ ਕਰਨ ਲਈ ਕਿਹਾ ਸੀ। ਇਸ ਤੋਂ ਬਾਅਦ ਪੰਜਾਬ



ਨੇ ਫੈਸਲੇ ਨੂੰ ਚੁਣੌਤੀ ਦਿੱਤੀ ਸੀ ਜਿਸ ਨੂੰ ਸੁਪਰੀਮ ਕੋਰਟ ਨੇ ਸਾਲ 2004 ਵਿਚ ਰੱਦ ਕਰ ਦਿੱਤਾ ਸੀ ਅਤੇ ਕਿਹਾ ਸੀ ਕਿ ਪੰਜਾਬ ਆਪਣੇ ਹਿੱਸੇ ਵਿਚ ਨਹਿਰ ਦੇ ਅਧੂਰੇ ਨਿਰਮਾਣ ਨੂੰ ਪੂਰਾ ਕਰਵਾਏ।

# ਸੈਲਾਨੀਆਂ ਲਈ ਖਿੱਚ ਦਾ ਕੇਂਦਰ ਬਣਿਆ ਤਾਜ ਮਹੱਲ

**ਨਵੀਂ ਦਿੱਲੀ:** ਭਾਰਤ 'ਚ ਬਣੀਆਂ ਵੱਖ-ਵੱਖ ਇਤਿਹਾਸਕ ਇਮਾਰਤਾਂ ਸਬੰਧੀ ਸਰਕਾਰ ਦੇ ਮਨਿਸਟਰੀ ਆਫ ਟੂਰਿਜ਼ਮ ਦੀ ਸੰਨ 2017 ਦੀ ਰਿਪੋਰਟ ਦੇ ਅੰਕੜਿਆਂ ਅਨੁਸਾਰ ਦੁਨੀਆਂ ਦੇ 7



ਅਜੂਬਿਆਂ ਵਿਚੋਂ ਇਕ ਗਿਣਿਆਂ ਜਾਂਦਾ ਤਾਜ ਮਹਿਲ ਭਾਰਤ ਵਿਚਲੇ ਸਮਾਰਕਾਂ ਵਿਚੋਂ ਦੇਸੀ ਅਤੇ ਵਿਦੇਸ਼ੀ ਸੈਲਾਨੀਆਂ ਲਈ ਸਭ ਤੋਂ ਵੱਧ ਖਿੱਚ ਦਾ ਕੇਂਦਰ ਬਣਿਆ ਹੋਇਆ ਹੈ। ਇਥੇ ਪਹੁੰਚਣ ਵਾਲੇ ਸੈਲਾਨੀਆਂ ਦੀ ਗਿਣਤੀ ਹਰ ਵਰ੍ਹੇ ਵਧਦੀ ਜਾ ਰਹੀ ਹੈ। ਉਪਰੋਕਤ ਰਿਪੋਰਟ ਅਨੁਸਾਰ 2016 ਦੌਰਾਨ 40,97,897 ਦੇਸੀ ਸੈਲਾਨੀ ਤਾਜ ਮਹਿਲ 'ਚ ਪੁੱਜੇ ਸਨ ਜਦੋਂ ਕਿ 395760 ਵਿਦੇਸ਼ੀ ਸੈਲਾਨੀਆਂ ਨੇ ਇਥੇ ਸ਼ਿਰਕਤ ਕੀਤੀ ਸੀ।

ਭਾਰਤ ਵਿਚਲੇ 10 ਮਹੱਤਵਪੂਰਨ ਸਮਾਰਕਾਂ ਵਿਚੋਂ ਤਾਜ ਮਹਿਲ ਵਿਚ ਪਹੁੰਚਣ ਵਾਲੇ ਸੈਲਾਨੀਆਂ ਦੀ ਗਿਣਤੀ ਸਭ ਤੋਂ ਵੱਧ ਹੈ, ਜਦੋਂ ਕਿ ਆਗਰੇ ਦੇ ਕਿਲ੍ਹੇ ਨੂੰ ਦੇਖਣ ਲਈ 3,39,667 ਸੈਲਾਨੀ 2016 'ਚ ਪੁੱਜੇ ਸਨ ਜਿਸ ਨਾਲ ਇਹ ਦੂਜੇ ਸਥਾਨ ਉਤੇ ਹੈ। ਇਸੇ ਤਰ੍ਹਾਂ 334435 ਵਿਦੇਸ਼ੀ ਸੈਲਾਨੀਆਂ ਦੇ ਕੁਤਬ ਮਿਨਾਰ ਦਿੱਲੀ ਵਿਖੇ ਸੈਲਾਨੀਆਂ ਦੀ ਆਮਦ ਦੇ ਪੱਖ ਤੋਂ ਤੀਜੇ ਸਥਾਨ ਉਤੇ ਹੈ ਜਦੋਂ ਕਿ 147667 ਸੈਲਾਨੀ ਹਿਮਾਂਯੂ ਦੇ ਮਕਬਰੇ ਦੇਖਣ ਲਈ ਪੁੱਜੇ, ਇਸੇ ਤਰ੍ਹਾਂ ਫ਼ਤਿਹਪੁਰ ਸਿਕਰੀ 144070 ਵਿਦੇਸ਼ੀ ਸੈਲਾਨੀ ਪੁੱਜੇ, ਇਤਿਮਦ ਉਦ ਦੁਲਹਾ 'ਚ 132276 ਵਿਦੇਸ਼ੀ ਸੈਲਾਨੀਆਂ ਨੇ ਸ਼ਿਰਕਤ ਕੀਤੀ।

ਗਾਜ਼ੀਪੁਰ 'ਚ ਲਾਰਡ ਕਾਰਡਵੈਲਸ ਦੇ ਮਕਬਰੇ ਵਿਚ 88282 ਅਤੇ ਕੋਚੀ ਮਿਊਜ਼ੀਅਮ ਦੇ ਮੈਟਨਚੇਰੀ ਮਹਿਲ 'ਚ 77634 ਵਿਦੇਸ਼ੀ ਸੈਲਾਨੀ, ਲਾਲ ਕਿਲ੍ਹਾ ਦਿੱਲੀ 'ਚ 75771, ਸਮਾਰਕਾਂ ਦੇ ਸਮੂਹ ਮਾਮਲਾਪੁਰਮ 'ਚ 64260 ਜਦੋਂ ਕਿ ਭਾਰਤ 'ਚ ਵੱਖ-ਵੱਖ ਥਾਵਾਂ ਉਤੇ ਬਣੇ ਹੋਰਨਾਂ ਸਮਾਰਕਾਂ 'ਚ 579627 ਵਿਦੇਸ਼ੀ ਸੈਲਾਨੀਆਂ ਨੇ ਪਹੁੰਚ ਕੇ ਖੂਬਸੂਰਤੀ ਦਾ ਅਨੰਦ ਮਾਣਿਆਂ ਪਰ ਜੇਕਰ ਉਪਰੋਕਤ ਅੰਕੜਿਆਂ ਉਤੇ ਨਜ਼ਰ ਮਾਰੀਏ ਤਾਂ ਤਾਜ ਮਹਿਲ 'ਚ ਸਭ ਤੋਂ ਵੱਧ ਸੈਲਾਨੀਆਂ ਦੀ ਆਮਦ ਨਾਲ ਇਹ ਦੇਸੀ ਅਤੇ ਵਿਦੇਸ਼ੀ ਦੋਨਾਂ ਸੈਲਾਨੀਆਂ ਲਈ ਵੱਡੀ ਖਿੱਚ ਦਾ ਕੇਂਦਰ ਬਣਿਆ ਹੋਇਆ ਹੈ।

# ਭਾਰਤੀ ਮੂਲ ਦਾ 14 ਸਾਲਾ ਬੱਚਾ ਬਣਿਆ ਇੰਜੀਨੀਅਰ

**ਵਾਸ਼ਿੰਗਟਨ:** ਭਾਰਤੀ ਮੂਲ ਦੇ ਤਨਿਸ਼ਕ ਨੇ 14 ਸਾਲ ਦੀ ਉਮਰ ਵਿਚ ਇੰਜੀਨੀਅਰਿੰਗ ਦੀ ਡਿਗਰੀ ਹਾਸਲ ਕਰ ਕੇ ਪੂਰੇ ਅਮਰੀਕਾ ਵਿਚ ਤਹਿਲਕਾ ਮਚਾ ਦਿੱਤਾ ਹੈ। 14 ਸਾਲ ਦੀ ਉਮਰ ਵਿਚ ਭਾਰਤ ਮੂਲ ਦੇ ਅਮਰੀਕੀ ਨੇ ਕੈਲੀਫੋਰਨੀਆ ਯੂਨੀਵਰਸਿਟੀ ਤੋਂ ਬਾਇਓ-ਮੈਡੀਕਲ ਵਿਚ ਇੰਜੀਨੀਅਰਿੰਗ ਦੀ ਡਿਗਰੀ ਹਾਸਲ ਕੀਤੀ ਹੈ।



ਤਿੰਨ ਸਾਲ ਪਹਿਲਾਂ ਇਕ ਖਬਰ ਛਪੀ ਸੀ ਜਿਸ ਵਿਚ ਕਿਹਾ ਗਿਆ ਸੀ ਕਿ 11 ਸਾਲਾਂ ਦਾ ਬੱਚਾ ਤਨਿਸ਼ਕ ਅਬਰਾਹਮ ਕੈਲੀਫੋਰਨੀਆ ਕਮਿਊਨਿਟੀ ਕਾਲਜ ਤੋਂ ਗਰੈਜੂਏਸ਼ਨ ਕਰ ਰਿਹਾ ਹੈ। ਹੁਣ ਇਸੇ ਬੱਚੇ ਨੇ ਯੂਨੀਵਰਸਿਟੀ ਦੇ ਯੂਸੀ ਡੇਵਿਸ ਕਾਲਜ ਤੋਂ 14 ਸਾਲ ਦੀ ਉਮਰ ਵਿਚ ਗਰੈਜੂਏਸ਼ਨ ਪੂਰੀ ਕਰਕੇ ਵੱਡੀ ਉਪਲਬਧੀ ਹਾਸਲ ਕੀਤੀ ਹੈ। ਹੁਣ ਉਹ ਇਸੇ ਵਿਸ਼ੇ ਵਿਚ ਪੀਐਚ. ਡੀ. ਕਰ ਰਿਹਾ ਹੈ।

ਤਨਿਸ਼ਕ ਨੂੰ ਇਹ ਡਿਗਰੀ ਉਸ ਦੇ ਜਨਮ ਦਿਨ ਤੋਂ ਕੁਝ ਦਿਨ ਪਹਿਲਾਂ ਪਿਤਾ ਦਿਵਸ ਮੌਕੇ ਮਿਲੀ ਜੋ ਉਸ ਦੇ ਪਿਤਾ ਲਈ ਕਿਸੇ ਤੋਹਫੇ ਤੋਂ ਘੱਟ ਨਹੀਂ। ਤਨਿਸ਼ਕ ਦੀ ਮਾਂ ਤਾਜੀ ਨੇ ਇਸ ਸਬੰਧੀ ਕਿਹਾ ਕਿ ਇਹ ਇਹ ਉਨ੍ਹਾਂ ਦੇ ਪਤੀ ਤੇ ਪਿਤਾ ਦੋਵਾਂ ਲਈ ਉਤਮ ਤੋਹਫਾ ਹੈ। ਤਾਜੀ ਖੁਦ ਪਸ਼ੂ ਵਿਗਿਆਨ ਦੀ ਡਾਕਟਰ ਹਨ। ਤਨਿਸ਼ਕ ਦੇ ਪਿਤਾ ਸਾਫਟਵੇਅਰ ਇੰਜੀਨੀਅਰ ਹਨ। ਤਨਿਸ਼ਕ ਦੇ ਦਾਦਾ-ਦਾਦੀ ਵੀ ਪਸ਼ੂ ਵਿਗਿਆਨ ਵਿਚ ਪੀਐਚ. ਡੀ. ਹਨ।

## 'ਏਕ ਡਾਕਟਰ ਕੀ ਮੌਤ' ਦੇ ਲੇਖਕ ਰਮਾਪਦ ਚੌਧਰੀ ਦਾ ਦੇਹਾਂਤ

**ਕੋਲਕਾਤਾ:** ਬੰਗਾਲੀ ਲੇਖਕ ਰਮਾਪਦ ਚੌਧਰੀ ਦਾ ਇਥੇ ਦੇ ਹਸਪਤਾਲ 'ਚ ਦੇਹਾਂਤ ਹੋ ਗਿਆ। ਸ੍ਰੀ ਚੌਧਰੀ ਦੀ ਕਹਾਣੀ 'ਅਭਿਮੰਨਿਊ' ਉਤੇ ਹਿੰਦੀ ਫਿਲਮ 'ਏਕ ਡਾਕਟਰ ਕੀ ਮੌਤ' ਵੀ ਬਣ ਚੁੱਕੀ ਹੈ। ਉਹ 95 ਸਾਲਾਂ ਦੇ ਸਨ ਤੇ ਆਪਣੇ ਪਿੱਛੇ ਪਤਨੀ ਤੇ ਦੋ ਲੜਕੀਆਂ ਨੂੰ ਛੱਡ ਗਏ ਹਨ।

28 ਦਸੰਬਰ 1922 'ਚ ਖੜਕਪੁਰ 'ਚ ਜੰਮੇ ਸ੍ਰੀ ਚੌਧਰੀ ਦੀ ਕਹਾਣੀ 'ਅਭਿਮੰਨਿਊ' ਡਾ. ਸੁਭਾਸ਼ ਮੁਖੋਪਧਿਆਏ ਦੇ ਜੀਵਨ ਤੇ ਉਨ੍ਹਾਂ ਦੇ ਕੰਮ ਉਤੇ ਅਧਾਰਤ ਹੈ, ਜਿਨ੍ਹਾਂ 1978 'ਚ ਭਾਰਤ ਦਾ ਪਹਿਲਾ ਤੇ ਦੁਨੀਆਂ ਦਾ ਦੂਜਾ ਟੈਸਟ ਟਿਊਬ ਬੇਬੀ ਤਿਆਰ ਕੀਤਾ ਸੀ। ਨਿਰਦੇਸ਼ਕ ਤਪਨ ਸਿਨ੍ਹਾਂ ਨੇ 1990 'ਚ ਸ੍ਰੀ ਚੌਧਰੀ ਦੀ ਹੀ ਇਕ ਹੋਰ ਕਹਾਣੀ 'ਬੀਜ' ਉਤੇ ਐਵਾਰਡ ਜੇਤੂ ਫਿਲਮ 'ਏਕ ਦਿਨ ਅਚਾਨਕ' ਬਣਾਈ ਸੀ।

# ਨਸਲੀ ਟਿੱਪਣੀ ਕਰਨ ਵਾਲਾ ਰੇਡੀਓ ਪੇਸ਼ਕਾਰ ਮੁਅੱਤਲ

**ਨਿਊ ਯਾਰਕ:** ਅਮਰੀਕਾ ਦੇ ਪਹਿਲੇ ਸਿੱਖ ਅਮਰੀਕੀ ਅਟਾਰਨੀ ਜਨਰਲ ਗੁਰਬੀਰ ਗਰੇਵਾਲ ਨੂੰ 'ਟਰਬਨਮੈਨ' ਕਹਿਣ ਵਾਲੇ ਦੋ ਰੇਡੀਓ



ਪੇਸ਼ਕਾਰਾਂ ਨੇ ਆਪਣੀਆਂ ਨਸਲੀ ਟਿੱਪਣੀਆਂ ਲਈ ਮੁਆਫੀ ਮੰਗੀ ਹੈ। ਉਨ੍ਹਾਂ ਨੂੰ 'ਅਪਮਾਨਜਨਕ ਅਤੇ ਬੇਥਵੀ' ਭਾਸ਼ਾ ਦੀ ਵਰਤੋਂ ਕਰਨ ਲਈ 10 ਦਿਨ ਲਈ ਮੁਅੱਤਲ ਕਰ ਦਿੱਤਾ ਗਿਆ ਹੈ।

ਐਨ.ਜੇ. 101.5 ਐਫ.ਐਮ. ਉਤੇ 'ਡੈਨਿਸ ਐਂਡ ਜੂਡੀ ਸ਼ੋਅ' ਪੇਸ਼ ਕਰਨ ਵਾਲੇ ਡੈਨਿਸ ਮੈਲੋਏ ਅਤੇ ਜੂਡੀ ਫਰੈਂਕੋ ਨੇ ਭੰਗ ਨਾਲ ਜੁੜੇ ਮਾਮਲੇ 'ਤੇ ਗਰੇਵਾਲ ਦੇ ਇਕ ਮੁਅੱਤਲੀ ਦੇ ਫੈਸਲੇ ਉਤੇ ਪ੍ਰੋਗਰਾਮ ਦੌਰਾਨ ਚਰਚਾ ਕਰਦੇ ਹੋਏ ਉਨ੍ਹਾਂ ਨੂੰ 'ਟਰਬਨਮੈਨ' ਵਜੋਂ ਸੰਬੋਧਨ ਕੀਤਾ ਸੀ। ਮੈਲੋਏ ਨੇ ਕਿਹਾ, ''ਤੁਸੀਂ ਅਟਾਰਨੀ ਜਨਰਲ ਨੂੰ ਜਾਣਦੇ ਹੋ? ਮੈਂ ਉਸ ਦਾ ਨਾਂ ਕਦੇ ਵੀ ਪਤਾ ਨਹੀਂ ਕਰਾਂਗਾ। ਮੈਂ ਉਸ ਨੂੰ ਸਿਰਫ 'ਟਰਬਨਮੈਨ' ਕਹਾਂਗਾ।'' ਇਸ ਪ੍ਰੋਗਰਾਮ ਦੀ ਆਡੀਓ ਵਾਇਰਲ ਹੋਣ ਉਤੇ ਰੇਡੀਓ ਪ੍ਰਬੰਧਕਾਂ ਨੂੰ ਸਾਰੇ ਪਾਸਿਉਂ ਆਲੋਚਨਾ ਦਾ ਸਾਹਮਣਾ ਕਰਨਾ ਪਿਆ।

ਮੈਲੋਏ ਨੇ ਇਕ ਵੀਡੀਓ ਸੰਦੇਸ਼ ਵਿਚ ਆਪਣੇ ਅਤੇ ਫਰੈਂਕੋ ਵੱਲੋਂ ਮੁਆਫੀ ਮੰਗੀ। ਉਨ੍ਹਾਂ ਕਿਹਾ ਕਿ ਜਾਹਰ ਹੈ ਕਿ ਉਹ ਜ਼ਿਆਦਾ ਸਨਮਾਨ ਦੇ ਹੱਕਦਾਰ ਹਨ। ਰੇਡੀਓ ਸਟੇਸ਼ਨ ਨੇ ਐਲਾਨ ਕੀਤਾ ਕਿ ਉਨ੍ਹਾਂ ਦੇ 10 ਦਿਨ ਲਈ ਦੋਵਾਂ ਨੂੰ ਮੁਅੱਤਲ ਕਰ ਦਿੱਤਾ ਹੈ ਅਤੇ ਛੇ ਅਗਸਤ ਤੱਕ ਉਹ ਪ੍ਰੋਗਰਾਮ ਪੇਸ਼ ਨਹੀਂ ਕਰਨਗੇ।

# ਭਾਰਤੀ ਮੂਲ ਦੇ ਸੈਨੇਟ ਉਮੀਦਵਾਰ 'ਤੇ ਨਸਲੀ ਹਮਲਾ

**ਨਿਊ ਯਾਰਕ:** ਭਾਰਤੀ ਮੂਲ ਦੇ ਅਮਰੀਕੀ ਸੈਨੇਟ ਉਮੀਦਵਾਰ ਉਤੇ ਵਿਰੋਧੀ ਉਮੀਦਵਾਰ ਦੇ ਸਮਰਥਕ ਨੇ ਨਸਲੀ ਹਮਲਾ ਕਰ ਦਿੱਤਾ। ਗੋਰੇ ਹਮਲਾਵਰ ਨੇ ਮੈਸਾਚੁਸੈਟਸ ਦੇ ਟਾਊਨ ਹਾਲ 'ਚ ਸ਼ਿਵਾ ਅਯੱਦੁਰਾਏ ਨੂੰ ਧੱਕਾ ਮਾਰਿਆ, ਜਿਸ ਨਾਲ ਉਹ ਲਹੂ-ਲੁਹਾਨ ਹੋ ਗਏ।

ਹਮਲੇ ਦੀ ਵੀਡੀਓ ਵੀ ਆਈ ਹੈ ਜਿਸ ਵਿਚ ਸ਼ਿਵਾ ਟਾਊਨ ਹਾਲ ਦੇ ਬਾਹਰ ਲਾਊਡਸਪੀਕਰ ਵਿਚ ਬੋਲ ਰਹੇ ਸਨ। ਪੌਲ ਸੋਲੋਵੇਅ ਨੇ ਉਸੇ ਲਾਊਡ ਸਪੀਕਰ ਨੂੰ ਧੱਕਾ ਦੇ ਦਿੱਤਾ ਜਿਸ ਨਾਲ ਸ਼ਿਵਾ ਦੇ ਬੁੱਲ੍ਹ ਤੇ ਦੰਦ ਜ਼ਖ਼ਮੀ ਹੋ ਗਏ।

ਸਥਾਨਕ ਮੀਡੀਆ ਰਿਪੋਰਟਾਂ ਮੁਤਾਬਕ 54 ਸਾਲਾ ਸ਼ਿਵਾ ਉਪਰ ਡੈਮੋਕ੍ਰੈਟਿਕ ਪਾਰਟੀ ਦੀ ਤਾਕਤਵਰ ਉਮੀਦਵਾਰ ਐਲਿਜ਼ਾਬੈਥ ਵਾਰੇਨ ਦੇ 74 ਸਾਲਾ ਸਮਰਥਕ ਪੌਲ ਸੋਲੋਵੇਅ ਨੇ ਪਿਛਲੇ ਹਫਤੇ ਹਮਲਾ ਕੀਤਾ। ਪੌਲ ਵੱਲੋਂ ਹਮਲੇ ਤੋਂ ਪਹਿਲਾਂ ਸ਼ਿਵਾ ਐਲਿਜ਼ਾਬੈਥ ਦੇ ਵਿਰੋਧ ਵਿਚ ਭਾਸ਼ਣ ਦੇ ਰਹੇ ਸਨ ਕਿ ਅਸੀਂ ਲੋੜੀਂਦੀ ਮਿਕਦਾਰ ਵਿਚ ਡਾਕਟਰ, ਇੰਜੀਨੀਅਰ ਬਣਾਉਣ ਵਿਸ ਸਫਲ ਨਹੀਂ ਹਾਂ, ਪਰ ਅਸੀਂ ਐਲਿਜ਼ਾਬੈਥ ਵਾਰੇਨ ਜਿਹੇ ਲੌਬਿੰਗ ਕਰਨ ਵਾਲੇ ਬਦਮਾਸ਼ ਵਕੀਲ ਜ਼ਰੂਰ ਪੈਦਾ ਕਰ ਲਏ ਹਨ। ਸ਼ਿਵਾ ਪ੍ਰਸਿੱਧ ਵਿਗਿਆਨੀ ਹਨ ਤੇ ਉਘੇ ਆਲੋਚਕ ਵੀ ਹਨ। ਆਪਣੇ ਉਪਰ ਹੋਏ ਹਮਲੇ ਤੋਂ ਬਾਅਦ ਉਨ੍ਹਾਂ ਵਿਰੋਧੀ ਸੈਨੇਟਰ ਐਲਿਜ਼ਾਬੈਥ ਨੂੰ ਟਵੀਟ ਕੀਤਾ ਕਿ ਉਹ ਉਨ੍ਹਾਂ ਉਪਰ ਕੀਤੇ ਗਏ ਹਮਲੇ ਦੀ ਸਪੱਸ਼ਟ ਰੂਪ ਵਿਚ ਨਿੰਦਾ ਕਰਨ।

# ਦੋ ਭਾਰਤੀਆਂ ਨੂੰ ਮਿਲਿਆ ਰਮਨ ਮੈਗਾਸਾਸੇ ਪੁਰਸਕਾਰ

**ਮਨੀਲਾ:** ਏਸ਼ੀਆ ਦੇ ਨੋਬਲ ਪੁਰਸਕਾਰ ਮੰਨੇ ਜਾਣ ਵਾਲੇ ਰਮਨ ਮੈਗਾਸਾਸੇ ਪੁਰਸਕਾਰ ਪ੍ਰਾਪਤ ਕਰਨ ਵਾਲਿਆਂ 'ਚ ਦੋ ਭਾਰਤੀ ਵੀ ਸ਼ਾਮਲ ਹਨ। ਇਸ ਸੂਚੀ 'ਚ ਕੰਬੋਡੀਆ ਦੇ ਕਤਲੇਆਮ ਤੋਂ ਬਚ ਨਿਕਲਣ ਵਾਲੇ ਵਿਅਕਤੀ ਦਾ ਵੀ ਨਾਂ ਸ਼ਾਮਲ ਹੈ। ਦੋ ਭਾਰਤੀਆਂ ਸਮੇਤ ਛੇ ਪੁਰਸਕਾਰ ਜੇਤੂਆਂ ਦਾ ਐਲਾਨ ਕੀਤਾ ਗਿਆ। ਭਾਰਤੀ ਪੁਰਸਕਾਰ ਜੇਤੂ ਭਾਰਤ ਵਟਵਾਨੀ ਨੂੰ ਸੜਕ 'ਤੇ ਭੀਖ ਮੰਗਣ ਵਾਲੇ ਹਜ਼ਾਰਾਂ ਮਾਨਸਿਕ ਰੋਗੀਆਂ ਦਾ ਇਲਾਜ ਕਰਵਾਉਣ ਅਤੇ ਉਨ੍ਹਾਂ ਦੇ ਪਰਿਵਾਰਾਂ ਨਾਲ ਮਿਲਾਉਣ ਲਈ ਪੁਰਸਕਾਰ ਦਿੱਤਾ ਗਿਆ। ਉਥੇ ਹੀ ਸੋਨਮ ਵਾਂਗਚੁਕ ਨੂੰ ਕੁਦਰਤ, ਸੰਸਕ੍ਰਿਤੀ ਅਤੇ ਸਿੱਖਿਆ ਜ਼ਰੀਏ ਭਾਈਚਾਰਕ ਪ੍ਰਗਤੀ ਲਈ ਕੰਮ ਕਰਨ ਲਈ ਇਹ ਪੁਰਸਕਾਰ ਮਿਲਿਆ। ਡਾਕਟਰ ਭਾਰਤ ਵਟਵਾਨੀ ਤੇ ਉਨ੍ਹਾਂ ਦੀ ਪਤਨੀ ਨੇ ਪਹਿਲਾਂ ਛੋਟੇ ਪੱਧਰ 'ਤੇ ਹੀ ਦਿਮਾਗੀ ਤੌਰ ਉਤੇ ਬਿਮਾਰ ਸੜਕਾਂ 'ਤੇ ਰਹਿਣ ਵਲਿਆਂ ਦਾ ਨਿੱਜੀ ਕਲੀਨਿਕ 'ਚ ਇਲਾਜ ਕਰਵਾਉਣਾ ਸ਼ੁਰੂ ਕੀਤਾ ਸੀ।


ਇਸ ਦੇ ਬਾਅਦ ਉਨ੍ਹਾਂ ਨੇ ਸੜਕਾਂ ਉਤੇ ਰਹਿ ਰਹੇ ਮਾਨਸਿਕ ਰੋਗੀਆਂ ਨੂੰ ਪਨਾਹ ਦੇਣ, ਖਾਣਾ ਮੁਹੱਈਆ ਕਰਵਾਉਣ, ਦਿਮਾਗੀ ਇਲਾਜ ਕਰਵਾਉਣ ਅਤੇ ਪਰਿਵਾਰ ਨਾਲ ਮਿਲਵਾਉਣ ਦੇ ਮਕਸਦ ਨਾਲ 1988 'ਚ ਸ਼ਰਧਾ ਰਿਹੈਬਿਲੀਟੇਸ਼ਨ ਫਾਊਂਡੇਸ਼ਨ ਦੀ ਸਥਾਪਨਾ ਕੀਤੀ। ਉਥੇ ਹੀ ਸੋਨਮ ਵਾਂਗਚੁਕ ਨੇ 1988 'ਚ ਇੰਜੀਨੀਅਰਿੰਗ ਦੀ ਡਿਗਰੀ ਹਾਸਲ ਕਰਨ ਬਾਅਦ ਸਟੂਡੈਂਟਸ ਐਜੂਕੇਸ਼ਨ ਐਂਡ ਕਲਚਰਲ ਮੂਵਮੈਂਟ ਆਫ ਲਦਾਖ ਦੀ ਸਥਾਪਨਾ ਕੀਤੀ ਤੇ ਲੱਦਾਖੀ ਵਿਦਿਆਰਥੀਆਂ ਨੂੰ ਕੋਚਿੰਗ ਦੇਣੀ ਸ਼ੁਰੂ ਕੀਤੀ। 1994 'ਚ ਵਾਂਗਚੁਕ ਨੇ 'ਅਪਰੇਸ਼ਨ ਨਿਊ ਹੋਪ' ਸ਼ੁਰੂ ਕੀਤੀ।

ਓ. ਐਨ.ਐਚ. ਕੋਲ 700 ਮਾਹਿਰ ਅਧਿਆਪਕ, 1000 ਵੀ.ਈ.ਸੀ. ਆਗੂ ਸਨ। ਇਸ ਤੋਂ ਪੜ੍ਹਨ ਵਾਲੇ ਵਿਦਿਆਰਥੀਆਂ ਦੀ ਮੈਟ੍ਰਿਕੁਲੇਸ਼ਨ ਪ੍ਰੀਖਿਆ 'ਚ ਸਫਲਤਾ ਦਰ 'ਚ ਤੇਜ਼ੀ ਨਾਲ ਵਾਧਾ ਦੇਖਿਆ ਗਿਆ। ਜਿਥੇ 1996 'ਚ ਸਿਰਫ 5 ਫੀਸਦੀ ਹੀ ਪਾਸ ਹੁੰਦੇ ਸਨ, ਉਥੇ 2015 'ਚ ਦਰ ਵਧ ਕੇ 75 ਫੀਸਦੀ ਹੋ ਗਈ।

## ਪੱਛਮੀ ਬੰਗਾਲ ਦਾ ਨਾਂ 'ਬਾਂਗਲਾ' ਕਰਨ ਲਈ ਮਤਾ ਪਾਸ

**ਕੋਲਕਾਤਾ:** ਪੱਛਮੀ ਬੰਗਾਲ ਵਿਧਾਨ ਸਭਾ ਨੇ ਸੂਬੇ ਦਾ ਨਾਂ 'ਬਾਂਗਲਾ' ਕਰਨ ਲਈ ਵਿਧਾਨ ਸਭਾ ਵਿਚ ਮਤਾ ਪਾਸ ਕਰ ਦਿੱਤਾ ਹੈ। ਰਾਜ ਨੂੰ ਹੁਣ ਕੇਂਦਰੀ ਗ੍ਰਹਿ ਮੰਤਰਾਲੇ ਤੋਂ ਇਸ ਫੈਸਲੇ ਉਤੇ ਮੋਹਰ ਲਾਏ ਜਾਣ ਦੀ ਉਡੀਕ ਹੈ।

ਸੂਬੇ ਵੱਲੋਂ ਇਹ ਪਹਿਲਕਦਮੀ ਰਾਜ ਦਾ ਨਾਂ ਅੱਖਰਾਂ ਦੀ ਤਰਤੀਬ ਅਨੁਸਾਰ ਤਿਆਰ ਕੀਤੀ ਜਾਂਦੀ ਸੂਚੀ ਵਿਚ ਅੱਗੇ ਲਿਆਉਣ ਲਈ ਕੀਤੀ ਦੱਸੀ ਗਈ ਹੈ।


ਨੈਸ਼ਨਲ ਟਰੱਕ ਡਰਾਈਵਿੰਗ ਸਕੂਲ
National Truck Driving School
1816 Main Ave., Secramento CA, 95838
ਸੈਕਰਾਮੈਂਟੋ, ਕੈਲੀਫੋਰਨੀਆ
*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ
ਨੈਸ਼ਨਲ ਟਰਾਂਸਪੋਰਟ ਕੰਪਨੀ ਲਈ
ਓਨਰ ਅਪਰੇਟਰ ਅਤੇ
ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 42 ਸੈਂਟ ਪ੍ਰਤੀ
ਮੀਲ ਦਿੱਤੇ ਜਾਣਗੇ

ਕੰਪਨੀ ਦੇ ਟਰੱਕ ਤੇ ਟਰੇਲਰ
ਲੀਜ਼ 'ਤੇ ਲੈ ਸਕਦੇ ਹੋ
Call For Special Price
Kashmir S. Thandi
Office: (866) 933-3038
Balhar S. Ranu Cell:916-502-7733

# ਪੰਜਾਬ ਵਿਚ ਮਿਡ-ਡੇ-ਮੀਲ ਯੋਜਨਾ ਫਿਰ ਵਿਵਾਦਾਂ 'ਚ ਆਈ

**ਚੰਡੀਗੜ੍ਹ:** ਮਿਡ-ਡੇ-ਮੀਲ ਦੀ ਗੁਣਵੱਤਾ ਇਕ ਵਾਰ ਫਿਰ ਵਿਵਾਦਾਂ ਦੇ ਘੇਰੇ ਵਿਚ ਆ ਗਈ ਹੈ ਅਤੇ ਇਸ ਵਾਰ ਇਹ ਵਿਵਾਦ ਇਕ ਸਕੂਲ ਦੇ ਮਿਡ-ਡੇ-ਮੀਲ ਵਿਚੋਂ ਮਰੀ ਹੋਈ ਕਿਰਲੀ ਮਿਲਣ ਅਤੇ ਇਸ ਕਾਰਨ ਲਗਭਗ 200 ਸਕੂਲੀ ਬੱਚਿਆਂ ਦੀ ਜ਼ਿੰਦਗੀ ਦਾਅ ਉਤੇ ਲੱਗ ਜਾਣ ਕਾਰਨ ਸਾਹਮਣੇ ਆਇਆ ਹੈ। ਮੌਜੂਦਾ ਅੰਕੜਿਆਂ ਅਨੁਸਾਰ ਪੰਜਾਬ ਦੇ ਕਰੀਬ 17 ਹਜ਼ਾਰ ਸਕੂਲਾਂ ਵਿਚ 8ਵੀਂ ਤੱਕ ਦੇ 35 ਲੱਖ ਬੱਚਿਆਂ ਨੂੰ ਦੁਪਹਿਰ ਦਾ ਭੋਜਨ ਦਿੱਤਾ ਜਾਂਦਾ ਹੈ। ਮਿਡ-ਡੇ-ਮੀਲ ਯੋਜਨਾ ਸਾਲ 1995 ਵਿਚ ਲਾਗੂ ਕੀਤੀ ਗਈ ਸੀ ਅਤੇ ਇਸ ਦੀ ਵਿਵਸਥਾ ਸੂਬਾ ਸਰਕਾਰਾਂ ਨੇ ਕੇਂਦਰ ਵੱਲੋਂ ਦਿੱਤੀ ਜਾਣ ਵਾਲੀ ਸਹਾਇਤਾ ਰਾਸ਼ੀ ਨਾਲ ਕਰਨੀ ਹੁੰਦੀ ਹੈ।



ਇਸ ਯੋਜਨਾ ਤਹਿਤ ਦਿੱਤਾ ਜਾਣ ਵਾਲਾ ਖਾਣਾ ਕਦੇ ਵੀ ਖ਼ੁਦ ਸਰਕਾਰ ਵੱਲੋਂ ਨਿਰਧਾਰਤ ਕੀਤੇ ਗਏ ਮਾਪਦੰਡਾਂ ਉਤੇ ਖਰਾ ਨਹੀਂ ਉਤਰਿਆ। ਇਸ ਦੇ ਨਾਲ ਹੀ ਜਿਹੜੇ ਸਕੂਲਾਂ ਵਿਚ ਮਿਡ-ਡੇ-ਮੀਲ ਦੀ ਵਿਵਸਥਾ ਹੁੰਦੀ ਹੈ, ਉਥੇ ਨਾ ਤਾਂ ਸਾਫ-ਸਫਾਈ ਦਾ ਕੋਈ ਪ੍ਰਬੰਧ ਹੁੰਦਾ ਹੈ ਅਤੇ ਨਾ ਹੀ ਖਾਣਾ ਪਰੋਸਣ ਲਈ ਸਾਫ-ਸੁਥਰੇ ਬਰਤਨ ਹੀ ਉਪਲਬਧ ਹੁੰਦੇ ਹਨ। ਇਸੇ ਕਾਰਨ ਲੰਘੇ ਸਮੇਂ ਦੌਰਾਨ ਵੀ ਕਈ ਥਾਵਾਂ ਤੋਂ ਮਿਡ-ਡੇ ਮੀਲ ਵਿਚੋਂ ਕਈ ਜ਼ਹਿਰੀਲੇ ਕੀੜੇ-ਮਕੌੜਿਆਂ ਦੇ ਮਿਲਣ ਦੀਆਂ ਖਬਰਾਂ ਮਿਲਦੀਆਂ ਰਹੀਆਂ ਹਨ। ਮਿਡ-ਡੇ-ਮੀਲ ਯੋਜਨਾ ਜਦੋਂ ਸ਼ੁਰੂ ਹੋਈ ਸੀ, ਤਾਂ ਪਹਿਲੇ 2-3 ਸਾਲ ਤੱਕ ਇਹ ਯੋਜਨਾ ਕਾਫੀ ਕਾਰਗਰ ਭੂਮਿਕਾ ਨਿਭਾਉਂਦੀ ਰਹੀ ਪਰ ਹੌਲੀ-ਹੌਲੀ ਇਸ ਕਵਾਇਦ ਵਿਚ ਭਾਰੀ ਖਾਮੀਆਂ ਪੈਦਾ ਹੋਣ ਲੱਗੀਆਂ ਅਤੇ ਕਈ ਸੂਬਿਆਂ ਵਿਚ ਇਹ ਯੋਜਨਾ ਵਾਰ-ਵਾਰ ਬੰਦ ਵੀ ਹੁੰਦੀ ਰਹੀ। ਪੰਜਾਬ ਵੀ ਇਕ ਅਜਿਹਾ ਸੂਬਾ ਹੈ ਜਿਥੇ ਇਸ ਯੋਜਨਾ ਨੇ ਸਫਲਤਾ ਦਾ ਕੋਈ ਖਾਸ ਮੁਕਾਮ ਹਾਸਲ ਨਹੀਂ ਕੀਤਾ।

ਪੰਜਾਬ ਵਿਚ ਇਸ ਯੋਜਨਾ ਉਤੇ ਪੂਰੇ ਸਾਲ ਵਿਚ ਲਗਭਗ 220 ਕਰੋੜ ਰੁਪਏ ਖਰਚ ਹੁੰਦੇ ਹਨ ਅਤੇ ਇਨ੍ਹਾਂ ਵਿਚੋਂ 110 ਕਰੋੜ ਰੁਪਏ ਸਿਰਫ ਖਾਣਾ ਪਕਾਉਣ ਸਬੰਧੀ ਹੀ ਖਰਚੇ ਜਾਂਦੇ ਹਨ। ਖਾਣਾ ਬਣਾਉਣ ਵਾਲਿਆਂ ਦੀ ਉਦਾਸੀਨਤਾ ਦਾ ਆਲਮ ਇਹ ਹੈ ਕਿ ਕੌਮੀ ਪੱਧਰ 'ਤੇ ਇਸ ਯੋਜਨਾ ਨਾਲ ਜੁੜੇ 11.34 ਲੱਖ ਸਕੂਲਾਂ ਵਿਚੋਂ 3 ਲੱਖ ਤੋਂ ਜ਼ਿਆਦਾ ਸਕੂਲਾਂ ਵਿਚ ਰਸੋਈ ਦੀ ਵਿਵਸਥਾ ਹੀ ਨਹੀਂ ਹੈ। ਇਸੇ ਮਹੀਨੇ ਦੀ 26 ਤਰੀਕ ਨੂੰ ਪਟਿਆਲਾ ਜ਼ਿਲ੍ਹਾ ਅਧੀਨ ਪੈਂਦੇ ਇਕ ਸਕੂਲ 'ਚ ਬੱਚਿਆਂ ਨੂੰ ਮਾੜਾ ਖਾਣਾ ਪਰੋਸਿਆ ਗਿਆ ਜਿਸ ਦੀ ਜਾਣਕਾਰੀ ਇਕ ਬੱਚੀ ਦੀ ਪਲੇਟ ਵਿਚ ਮਰੀ ਹੋਈ ਕਿਰਲੀ ਦੇ ਮਿਲਣ ਤੋਂ ਬਾਅਦ ਲੱਗੀ ਅਤੇ ਇਸ ਨੂੰ ਦੇਖਦਿਆਂ ਹੋਰਾਂ ਬੱਚਿਆਂ ਨੇ ਵੀ ਆਪਣਾ ਖਾਣਾ ਸੁੱਟ ਦਿੱਤਾ। ਘਟਨਾ ਤੋਂ ਸਿਰਫ 6 ਦਿਨ ਪਹਿਲਾਂ ਜਲੰਧਰ ਦੇ ਇਕ ਹੋਸਟਲ ਵਿਚ ਵੀ ਕਿਰਲੀ ਵਾਲਾ ਖਾਣਾ ਖਾਣ ਨਾਲ 29 ਬੱਚੇ ਬਿਮਾਰ ਹੋ ਗਏ ਸਨ। ਇਸ ਯੋਜਨਾ ਨਾਲ ਜੁੜੇ ਲੋਕਾਂ ਦੇ ਗੈਰ-ਜ਼ਿੰਮੇਵਾਰਾਨਾ ਰਵੱਈਏ ਦਾ ਅੰਦਾਜ਼ਾ ਇਸ ਤੱਥ ਤੋਂ ਵੀ ਲਗਾਇਆ ਜਾ ਸਕਦਾ ਹੈ ਕਿ ਸੂਬਾ ਪੱਧਰ ਦੇ ਇਕ ਅਧਿਕਾਰੀ ਤੋਂ ਜਦੋਂ ਇਸ ਸਬੰਧੀ ਪੁੱਛਿਆ ਗਿਆ ਤਾਂ ਉਸ ਦਾ ਜਵਾਬ ਸੀ ਕਿ ਕਿਰਲੀ ਨਿਕਲ ਆਈ ਤਾਂ ਕੀ ਹੋ ਗਿਆ, ਸੜਕੀ ਦੁਰਘਟਨਾਵਾਂ ਵੀ ਤਾਂ ਹੁੰਦੀਆਂ ਰਹਿੰਦੀਆਂ ਹਨ।

ਇਸ ਯੋਜਨਾ ਦਾ ਸਭ ਤੋਂ ਗੰਭੀਰ ਪੱਖ ਇਹ ਵੀ ਹੈ ਕਿ ਇਸ ਯੋਜਨਾ ਸਬੰਧੀ ਵਿੱਤੀ ਸੰਕਟ ਹਮੇਸ਼ਾ ਬਣਿਆ ਹੀ ਰਹਿੰਦਾ ਹੈ। ਪਹਿਲਾਂ ਤਾਂ ਕੇਂਦਰ ਦਾ ਹਿੱਸਾ ਆਉਣ ਵਿਚ ਦੇਰੀ ਹੋ ਜਾਂਦੀ ਹੈ ਫਿਰ ਸੂਬਿਆਂ ਨੂੰ ਆਪਣੇ ਹਿੱਸੇ ਦਾ ਪ੍ਰਬੰਧ ਕਰਨ ਵਿਚ ਪਰੇਸ਼ਾਨੀ ਹੁੰਦੀ ਹੈ। ਮੌਜੂਦਾ ਸਮੇਂ ਵੀ ਕੇਂਦਰ ਨੇ ਆਪਣੇ ਹਿੱਸੇ ਵਿਚੋਂ 37 ਕਰੋੜ 8 ਲੱਖ 49 ਹਜ਼ਾਰ ਰੁਪਏ ਦੀ ਕਿਸ਼ਤ ਜਾਰੀ ਕਰ ਦਿੱਤੀ ਹੈ, ਪਰ ਜਦੋਂ ਤੱਕ ਸੂਬਾ ਸਰਕਾਰ ਆਪਣੇ ਹਿੱਸੇ ਦੇ 22 ਕਰੋੜ ਰੁਪਏ ਇਸ ਵਿਚ ਨਹੀਂ ਪਾਉਂਦੀ, ਉਦੋਂ ਤੱਕ ਇਸ ਰਕਮ ਦੀ ਵਰਤੋਂ ਨਹੀਂ ਕੀਤੀ ਜਾ ਸਕਦੀ। ਕੇਂਦਰ ਤੋਂ ਮਿਲਣ ਵਾਲੀ ਰਕਮ ਕਈ ਵਾਰ ਜ਼ਬਤ ਵੀ ਹੋ ਜਾਂਦੀ ਹੈ ਅਤੇ ਅਕਸਰ ਇਸ ਵਿਚ ਭ੍ਰਿਸ਼ਟਾਚਾਰ ਹੋਣ ਦੀਆਂ ਖਬਰਾਂ ਵੀ ਮਿਲਦੀਆਂ ਰਹੀਆਂ ਹਨ।

# ਸਰਕਾਰ ਨੇ ਵਿਦਿਆਰਥੀਆਂ ਨੂੰ ਰਾਹਤ ਦੇਣ ਤੋਂ ਹੱਥ ਖਿੱਚਿਆ

**ਪਟਿਆਲਾ:** ਕੈਪਟਨ ਸਰਕਾਰ ਸੂਬੇ ਦੇ ਸਰਕਾਰੀ ਕਾਲਜਾਂ ਦੇ ਵਿਦਿਆਰਥੀਆਂ ਨੂੰ ਪੀ.ਟੀ.ਏ. ਫੰਡ ਦੇ ਵਾਧੂ ਵਿੱਤੀ ਬੋਝ ਤੋਂ ਛੁਟਕਾਰਾ ਦਿਵਾਉਣ ਦੇ ਰੌਂਅ ਵਿਚ ਨਹੀਂ ਹੈ। ਪੰਜਾਬ ਸਰਕਾਰ ਵੱਲੋਂ ਸਰਕਾਰੀ ਕਾਲਜਾਂ ਨੂੰ ਸਾਰੇ ਵਿਦਿਆਰਥੀਆਂ ਤੋਂ ਪਹਿਲਾਂ ਵਾਂਗ ਹੀ ਪੀ.ਏ.ਏ. ਫੰਡ ਉਗਰਾਹੁਣ ਬਾਰੇ ਪੱਤਰ ਜਾਰੀ ਕੀਤਾ ਗਿਆ ਹੈ। ਉਧਰ, ਐਤਕੀਂ ਕਾਲਜਾਂ ਵਿਚ ਵਿਦਿਆਰਥੀਆਂ ਦੀ ਘੱਟ ਰਹੀ ਗਿਣਤੀ ਤੋਂ ਪੀ.ਟੀ.ਏ. ਫੰਡ ਵਧਾਉਣ ਦੇ ਵੀ ਹਾਲਾਤ ਉਪਜਣ ਲੱਗੇ ਹਨ, ਨਹੀਂ ਤਾਂ ਕਾਲਜ ਵਿਚ ਗੈਸਟ ਫੈਕਲਟੀ ਦੀਆਂ ਤਨਖਾਹਾਂ ਦੇਣੀਆਂ ਔਖੀਆਂ ਹੋ ਜਾਣਗੀਆਂ।

ਦੱਸਣਯੋਗ ਹੈ ਕਿ ਪੀ.ਟੀ.ਏ. ਫੰਡ ਪੰਜਾਬ ਸਰਕਾਰ ਵੱਲੋਂ ਵਿਦਿਆਰਥੀਆਂ 'ਤੇ ਵਾਧੂ ਵਿੱਤੀ ਬੋਝ ਮੰਨਿਆ ਜਾਂਦਾ ਹੈ। ਇਹ ਫੰਡ ਗੈਸਟ ਫੈਕਲਟੀ ਅਧਿਆਪਕਾਂ ਨੂੰ ਤਨਖਾਹ ਦੇਣ ਅਤੇ ਕਾਲਜਾਂ ਦੀਆਂ ਹੋਰ ਲੋੜਾਂ ਪੂਰੀਆਂ ਕਰਨ ਲਈ ਵਰਤੇ ਜਾਂਦੇ ਹਨ। ਸਰਕਾਰ ਵੱਲੋਂ ਸਰਕਾਰੀ ਕਾਲਜਾਂ ਵਿਚ ਅਧਿਆਪਕਾਂ ਦੀ ਭਰਤੀ ਤੋਂ ਹੱਥ ਖਿੱਚ ਲੈਣ ਨਾਲ ਬਹੁਤੇ ਕਾਲਜ ਗੈਸਟ ਫੈਕਲਟੀ ਸਹਾਰੇ ਚੱਲ ਰਹੇ ਹਨ। ਪੰਜਾਬ ਦੇ 48 ਕਾਲਜਾਂ ਵਿਚ ਇਸ ਵੇਲੇ 786 ਅਧਿਆਪਕਾਂ ਦੀਆਂ ਅਸਾਮੀਆਂ ਗੈਸਟ ਫੈਕਲਟੀ ਰਾਹੀਂ ਭਰੀਆਂ ਹੋਈਆਂ ਹਨ ਤੇ ਇਸ ਫੈਕਲਟੀ ਨੂੰ ਤਨਖਾਹ ਦਾ ਬੰਦੋਬਸਤ ਪੀ.ਟੀ.ਏ. ਫੰਡ ਰਾਹੀਂ ਕੀਤਾ ਜਾ ਰਿਹਾ ਹੈ। ਇਸ ਫੈਕਲਟੀ ਨੂੰ ਤਨਖਾਹ ਲਈ ਪੰਜਾਬ ਸਰਕਾਰ ਵੱਲੋਂ ਸਿਰਫ 10 ਹਜ਼ਾਰ ਹੀ ਦਿੱਤੇ ਜਾਂਦੇ ਹਨ, ਜਦੋਂਕਿ ਬਾਕੀ ਪੌਣੇ 12 ਹਜ਼ਾਰ ਦੇ ਕਰੀਬ ਸਬੰਧਤ ਕਾਲਜ ਮੈਨੇਜਮੈਂਟ ਪੀਟੀਏ ਫੰਡ ਵਿਚੋਂ ਅਦਾ ਕਰਦੀ ਹੈ।

ਪੀ.ਟੀ.ਏ. ਫੰਡਾਂ ਕਾਰਨ ਮਾਪਿਆਂ ਤੇ ਵਿਦਿਆਰਥੀਆਂ ਵਿਚ ਕਾਫੀ ਸਮੇਂ ਤੋਂ ਰੋਸ ਸੀ ਤੇ ਉਮੀਦ ਸੀ ਕਿ ਕੈਪਟਨ ਸਰਕਾਰ ਵਿਦਿਆਰਥੀਆਂ ਨੂੰ ਪੀ.ਟੀ.ਏ. ਫੰਡਾਂ ਤੋਂ ਰਾਹਤ ਦੇ ਦੇਵੇਗੀ, ਪਰ ਡਾਇਰੈਕਟਰ ਸਿੱਖਿਆ ਵਿਭਾਗ (ਕਾਲਜਾਂ) ਵੱਲੋਂ 26 ਜੁਲਾਈ ਨੂੰ ਪੱਤਰ ਜਾਰੀ ਕਰ ਕੇ ਸਾਰੇ ਸਰਕਾਰੀ ਕਾਲਜਾਂ ਦੇ ਪ੍ਰਿੰਸੀਪਲਾਂ ਨੂੰ ਹਦਾਇਤ ਕੀਤੀ ਹੈ ਕਿ ਪਿਛਲੇ ਸਾਲਾਂ ਦੀ ਤਰ੍ਹਾਂ ਪੀ.ਟੀ.ਏ. ਫੰਡ ਜਾਰੀ ਰੱਖੇ ਜਾਣ ਉਤੇ ਇਹ ਫੰਡ ਹਰ ਵਰਗ ਦੇ ਵਿਦਿਆਰਥੀ ਕੋਲੋਂ ਵਸੂਲੇ ਜਾਣ।

# ਮਿਸ਼ਨ-2019: ਬਸਪਾ ਨਾਲ ਹੱਥ ਮਿਲਾਉਣਗੀਆਂ ਗਰਮਖਿਆਲੀ ਧਿਰਾਂ

**ਚੰਡੀਗੜ੍ਹ:** ਗਰਮਦਲੀ ਸਿੱਖ ਧਿਰਾਂ ਵੱਲੋਂ ਆਗਾਮੀ ਸਾਲ 2019 ਦੀਆਂ ਲੋਕ ਸਭਾ ਚੋਣਾਂ ਵਿਚ ਬਹੁਜਨ ਸਮਾਜ ਪਾਰਟੀ (ਬਸਪਾ) ਨਾਲ ਹੱਥ ਮਿਲਾਉਣ ਦਾ ਐਲਾਨ ਕਰਦਿਆਂ ਬੀਬੀ ਮਾਇਆਵਤੀ ਨੂੰ ਪ੍ਰਧਾਨ ਮੰਤਰੀ ਦਾ ਉਮੀਦਵਾਰ ਬਣਾਉਣ ਦੀ ਆਵਾਜ਼ ਉਠਾਈ ਹੈ।

ਯੂਨਾਈਟਿਡ ਅਕਾਲੀ ਦਲ ਦੇ ਸਕੱਤਰ ਜਨਰਲ ਭਾਈ ਗੁਰਦੀਪ ਸਿੰਘ ਤੇ ਸੀਨੀਅਰ ਮੀਤ ਪ੍ਰਧਾਨ ਗੁਰਨਾਮ ਸਿੰਘ ਸਿੱਧੂ ਨੇ ਖੁਲਾਸਾ ਕੀਤਾ ਕਿ ਉਨ੍ਹਾਂ ਦੀ ਬਸਪਾ ਪੰਜਾਬ ਦੇ ਇੰਚਾਰਜ ਨਾਲ ਇਸ ਸਬੰਧੀ ਗੱਲਬਾਤ ਹੋ ਚੁੱਕੀ ਹੈ। ਉਹ ਭਾਜਪਾ ਨੂੰ ਹਰਾਉਣ ਲਈ ਉਨ੍ਹਾਂ ਦੀਆਂ ਵਿਰੋਧੀ ਪਾਰਟੀਆਂ ਕੋਲ ਪਹੁੰਚ ਕਰਨਗੇ ਅਤੇ ਜ਼ੋਰ ਪਾਉਣਗੇ ਕਿ ਘੱਟ ਗਿਣਤੀ ਅਤੇ ਦਲਿਤ ਵਰਗ ਦੀ ਯੋਗ ਨੁਮਾਇੰਦਗੀ ਕਰਨ ਲਈ ਉਹ ਆਗਾਮੀ ਲੋਕ ਸਭਾ ਚੋਣਾਂ ਦੌਰਾਨ ਬੀਬੀ ਮਾਇਆਵਤੀ ਨੂੰ ਪ੍ਰਧਾਨ ਮੰਤਰੀ ਦਾ ਉਮੀਦਵਾਰ ਬਣਾਉਣ ਦੀ ਸਹਿਮਤੀ ਦੇਣ। ਭਾਈ ਗੁਰਦੀਪ ਸਿੰਘ ਨੇ ਕਿਹਾ ਕਿ ਉਹ ਮੁਸਲਮਾਨਾਂ, ਇਸਾਈਆਂ, ਪੰਥਕ ਸ਼ਖ਼ਸੀਅਤਾਂ ਦਾ ਵਫਦ ਲੈ ਕੇ ਬੀਬੀ ਮਾਇਆਵਤੀ ਨੂੰ ਜਲਦ ਹੀ ਮਿਲਣਗੇ। ਉਨ੍ਹਾਂ ਕਿਹਾ ਕਿ ਘੱਟ ਗਿਣਤੀਆਂ ਦੇ ਹਿੱਤਾਂ, ਜਮਹੂਰੀਅਤ ਦੀ ਕਾਇਮੀ, ਕਾਨੂੰਨ ਦਾ ਰਾਜ



ਬਸਪਾ ਆਗੂ ਮਾਇਆਵਤੀ

ਕਾਇਮ ਕਰਨ ਅਤੇ ਮਹਿੰਗਾਈ ਨੂੰ ਠੱਲ੍ਹ ਪਾਉਣ ਲਈ ਮੋਦੀ ਹਕੂਮਤ ਦਾ ਖਾਤਮਾ ਕਰਨਾ ਸਮੇਂ ਦੀ ਮੰਗ ਹੈ।

ਸਿੱਖਾਂ ਨੇ ਜਿਥੇ ਮੁਗਲ ਅਤੇ ਅੰਗਰੇਜ਼ ਰਾਜਾਂ ਦੇ ਖਾਤਮੇ ਲਈ ਅਹਿਮ ਭੂਮਿਕਾ ਨਿਭਾਈ ਸੀ, ਉਸੇ ਤਰ੍ਹਾਂ ਹੁਣ ਮੋਦੀ ਦੀ ਤਾਨਾਸ਼ਾਹੀ ਹਕੂਮਤ ਤੇ ਖਾਤਮੇ ਲਈ ਘੱਟ ਗਿਣਤੀਆਂ, ਦਲਿਤਾਂ, ਖੇਤਰੀ ਪਾਰਟੀਆਂ ਅਤੇ ਜਮਹੂਰੀਅਤ ਦੀ ਆਵਾਜ਼ ਬੁਲੰਦ ਕਰਨ ਲਈ ਸੰਘਰਸ਼ਸ਼ੀਲ ਧਿਰਾਂ ਨੂੰ ਇਕਜੁਟ ਕਰ ਕੇ ਬੀਬੀ ਮਾਇਆਵਤੀ ਨੂੰ ਪ੍ਰਧਾਨ ਮੰਤਰੀ ਦੇ ਉਮੀਦਵਾਰ ਵਜੋਂ ਐਲਾਨਿਆਂ ਜਾਵੇਗਾ। ਉਨ੍ਹਾਂ ਕਿਹਾ ਕਿ ਪੰਜਾਬ ਵਿਚ ਬਸਪਾ ਨਾਲ ਗੱਠਜੋੜ ਕਰਨ ਵੇਲੇ ਉਨ੍ਹਾਂ ਦੀ ਧਿਰ ਸੀਟਾਂ ਆਦਿ ਦੀ ਕੋਈ ਸ਼ਰਤ ਨਹੀਂ ਲਾਵੇਗੀ। ਭਾਈ ਗੁਰਦੀਪ ਸਿੰਘ ਨੇ ਕਿਹਾ ਕਿ ਇਸ ਵਾਰ ਲੋਕ ਸਭਾ ਚੋਣਾਂ ਦੌਰਾਨ ਪੰਜਾਬ ਵਿਚੋਂ ਬਾਦਲ ਦਲ ਤੇ ਭਾਜਪਾ ਦਾ ਸਫਾਇਆ ਕਰਨ ਲਈ ਸਮੂਹ ਘੱਟ ਗਿਣਤੀਆਂ ਅਤੇ ਦਲਿਤਾਂ ਨੂੰ ਇਕਜੁਟ ਕਰਨ ਲਈ ਪੂਰੀ ਰਣਨੀਤੀ ਘੜ ਲਈ ਗਈ ਹੈ। ਉਨ੍ਹਾਂ ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਅਤੇ ਪ੍ਰੇਮ ਸਿੰਘ ਚੰਦੂਮਾਜਰਾ ਵੱਲੋਂ ਬਰਗਾੜੀ ਵਿਚ ਭਾਈ ਧਿਆਨ ਸਿੰਘ ਮੰਡ ਦੀ ਅਗਵਾਈ ਹੇਠ ਲਾਏ ਮੋਰਚੇ ਬਾਰੇ ਗਲਤ ਪ੍ਰਚਾਰ ਕਰਨ ਦਾ ਗੰਭੀਰ ਨੋਟਿਸ ਲੈਂਦਿਆਂ ਦਾਅਵਾ ਕੀਤਾ ਕਿ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ ਨਸ਼ਰ ਹੋਣ ਤੋਂ ਬਾਅਦ ਬਾਦਲ ਦਲ ਦਾ ਪੰਜਾਬ ਵਿਚ ਨਿਕਲਣਾ ਮੁਸ਼ਕਲ ਹੋ ਜਾਵੇਗਾ। ਉਨ੍ਹਾਂ ਕਿਹਾ ਕਿ ਮੋਰਚੇ ਵਿਚ ਕਈ ਸ਼੍ਰੋਮਣੀ ਗੁਰਦੁਆਰਾ ਕਮੇਟੀ ਦੇ ਮੈਂਬਰ ਵੀ ਸ਼ਾਮਲ ਹੋਏ ਹਨ।

# ਬਾਦਲਾਂ ਨੇ ਆਪਣੀ ਮਸ਼ਹੂਰੀ 'ਤੇ ਪਾਣੀ ਵਾਂਗ ਰੋੜ੍ਹਿਆ ਸਰਕਾਰੀ ਪੈਸਾ

**ਚੰਡੀਗੜ੍ਹ:** ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਸਣੇ ਅਕਾਲੀ ਆਗੂ ਭਾਵੇਂ ਲੋਕਾਂ ਨੂੰ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਰਗਾ ਸ਼ਾਸਨ ਦੇਣ ਅਤੇ 'ਰਾਜ ਨਹੀਂ ਸੇਵਾ ਦਾ ਨਾਅਰਾ ਲਾਉਂਦੇ ਰਹੇ ਹਨ, ਪਰ ਸੂਚਨਾ ਅਧਿਕਾਰ ਐਕਟ ਅਤੇ ਕੈਗ ਰਿਪੋਰਟਾਂ ਤੋਂ ਸਾਬਤ ਹੁੰਦਾ ਹੈ ਕਿ ਤਤਕਾਲੀ ਅਕਾਲੀ ਭਾਜਪਾ ਸਰਕਾਰ ਦੌਰਾਨ ਲੋਕਾਂ ਤੋਂ ਟੈਕਸ ਅਤੇ ਮਾਲੀਏ ਦੇ ਰੂਪ ਵਿਚ ਇਕੱਤਰ ਕੀਤੇ ਗਏ ਪੈਸੇ ਦੀ ਸਰਕਾਰ ਨੇ ਰੱਜ ਕੇ ਦੁਰਵਰਤੋਂ ਕੀਤੀ। ਤਤਕਾਲੀ ਅਕਾਲੀ ਸਰਕਾਰ ਦੀ ਬੇਨਿਯਮੀਆਂ ਦੀ ਇਕ ਹੋਰ ਪਰਤ ਖੋਲ੍ਹਦੇ ਹੋਏ ਸਥਾਨਕ ਸਰਕਾਰਾਂ ਵਿਭਾਗ ਦੇ ਮੰਤਰੀ ਨਵਜੋਤ ਸਿੱਧੂ ਨੇ ਦੱਸਿਆ ਕਿ ਚੋਣਾਂ ਤੋਂ ਪਹਿਲਾਂ ਸਰਕਾਰ ਵੱਲੋਂ ਸਾਲ 2016-17 ਵਿਚ ਇਸ਼ਤਿਹਾਰਬਾਜ਼ੀ ਦੇ ਨਾਂ ਉਤੇ 150 ਕਰੋੜ ਰੁਪਏ ਖਰਚ ਕੀਤੇ ਗਏ ਹਨ।

ਸਰਕਾਰ ਨੇ ਫੇਸਬੁੱਕ ਅਤੇ ਗੂਗਲ 'ਤੇ ਛੇ ਮਹੀਨਿਆਂ (ਮਾਰਚ ਤੋਂ ਅਗਸਤ 2016) ਵਿਚ 31,20,660 ਲੱਖ ਰੁਪਏ ਖਰਚ ਕੀਤੇ ਸਨ। ਉਨ੍ਹਾਂ ਦੱਸਿਆ ਕਿ ਕੈਗ ਨੇ ਆਪਣੀ ਰਿਪੋਰਟ ਵਿਚ ਪੰਜਾਬ ਸਰਕਾਰ ਦੀ ਬਜਾਏ ਬਾਦਲ ਸਰਕਾਰ ਲਿਖਣ ਅਤੇ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਦੀਆਂ ਫੋਟੋਆਂ ਲਾਉਣ ਉਤੇ ਵੀ ਸਵਾਲ ਖੜ੍ਹੇ ਕੀਤੇ ਹਨ। ਕੈਗ ਰਿਪੋਰਟ ਵਿਚ ਸਪਸ਼ਟ ਕਿਹਾ ਗਿਆ ਹੈ ਕਿ ਇਸ਼ਤਿਹਾਰ ਜਾਰੀ ਕਰਨ ਸਮੇਂ ਸੁਪਰੀਮ ਕੋਰਟ ਦੇ ਹੁਕਮਾਂ ਨੂੰ ਅਣਗੌਲਿਆ ਕੀਤਾ ਗਿਆ। ਬਾਦਲ ਪਰਿਵਾਰ 'ਤੇ ਵਿਅੰਗ ਕੱਸਦਿਆਂ ਸਿੱਧੂ ਨੇ ਕਿਹਾ, ਜੇ ਹਵਾਈ ਜਹਾਜ਼ਾਂ, ਸੰਗਤ ਦਰਸ਼ਨਾਂ, ਇਸ਼ਤਿਹਾਰਾਂ ਉਤੇ ਕਰੋੜਾਂ ਰੁਪਏ ਉਡਾਉਣ ਦੀ ਬਜਾਏ ਲੋਕਾਂ ਦੀ ਸੇਵਾ ਕੀਤੀ ਹੁੰਦੀ ਤਾਂ ਅਕਾਲੀ ਆਗੂਆਂ ਨੂੰ ਇਹ ਦਿਨ ਨਾ ਦੇਖਣੇ



ਪੈਂਦੇ। ਉਨ੍ਹਾਂ ਕਿਹਾ ਕਿ ਸਰਕਾਰੀ ਪੂੰਜੀ ਨੂੰ ਲੁਟਾਉਣ ਵਾਲੇ ਸਾਰੇ ਲੋਕਾਂ ਖਿਲਾਫ਼ ਕਾਨੂੰਨੀ ਕਾਰਵਾਈ ਹੋਣੀ ਚਾਹੀਦੀ ਹੈ, ਉਨ੍ਹਾਂ ਵਿਚ ਭਾਵੇਂ ਸਿਆਸੀ ਆਗੂ ਹੋਣ ਜਾਂ ਸਰਕਾਰੀ ਅਧਿਕਾਰੀ।

ਉਨ੍ਹਾਂ ਕਿਹਾ ਕਿ ਉਹ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਪੱਤਰ ਲਿਖ ਕੇ ਇਸ ਮਾਮਲੇ ਵਿਚ ਜ਼ਿੰਮੇਵਾਰ ਅਫਸਰਾਂ ਖਿਲਾਫ਼ ਕਾਰਵਾਈ ਦੀ ਮੰਗ ਕਰਨਗੇ। ਪੰਜਾਬ ਸਰਕਾਰ ਨੇ ਸਾਲ 2014-15 ਵਿਚ ਇਸ਼ਤਿਹਾਰਬਾਜ਼ੀ ਲਈ 20 ਕਰੋੜ ਰੁਪਏ, ਸਾਲ 2016-17 ਵਿਚ ਬਜਟ 40 ਕਰੋੜ ਰੁਪਏ ਰੱਖੇ ਸਨ ਅਤੇ ਸਾਲ 2016-17 ਵਿਚ ਬਜਟ 'ਚ 150 ਕਰੋੜ ਰੁਪਏ ਰੱਖੇ ਗਏ ਸਨ। ਸਾਲ 2016-17 ਦੇ ਸਤੰਬਰ ਮਹੀਨੇ 'ਚ ਅਖਬਾਰਾਂ, ਇਲੈਕਟ੍ਰਾਨਿਕਸ ਮੀਡੀਆ, ਰੇਡੀਓ ਅਤੇ ਸਿਨੇਮਾ ਹਾਲ 'ਤੇ 8,88,79,339 ਕਰੋੜ ਰੁਪਏ, ਅਕਤੂਬਰ ਵਿਚ 9,04,10,291 ਕਰੋੜ, ਨਵੰਬਰ ਵਿਚ 18,92,61,709 ਕਰੋੜ ਅਤੇ ਦਸੰਬਰ ਵਿਚ 30,48,35,107 ਕਰੋੜ ਰੁਪਏ ਖਰਚ ਕੀਤੇ ਗਏ ਹਨ।

## ਪਤਨੀ ਤੇ ਪੁੱਤ ਨੂੰ ਮਾਰਨ ਪਿੱਛੋਂ ਖੁਦਕੁਸ਼ੀ ਦੀ ਕੋਸ਼ਿਸ਼

**ਟੋਹਾਣਾ:** ਹਰੀਪੁਰਾ 'ਚ ਇਕ ਵਿਅਕਤੀ ਨੇ ਪਤਨੀ ਦੇ ਚਰਿੱਤਰ 'ਤੇ ਸ਼ੱਕ ਕਾਰਨ ਉਸ ਦੇ ਸਿਰ 'ਚ ਹਥੌੜਾ ਮਾਰ ਅਤੇ ਬੇਟੇ ਦਾ ਗਲਾ ਪੱਥਰ ਕਟਰ ਨਾਲ ਵੱਢ ਕੇ ਕਤਲ ਕਰ ਦਿੱਤਾ। ਪਿਛੋਂ ਦੋਸ਼ੀ ਨੇ ਆਪ ਵੀ ਖੁਦਕੁਸ਼ੀ ਦੀ ਕੋਸ਼ਿਸ਼ ਕੀਤੀ। ਉਹ ਪਰਿਵਾਰ ਨੂੰ ਫੋਨ ਕਰ ਕੇ ਖੁਦ ਰੇਲਵੇ ਟਰੈਕ 'ਤੇ ਖੁਦਕੁਸ਼ੀ ਕਰਨ ਜਾ ਰਿਹਾ ਸੀ, ਉਸੇ ਸਮੇਂ ਉਸ ਦੇ ਵੱਡੇ ਭਰਾ ਬਬਰੀ ਨੇ ਜਾ ਕੇ ਉਸ ਨੂੰ ਬਚਾ ਲਿਆ ਅਤੇ ਪੁਲਿਸ ਦੇ ਹਵਾਲੇ ਕਰ ਦਿੱਤਾ।

24 ਸਾਲਾ ਸਰਵਣ ਨੇ ਰਾਤ ਨੂੰ ਹਥੌੜਾ ਮਾਰ ਕੇ ਆਪਣੀ ਪਤਨੀ 21 ਸਾਲਾ ਰੇਖਾ ਦੀ ਹੱਤਿਆ ਕਰ ਦਿੱਤੀ। ਇਸ ਤੋਂ ਬਾਅਦ ਦੋਸ਼ੀ ਨੇ ਉਸ ਦੇ ਗਲੇ ਨੂੰ ਬਲੇਡ ਨਾਲ ਵੱਢ ਦਿੱਤਾ। ਇਸ ਤੋਂ ਬਾਅਦ ਉਹ ਦੂਜੇ ਕਮਰੇ 'ਚ ਪੁੱਜਾ, ਜਿਥੇ ਉਸ ਦਾ 5 ਸਾਲਾ ਬੇਟਾ ਧਰੁਵ ਸੁੱਤਾ ਸੀ। ਦੋਸ਼ੀ ਨੇ ਪੱਥਰ ਕਟਰ ਨਾਲ ਉਸ ਦਾ ਗਲਾ ਵੱਢ ਦਿੱਤਾ।

# ਸਨਅਤੀ ਇਕਾਈਆਂ ਨੂੰ ਵੱਡੀਆਂ ਛੋਟਾਂ ਦੇਵੇਗੀ ਪੰਜਾਬ ਸਰਕਾਰ

**ਚੰਡੀਗੜ੍ਹ:** ਪੰਜਾਬ ਵਿਚ ਸਨਅਤਾਂ ਨੂੰ ਹੁਲਾਰਾ ਦੇਣ ਲਈ ਦੇਸ਼ ਦੀ ਸਰਬੋਤਮ ਸਨਅਤੀ ਨੀਤੀ ਛੇਤੀ ਹੀ ਲਾਗੂ ਕੀਤੀ ਜਾਵੇਗੀ। ਪੰਜਾਬ ਦੇ ਸਨਅਤ ਅਤੇ ਵਣਜ ਮੰਤਰੀ ਸੁੰਦਰ ਸ਼ਾਮ ਅਰੋੜਾ ਨੇ ਕਿਹਾ ਹੈ ਕਿ ਨਵੀਂ ਨੀਤੀ ਵਿਚ ਉਦਯੋਗਿਕ ਇਕਾਈਆਂ ਨੂੰ ਸਟੇਟ ਜੀ.ਐਸ.ਟੀ., ਪ੍ਰਾਪਰਟੀ ਟੈਕਸ, ਬਿਜਲੀ ਡਿਊਟੀ ਤੇ ਸਟੈਂਪ ਡਿਊਟੀ ਤੋਂ ਛੋਟ ਵਰਗੀਆਂ ਰਾਹਤਾਂ ਦਿੱਤੀਆਂ ਜਾਣਗੀਆਂ।




ਨਵੀਂ ਸੋਧੀ ਨੀਤੀ ਵਿਚ 'ਬਿਮਾਰ' ਸਨਅਤਾਂ ਨੂੰ ਯਕਮੁਸ਼ਤ ਸਮਝੌਤੇ (ਵਨ ਟਾਈਮ ਸੈਟਲਮੈਂਟ) ਦਾ ਮੌਕਾ ਦਿੱਤਾ ਜਾਵੇਗਾ। ਨਵੀਂ ਸਨਅਤੀ ਨੀਤੀ ਵੱਖ-ਵੱਖ ਧਿਰਾਂ ਤੋਂ ਸੁਝਾਅ ਲੈ ਕੇ ਤਿਆਰ ਕੀਤੀ ਗਈ ਹੈ ਤੇ ਇਸ ਨੂੰ ਵਿਚਾਰਨ ਤੇ ਪ੍ਰਵਾਨ ਕਰਾਉਣ ਲਈ ਮੰਤਰੀ ਮੰਡਲ ਅੱਗੇ ਪੇਸ਼ ਕੀਤਾ ਜਾਵੇਗਾ। ਇਸ ਨੀਤੀ 'ਚ ਛੋਟੀਆਂ ਅਤੇ ਦਰਮਿਆਨੀਆਂ ਸਨਅਤਾਂ ਨੂੰ ਪ੍ਰਫੁੱਲਿਤ ਕਰਨ ਉਤੇ ਵਧੇਰੇ ਧਿਆਨ ਦਿੱਤਾ ਗਿਆ ਹੈ।

ਉਨ੍ਹਾਂ ਸਨਅਤਕਾਰਾਂ ਨੂੰ ਸੱਦਾ ਦਿੱਤਾ ਕਿ ਉਹ ਟੈਕਸਟਾਈਲ ਸਮੇਤ ਹੋਰ ਖੇਤਰਾਂ ਵਿਚ ਪੰਜਾਬ ਵਿਚ ਨਿਵੇਸ਼ ਕਰਨ ਲਈ ਅੱਗੇ ਆਉਣ, ਕਿਉਂਕਿ ਨਵੀਂ ਨੀਤੀ ਤਹਿਤ ਉਨ੍ਹਾਂ ਨੂੰ ਹਰ ਤਰ੍ਹਾਂ ਦੀ ਸਹੂਲਤ ਮੁਹੱਈਆ ਕਰਵਾਈ ਜਾਵੇਗੀ। ਸਨਅਤਕਾਰਾਂ ਨੂੰ 5 ਰੁਪਏ ਪ੍ਰਤੀ ਯੂਨਿਟ ਬਿਜਲੀ ਦੇਣ ਲਈ ਪਾਵਰਕੌਮ ਨੂੰ 1440 ਕਰੋੜ ਰੁਪਏ ਜਾਰੀ ਕੀਤੇ ਜਾ ਚੁੱਕੇ ਹਨ। ਸੂਬੇ ਦੀ ਕਿਸੇ ਵੀ ਉਦਯੋਗਿਕ ਇਕਾਈ ਨੂੰ ਪੰਜਾਬ ਤੋਂ ਬਾਹਰ ਤਬਦੀਲ ਨਾ ਹੋਣ ਦੇਣ ਪ੍ਰਤੀ ਵਚਨਬੱਧਤਾ ਪ੍ਰਗਟਾਉਂਦਿਆਂ ਉਨ੍ਹਾਂ ਕਿਹਾ ਕਿ ਸਨਅਤ ਵਿਭਾਗ ਵੱਲੋਂ ਸਾਰਾ ਕੰਮ ਆਨ ਲਾਈਨ ਕਰਨ ਦੀ ਸ਼ੁਰੂਆਤ ਕੀਤੀ ਜਾ ਰਹੀ ਹੈ।

# ਪਾਕਿਸਤਾਨੀ ਚੋਣਾਂ: ਫੌਜ ਦੀਆਂ ਖੇਡਾਂ ਅਤੇ ਲੋਕ ਫਤਵਾ

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਭਾਵੇਂ ਜੋ ਕੁਝ ਹੋ ਰਿਹਾ ਹੈ, ਆਮ ਆਦਮੀ ਪਾਰਟੀ ਵਿਚ ਉਹ ਕੁਝ ਹੋਣ ਦੇ ਅੰਦਾਜ਼ੇ ਪਹਿਲਾਂ ਤੋਂ ਲੱਗਦੇ ਪਏ ਸਨ, ਇਹ ਮੁੱਦਾ ਅਸੀਂ ਹਾਲ ਦੀ ਘੜੀ ਨਹੀਂ ਛੋਹਣਾ ਚਾਹੁੰਦੇ। ਪਲ-ਪਲ ਬਦਲਦੇ ਹਾਲਾਤ ਵਿਚੋਂ ਲੰਘ ਰਹੀ ਇਸ ਪਾਰਟੀ ਵਿਚ ਹੁੰਦੀ ਹਲਚਲ ਦਾ ਕੁਝ ਟਿਕਾਅ ਆਉਣ ਤੱਕ ਉਡੀਕ ਲੈਣਾ ਠੀਕ ਸਮਝਦੇ ਹਾਂ। ਉਂਜ ਵੀ ਇਹ ਏਨੇ 'ਸਿਆਣੇ' ਲੋਕਾਂ ਦੀ ਪਾਰਟੀ ਹੈ ਕਿ ਘੜੀ ਕੁ ਤੱਕ ਕੌਣ ਕੀ ਕਰੇਗਾ, ਉਨ੍ਹਾਂ ਨੂੰ ਖੁਦ ਵੀ ਪਤਾ ਨਹੀਂ। ਇਸ ਵੇਲੇ ਅਸੀਂ ਨਾਲ ਦੇ ਦੇਸ਼ ਬਾਰੇ ਕੁਝ ਗੱਲ ਕਰਨਾ ਚਾਹੁੰਦੇ ਹਾਂ, ਜਿੱਥੇ ਕੌਮੀ ਅਸੈਂਬਲੀ ਦੀ ਚੋਣ ਹੋਈ ਤੇ ਇਸ ਨਾਲ ਵੱਡਾ ਮੋੜ ਆਇਆ ਹੈ। ਪਹਿਲਾਂ ਇਸ ਦੇਸ਼ ਵਿਚ ਫੌਜੀ ਰਾਜ-ਪਲਟੇ ਹੁੰਦੇ ਤਾਂ ਵੇਖੀਦੇ ਸਨ, ਫੌਜ ਨੂੰ 'ਲੋਕਤੰਤਰੀ ਮੋਰਚਾ' ਜਿੱਤਦੀ ਨੂੰ ਪਹਿਲੀ ਵਾਰ ਵੇਖਿਆ ਹੈ।

ਪੰਜ ਸਾਲ ਪਹਿਲਾਂ ਜਦੋਂ ਨਵਾਜ਼ ਸ਼ਰੀਫ ਨੇ ਹਕੂਮਤ ਦੀ ਵਾਗ ਸੰਭਾਲਣੀ ਸੀ ਤੇ ਆਸਿਫ ਅਲੀ ਜ਼ਰਦਾਰੀ ਨੇ ਦੇਸ਼ ਦੇ ਰਾਸ਼ਟਰਪਤੀ ਵਜੋਂ ਕਮਾਨ ਉਸ ਨੂੰ ਸੌਂਪਣੀ ਸੀ ਤਾਂ ਜ਼ਰਦਾਰੀ ਨੇ ਕਿਹਾ ਸੀ ਕਿ ਪਹਿਲੀ ਵਾਰੀ ਮੇਰੀ ਪਾਰਟੀ ਨੇ ਮੁਲਕ ਵਿਚ ਪੂਰੇ ਪੰਜ ਸਾਲ ਸਰਕਾਰ ਚਲਾਈ ਹੈ, ਵਿਚਾਲਿਓਂ ਚੋਣਾਂ ਨਹੀਂ ਕਰਾਉਣੀਆਂ ਪਈਆਂ। ਉਸ ਦੀ ਗੱਲ ਬਿਲਕੁਲ ਠੀਕ ਸੀ, ਪਰ ਸਰਕਾਰ ਪੰਜ ਸਾਲ ਲਗਾਤਾਰ ਇੱਕਸਾਰ ਨਹੀਂ ਸੀ ਚੱਲੀ। ਖੁਦ ਜ਼ਰਦਾਰੀ ਦੇ ਭ੍ਰਿਸ਼ਟਾਚਾਰ ਵਾਲੇ ਕੇਸਾਂ ਦੇ ਕਾਰਨ ਚੱਲਦੀ ਸਰਕਾਰ ਦੇ ਪ੍ਰਧਾਨ ਮੰਤਰੀ ਯੂਸਫ ਗਿਲਾਨੀ ਨੂੰ ਅੱਧ ਵਿਚਾਲੇ ਸੁਪਰੀਮ ਕੋਰਟ ਦੇ ਹੁਕਮ ਨਾਲ ਅਹੁਦਾ ਛੱਡਣਾ ਪੈ ਗਿਆ ਸੀ ਤੇ ਇਹੋ ਕੁਝ ਅਗਲੀ ਸਰਕਾਰ ਵੇਲੇ ਨਵਾਜ਼ ਸ਼ਰੀਫ ਦੀ ਪਾਰਟੀ ਨਾਲ ਹੋ ਗਿਆ, ਸਰਕਾਰ ਉਸ ਦੀ ਪਾਰਟੀ ਨੇ ਵੀ ਪੂਰੇ ਪੰਜ ਸਾਲ ਚਲਾ ਕੇ ਵਿਖਾ ਦਿੱਤੀ ਹੈ। ਇਸ ਦੌਰਾਨ ਦੋਵਾਂ ਸਰਕਾਰਾਂ ਨੂੰ ਫੌਜ ਵਲੋਂ ਪਲਟਣ ਦੀਆਂ ਗੱਲਾਂ ਵੀ ਲਗਾਤਾਰ ਸੁਣੀਂਦੀਆਂ ਰਹੀਆਂ, ਕੋਸ਼ਿਸ਼ਾਂ ਵੀ ਹੁੰਦੀਆਂ ਰਹੀਆਂ, ਪਰ ਦੋਵੇਂ ਸਰਕਾਰਾਂ ਪੰਜ ਸਾਲ ਕੱਢ ਗਈਆਂ। ਅਗਲੀ ਵਾਰੀ ਦੀਆਂ ਚੋਣਾਂ ਲਈ ਪੂਰੀ ਤਿਆਰੀ ਬੇਸ਼ੱਕ ਸਿਆਸੀ ਪਾਰਟੀਆਂ ਨੇ ਵੀ ਕੀਤੀ ਸੀ ਤੇ ਫੌਜ ਨੇ ਵੀ ਕੀਤੀ, ਪਰ ਅਖੀਰਲੇ ਸਿੱਟੇ ਵਜੋਂ ਇਸ ਦੌੜ ਵਿਚ ਫੌਜ ਅੱਗੇ ਨਿਕਲ ਗਈ ਤੇ ਦੋਵੇਂ ਵੱਡੀਆਂ ਸਿਆਸੀ ਪਾਰਟੀਆਂ ਹਾਰ ਗਈਆਂ ਹਨ।

ਜੋ ਨਤੀਜਾ ਪਾਕਿਸਤਾਨ ਦੀਆਂ ਕੌਮੀ ਅਸੈਂਬਲੀ ਚੋਣਾਂ ਤੋਂ ਬਾਅਦ ਸਾਡੇ ਸਾਹਮਣੇ ਆਇਆ ਹੈ, ਉਪਰੀ ਨਜ਼ਰੇ ਦ੍ਰਿਸ਼ ਉਸ ਦਾ ਇਹੋ ਹੈ ਕਿ ਇਮਰਾਨ ਖਾਨ ਦੀ ਤਹਿਰੀਕ-ਇ-ਇਨਸਾਫ ਪਾਰਟੀ ਦੀ ਜਿੱਤ ਹੋਈ ਹੈ, ਪਰ ਅਸਲ ਚੱਕਰ ਇਸ ਚੋਣ ਦੇ ਓਹਲੇ ਹੇਠ ਚੱਲਦਾ ਰਿਹਾ ਹੈ। ਇਮਰਾਨ ਖਾਨ ਇਕੱਲਾ ਸਿਆਸੀ ਆਗੂ ਹੈ, ਜਿਸ ਨੇ ਲੋਕਾਂ ਦੀ ਚੁਣੀ ਹੋਈ ਨਵਾਜ਼ ਸ਼ਰੀਫ ਸਰਕਾਰ ਦਾ ਤਖਤਾ ਪਲਟੇ ਜਾਣ ਵੇਲੇ ਫੌਜੀ ਰਾਜ ਦਾ ਸਵਾਗਤ ਕੀਤਾ ਸੀ ਤੇ ਉਸ ਦਿਨ ਤੋਂ ਅੱਜ ਤੱਕ ਉਹ ਫੌਜੀ ਜਰਨੈਲਾਂ ਦਾ ਚਹੇਤਾ ਹੈ। ਜਦੋਂ ਇੱਕ ਵਾਰੀ ਫੌਜ ਨੇ ਕੁਝ ਸਾਲ ਪਹਿਲਾਂ ਦੇਸ਼ ਦੀ ਸਰਕਾਰ ਉਤੇ ਕਬਜ਼ਾ ਕਰਨ ਦਾ ਆਪਣਾ ਇੱਕ ਹੋਰ ਸੁਫਨਾ ਸਿਰੇ ਚਾੜ੍ਹਨ ਦਾ ਯਤਨ ਕੀਤਾ ਸੀ, ਉਦੋਂ ਸਰਕਾਰ ਖਿਲਾਫ ਭ੍ਰਿਸ਼ਟਾਚਾਰ ਦਾ ਮੁੱਦਾ ਚੁੱਕ ਕੇ ਇਕੱਠੀ ਦੋ ਪਾਸਿਆਂ ਤੋਂ ਚਾਂਦਮਾਰੀ ਦਾ ਇੱਕ ਮੋਰਚਾ ਇਮਰਾਨ ਖਾਨ ਨੇ ਸੰਭਾਲਿਆ ਸੀ ਤੇ ਦੂਸਰਾ ਕੈਨੇਡਾ ਦਾ ਨਾਗਰਿਕ ਬਣ ਚੁਕੇ ਪਾਕਿਸਤਾਨੀ ਮੂਲ ਦੇ ਤਾਹਿਰ-ਉਲ-ਕਾਦਰੀ ਨੇ ਆਪਣੇ ਹੱਥ ਲਿਆ ਸੀ।



*ਜੋ ਨਤੀਜਾ ਪਾਕਿਸਤਾਨ ਦੀਆਂ ਕੌਮੀ ਅਸੈਂਬਲੀ ਚੋਣਾਂ ਤੋਂ ਬਾਅਦ ਸਾਡੇ ਸਾਹਮਣੇ ਆਇਆ ਹੈ, ਉਪਰੀ ਨਜ਼ਰੇ ਦ੍ਰਿਸ਼ ਉਸ ਦਾ ਇਹੋ ਹੈ ਕਿ ਇਮਰਾਨ ਖਾਨ ਦੀ ਤਹਿਰੀਕ-ਇ-ਇਨਸਾਫ ਪਾਰਟੀ ਦੀ ਜਿੱਤ ਹੋਈ ਹੈ, ਪਰ ਅਸਲ ਚੱਕਰ ਇਸ ਚੋਣ ਦੇ ਓਹਲੇ ਹੇਠ ਚੱਲਦਾ ਰਿਹਾ ਹੈ। ਇਮਰਾਨ ਖਾਨ ਇਕੱਲਾ ਸਿਆਸੀ ਆਗੂ ਹੈ, ਜਿਸ ਨੇ ਲੋਕਾਂ ਦੀ ਚੁਣੀ ਹੋਈ ਨਵਾਜ਼ ਸ਼ਰੀਫ ਸਰਕਾਰ ਦਾ ਤਖਤਾ ਪਲਟੇ ਜਾਣ ਵੇਲੇ ਫੌਜੀ ਰਾਜ ਦਾ ਸਵਾਗਤ ਕੀਤਾ ਸੀ ਤੇ ਉਸ ਦਿਨ ਤੋਂ ਅੱਜ ਤੱਕ ਉਹ ਫੌਜੀ ਜਰਨੈਲਾਂ ਦਾ ਚਹੇਤਾ ਹੈ।*

ਦੋਵਾਂ ਦਾ ਫਰਕ ਇਹ ਸੀ ਕਿ ਜਦੋਂ ਲੋਕਾਂ ਦੀ ਭੀੜ ਮੂਹਰੇ ਇਮਰਾਨ ਖਾਨ ਬੋਲਦਾ ਤਾਂ ਖੁੱਲ੍ਹੇ ਮੰਚ ਤੋਂ ਬੋਲਦਾ ਤੇ ਜਦੋਂ ਓਦਾਂ ਦੀ ਭੀੜ ਨੂੰ ਤਾਹਿਰ-ਉਲ-ਕਾਦਰੀ ਸੰਬੋਧਨ ਕਰਨ ਲੱਗਦਾ ਤਾਂ ਬੁਲੇਟ ਪਰੂਫ ਗੱਡੀ ਵਿਚੋਂ ਬੋਲਦਾ ਸੀ। ਦੋਵਾਂ ਦਾ ਮੋਰਚਾ ਇੱਕੋ ਵੇਲੇ ਰਾਜਧਾਨੀ ਦਾ ਜਨ-ਜੀਵਨ ਠੱਪ ਕਰਦਾ ਪਿਆ ਸੀ ਤੇ ਹਕੂਮਤੀ ਕੇਂਦਰਾਂ, ਪਾਰਲੀਮੈਂਟ ਜਾਂ ਹੋਰ ਸਭ ਸਰਕਾਰੀ ਦਫਤਰਾਂ ਵੱਲ ਜਾਂਦੇ ਰਸਤੇ ਹੀ ਨਹੀਂ, ਅਦਾਲਤੀ ਕੰਪਲੈਕਸ ਦਾ ਰਾਹ ਵੀ ਰੋਕਿਆ ਪਿਆ ਸੀ ਤੇ ਉਡੀਕ ਇਹ ਕੀਤੀ ਜਾਂਦੀ ਰਹੀ ਸੀ ਕਿ ਇਸ ਸਥਿਤੀ ਨਾਲ ਨਿਪਟਣ ਦੇ ਪੱਖੋਂ ਸਰਕਾਰ ਨੂੰ ਨਿਕੰਮੀ ਕਹਿ ਕੇ ਫੌਜ ਦਖਲ ਦੇਵੇਗੀ। ਫੌਜ ਨੇ ਇਸ ਮਾਮਲੇ ਵਿਚ ਤਿਆਰੀ ਵੀ ਅਰੰਭ ਕਰ ਦਿੱਤੀ ਸੀ ਤੇ ਉਸ ਦੇ ਖਿਲਾਫ ਸੁਪਰੀਮ ਕੋਰਟ ਤੱਕ ਕੇਸ ਵੀ ਚਲਾ ਗਿਆ ਸੀ।

ਉਦੋਂ ਇਸ ਵਿਚ ਅਚਾਨਕ ਇੱਕ ਨਵਾਂ ਮੋੜ ਆ ਗਿਆ, ਜਦੋਂ ਪਾਕਿਸਤਾਨ ਸਰਕਾਰ ਨੇ ਕਿਸੇ ਚੈਨਲ ਰਾਹੀਂ ਕੈਨੇਡਾ ਦੀ ਸਰਕਾਰ ਨੂੰ ਇਹ ਸੁਨੇਹਾ ਪੁਚਾ ਦਿੱਤਾ ਕਿ ਤੁਹਾਡੇ ਦੇਸ਼ ਦਾ ਨਾਗਰਿਕ ਇਥੇ ਸਿੱਧੀ ਸਿਆਸੀ ਮੁਹਿੰਮ ਚਲਾ ਰਿਹਾ ਹੈ ਤੇ ਇਸ ਨਾਲ ਲੋਕਾਂ ਵਿਚ ਵਿਦੇਸ਼ੀ ਦਖਲ ਦੀ ਚਰਚਾ ਛਿੜ ਸਕਦੀ ਹੈ। ਕੈਨੇਡਾ ਸਰਕਾਰ ਨੇ ਡਿਪਲੋਮੈਟਿਕ ਸੂਝ ਦਾ ਸਬੂਤ ਦਿੰਦਿਆਂ ਤਾਹਿਰ-ਉਲ-ਕਾਦਰੀ ਨੂੰ ਕਿਸੇ ਤਰ੍ਹਾਂ ਸੁਨੇਹਾ ਪੁਚਾ ਦਿੱਤਾ ਕਿ ਉਹ ਕੈਨੇਡਾ ਦਾ ਨਾਗਰਿਕ ਰਹਿਣ ਜਾਂ ਫਿਰ ਤੋਂ ਪਾਕਿਸਤਾਨੀ ਬਣਨ, ਵਿਚੋਂ ਇੱਕ ਰਾਹ ਚੁਣ ਲਵੇ, ਦੋਗਲਾ ਵਿਹਾਰ ਨਹੀਂ ਚੱਲਣਾ। ਕਾਦਰੀ ਨੇ ਚੌਵੀ ਘੰਟੇ ਨਾ ਲਾਏ ਤੇ ਉਥੋਂ ਆਪਣਾ ਬੋਰੀਆ ਬਿਸਤਰਾ ਸਮੇਟ ਕੇ ਕੈਨੇਡਾ ਜਾ ਵੜਿਆ ਸੀ। ਦੂਸਰੇ ਦਿਨ ਤੱਕ ਇਮਰਾਨ ਦੇ ਦੁਆਲੇ ਜੁੜੀ ਭੀੜ ਵੀ ਘਰਾਂ ਨੂੰ ਪਰਤਣ ਲੱਗ ਪਈ। ਇਸ ਨਾਲ ਫੌਜ ਉਸ ਵਕਤ ਹਾਲਾਤ ਨੂੰ ਵਰਤ ਨਹੀਂ ਸੀ ਸਕੀ। ਅਗਲੇ ਸਮੇਂ ਵਿਚ ਇਹੋ ਜਿਹੀ ਮਜਬੂਰੀ ਦਾ ਸਾਹਮਣਾ ਨਾ ਕਰਨਾ ਪਵੇ, ਫੌਜ ਨੇ ਇਸ ਦਾ ਪ੍ਰਬੰਧ ਇਸ ਵਾਰ ਚੋਣਾਂ ਵਿਚ ਕਰ ਲਿਆ ਹੈ।

ਕੌਮੀ ਅਸੈਂਬਲੀ ਦੀਆਂ ਚੋਣਾਂ ਤੋਂ ਪਹਿਲਾਂ ਫੌਜ ਨੇ ਇਕ ਮੌਕੇ ਸੰਸਾਰ ਵਿਚ ਬਦਨਾਮ ਅਤਿਵਾਦੀ ਹਾਫਿਜ਼ ਸਈਦ ਨੂੰ ਜਨਤਾ ਦੇ ਨੁਮਾਇੰਦੇ ਵਜੋਂ ਉਭਾਰਨ ਦਾ ਯਤਨ ਕੀਤਾ ਸੀ, ਪਰ ਉਸ ਦੇ ਖਿਲਾਫ ਰਾਜਨੀਤੀ ਦੇ ਸਾਰੇ ਪੁਰਾਣੇ ਆਗੂ ਜੁੜਨ ਲੱਗ ਪਏ ਤੇ ਚੋਣ ਕਮਿਸ਼ਨ ਨੇ ਉਨ੍ਹਾਂ ਦੇ ਦਬਾਅ ਹੇਠ ਉਸ ਦੀ ਪਾਰਟੀ ਰਜਿਸਟਰ ਨਹੀਂ ਸੀ ਕੀਤੀ। ਫਿਰ ਉਹ ਕਿਸੇ ਹੋਰ ਪਾਰਟੀ ਦਾ ਫੱਟਾ ਲਾ ਕੇ ਚੋਣ ਮੈਦਾਨ ਵਿਚ ਕੁੱਦਿਆ ਤਾਂ ਫੌਜ ਨੇ ਹਾਲਾਤ ਦੀ ਨਬਜ਼ ਟੋਹੀ, ਪਰ ਤਿਲਾਂ ਵਿਚ ਤੇਲ ਨਾ ਵੇਖ ਕੇ ਫੌਜ ਨੇ ਇਮਰਾਨ ਖਾਨ ਦੀ ਮਦਦ ਲਈ ਤਾਕਤ ਝੋਕ ਦਿੱਤੀ। ਇਸ ਪਿੱਛੋਂ ਫੌਜ ਨੇ ਇੱਕ ਦਾਅ ਹੋਰ ਚੱਲਿਆ। ਜਿਸ ਵੀ ਪਾਰਟੀ ਵਿਚ ਫੌਜ ਦੇ ਪੱਕੇ ਪਿਆਦੇ ਗਿਣੇ ਜਾਣ ਵਾਲੇ ਕੁਝ ਰਸੂਖਦਾਰ ਲੋਕ ਮੌਜੂਦ ਸਨ, ਉਨ੍ਹਾਂ ਸਭਨਾਂ ਵੱਲ ਸੁਨੇਹਾ ਭੇਜ ਕੇ ਉਨ੍ਹਾਂ ਪਾਰਟੀਆਂ ਤੋਂ ਅਸਤੀਫੇ ਦਿਵਾਏ ਤੇ ਆਜ਼ਾਦ ਉਮੀਦਵਾਰ ਵਜੋਂ ਕਾਗਜ਼ ਭਰਵਾਏ ਅਤੇ ਸਭ ਨੂੰ 'ਫੌਜੀ ਜੀਪ' ਦਾ ਇੱਕੋ ਚੋਣ ਨਿਸ਼ਾਨ ਜਾਰੀ ਕਰਵਾ ਦਿੱਤਾ। ਇਹ ਲੋਕ ਉਂਜ ਇੱਕ ਦੂਸਰੇ ਨੂੰ ਜਾਣਦੇ ਵੀ ਨਹੀਂ ਸਨ, ਪਰ ਫੌਜ ਦੇ ਇਹੋ ਜਿਹੇ ਕਾਰਿੰਦੇ ਸਨ, ਜਿਨ੍ਹਾਂ ਨੂੰ ਜਦੋਂ ਮਰਜ਼ੀ ਤੇ ਜਿੱਥੇ ਮਰਜ਼ੀ ਵਰਤਿਆ ਜਾ ਸਕਦਾ ਸੀ।

ਚੋਣਾਂ ਵਿਚ ਆਜ਼ਾਦ ਉਮੀਦਵਾਰਾਂ ਦੀ ਜੋ ਵੱਡੀ ਗਿਣਤੀ ਜਿੱਤ ਗਈ ਹੈ, ਉਨ੍ਹਾਂ ਵਿਚ 'ਫੌਜੀ ਜੀਪ' ਵਾਲੇ ਕਈ ਲੋਕ ਹਨ ਤੇ ਇਸ ਵਕਤ ਕੁਝ ਸੀਟਾਂ ਤੋਂ ਪੱਛੜ ਰਹੇ ਇਮਰਾਨ ਖਾਨ ਦੀ ਸਰਕਾਰ ਦੇ ਸਹਾਈ ਬਣਨ ਪਿੱਛੋਂ ਫੌਜ ਲਈ ਨਵੀਂ ਖੇਡ ਖੇਡਣਗੇ। ਇਮਰਾਨ ਖਾਨ ਫੌਜ ਦਾ ਪਿਆਦਾ ਹੈ, ਪਰ ਕਿਸੇ ਵੀ ਵਕਤ ਬਾਗੀ ਹੋ ਸਕਦਾ ਹੈ। ਅਗਾਊਂ ਇਸ ਗੱਲ ਬਾਰੇ ਸੋਚ ਕੇ ਫੌਜੀ ਕਮਾਂਡਰਾਂ ਨੇ 'ਫੌਜੀ ਜੀਪ' ਦੇ ਨਿਸ਼ਾਨ ਵਾਲੀ ਏਦਾਂ ਦੀ ਪਲਟਣ ਉਸ ਨਾਲ ਜੋੜਨੀ ਹੈ ਕਿ ਜਦੋਂ ਕਦੀ ਉਹ ਥੋੜ੍ਹਾ ਜਿਹਾ ਵੀ ਪਰੇਡ ਕਰਨ ਤੋਂ ਥੱਕਦਾ ਜਾਂ ਅੱਕਦਾ ਜਾਪਣ ਲੱਗੇ ਤਾਂ ਉਸ ਨੂੰ 'ਅਬਾਊਟ ਟਰਨ' ਦਾ ਆਰਡਰ ਦੇ ਕੇ ਟਿਕਾਣੇ ਲਿਆਂਦਾ ਜਾ ਸਕੇ।

ਵੋਟਾਂ ਪਾਕਿਸਤਾਨ ਦੇ ਲੋਕਾਂ ਨੇ ਪਾਈਆਂ ਹਨ, ਪਰ ਇਸ ਚੋਣ ਖੇਡ ਵਿਚ ਜੋ ਚੱਕਰ ਫੌਜ ਚਲਾਉਂਦੀ ਰਹੀ ਹੈ, ਉਸ ਬਾਰੇ ਉਹ ਨਹੀਂ ਜਾਣਦੇ। ਉਨ੍ਹਾਂ ਨੇ ਫਿਰ ਵੀ ਇੱਕ ਚੰਗਾ ਕੰਮ ਕਰ ਦਿੱਤਾ। ਜਿਹੜਾ ਹਾਫਿਜ਼ ਸਈਦ ਸੰਸਾਰ ਦੇ ਲੋਕਾਂ ਨੂੰ ਇਹ ਕਹਿਣ ਦਾ ਯਤਨ ਕਰ ਰਿਹਾ ਸੀ ਕਿ ਉਹ ਇਸਲਾਮ ਦੇ ਭਲੇ ਲਈ ਦਹਿਸ਼ਤਗਰਦੀ ਕਰਦਾ ਹੈ ਅਤੇ ਪਾਕਿਸਤਾਨ ਦੇ ਲੋਕ ਉਸ ਦੇ ਨਾਲ ਹਨ, ਪਾਕਿਸਤਾਨੀ ਲੋਕਾਂ ਨੇ ਉਸ ਦੀ ਪਾਰਟੀ ਤੇ ਪਰਿਵਾਰ ਦੇ ਜੀਆਂ ਨੂੰ ਮਾਂਜਾ ਫੇਰ ਕੇ ਇਹ ਸਾਬਤ ਕਰ ਦਿੱਤਾ ਹੈ ਕਿ ਉਹ ਬੰਦਾ ਆਪਣੇ ਦੇਸ਼ ਦੇ ਲੋਕਾਂ ਦੀ ਨਜ਼ਰ ਵਿਚ ਕੌਡੀ ਦਾ ਨਹੀਂ। ਪਾਕਿਸਤਾਨ ਦੀ ਕੌਮੀ ਅਸੈਂਬਲੀ ਚੋਣਾਂ ਦੀ ਸਭ ਤੋਂ ਵੱਡੀ ਪ੍ਰਾਪਤੀ ਇਹ ਹੀ ਕਹੀ ਜਾ ਸਕਦੀ ਹੈ।

## ਸਿਆਸਤ

### ਆਖਰਕਾਰ ਦਿੱਲੀ ਜਿੱਤਿਆ ਅਤੇ ਪੰਜਾਬ ਹਾਰਿਆ

# ਕੀ ਸੁਖਪਾਲ ਖਹਿਰਾ ਚੁੱਪ ਕਰਕੇ ਬੈਠੇ ਰਹਿਣਗੇ?

**ਕਰਮਜੀਤ ਸਿੰਘ**

**ਚੰਡੀਗੜ੍ਹ:** ਸੁਖਪਾਲ ਸਿੰਘ ਖਹਿਰਾ ਨੂੰ ਪੰਜਾਬ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਆਗੂ ਵਜੋਂ ਹਟਾਉਣ ਦੇ ਫੈਸਲੇ ਮਗਰੋਂ ਹੁਣ ਇਸ ਗੱਲ ਵਿਚ ਰਤਾ ਵੀ ਸ਼ੱਕ ਨਹੀਂ ਰਹਿ ਜਾਂਦਾ ਕਿ ਆਮ ਆਦਮੀ ਪਾਰਟੀ ਵਿਚ ਅੰਤ ਨੂੰ ਉਹੀ ਕੁਝ ਹੁੰਦਾ ਹੈ ਜੋ ਦਿੱਲੀ ਚਾਹੁੰਦੀ ਹੈ ਜਾਂ ਅਰਵਿੰਦ ਕੇਜਰੀਵਾਲ ਦਾ ਤਾਨਾਸ਼ਾਹ ਸਿੱਕਾ ਚਲਦਾ ਹੈ। ਇਸ ਫੈਸਲੇ ਨਾਲ ਅਰਵਿੰਦ ਕੇਜਰੀਵਾਲ ਨੇ ਆਮ ਆਦਮੀ ਪਾਰਟੀ ਦੀ ਪੰਜਾਬ ਇਕਾਈ ਨੂੰ ਇਹ ਸੰਦੇਸ਼ ਦੇ ਦਿੱਤਾ ਹੈ ਕਿ ਪੰਜਾਬ ਬਾਰੇ ਦਿੱਲੀ ਜੋ ਫੈਸਲਾ ਕਰੇਗੀ, ਉਹੀ ਲਾਗੂ ਹੋਵੇਗਾ। ਇਸ ਤੋਂ ਪਹਿਲਾਂ ਕਾਂਗਰਸ ਪਾਰਟੀ ਵਿਚ ਦਹਾਕਿਆਂ ਤੱਕ ਦਿੱਲੀ ਦੀ ਹੀ ਚੱਲਦੀ ਰਹੀ ਹੈ ਅਤੇ ਉਹੀ ਨੇਤਾ ਪਰਵਾਨ ਚੜ੍ਹਦਾ ਰਿਹਾ ਹੈ ਜਿਸ ਉਤੇ ਦਿੱਲੀ ਮੋਹਰ ਲਾਇਆ ਕਰਦੀ ਸੀ।

ਪਰ ਪਿਛਲੇ ਕੁਝ ਅਰਸੇ ਤੋਂ ਬਦਲੇ ਹਾਲਾਤ ਅਨੁਸਾਰ ਖੇਤਰੀ ਪਾਰਟੀਆਂ ਕਾਫੀ ਤਕੜੀਆਂ ਹੋ ਗਈਆਂ ਹਨ ਅਤੇ ਉਹ ਚਾਹੁੰਦੀਆਂ ਹਨ ਕਿ ਰਾਜਾਂ ਦੇ ਮਾਮਲੇ 'ਚ ਅਹਿਮ ਫੈਸਲੇ ਕਰਨ ਦਾ ਹੱਕ ਰਾਜਾਂ ਨੂੰ ਹੀ ਹੋਣਾ ਚਾਹੀਦਾ ਹੈ। ਇਸ ਲਈ ਪੰਜਾਬ ਕਾਂਗਰਸ ਦੇ ਮਾਮਲਿਆਂ ਵਿਚ ਵੀ ਪੰਜਾਬ ਦੇ ਆਗੂਆਂ ਦੀ ਪੁੱਛਗਿੱਛ ਅਤੇ ਸਲਾਹ ਨੂੰ ਸਭ ਤੋਂ ਵੱਧ ਤਰਜੀਹ ਦਿੱਤੀ ਜਾਂਦੀ ਹੈ। ਪਰ ਆਮ ਆਦਮੀ ਪਾਰਟੀ 'ਚ ਸੁਖਪਾਲ ਖਹਿਰਾ ਨੂੰ ਹਟਾਉਣ ਨਾਲ ਇਹ ਉਲਟਾ ਚੱਕਰ ਚਲਿਆ ਹੈ।

ਪਾਰਟੀ ਅੰਦਰ ਪਿਛਲੇ ਸਮੇਂ ਤੋਂ ਜੋ ਸੰਘਰਸ਼ ਚੱਲ ਰਿਹਾ ਸੀ, ਉਸ ਵਿਚ ਅਰਵਿੰਦ ਕੇਜਰੀਵਾਲ ਮਹਿਸੂਸ ਕਰਦੇ ਸਨ ਕਿ ਭਾਵੇਂ ਪਾਰਟੀ ਦੇ ਮੁਖੀ ਉਹੀ ਹਨ ਪਰ ਪੰਜਾਬ ਵਿਚ ਉਨ੍ਹਾਂ ਦਾ ਪ੍ਰਭਾਵ, ਰੋਅਬ ਤੇ ਸਤਿਕਾਰ ਹੁਣ ਖਤਮ ਹੋ ਚੁਕਾ ਹੈ। ਬਿਕਰਮਜੀਤ ਸਿੰਘ ਮਜੀਠੀਆ ਦੇ ਮਾਮਲੇ ਵਿਚ ਜਿਵੇਂ ਉਨ੍ਹਾਂ ਨੇ ਮੁਆਫੀ ਮੰਗੀ ਸੀ ਅਤੇ ਜਿਵੇਂ ਸੁਖਪਾਲ ਸਿੰਘ ਖਹਿਰਾ ਨੇ ਇਸ ਮੁੱਦੇ 'ਤੇ ਸ਼ੱਰ੍ਹੇਆਮ ਕੇਜਰੀਵਾਲ ਦੀ ਨਿਖੇਧੀ ਕੀਤੀ, ਉਸ ਦਾ ਬਦਲਾ ਲੈਣ ਦਾ ਕੰਮ ਕੇਜਰੀਵਾਲ ਨੇ ਲੰਮੇ ਅਰਸੇ ਤੋਂ ਟਾਲਿਆ ਹੋਇਆ ਸੀ। ਵੱਡਾ ਕਾਰਨ ਇਹ ਸੀ ਕਿ ਸੁਖਪਾਲ ਖਹਿਰਾ ਨੇ ਜਿਵੇਂ ਵਿਰੋਧੀ ਧਿਰ ਦੇ ਨੇਤਾ ਵਜੋਂ ਰੋਲ ਅਦਾ ਕੀਤਾ ਅਤੇ ਜਿਵੇਂ ਉਸ ਦਾ ਸਿਆਸੀ ਕੱਦ ਬਹੁਤ ਉਚਾ ਹੋ ਗਿਆ ਸੀ ਤੇ ਪੰਜਾਬ ਦੇ ਲੋਕ ਉਸ ਨੂੰ ਸਤਿਕਾਰ ਦੀ ਨਿਗ੍ਹਾ ਨਾਲ ਵੇਖਦੇ ਸਨ, ਕੇਜਰੀਵਾਲ ਨੂੰ ਉਸ ਸਮੇਂ ਕੋਈ ਵੀ ਕਾਰਵਾਈ ਕਰਨੀ ਉਲਟ ਪੈ ਸਕਦੀ ਸੀ। ਇਸ ਲਈ ਸਿਆਸੀ ਮੈਦਾਨ ਦੇ ਗਰਮ ਹੋਣ ਤੱਕ ਉਨ੍ਹਾਂ ਨੇ ਆਪਣਾ ਹਥੌੜਾ ਰੋਕ ਕੇ ਰੱਖਿਆ ਹੋਇਆ ਸੀ। ਇਸ ਸਮੇਂ ਦੌਰਾਨ ਉਨ੍ਹਾਂ ਨੇ ਕਾਫੀ ਵਿਧਾਇਕਾਂ ਨੂੰ ਆਪਣੇ ਵੱਲ ਕਰ ਲਿਆ ਸੀ ਅਤੇ ਅੱਜ ਇਹ ਸਿਆਸੀ ਤੇ ਤਾਨਾਸ਼ਾਹ ਹਥੌੜਾ ਮਾਰ ਕੇ ਉਨ੍ਹਾਂ ਨੇ ਬਦਲਾ ਲੈ ਲਿਆ ਤੇ ਦੱਸ ਦਿੱਤਾ ਕਿ ਖਹਿਰਾ ਸਾਹਿਬ! ਆਖਰਕਾਰ ਦਿੱਲੀ ਦੀ ਹੀ ਚੱਲੇਗੀ।





ਪਰ ਹਰਪਾਲ ਸਿੰਘ ਚੀਮਾ ਨੂੰ ਵਿਰੋਧੀ ਧਿਰ ਦਾ ਨੇਤਾ ਬਣਾ ਕੇ ਭਾਵੇਂ ਉਨ੍ਹਾਂ ਨੇ ਆਪਣੀ ਮਰਜ਼ੀ ਠੋਸ ਤਾਂ ਦਿੱਤੀ ਹੈ ਪਰ ਇਸ ਆਰਜ਼ੀ ਜਿੱਤ ਵਿਚ ਵੱਡੀ ਹਾਰ ਦੇ ਇਸ਼ਾਰੇ ਵੀ ਲੁਕੇ ਪਏ ਹਨ। ਸਿਆਸੀ ਸੂਤਰਾਂ ਅਨੁਸਾਰ ਛੇਤੀ ਹੀ ਪਾਰਟੀ ਵਿਚ ਵੱਡੀ ਫੁੱਟ ਸਾਹਮਣੇ ਆਏਗੀ। ਇਸ ਦਾ ਵੱਡਾ ਕਾਰਨ ਇਹ ਹੈ ਕਿ ਜਿਸ ਦ੍ਰਿੜਤਾ, ਸਿਆਣਪ, ਹੌਸਲੇ ਤੇ ਜੁਰਅੱਤ ਨਾਲ ਸੁਖਪਾਲ ਖਹਿਰਾ ਨੇ ਪੰਜਾਬ ਦੇ ਮੁੱਦਿਆਂ 'ਤੇ ਆਪਣੀ ਆਵਾਜ਼ ਬੁਲੰਦ ਕੀਤੀ, ਉਸ ਨਾਲ ਉਨ੍ਹਾਂ ਦਾ ਸਿਆਸੀ ਕੱਦ ਇਕ ਵਾਰ ਤਾਂ ਮੁੱਖ ਮੰਤਰੀ ਦੇ ਕੱਦ ਤੋਂ ਵੀ ਅੱਗੇ ਚਲਾ ਗਿਆ ਸੀ। ਇਹ ਗੱਲ ਨਾ ਤਾਂ ਕਾਂਗਰਸ ਨੂੰ ਪਸੰਦ ਸੀ ਤੇ ਨਾ ਹੀ ਅਕਾਲੀ ਦਲ ਨੂੰ। ਕਾਂਗਰਸ ਲਈ ਅਤੇ ਵਿਸ਼ੇਸ਼ ਕਰ ਕੇ ਅਮਰਿੰਦਰ ਸਿੰਘ ਲਈ ਸੁਖਪਾਲ ਖਹਿਰਾ ਰੋਜ਼ ਹੀ ਸਿਰਦਰਦੀ ਬਣੇ ਹੋਏ ਸਨ ਜਦਕਿ ਅਕਾਲੀ ਦਲ ਨੂੰ ਇਹ ਨਜ਼ਰ ਆਉਂਦਾ ਸੀ ਕਿ 'ਆਪ' ਵਿਚ ਯਕੀਨਨ ਫੁੱਟ ਪੈਣੀ ਹੈ ਤੇ ਇੰਜ ਵਿਰੋਧੀ ਧਿਰ ਦੇ ਨੇਤਾ ਬਣਨ ਦਾ ਰੁਤਬਾ ਉਨ੍ਹਾਂ ਨੂੰ ਮੌਜ ਨਾਲ ਹੀ ਮਿਲ ਜਾਣਾ ਹੈ। ਇਸੇ ਨੂੰ ਸਿਆਸਤ ਕਹਿੰਦੇ ਹਨ, ਜਿਥੇ ਪਤਾ ਹੀ ਨਹੀਂ ਲੱਗਦਾ ਕਦੋਂ ਦੋਸਤੀਆਂ ਨੇ ਦੁਸ਼ਮਣੀਆਂ ਵਿਚ ਬਦਲ ਜਾਣਾ ਹੈ।

ਆਮ ਆਦਮੀ ਪਾਰਟੀ ਦੇ ਸੂਤਰਾਂ ਅਨੁਸਾਰ ਹਰਪਾਲ ਸਿੰਘ ਚੀਮਾ ਇਸ ਅਹੁਦੇ 'ਤੇ ਬਹੁਤਾ ਚਿਰ ਟਿਕੇ ਨਹੀਂ ਰਹਿ ਸਕਦੇ, ਕਿਉਂਕਿ ਪੰਜਾਬ ਦੇ ਨਾਜ਼ੁਕ ਮੁੱਦਿਆਂ ਉਤੇ ਨਾ ਉਨ੍ਹਾਂ ਕੋਲ ਉਹੋ ਜਿਹੀ ਦਲੇਰੀ ਤੇ ਸਿਆਣਪ ਹੈ ਅਤੇ ਨਾ ਹੀ ਗੰਭੀਰ ਮੁੱਦਿਆਂ ਬਾਰੇ ਤਕਨੀਕੀ ਜਾਣਕਾਰੀਆਂ ਹਨ। ਦਿਲਚਸਪ ਗੱਲ ਇਹ ਹੈ ਕਿ ਜਦੋਂ ਹੁਣ ਵਿਧਾਨ ਸਭਾ ਦਾ ਮਾਨਸੂਨ ਸਮਾਗਮ ਹੋਵੇਗਾ ਤਾਂ ਉਸ ਸਮੇਂ ਸਦਨ ਵਿਚ ਇਕ ਨਵਾਂ ਮਾਹੌਲ ਵੇਖਣ ਨੂੰ ਮਿਲੇਗਾ। ਸੂਤਰਾਂ ਮੁਤਾਬਕ ਯਕੀਨਨ ਉਹ ਰੌਣਕ ਮੇਲਾ ਵੇਖਣ ਨੂੰ ਨਹੀਂ ਮਿਲੇਗਾ ਜੋ ਰੌਣਕ ਮੇਲਾ ਆਪਣੀਆਂ ਦਲੀਲਾਂ ਤੇ ਅਪੀਲਾਂ ਨਾਲ ਸੁਖਪਾਲ ਖਹਿਰਾ ਵਿਖਾ ਦਿੰਦੇ ਸਨ ਤੇ 'ਤੂੰ ਤੂੰ, ਮੈਂ ਮੈਂ' ਦਾ ਇਕ ਦਿਲਚਸਪ ਮਾਹੌਲ ਪੈਦਾ ਹੋ ਜਾਂਦਾ ਸੀ।

ਪਰ ਕੀ ਇਸ ਫੈਸਲੇ ਨਾਲ ਸੁਖਪਾਲ ਸਿੰਘ ਖਹਿਰਾ ਚੁੱਪ ਕਰਕੇ ਬੈਠੇ ਰਹਿਣਗੇ? ਸੂਤਰਾਂ ਅਨੁਸਾਰ ਇਹ ਹੋ ਹੀ ਨਹੀਂ ਸਕਦਾ ਕਿਉਂਕਿ ਉਨ੍ਹਾਂ ਨੂੰ ਇਹ ਉਮੀਦ ਸੀ ਕਿ ਇਹ ਫੈਸਲਾ ਕਿਸੇ ਵੇਲੇ ਵੀ ਹੋ ਸਕਦਾ ਹੈ। ਇਸ ਲਈ ਉਨ੍ਹਾਂ ਨੇ ਆਪਣੇ ਸਿਆਸੀ ਭਵਿੱਖ ਬਾਰੇ ਆਪਣੀ ਪਾਰਟੀ ਦੇ ਵਿਧਾਇਕਾਂ ਨਾਲ ਵੀ ਸਲਾਹ ਮਸ਼ਵਰਾ ਕੀਤਾ ਸੀ ਅਤੇ ਲੋਕ ਇਨਸਾਫ ਪਾਰਟੀ ਦੇ ਆਗੂ ਸਿਮਰਜੀਤ ਸਿੰਘ ਨਾਲ ਵੀ, ਜਿਹੜੇ ਹਰ ਸਮੇਂ ਸੁਖਪਾਲ ਖਹਿਰਾ ਵੱਲੋਂ ਲਈਆਂ ਸਿਆਸੀ ਪੁਜ਼ੀਸ਼ਨਾਂ ਅਤੇ ਪੈਂਤੜਿਆਂ 'ਤੇ ਉਨ੍ਹਾਂ ਦਾ ਡੱਟ ਕੇ ਸਮਰਥਨ ਕਰਦੇ ਆਏ ਹਨ। ਦਿਲਚਸਪ ਗੱਲ ਇਹ ਹੈ ਕਿ ਜਿਵੇਂ ਹਰਵਿੰਦਰ ਸਿੰਘ ਫੂਲਕਾ ਨੇ ਹਰਪਾਲ ਸਿੰਘ ਚੀਮਾ ਨੂੰ ਵਿਰੋਧੀ ਧਿਰ ਦੇ ਨੇਤਾ ਬਣਾਏ ਜਾਣ ਦਾ ਸਵਾਗਤ ਕੀਤਾ ਹੈ, ਉਸ ਤੋਂ ਇਹ ਇਸ਼ਾਰਾ ਮਿਲਦਾ ਹੈ ਕਿ ਅੰਦਰਖਾਤੇ ਉਹ ਵੀ ਸੁਖਪਾਲ ਸਿੰਘ ਖਹਿਰਾ ਨਾਲ ਬਦਲਾ ਲੈਣ ਦੀ ਇੰਤਜ਼ਾਰ ਕਰਦੇ ਸਨ।

ਸਵਾਲ ਹੈ ਕਿ ਕਿੰਨੇ ਕੁ ਵਿਧਾਇਕ ਸਪੱਸ਼ਟ ਤੌਰ 'ਤੇ ਖਹਿਰਾ ਨਾਲ ਨਿਤਰ ਕੇ ਸਾਹਮਣੇ ਆਉਂਦੇ ਹਨ? ਇਸ ਪੱਤਰਕਾਰ ਨੇ ਕਈ ਵਿਧਾਇਕਾਂ ਨਾਲ ਸੰਪਰਕ ਕਰਨ ਦੀ ਕੋਸ਼ਿਸ਼ ਕੀਤੀ ਤਾਂ ਜੋ ਉਨ੍ਹਾਂ ਦੀ ਰਾਇ ਲਈ ਜਾਵੇ ਪਰ ਉਨ੍ਹਾਂ ਨੇ ਫੋਨ ਮਿੱਥ ਕੇ ਬੰਦ ਕੀਤੇ ਹੋਏ ਸਨ। ਇਥੋਂ ਤੱਕ ਕਿ ਉਨ੍ਹਾਂ ਦੇ ਨੇੜਲੇ ਸਮਰਥਕਾਂ ਨਾਲ ਜਦੋਂ ਸੰਪਰਕ ਕੀਤਾ ਗਿਆ ਤਾਂ ਉਨ੍ਹਾਂ ਦਾ ਜਵਾਬ ਇਹੋ ਸੀ ਕਿ ਸਾਨੂੰ ਤਾਂ ਹੁਣੇ ਹੀ ਪਤਾ ਲੱਗਾ ਹੈ। ਇਕ ਸਮਰਥਕ ਨੇ ਆਖਿਆ, 'ਮੈਂ ਤਾਂ ਇਹ ਖਬਰ ਹੀ ਤੁਹਾਡੇ ਕੋਲੋਂ ਸੁਣ ਰਿਹਾਂ।'

ਪੰਜਾਬ ਟਾਈਮਜ਼

*ਸਨਿਚਰਵਾਰ, 4 ਅਗਸਤ 2018*

## ਆਮ ਆਦਮੀ ਪਾਰਟੀ ਦੀ ਖਾਸੀਅਤ

ਆਮ ਆਦਮੀ ਪਾਰਟੀ ਇਕ ਵਾਰ ਫਿਰ ਸੰਕਟ ਵਿਚ ਹੈ ਅਤੇ ਪਹਿਲਾਂ ਵਾਂਗ ਹੀ, ਇਕ ਵਾਰ ਫਿਰ ਇਸ ਦੀ ਹੋਂਦ 'ਤੇ ਸਵਾਲ ਉਠਣੇ ਸ਼ੁਰੂ ਹੋ ਗਏ ਹਨ। ਦਿੱਲੀ ਤੋਂ ਬਾਅਦ ਪੰਜਾਬ ਹੀ ਇਕ ਅਜਿਹਾ ਸੂਬਾ ਹੈ, ਜਿਥੇ ਇਸ ਪਾਰਟੀ ਨੂੰ ਭਰਪੂਰ ਹੁੰਗਾਰਾ ਮਿਲਿਆ ਹੈ। ਇਸ ਹੁੰਗਾਰੇ ਵਿਚ ਅੱਛਾ-ਖਾਸਾ ਯੋਗਦਾਨ ਪਰਵਾਸੀਆਂ ਦਾ ਹੈ ਜੋ ਹਰ ਹੀਲੇ ਕਾਂਗਰਸ ਅਤੇ ਅਕਾਲੀ ਦਲ ਦੀ ਰਵਾਇਤੀ ਲੀਡਰਸ਼ਿਪ ਦੇ ਬਰਾਬਰ ਇਸ ਪਾਰਟੀ ਦੇ ਦਮਖਮ ਲਈ ਹਰ ਤਰ੍ਹਾਂ ਦੀ ਇਮਦਾਦ ਕਰਦੇ ਰਹੇ ਹਨ। ਹੁਣ ਜਦੋਂ ਪਾਰਟੀ ਅੰਦਰ ਇਕੋ ਤਰ੍ਹਾਂ ਦਾ ਸੰਕਟ ਵਾਰ-ਵਾਰ ਉਠ ਰਿਹਾ ਹੈ ਤਾਂ ਲੋਕ ਇਸ ਪਾਰਟੀ ਦੀਆਂ ਜੜ੍ਹਾਂ ਬਾਰੇ ਛਾਣਬੀਣ ਕਰਨ ਲੱਗੇ ਹਨ। ਇਸ ਪਾਰਟੀ ਨੂੰ ਹੋਂਦ ਵਿਚ ਆਇਆਂ ਅਜੇ ਛੇ ਸਾਲ 26 ਨਵੰਬਰ ਨੂੰ ਹੋਣੇ ਹਨ। ਇਹ ਪਾਰਟੀ ਹੋਂਦ ਵਿਚ ਆਉਣ ਤੋਂ ਪਹਿਲਾਂ ਇਸ ਪਾਰਟੀ ਦਾ ਕਰਤਾ-ਧਰਤਾ ਅਰਵਿੰਦ ਕੇਜਰੀਵਾਲ ਦਿੱਲੀ ਵਿਚ ਅੰਨਾ ਹਜ਼ਾਰੇ ਅਤੇ ਸਾਥੀਆਂ ਵਾਲੇ ਭ੍ਰਿਸ਼ਟਾਚਾਰ ਵਿਰੋਧੀ ਅੰਦੋਲਨ ਵਿਚ ਅਹਿਮ ਭੂਮਿਕਾ ਨਿਭਾ ਚੁਕਾ ਹੈ। ਇਸ ਤੋਂ ਵੀ ਪਹਿਲਾਂ ਅਰਵਿੰਦ ਕੇਜਰੀਵਾਲ, ਮਨੀਸ਼ ਸਿਸੋਦੀਆ ਅਤੇ ਹੋਰਾਂ ਨੇ ਰਲ ਕੇ 2000 ਦੇ ਨੇੜੇ-ਤੇੜੇ 'ਪਰਿਵਰਤਨ' ਨਾਂ ਦੀ ਗੈਰ ਸਰਕਾਰੀ ਸੰਸਥਾ (ਐਨ.ਜੀ.ਓ.) ਬਣਾਈ ਸੀ। ਇਸ ਸੰਸਥਾ ਦੇ ਕੰਮਕਾਰ ਕਰਕੇ ਹੀ ਅਰਵਿੰਦ ਕੇਜਰੀਵਾਲ ਨੂੰ ਸਾਲ 2006 ਦਾ ਵੱਕਾਰੀ ਮੈਗਾਸਾਸੇ ਇਨਾਮ ਮਿਲਿਆ। ਜਿਹੜੇ ਲੋਕਾਂ ਨੇ ਅਰਵਿੰਦ ਕੇਜਰੀਵਾਲ ਨੂੰ 'ਪਰਿਵਰਤਨ' ਵਿਚ ਕੰਮ ਕਰਦਿਆਂ ਦੇਖਿਆ-ਸੁਣਿਆ ਹੈ, ਉਨ੍ਹਾਂ ਨੂੰ ਆਮ ਆਦਮੀ ਪਾਰਟੀ ਦੇ ਅਵੱਲੇ ਫੈਸਲਿਆਂ 'ਤੇ ਕੋਈ ਹੈਰਾਨੀ ਨਹੀਂ ਹੁੰਦੀ। ਅਸਲ ਵਿਚ ਅਰਵਿੰਦ ਕੇਜਰੀਵਾਲ ਆਮ ਆਦਮੀ ਪਾਰਟੀ ਨੂੰ ਮੁੱਢ ਤੋਂ ਐਨ.ਜੀ.ਓ. ਵਾਂਗ ਹੀ ਚਲਾਉਂਦੇ ਆਏ ਹਨ। ਇਸ ਨੁਕਤੇ ਦਾ ਇਕ ਦਿਲਚਸਪ ਪਹਿਲੂ ਇਹ ਵੀ ਹੈ ਕਿ ਜਦੋਂ 2012 ਵਿਚ ਆਮ ਆਦਮੀ ਪਾਰਟੀ ਦਾ ਆਗਾਜ਼ ਹੋਇਆ ਸੀ ਤਾਂ ਉਦੋਂ ਤੱਕ 'ਪਰਿਵਰਤਨ' ਦੀਆਂ ਸਰਗਰਮੀਆਂ ਪੂਰੀ ਤਰ੍ਹਾਂ ਮੱਠੀਆਂ ਪੈ ਚੁਕੀਆਂ ਸਨ। ਅਸਲ ਵਿਚ ਇਸ ਗੈਰ ਸਰਕਾਰੀ ਸੰਸਥਾ ਨੇ ਉਸ ਵਕਤ ਜਿਹੜਾ ਵੀ ਮੁੱਦਾ ਛੋਹਿਆ, ਉਹ ਲੋਕਾਂ ਉਤੇ ਚਿਰ-ਸਥਾਈ ਅਸਰ ਨਹੀਂ ਪਾ ਸਕਿਆ। ਇਸ ਸੰਸਥਾ ਦਾ ਮੁੱਖ ਕੰਮ ਸਭ ਤੋਂ ਪਹਿਲਾਂ ਸੁੰਦਰ ਨਗਰੀ ਵਿਚ ਸੀ ਅਤੇ ਉਥੇ ਇਕ ਵਾਰ ਤਾਂ ਇਸ ਸੰਸਥਾ ਅਤੇ ਅਰਵਿੰਦ ਕੇਜਰੀਵਾਲ ਤੇ ਮਨੀਸ਼ ਸਿਸੋਦੀਆ ਦੀ ਬੱਲੇ-ਬੱਲੇ ਹੋ ਗਈ ਸੀ ਪਰ ਅੱਜ ਇਸ ਨਗਰੀ ਦੇ ਇਨ੍ਹਾਂ ਹੀ ਮਸਲਿਆਂ ਕਾਰਨ ਪਹਿਲਾਂ ਨਾਲੋਂ ਵੱਧ ਮੰਦੜੇ ਹਾਲ ਹਨ। ਇਹੀ ਅਸਲ ਵਿਚ ਆਮ ਆਦਮੀ ਪਾਰਟੀ ਦੀ ਹੋਣੀ ਹੈ। ਖੁਦ ਕੇਜਰੀਵਾਲ ਨੇ ਵੀ ਮੰਨਿਆ ਸੀ ਕਿ ਜਦੋਂ ਵੀ ਸੰਸਥਾ ਇਕ ਮਸਲਾ ਛੋਹ ਕੇ ਦੂਜੇ ਨੂੰ ਹੱਥ ਪਾਉਂਦੀ ਸੀ ਤਾਂ ਪਹਿਲਾ ਮਸਲਾ ਫਿਰ ਪਹਿਲਾਂ ਵਾਲੀ ਥਾਂਵੇਂ ਪੁੱਜ ਜਾਂਦਾ ਸੀ। ਇਉਂ ਪਾਰਟੀ ਆਪਣੇ ਕਾਰਜ ਨੂੰ ਸਿਆਸੀ ਜਾਮਾ ਪਹਿਨਾਉਣ ਵਿਚ ਬੁਰੀ ਤਰ੍ਹਾਂ ਨਾਕਾਮ ਰਹੀ ਹੈ। ਜਾਹਰ ਹੈ ਕਿ ਕੋਈ ਸੰਸਥਾ ਚਲਾਉਣੀ ਅਤੇ ਸਿਆਸਤ ਕਰਨੀ ਦੋ ਵੱਖਰੀਆਂ-ਵੱਖਰੀਆਂ ਗੱਲਾਂ ਹਨ ਪਰ ਕੇਜਰੀਵਾਲ ਨੇ ਸੰਸਥਾ ਅਤੇ ਸਿਆਸਤ ਨੂੰ ਇਕੋ ਰੱਸੇ ਬੰਨ੍ਹਣ ਦੀ ਕੋਸ਼ਿਸ਼ ਕੀਤੀ ਅਤੇ ਇਸ ਦਾ ਨਤੀਜਾ ਸਭ ਦੇ ਸਾਹਮਣੇ ਹੈ।

ਆਮ ਆਦਮੀ ਪਾਰਟੀ ਨੇ 2014 ਦੀਆਂ ਲੋਕ ਸਭਾ ਚੋਣਾਂ ਵਿਚ 434 ਹਲਕਿਆਂ ਵਿਚ ਉਮੀਦਵਾਰ ਉਤਾਰੇ, ਪਰ ਇਨ੍ਹਾਂ ਵਿਚੋਂ 414 ਦੀਆਂ ਜ਼ਮਾਨਤਾਂ ਜ਼ਬਤ ਹੋ ਗਈਆਂ। ਇਸ ਦੇ ਬਾਵਜੂਦ ਪੰਜਾਬ ਵਿਚ ਚਾਰ ਉਮੀਦਵਾਰ ਜਿੱਤ ਗਏ ਅਤੇ ਦਿੱਲੀ ਵਿਚ ਪਾਰਟੀ ਨੂੰ ਕਰੀਬ 33 ਫੀਸਦੀ ਵੋਟਾਂ ਮਿਲੀਆਂ। ਅਗਲੇ ਹੀ ਸਾਲ 2015 ਵਿਚ ਜਦੋਂ ਦਿੱਲੀ ਵਿਧਾਨ ਸਭਾ ਲਈ ਵੋਟਾਂ ਪਈਆਂ ਤਾਂ ਇਸ ਪਾਰਟੀ ਨੇ ਕੁੱਲ 70 ਵਿਚੋਂ 67 ਸੀਟਾਂ ਉਤੇ ਜਿੱਤ ਹਾਸਲ ਕਰਕੇ ਸਮੁੱਚੇ ਸਿਆਸੀ ਮਾਹੌਲ ਵਿਚ ਹਲਚਲ ਮਚਾ ਦਿੱਤੀ। ਉਂਜ, ਇਸ ਦੇ ਨਾਲ ਹੀ ਪਾਰਟੀ ਨੂੰ ਕਿਸੇ ਐਨ.ਜੀ.ਓ. ਵਾਂਗ ਚਲਾਉਣ ਦੀਆਂ ਗੱਲਾਂ ਵੀ ਬਾਹਰ ਆਉਣ ਲੱਗ ਪਈਆਂ। ਸ਼ਾਇਦ ਇਸੇ ਕਰਕੇ ਹੀ 2017 ਵਿਚ ਪੰਜਾਬ ਵਿਧਾਨ ਸਭਾ ਵਿਚ ਇਹ ਪਾਰਟੀ ਜਿੱਤਦੀ-ਜਿੱਤਦੀ ਹਾਰ ਗਈ ਅਤੇ ਇਸ ਨੂੰ ਸਿਰਫ 20 ਸੀਟਾਂ ਨਾਲ ਹੀ ਸਬਰ ਕਰਨਾ ਪਿਆ। ਪਰਵਾਸੀ ਪੰਜਾਬੀ, ਜਿਨ੍ਹਾਂ ਨੂੰ ਇਸ ਪਾਰਟੀ ਦਾ ਉਭਾਰ ਪਿਛਲੀ ਸਦੀ ਦੇ ਦੂਜੇ ਦਹਾਕੇ ਦੌਰਾਨ ਅੰਗਰੇਜ਼ਾਂ ਖਿਲਾਫ ਉਠੇ 'ਗਦਰ' ਦੀ ਤਰਜ਼ ਉਤੇ ਇਕ ਵਾਰ ਫਿਰ ਉਠਿਆ 'ਮਿੰਨੀ ਗਦਰ' ਜਾਪਿਆ ਸੀ, ਨਿਰਾਸ਼ ਹੋ ਗਏ। ਅਸਲ ਵਿਚ ਪਾਰਟੀ ਨੇ, ਖਾਸ ਕਰਕੇ ਪੰਜਾਬ ਵਿਚ, ਜਥੇਬੰਦਕ ਤਾਣੇ-ਬਾਣੇ ਅਤੇ ਲੀਡਰਸ਼ਿਪ ਦੀ ਉਸਾਰੀ ਵੱਲ ਧਿਆਨ ਨਹੀਂ ਦਿੱਤਾ। ਇਹ ਵੀ ਬਹਿਸ ਗੋਚਰਾ ਵਿਸ਼ਾ ਹੈ ਕਿ ਪਾਰਟੀ ਨੇ ਪੰਜਾਬ ਅੰਦਰ ਲੀਡਰਸ਼ਿਪ ਉਸਾਰਨ ਵੱਲ ਧਿਆਨ ਕਿਨ੍ਹਾਂ ਕਾਰਨਾਂ ਕਰਕੇ ਨਹੀਂ ਦਿੱਤਾ। ਸ਼ਾਇਦ ਇਸ ਦੀਆਂ ਜੜ੍ਹਾਂ ਵੀ ਐਨ.ਜੀ.ਓ. ਵਾਲੇ ਕਾਰ-ਵਿਹਾਰ ਵਿਚ ਹੀ ਪਈਆਂ ਸਨ। ਸਿੱਟੇ ਵਜੋਂ ਹੋਰ ਪਾਰਟੀਆਂ ਦੇ ਕਹਿੰਦੇ-ਕਹਾਉਂਦੇ ਲੀਡਰ ਪਾਰਟੀ ਅੰਦਰ ਆਏ ਜ਼ਰੂਰ, ਪਰ ਸਭ ਦੇ ਆਪੋ-ਆਪਣੇ ਏਜੰਡੇ ਸਨ। ਇਸੇ ਕਰਕੇ ਪਾਰਟੀ ਅੰਦਰ ਆਪੋ-ਧਾਪੀ ਵਧਣੀ ਸ਼ੁਰੂ ਹੋ ਗਈ। ਅਕਾਲੀ ਦਲ ਅਤੇ ਕਾਂਗਰਸ ਦੀ ਰਵਾਇਤੀ ਸਿਆਸਤ ਤੋਂ ਅੱਕੇ ਲੋਕਾਂ ਨੇ ਹਰ ਮੋੜ ਉਤੇ ਇਸ ਪਾਰਟੀ ਅਤੇ ਇਸ ਦੇ ਲੀਡਰਾਂ ਨੂੰ ਹੁਲਾਰਾ ਦਿੱਤਾ, ਪਰ ਜਥੇਬੰਦੀ ਅਤੇ ਲੀਡਰਸ਼ਿਪ ਵਾਲੀ ਕੰਨੀ ਸਦਾ ਹੀ ਸੁੱਕੀ ਰਹਿ ਜਾਂਦੀ ਲੱਗੀ ਅਤੇ ਦਿੱਲੀ ਤੋਂ ਆਉਂਦੀਆਂ ਹਦਾਇਤਾਂ ਨੇ ਪਾਰਟੀ ਨੂੰ ਰਵਾਇਤੀ ਪਾਰਟੀਆਂ ਵਾਲੀ ਹੋਣੀ ਦੇ ਰਾਹ ਪਾ ਦਿੱਤਾ। ਲੀਡਰਸ਼ਿਪ ਦੀ ਅਦਲਾ-ਬਦਲੀ ਤਾਂ ਹੋਰ ਪਾਰਟੀਆਂ ਵਿਚ ਵੀ ਬਥੇਰੀ ਚੱਲਦੀ ਹੈ, ਪਰ ਪੰਜਾਬ ਦੇ ਮਾਮਲੇ ਵਿਚ ਲੀਡਰਸ਼ਿਪ ਬਦਲੀ ਬਾਰੇ ਜੋ ਪਹੁੰਚ ਪਾਰਟੀ ਦੀ ਕੇਂਦਰੀ ਲੀਡਰਸ਼ਿਪ ਨੇ ਅਪਨਾਈ, ਉਹ ਇਸ ਦੇ ਹੀ ਰਾਹ ਦਾ ਰੋੜਾ ਬਣ ਗਈ। ਜਿੰਨੀ ਵਾਰ ਵੀ ਲੀਡਰਸ਼ਿਪ ਬਦਲੀ ਦੀ ਨੌਬਤ ਆਈ, ਕਿਸੇ ਨੂੰ ਵੀ ਭਰੋਸੇ ਵਿਚ ਲੈਣ ਦੀ ਥਾਂ ਆਪ-ਹੁਦਰਾਪਣ ਹੀ ਦਿਖਾਇਆ ਗਿਆ। ਪੰਜਾਬ ਵਿਚ ਇਹ ਪਾਰਟੀ ਸ਼ਾਇਦ ਇਤਿਹਾਸ ਵਿਚ ਅਜਿਹੀ ਪਹਿਲੀ ਪਾਰਟੀ ਹੋਵੇਗੀ ਜਿਸ ਅੰਦਰ ਆਵਾਮ ਦਾ ਦਰਿਆ ਵਗਦਾ ਰਿਹਾ ਅਤੇ ਇਸ ਦੀ ਕਾਣੀ-ਮੀਣੀ ਲੀਡਰਸ਼ਿਪ ਇਸ ਦਰਿਆ ਦੇ ਪਾਣੀ ਨਾਲ ਲੋਕ ਹਿਤਾਂ ਵਾਲੀ ਸਿਆਸਤ ਦੇ ਕਿਆਰੇ ਸਿੰਜ ਨਾ ਸਕੀ। ਇਹ ਪੰਜਾਬ ਦੇ ਜਾਇਆਂ ਦੀ ਸਭ ਤੋਂ ਵੱਡੀ ਤ੍ਰਾਸਦੀ ਹੋ ਨਿਬੜੀ ਹੈ। ਸਭ ਕੁਝ ਹੁੰਦਿਆਂ-ਸੁੰਦਿਆਂ ਇਨ੍ਹਾਂ ਦੇ ਹੱਥ ਫਿਲਹਾਲ ਖਾਲੀ ਦੇ ਖਾਲੀ ਹਨ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਆਪ ਦਾ ਸੰਤਾਪ*

ਦੋਂਹ ਪੁੜਾਂ 'ਚੋਂ ਨਿਕਲਣੇ ਵਾਸਤੇ ਜੀ, ਚਾਰਾ ਕੀਤਾ ਸੀ ਸਾਡੇ ਪੰਜਾਬੀਆਂ ਨੇ।
ਲੰਮੀ ਰੇਸ ਦੇ ਘੋੜੇ ਨਾ ਬਣਨ ਦਿੱਤੇ, ਆਪੋ-ਧਾਪੀਆਂ ਅਤੇ ਸੁਤਾਬੀਆਂ ਨੇ।
ਦਿੱਤੀ ਰੋਲ 'ਬਦਲਾਓ' ਦੀ ਆਸ ਯਾਰੋ, ਕੁਰਸੀ ਵਾਸਤੇ ਦਿਲੀ ਬੇਤਾਬੀਆਂ ਨੇ।
ਤਾਣਾ-ਬਾਣਾ ਉਲਝਾ ਕੇ ਰੱਖ ਦਿੱਤਾ, ਲੀਡਰ-ਵਰਕਰਾਂ ਦੀਆਂ ਖਰਾਬੀਆਂ ਨੇ।
ਕਰਨੇ ਫੈਸਲੇ ਵਾਂਗ ਜਜ਼ਬਾਤੀਆਂ ਦੇ, ਹਾਣ-ਲਾਭ ਨਾ ਕਦੇ ਵਿਚਾਰਨਾ ਏ।
ਹੁਣ ਲੋੜ ਨਾ ਪਵੇਗੀ ਦੁਸ਼ਮਣਾਂ ਦੀ, ਝਾੜੂ ਆਪਣੇ 'ਆਪ' ਖਿਲਾਰਨਾ ਏ!

# ਮਹਾਂਸ਼ਕਤੀ ਬਣ ਰਿਹਾ ਭਾਰਤ ਅਤੇ ਭੁੱਖ ਨਾਲ ਮੌਤਾਂ

*ਭਾਰਤ ਦੀ ਰਾਜਧਾਨੀ ਨਵੀਂ ਦਿੱਲੀ ਵਿਚ ਇਕ ਪਰਿਵਾਰ ਦੀਆਂ ਤਿੰਨ ਨੰਨ੍ਹੀਆਂ ਬੱਚੀਆਂ ਦੀ ਭੁੱਖ ਨਾਲ ਹੋਈ ਮੌਤ ਨੇ ਹਰ ਦਿਲ ਨੂੰ ਵਲੂੰਧਰ ਕੇ ਰੱਖ ਦਿੱਤਾ ਹੈ। ਹਕੂਮਤ ਕਰਨ ਵਾਲਿਆਂ ਦੇ ਦਾਅਵੇ ਮੁਲਕ ਨੂੰ ਮਹਾਂਸ਼ਕਤੀ ਬਣਾਉਣ ਦੇ ਹਨ ਪਰ ਲੱਖਾਂ ਲੋਕ ਅਜੇ ਵੀ ਬੁਨਿਆਦੀ ਸਹੂਲਤਾਂ ਤੋਂ ਵਾਂਝੇ ਹਨ। ਸਾਡੇ ਕਾਲਮਨਵੀਸ ਬੂਟਾ ਸਿੰਘ ਨੇ ਇਸ ਦਰਦਨਾਕ ਘਟਨਾ ਨੂੰ ਆਧਾਰ ਬਣਾ ਕੇ ਭਾਰਤ ਦੇ ਹਾਲਾਤ ਬਾਰੇ ਟਿੱਪਣੀਆਂ ਕੀਤੀਆਂ ਹਨ ਅਤੇ ਦਰਸਾਇਆ ਹੈ ਕਿ ਆਮ ਲੋਕ ਕਿਸ ਤਰ੍ਹਾਂ ਪੀਠੇ ਜਾ ਰਹੇ ਹਨ। -ਸੰਪਾਦਕ*

ਪੂਰਬੀ ਦਿੱਲੀ ਵਿਚ ਇਕੋ ਪਰਿਵਾਰ ਦੀਆਂ ਦੋ, ਚਾਰ ਤੇ ਅੱਠ ਸਾਲ ਦੀਆਂ ਤਿੰਨ ਬੱਚੀਆਂ ਦੀ ਭੁੱਖ ਨਾਲ ਮੌਤ ਆਪਣੇ ਪਿੱਛੇ ਬਹੁਤ ਸਾਰੇ ਸਵਾਲ ਛੱਡ ਗਈ ਹੈ। ਸਭ ਤੋਂ ਵੱਡਾ ਸਵਾਲ ਭਾਰਤ ਦੇ ਮਹਾਂਸ਼ਕਤੀ ਹੋਣ ਦੇ ਦਾਅਵੇ ਉਪਰ ਹੈ ਜੋ ਸੱਤ ਦਹਾਕਿਆਂ ਵਿਚ ਹਰੇ, ਚਿੱਟੇ ਇਨਕਲਾਬਾਂ ਦੇ ਬਾਵਜੂਦ ਐਸੀ ਆਰਥਿਕਤਾ ਨਹੀਂ ਉਸਾਰ ਸਕਿਆ ਜਿਥੇ ਘੱਟੋਘੱਟ ਮਨੁੱਖ ਦੇ ਜ਼ਿੰਦਾ ਰਹਿਣ ਲਈ ਸਭ ਤੋਂ ਮੁੱਢਲੀ ਜ਼ਰੂਰਤ ਦੀ ਪੂਰਤੀ ਯਕੀਨੀ ਬਣਾਈ ਜਾਂਦੀ ਤਾਂ ਜੋ ਆਮ ਲੋਕ ਢਿੱਡ ਨੂੰ ਝੁਲਕਾ ਦੇਣ ਦੀ ਸਮੱਸਿਆ ਨਾਲ ਜੂਝਦਿਆਂ ਹੀ ਜ਼ਿੰਦਗੀ ਗੁਜ਼ਾਰ ਦੇਣ ਤੋਂ ਅੱਗੇ ਤੁਰ ਸਕਦੇ ਅਤੇ ਸਵੈਮਾਣ ਵਾਲੀ ਮਨੁੱਖੀ ਜ਼ਿੰਦਗੀ ਜਿਊਣ ਦੇ ਸਮਰੱਥ ਹੋ ਜਾਂਦੇ। ਜਿਥੇ ਇਹ ਪਰਿਵਾਰ ਰਹਿ ਰਿਹਾ ਸੀ, ਉਹ ਸਹੂਲਤਾਂ ਤੋਂ ਸੱਖਣਾ ਪਰਵਾਸੀ ਵਸੋਂ ਵਾਲਾ ਇਲਾਕਾ ਹੈ ਜੋ ਮੁਲਕ ਦੇ ਮਹਾਂਨਗਰਾਂ ਵਿਚ ਵਸੇ

ਬੂਟਾ ਸਿੰਘ
ਫੋਨ: 91-94634-74342

ਪਰਵਾਸੀ ਕਿਰਤੀਆਂ ਦੀ ਹੱਕਾਂ ਤੇ ਮੁੱਢਲੀਆਂ ਸਹੂਲਤਾਂ ਤੋਂ ਵਿਰਵੀਂ ਜ਼ਿੰਦਗੀ ਦੀ ਟਕਸਾਲੀ ਮਿਸਾਲ ਹੈ। ਇਨ੍ਹਾਂ ਤਿੰਨਾਂ ਬੱਚੀਆਂ ਦੇ ਡਬਲ ਪੋਸਟ-ਮਾਰਟਮ ਦੀਆਂ ਰਿਪੋਰਟਾਂ ਦੱਸਦੀਆਂ ਹਨ ਕਿ ਪਿਛਲੇ ਦਿਨਾਂ ਤੋਂ ਖਾਣੇ ਦਾ ਭੋਰਾ ਵੀ ਉਨ੍ਹਾਂ ਦੇ ਪੇਟ ਅੰਦਰ ਨਹੀਂ ਸੀ ਗਿਆ। ਬੱਚੀਆਂ ਦਾ ਬੇਰੁਜ਼ਗਾਰ ਕਿਰਤੀ ਬਾਪ ਕੰਮ ਦੀ ਤਲਾਸ਼ ਵਿਚ ਘਰੋਂ ਬਾਹਰ ਗਿਆ ਹੋਇਆ ਹੈ ਅਤੇ ਅਜੇ ਤਕ ਲਾਪਤਾ ਹੈ। ਕਿਰਾਇਆ ਭਰਨ ਤੋਂ ਅਸਮਰੱਥ ਇਸ ਪਰਵਾਸੀ ਪਰਿਵਾਰ ਨੇ ਮਕਾਨ ਮਾਲਕ ਵਲੋਂ ਬੇਦਖਲ ਕੀਤੇ ਜਾਣ ਕਾਰਨ ਕਿਸੇ ਹਿਤੈਸ਼ੀ ਦੇ ਘਰ ਵਿਚ ਪਨਾਹ ਲਈ ਹੋਈ ਸੀ ਅਤੇ ਡਿਜੀਟਲ ਤਕਨਾਲੋਜੀ ਦੇ ਯੁਗ ਵਿਚ ਉਸ ਬਾਪ ਕੋਲ ਮਾਮੂਲੀ ਮੋਬਾਈਲ ਫੋਨ ਵੀ ਨਹੀਂ ਕਿ ਉਸ ਨੂੰ ਤਿੰਨ ਧੀਆਂ ਦੀ ਮੌਤ ਦੀ ਖਬਰ ਦਿੱਤੀ ਜਾ ਸਕਦੀ।

ਇਹ ਉਸ ਮੁਲਕ ਦੀ ਜ਼ਮੀਨੀ ਹਕੀਕਤ ਹੈ ਜਿਸ ਨੂੰ ਦੁਨੀਆ ਦੀ ਸਭ ਤੋਂ ਤੇਜ਼ੀ ਨਾਲ ਵਧ ਰਹੀ ਆਰਥਿਕਤਾ ਦੱਸਿਆ ਜਾ ਰਿਹਾ ਹੈ; ਜਿਥੇ ਕੌਮੀ ਖੁਰਾਕ ਸੁਰੱਖਿਆ ਕਾਨੂੰਨ ਤੇ ਕੌਮੀ ਰੁਜ਼ਗਾਰ ਗਾਰੰਟੀ ਕਾਨੂੰਨ ਬਣੇ ਹੋਏ ਹਨ ਅਤੇ ਪ੍ਰਧਾਨ ਮੰਤਰੀ ਵਲੋਂ ਇਸ ਸਾਲ 8 ਮਾਰਚ ਨੂੰ ਔਰਤ ਦਿਵਸ ਮੌਕੇ ਉਚੇਚੇ ਤੌਰ 'ਤੇ 9046 ਕਰੋੜ ਦੇ ਬਜਟ ਵਾਲਾ 'ਪੋਸ਼ਣ ਅਭਿਆਨ' ਸ਼ੁਰੂ ਕੀਤਾ ਗਿਆ ਹੈ। ਪੂਰੇ ਮੁਲਕ ਵਿਚ ਬੱਚਿਆਂ ਦੇ ਵਿਕਾਸ ਦੀ ਨਜ਼ਰਸਾਨੀ ਲਈ ਇੰਟੈਗਰੇਟਿਡ ਚਾਈਲਡ ਡਿਵੈਲਪਮੈਂਟ ਸਰਵਿਸਿਜ਼ (ਆਈ.ਸੀ.ਡੀ.ਐਸ.) ਸਕੀਮ ਚਲ ਰਹੀ ਹੈ ਜਿਸ ਲਈ ਇਸ ਸਾਲ ਦੇ ਬਜਟ ਵਿਚ 16335 ਕਰੋੜ ਰੁਪਏ ਰੱਖੇ ਗਏ ਹਨ। ਇਸ ਸਕੀਮ ਤਹਿਤ 6 ਸਾਲ ਤਕ ਦੀ ਉਮਰ ਦੇ ਬੱਚਿਆਂ ਨੂੰ ਅੱਖਰ ਗਿਆਨ ਤੇ ਪੌਸ਼ਟਿਕ ਖਾਣਾ ਦੇਣ ਲਈ ਅਤੇ ਸਿਹਤ ਦੀ ਦੇਖਭਾਲ ਲਈ ਆਂਗਨਵਾੜੀ ਵਿਚ ਬਾਕਾਇਦਾ ਰਜਿਸਟਰਡ ਕੀਤਾ ਜਾਂਦਾ ਹੈ।

ਆਲਮੀ ਆਰਥਕ ਮੰਚ ਅਨੁਸਾਰ ਭਾਰਤ ਨੂੰ ਆਪਣੀ ਵਸੋਂ ਦਾ ਪੇਟ ਭਰਨ ਲਈ ਸਾਲਾਨਾ 2250-2300 ਲੱਖ ਟਨ ਅੰਨ ਦੀ ਲੋੜ ਹੈ ਅਤੇ 2016-17 ਵਿਚ ਖੇਤੀ ਪੈਦਾਵਾਰ 2733.80 ਲੱਖ ਟਨ ਹੋਈ। ਪਿਛਲੀ ਯੂ.ਪੀ.ਏ. ਸਰਕਾਰ ਦੇ ਤਤਕਾਲੀ ਕੇਂਦਰੀ ਖੇਤੀਬਾੜੀ ਮੰਤਰੀ ਸ਼ਰਦ ਪਵਾਰ ਨੇ ਸੰਸਦ 'ਚ ਬਾਕਾਇਦਾ ਬਿਆਨ ਦੇ ਕੇ ਖੁਲਾਸਾ ਕੀਤਾ ਸੀ ਕਿ ਮੁਲਕ ਵਿਚ ਪੈਦਾ ਹੁੰਦਾ 40% ਅਨਾਜ ਸਾਂਭ-ਸੰਭਾਲ ਅਤੇ ਢੋਆ-ਢੁਆਈ ਦੇ ਬਦਇੰਤਜ਼ਾਮਾਂ ਕਾਰਨ ਗਲ-ਸੜ ਕੇ ਅਜਾਈਂ ਚਲਾ ਜਾਂਦਾ ਹੈ। ਕਿਸੇ ਵੱਡੀ ਕੁਦਰਤੀ ਆਫਤ ਦੇ ਵਕਤ ਖਾਣੇ ਦੀ ਤੋਟ ਵੱਖਰੀ ਤਰ੍ਹਾਂ ਦਾ ਮਸਲਾ ਹੁੰਦਾ ਹੈ, ਇਥੇ ਤਾਂ ਭੁੱਖਮਰੀ ਨਾਲ ਮੌਤਾਂ ਵਾਫਰ ਅਨਾਜ ਦੀ ਬਦਇੰਤਜ਼ਾਮੀ, ਹੁਕਮਰਾਨਾਂ ਦੀ ਬਦਨੀਅਤ ਅਤੇ ਜਨਤਕ ਵੰਡ ਪ੍ਰਣਾਲੀ ਲੋੜਵੰਦਾਂ ਦੀ ਪਹੁੰਚ ਤੋਂ ਬਾਹਰ ਹੋਣ ਕਾਰਨ ਅਤੇ ਵਿਆਪਕ ਭ੍ਰਿਸ਼ਟਾਚਾਰ ਕਾਰਨ ਹੋ ਰਹੀਆਂ ਹਨ। ਭ੍ਰਿਸ਼ਟਾਚਾਰ ਨੂੰ ਰੋਕਣ ਦੇ ਨਾਂ ਹੇਠ ਜਨਤਕ ਵੰਡ ਪ੍ਰਣਾਲੀ ਨੂੰ 'ਅਧਾਰ' ਕਾਰਡ ਨਾਲ ਜੋੜੇ ਜਾਣ ਨੇ ਸਾਧਨ ਵਿਹੂਣੇ ਗ਼ਰੀਬ ਲੋਕਾਂ ਦੀਆਂ ਮੁਸ਼ਕਲਾਂ ਹੋਰ ਵਧਾ ਦਿੱਤੀਆਂ ਹਨ।

ਜਦੋਂ ਵੀ ਐਸਾ ਤ੍ਰਾਸਦਿਕ ਕਾਂਡ ਮੀਡੀਆ ਦੀਆਂ ਸੁਰਖੀਆਂ ਬਣਦਾ ਹੈ, ਸੱਤਾਧਾਰੀ ਅਤੇ ਵਿਰੋਧੀ ਧਿਰ, ਦੋਨੋਂ ਵੰਨਗੀਆਂ ਦੇ ਸਿਆਸਤਦਾਨ ਤੈਅਸ਼ੁਦਾ ਸਿਆਸੀ ਖੇਡ ਸ਼ੁਰੂ ਕਰ ਦਿੰਦੇ ਹਨ। ਸੱਤਾਧਾਰੀ ਧਿਰ ਹੋਰ ਹੋਰ ਕਾਰਨ ਗਿਣਾ ਕੇ ਪੂਰੀ ਵਾਹ ਲਾਉਂਦੀ ਹੈ ਕਿ ਆਪਣੀ ਜਵਾਬਦੇਹੀ ਦੇ ਸਵਾਲ ਨੂੰ ਟਾਲਿਆ ਜਾਵੇ। ਵਿਰੋਧੀ ਧਿਰ ਸਿਆਸੀ ਲਾਹਾ ਲੈਣ ਲਈ ਸੱਤਾਧਾਰੀ ਧਿਰ ਉਪਰ ਸਿਆਸੀ ਚਾਂਦਮਾਰੀ ਕਰਦੀ ਹੈ। 'ਕਾਰਨਾਂ ਦੀ ਜਾਂਚ ਕਰਾਏ ਜਾਣ' ਅਤੇ 'ਦੋਸ਼ੀਆਂ ਖਿਲਾਫ ਸਖਤ ਕਾਰਵਾਈ ਕਰਨ' ਦੇ ਸਰਕਾਰੀ ਬਿਆਨਾਂ ਦਾ ਭਾਵ ਹੁੰਦਾ ਹੈ, ਮਾਮਲੇ ਨੂੰ ਠੰਢੇ ਬਸਤੇ ਵਿਚ ਪਾਉਣਾ ਅਤੇ ਜਵਾਬਦੇਹ ਨਾ ਹੋਣਾ। ਪਿਛਲੇ ਸਾਲਾਂ ਅੰਦਰ ਜਦੋਂ ਝਾਰਖੰਡ ਵਿਚ ਪਹਿਲਾਂ 58 ਸਾਲ ਦੀ ਔਰਤ ਸਵਿਤਰੀ ਦੇਵੀ ਅਤੇ ਫਿਰ ਗਿਆਰਾਂ ਸਾਲ ਦੀ ਬੱਚੀ ਸੰਤੋਸ਼ੀ ਦੀ ਮੌਤ ਭੁੱਖ ਕਾਰਨ ਹੋਈ ਤਾਂ ਸੂਬਾ ਸਰਕਾਰ ਨੇ ਦੋਨਾਂ ਮਾਮਲਿਆਂ ਵਿਚ ਪੂਰਾ ਜ਼ੋਰ ਇਹ ਸਾਬਤ ਕਰਨ 'ਤੇ ਲਾ ਦਿੱਤਾ ਕਿ ਇਨ੍ਹਾਂ ਦੀ ਮੌਤ ਬਿਮਾਰੀ ਕਾਰਨ ਹੋਈ ਹੈ, ਭੁੱਖਮਰੀ ਕਾਰਨ ਨਹੀਂ; ਹਾਲਾਂਕਿ ਤੱਥ ਜੱਗ ਜ਼ਾਹਿਰ ਸਨ ਕਿ ਇਹ ਪਰਿਵਾਰ ਰਾਸ਼ਨ ਕਾਰਡ ਰੱਦ ਹੋ ਜਾਣ ਕਾਰਨ ਜਨਤਕ ਵੰਡ ਪ੍ਰਣਾਲੀ ਤਹਿਤ ਮਿਲਦੇ ਰਾਸ਼ਨ ਤੋਂ ਵਾਂਝੇ ਸਨ ਅਤੇ ਮਿਆਦੀ ਭੁੱਖਮਰੀ ਤੋਂ ਪੀੜਤ ਸਨ। ਹਾਲੀਆ ਮੌਤਾਂ ਦੇ ਮਾਮਲੇ ਦੀ ਮੈਜਿਸਟਰੇਟੀ ਜਾਂਚ ਰਿਪੋਰਟ ਵਿਚ ਵੀ ਪਰਿਵਾਰ ਦੇ ਮੁਖੀ ਨੂੰ ਸ਼ਰਾਬੀ ਅਤੇ ਗ਼ੈਰਜ਼ਿੰਮੇਵਾਰ ਦਰਸਾਇਆ ਗਿਆ ਹੈ ਜਦਕਿ ਸਵਾਲ ਇਹ ਉਠਣੇ ਚਾਹੀਦੇ ਹਨ ਕਿ ਹਜ਼ਾਰਾਂ ਕਰੋੜ ਦੇ ਬਜਟ ਵਾਲੀਆਂ ਸਕੀਮਾਂ ਨੂੰ ਆਮ ਲੋਕਾਂ ਪਹੁੰਚਾਉਣ ਪੱਖੋਂ ਰਾਜਕੀ ਤੇ ਪ੍ਰਸ਼ਾਸਨਿਕ ਢਾਂਚੇ ਵਿਚ ਗੜਬੜ ਕਿਥੇ ਹੈ।

ਭੁੱਖਮਰੀ ਨਾਲ ਮੌਤਾਂ ਵਿਆਪਕ ਵਰਤਾਰਾ ਹੈ, ਲੇਕਿਨ ਹੁਕਮਰਾਨ ਇਸ ਦੇ ਅਸਲ ਕਾਰਨਾਂ ਬਾਰੇ ਚੁੱਪ ਵੱਟ ਕੇ ਅਤੇ ਮਸਲੇ ਦੀ ਵਿਆਪਕਤਾ ਨੂੰ ਘੁਣਤਰੀ ਦਲੀਲਾਂ ਅਤੇ ਅੰਕੜਿਆਂ ਦੇ ਹੇਰਫੇਰ ਨਾਲ ਘਟਾ ਕੇ ਆਪਣੀ ਮੁਜਰਮਾਨਾ ਭੂਮਿਕਾ ਉਪਰ ਪਰਦਾ ਪਾਉਣ ਦਾ ਯਤਨ ਕਰਦੇ ਹਨ। ਜਦੋਂ ਜਵਾਬਦੇਹੀ ਦਾ ਸਵਾਲ ਆਉਂਦਾ ਹੈ ਤਾਂ ਹਰ ਸੱਤਾਧਾਰੀ ਪਾਰਟੀ ਕੋਸ਼ਿਸ਼ ਕਰਦੀ ਹੈ ਕਿ ਭੁੱਖਮਰੀ ਜਿਹੇ ਗੰਭੀਰ ਮਸਲਿਆਂ ਦੇ ਅਸਲ ਕਾਰਨਾਂ ਦੀ ਚਰਚਾ ਨਾ ਹੋਵੇ। ਜਦੋਂ ਮਨਮੋਹਨ ਸਿੰਘ ਸਰਕਾਰ ਨੂੰ ਇਹ ਨਮੋਸ਼ੀ ਝੱਲਣੀ ਪਈ ਕਿ ਮੁਲਕ ਦੀ 77% ਆਬਾਦੀ ਰੋਜ਼ਾਨਾ 20 ਰੁਪਏ ਨਾਲ ਗੁਜ਼ਾਰਾ ਕਰਨ ਲਈ ਮਜਬੂਰ ਹੈ ਤਾਂ ਇਸ ਨੇ ਗ਼ਰੀਬੀ ਦੀ ਰੇਖਾ ਦਾ ਪੈਮਾਨਾ ਹੀ ਬਦਲ ਦਿੱਤਾ ਤਾਂ ਜੋ ਗ਼ਰੀਬੀ ਦੀ ਰੇਖਾ ਤੋਂ ਹੇਠਾਂ ਜ਼ਿੰਦਗੀ ਜੀਅ ਰਹੀ ਵਸੋਂ ਦੀ ਗਿਣਤੀ ਘਟਾ ਕੇ ਦਿਖਾਈ ਜਾ ਸਕੇ।

ਇਹ ਜ਼ਰੂਰੀ ਨਹੀਂ ਕਿ ਇਸ ਤਰ੍ਹਾਂ ਦੀ ਹਰ ਮੌਤ ਦਾ ਸਿੱਧਾ ਅਤੇ ਫੌਰੀ ਕਾਰਨ ਭੁੱਖਮਰੀ ਹੋਵੇ। ਗ਼ਰੀਬ ਅਤੇ ਵਾਂਝੇਪਣ ਦਾ ਸ਼ਿਕਾਰ ਪਰਿਵਾਰਾਂ ਦੇ ਬੱਚਿਆਂ ਦੀਆਂ ਜ਼ਿਆਦਾਤਰ ਮੌਤਾਂ ਪੌਸ਼ਟਿਕ ਖਾਣੇ ਦੀ ਅਣਹੋਂਦ 'ਚ ਬਿਮਾਰੀਆਂ ਦਾ ਟਾਕਰਾ ਕਰਨ ਦੀ ਕੁਦਰਤੀ ਤਾਕਤ ਨਾ ਹੋਣ ਕਾਰਨ ਹੁੰਦੀਆਂ ਹਨ ਅਤੇ ਮਾਮੂਲੀ ਇਲਾਜਯੋਗ -ਬਿਮਾਰੀਆਂ ਵੀ ਜਾਨਲੇਵਾ ਬਣ ਜਾਂਦੀਆਂ ਹਨ। ਉਂਜ, ਅੰਤਮ ਤੌਰ 'ਤੇ ਇਹ ਭੁੱਖਮਰੀ ਦੇ ਕਾਰਨ ਮੌਤ ਦੇ ਮਾਮਲੇ ਹੀ ਹੁੰਦੇ ਹਨ। ਪਰਿਵਾਰ ਦੀ ਸਿਹਤ ਬਾਰੇ ਕੌਮੀ ਸਰਵੇਖਣ 2015-16 ਅਨੁਸਾਰ ਭਾਰਤ ਵਿਚ ਘੋਰ ਕੁਪੋਸ਼ਣ ਕਾਰਨ ਪੰਜ ਸਾਲ ਤੋਂ ਘੱਟ ਉਮਰ ਦੇ 38.4% ਬੱਚੇ ਕੁਪੋਸ਼ਣ ਦਾ ਸ਼ਿਕਾਰ ਹਨ (ਕਈ ਖੇਤਰਾਂ ਵਿਚ ਇਹ ਦਰ 52% ਤਕ ਹੈ) ਜੋ ਜਿਸਮਾਨੀ ਅਤੇ ਦਿਮਾਗੀ ਤੌਰ 'ਤੇ ਪੂਰੀ ਤਰ੍ਹਾਂ ਵਿਕਾਸ ਨਹੀਂ ਕਰਦੇ। ਪਿੱਛੇ ਜਿਹੇ ਛਪੀ ਯੂਨੀਸੈਫ ਦੀ ਰਿਪੋਰਟ ਨੇ ਅੰਦਾਜ਼ਾ ਲਾਇਆ ਹੈ ਕਿ ਪੰਜ ਸਾਲ ਤੋਂ ਘੱਟ ਉਪਰ ਦੇ ਬੱਚਿਆਂ ਦੀਆਂ ਮੌਤਾਂ 'ਚੋਂ ਕਰੀਬ ਅੱਧੀਆਂ ਦਾ ਸਿੱਧਾ ਕਾਰਨ ਕੁਪੋਸ਼ਣ ਹੈ। ਇਹ ਤੱਥ ਵੀ ਧਿਆਨ ਵਿਚ ਰਹਿਣਾ ਚਾਹੀਦਾ ਹੈ ਕਿ ਭਾਰਤ ਆਪਣੇ ਲੋਕਾਂ ਦੀ ਸਿਹਤ 'ਤੇ ਆਪਣੀ ਕੁਲ ਘਰੇਲੂ ਪੈਦਾਵਾਰ ਦਾ ਸਭ ਤੋਂ ਘੱਟ ਹਿੱਸਾ (1.4%) ਖਰਚਣ ਵਾਲੇ ਮੁਲਕਾਂ ਦੀ ਸ਼੍ਰੇਣੀ 'ਚ ਸਭ ਤੋਂ ਨੀਵੇਂ ਸਥਾਨ 'ਤੇ ਹੈ ਜਦਕਿ ਭੂਟਾਨ ਅਤੇ ਥਾਈਲੈਂਡ ਵਰਗੇ ਮੁਲਕ ਵੀ ਇਸ ਤੋਂ ਕਿਤੇ ਅੱਗੇ ਹਨ। ਅਧਿਐਨਾਂ ਅਨੁਸਾਰ 5 ਸਾਲ ਦੀ ਉਮਰ ਦੇ ਘੱਟੋਘੱਟ 3 ਲੱਖ ਬੱਚੇ ਹਰ ਸਾਲ ਭੁੱਖ ਨਾਲ ਮਰਦੇ ਹਨ। ਇਕ ਹੋਰ ਅਧਿਐਨ ਅਨੁਸਾਰ ਇਹ ਗਿਣਤੀ 15 ਲੱਖ ਤਕ ਹੈ। ਫਿਰ ਵੀ ਪਿਛਲੀ ਮਨਮੋਹਨ ਸਿੰਘ ਸਰਕਾਰ ਤੋਂ ਲੈ ਕੇ ਹੁਣ ਵਾਲੀ ਮੋਦੀ ਸਰਕਾਰ ਤਕ ਸਾਰੇ ਹੀ ਹੁਕਮਰਾਨ ਧੜੇ ਇਕਮੱਤ ਹਨ ਕਿ ਮੁਲਕ ਅੱਗੇ ਸਭ ਤੋਂ ਵੱਡੀ ਚੁਣੌਤੀ ਮਾਓਵਾਦ ਹੈ।

ਸਰਦੇ-ਪੁੱਜਦੇ ਅਤੇ ਤਮਾਮ ਆਧੁਨਿਕ ਸੁਖ-ਸਹੂਲਤਾਂ ਮਾਣ ਰਹੇ ਵਰਗਾਂ ਲਈ ਤਾਂ ਉਸ ਕੌੜੀ ਹਕੀਕਤ ਦੀ ਕਲਪਨਾ ਕਰਨਾ ਹੀ ਅਸੰਭਵ ਹੈ ਕਿ ਮੁਲਕ ਦੀ ਵਸੋਂ ਦੇ ਗਿਣਨਯੋਗ ਹਿੱਸੇ ਨੂੰ ਅਕਸਰ ਹੀ ਭੁੱਖੇ ਢਿੱਡ ਸੌਣਾ ਪੈਂਦਾ ਹੈ। ਮਿਆਦੀ ਭੁੱਖਮਰੀ ਤੋਂ ਪੀੜਤ ਹਿੱਸਿਆਂ ਦੀ ਬੇਵਸੀ ਦਾ ਮੂਲ ਕਾਰਨ ਇਹ ਨਹੀਂ ਕਿ ਉਹ ਕਿਰਤ ਕਰਨਾ ਨਹੀਂ ਚਾਹੁੰਦੇ ਤੇ ਕਿਰਤ ਨਹੀਂ ਕਰਦੇ। ਦਰਅਸਲ, ਜਿਸ ਤਰ੍ਹਾਂ ਦੇ ਭੂਗੋਲਿਕ ਅਤੇ ਆਰਥਿਕ ਹਾਲਾਤ ਵਿਚ ਉਹ ਪੀੜ੍ਹੀ-ਦਰ-ਪੀੜ੍ਹੀ ਦਿਨ ਕੱਟਦੇ ਆ ਰਹੇ ਹਨ, ਉਥੇ ਜੀਵਨ ਗੁਜ਼ਾਰੇ ਦੇ ਲੋੜੀਂਦੇ ਵਸੀਲੇ ਜੁਟਾ ਕੇ ਭੁੱਖਮਰੀ 'ਤੇ ਕਾਬੂ ਪਾ ਲੈਣਾ ਉਨ੍ਹਾਂ ਲਈ ਸੰਭਵ ਨਹੀਂ। ਜਿਸ ਸਦੀਵੀ ਨਾਬਰਾਬਰੀ, ਸਮਾਜਿਕ ਬੇਇਨਸਾਫੀ ਅਤੇ ਲੁੱਟ ਤੇ ਦਾਬੇ ਦੀ ਵਿਵਸਥਾ ਹੇਠ ਉਹ ਰਹਿ ਰਹੇ ਹਨ, ਇਹ ਉਨ੍ਹਾਂ ਲਈ ਤਰੱਕੀ ਅਤੇ ਵਿਕਾਸ ਦੇ ਮੌਕੇ ਮੁਹੱਈਆ ਨਹੀਂ ਕਰਦੀ, ਸਗੋਂ ਇਸ ਵਿਚ ਮੁੱਖ ਰੁਕਾਵਟ ਹੈ। ਕੌਮੀ ਰੁਜ਼ਗਾਰ ਗਾਰੰਟੀ ਐਕਟ-2005, ਜੋ ਪਰਿਵਾਰ ਦੇ ਇਕ ਜੀਅ ਨੂੰ ਪੂਰੇ ਸਾਲ ਵਿਚ ਮਹਿਜ਼ ਸੌ ਦਿਨ ਕੰਮ ਦੇਣ ਦਾ ਜ਼ਿੰਮਾ ਲੈਂਦਾ ਹੈ, ਸੱਠ ਸੁਤੰਤਰਤਾ ਦਿਵਸ ਮਨਾਉਣ ਤੋਂ ਬਾਅਦ ਪਾਸ ਕੀਤਾ ਗਿਆ ਅਤੇ ਕੌਮੀ ਖੁਰਾਕ ਸੁਰੱਖਿਆ ਐਕਟ 2013 ਵਿਚ ਬਣਾਇਆ ਗਿਆ। ਉਹ ਵੀ ਆਵਾਮੀ ਅੰਦੋਲਨਾਂ ਪਿਛੋਂ ਤੇ ਚੋਣ ਗਿਣਤੀਆਂ ਮਿਣਤੀਆਂ ਨੂੰ ਮੁੱਖ ਰੱਖਦੇ ਹੋਏ; ਜਦਕਿ ਹਰ ਨਾਗਰਿਕ ਨੂੰ ਖਾਣੇ ਅਤੇ ਰੋਜ਼ਗਾਰ ਦੀ ਗਾਰੰਟੀ ਕਿਸੇ ਵੀ ਲੋਕਤੰਤਰ ਕਹਾਉਣ ਵਾਲੇ ਰਾਜ ਦੇ ਸਭ ਤੋਂ ਤਰਜੀਹੀ ਕਾਰਜ ਹੋਣੇ ਚਾਹੀਦੇ ਹਨ।

ਦਰਅਸਲ, ਕਥਿਤ ਵਿਕਾਸ ਯੋਜਨਾਵਾਂ ਅਤੇ ਬਜਟ ਅੰਦਰ ਯੋਜਨਾ ਖਰਚਿਆਂ ਦੇ ਅੰਕੜੇ ਆਰਥਿਕ ਨਾਬਰਾਬਰੀ ਅਤੇ ਸਮਾਜਿਕ ਬੇਇਨਸਾਫੀ ਦੀ ਮੂਲ ਮਰਜ਼ ਦਾ ਇਲਾਜ ਪੇਸ਼ ਨਹੀਂ ਕਰਦੇ। ਖੈਰਾਤ ਦੀ ਵੋਟ-ਬਟੋਰੂ ਸਿਆਸਤ ਮੂਲ ਮਰਜ਼ ਤੋਂ ਪਾਸਾ ਵੱਟ ਕੇ ਆਰਜ਼ੀ ਓਹੜ-ਪੋਹੜ ਤਕ ਮਹਿਦੂਦ ਹੈ ਅਤੇ ਫਰਜ਼ ਨੂੰ ਅਹਿਸਾਨ ਬਣਾ ਕੇ ਸੱਤਾ ਉਪਰ ਸਵਾਰ ਹੋਣ ਲਈ ਪੌੜੀ ਬਣਾ ਕੇ ਵਰਤਦੀ ਹੈ। ਖੁੱਲ੍ਹੀ ਮੰਡੀ ਦਾ ਆਰਥਿਕ ਮਾਡਲ ਅਪਣਾਉਣ ਤੋਂ ਬਾਅਦ ਹੁਕਮਰਾਨ ਜਮਾਤ ਦਾ ਨੀਤੀ ਚੌਖਟਾ ਪੂਰੀ ਤਰ੍ਹਾਂ ਕਾਰਪੋਰੇਟ ਸਰਮਾਏਦਾਰੀ ਪੱਖੀ ਹੋ ਗਿਆ ਹੈ ਜਿਸ ਦੀ ਖੁੱਲ੍ਹੇਆਮ ਧੁਸ ਰੁਜ਼ਗਾਰ ਦੇ ਵਸੀਲੇ ਪੈਦਾ ਕਰਨ ਦੀ ਬਜਾਏ ਪਬਲਿਕ ਟੈਕਸਾਂ ਦਾ ਪੈਸਾ ਕਾਰਪੋਰੇਟ ਘੁਟਾਲਿਆਂ ਨਾਲ ਦਿਵਾਲੀਆਪਣ ਦੇ ਕੰਢੇ 'ਤੇ ਪਹੁੰਚੇ ਬੈਂਕਾਂ ਨੂੰ ਬਚਾਉਣ ਲਈ ਲਗਾਉਣ ਅਤੇ ਆਮ ਲੋਕਾਂ ਕੋਲ ਮੌਜੂਦ ਮਾਮੂਲੀ ਆਰਥਿਕ ਵਸੀਲੇ ਖੋਹ ਕੇ ਸਭ ਕੁਝ ਆਪਣੇ ਚਹੇਤੇ ਕਾਰਪੋਰੇਟ ਘਰਾਣਿਆਂ ਦੇ ਹਵਾਲੇ ਕਰਨ ਦੀ ਹੈ।

ਇਸ ਪੈਦਾਵਾਰੀ ਢਾਂਚੇ ਅਤੇ ਰਾਜਸੀ ਪ੍ਰਬੰਧ ਹੇਠ ਭੁੱਖਮਰੀ ਨਾਲ ਮੌਤਾਂ ਅਟੱਲ ਹਨ ਜੋ ਪੈਦਾਵਰੀ ਸਾਧਨਾਂ ਦੀ ਕਾਣੀ ਵੰਡ ਤੇ ਮੌਕਿਆਂ ਦੀ ਨਾਬਰਾਬਰੀ 'ਤੇ ਆਧਾਰਤ ਹੈ। ਇਸ ਦੇ ਕੇਂਦਰ ਵਿਚ ਮਨੁੱਖ ਨਹੀਂ ਸਗੋਂ ਲੁੱਟਖਸੁੱਟ ਤੇ ਮੁਨਾਫਾ ਹੈ। ਇਸ ਦਾ ਪੱਕਾ ਹੱਲ ਇਸ ਦੀ ਥਾਂ ਮਨੁੱਖ ਦੇ ਸਰਵਪੱਖੀ ਵਿਕਾਸ ਲਈ ਵਚਨਬਧ ਪ੍ਰਬੰਧ ਲਿਆਉਣ ਵਿਚ ਹੈ।

# ਕੈਪਟਨ ਅਮਰਿੰਦਰ ਸਿੰਘ ਦੇ ਬਰੀ ਹੋਣ 'ਤੇ ਉਠੇ ਸਵਾਲ

ਕੈਪਟਨ ਅਮਰਿੰਦਰ ਸਿੰਘ ਦਾ ਅੰਮ੍ਰਿਤਸਰ ਇੰਪਰੂਵਮੈਂਟ ਟਰਸਟ ਜ਼ਮੀਨ ਕੇਸ ਵਿਚ ਬਰੀ ਹੋਣ ਬਾਅਦ ਦਿੱਤਾ ਪ੍ਰਤੀਕਰਮ, ਕਿ ਇਹ ਕੇਸ ਸਿਆਸੀ ਬਦਲਾਖੋਰੀ ਦੀ ਮਿਸਾਲ ਸੀ ਜਿਸ ਦਾ ਨਤੀਜਾ 500 ਸੁਣਵਾਈਆਂ, ਸਰਕਾਰੀ ਖ਼ਜ਼ਾਨੇ ਤੇ ਅਦਾਲਤੀ ਸਮੇਂ ਦੀ ਬਰਬਾਦੀ ਤੋਂ ਵਧ ਕੁਝ ਵੀ ਨਹੀਂ, ਕਾਫੀ ਦਿਲਚਸਪ ਹੈ: "ਅਜਿਹੀਆਂ ਗੱਲਾਂ (ਸਿਆਸੀ ਬਦਲਾਖ਼ੋਰੀ ਦੇ ਕੇਸ) ਨਹੀਂ ਹੋਣੀਆਂ ਚਾਹੀਦੀਆਂ। ਇਹ ਜਮਹੂਰੀਅਤ ਲਈ ਚੰਗੀਆਂ ਨਹੀਂ।" ਜਦੋਂ ਇਕ ਪੱਤਰਕਾਰ ਨੇ ਉਨ੍ਹਾਂ ਤੋਂ ਇਹ

**ਨਿਰਮਲ ਸੰਧੂ**

ਪੁੱਛਿਆ ਕਿ ਉਨ੍ਹਾਂ ਦੀ ਸਰਕਾਰ ਉਨ੍ਹਾਂ ਲੋਕਾਂ (ਜੋ ਸਿਆਸਤ ਜਾਂ ਵਿਜੀਲੈਂਸ ਬਿਊਰੋ ਵਿਚ ਹਨ) ਖ਼ਿਲਾਫ਼ ਕਾਰਵਾਈ ਕਰੇਗੀ ਜਿਨ੍ਹਾਂ ਕਰਕੇ ਉਨ੍ਹਾਂ ਨੂੰ ਮੁਸ਼ਕਿਲਾਂ ਵਿਚੋਂ ਲੰਘਣਾ ਪਿਆ ਅਤੇ ਸਰਕਾਰੀ ਖ਼ਜ਼ਾਨੇ ਦਾ ਵੀ ਨੁਕਸਾਨ ਹੋਇਆ, ਤਾਂ ਉਨ੍ਹਾਂ ਨੇ ਸਾਰਿਆਂ ਨੂੰ ਬਖ਼ਸ਼ ਦਿੱਤਾ। ਜਮਹੂਰੀਅਤ ਵਿਚ ਸਿਰਫ਼ ਸੰਤ ਸੁਭਾਅ ਵਾਲੇ ਅਜਿਹਾ ਕਰਦੇ ਆਏ ਹਨ! ਅਸਲ ਵਿਚ ਉਨ੍ਹਾਂ ਖ਼ਿਲਾਫ਼ ਹੋਰ ਕਈ ਕੇਸ ਹਨ ਜਿਹੜੇ ਉਨ੍ਹਾਂ ਅਜੇ ਲੜਨੇ ਹਨ- ਇਹ ਕੇਸ ਭ੍ਰਿਸ਼ਟਾਚਾਰ, ਕਾਲੇ ਧਨ ਨੂੰ ਜਾਇਜ਼ ਬਣਾਉਣ, ਬੇਹਿਸਾਬੀ ਜਾਇਦਾਦ ਜੁਟਾਉਣ ਨਾਲ ਸਬੰਧਤ ਹਨ ਜਿਹੜੇ ਸੂਬੇ ਦੀ ਵਿਜੀਲੈਂਸ ਬਿਊਰੋ ਅਤੇ ਕੇਂਦਰ ਦੇ ਐਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਵਲੋਂ ਉਨ੍ਹਾਂ ਤੇ ਪਰਿਵਾਰ ਦੇ ਮੈਂਬਰਾਂ ਖ਼ਿਲਾਫ਼ ਦਰਜ ਕੀਤੇ ਹੋਏ ਹਨ।

ਜੀ ਹਾਂ, ਉਨ੍ਹਾਂ ਦੇ ਵਿਰੋਧੀ ਸਵਾਲ ਕਰਦੇ ਹਨ: ਵਿਜੀਲੈਂਸ ਆਪਣੇ ਬੌਸ ਉਪਰ ਕਿਵੇਂ ਕੇਸ ਚਲਾ ਸਕਦੀ ਹੈ? ਇਸ ਬਾਰੇ ਉਨ੍ਹਾਂ ਦਾ ਇਹ ਜਵਾਬ ਕਿ ਪਹਿਲੀ ਸਰਕਾਰ ਸਮੇਂ ਐਫ. ਆਈ. ਆਰ. ਰੱਦ ਕਰਨ ਦੀ ਪ੍ਰਕਿਰਿਆ ਸ਼ੁਰੂ ਹੋ ਚੁੱਕੀ ਸੀ, ਉਨ੍ਹਾਂ ਦੇ ਬਾਦਲਾਂ ਨਾਲ "ਮਿਲੇ ਹੋਣ" ਦੇ ਦੋਸ਼ ਦੀ ਕਨਸੋਅ ਦਿੰਦਾ ਹੈ। ਵਿਜੀਲੈਂਸ ਦੇ ਇਕ ਸਾਬਕਾ ਐਸ.ਐਸ.ਪੀ. ਨੇ ਇਹੀ ਦੋਸ਼ ਲੁਧਿਆਣਾ ਦੀ ਅਦਾਲਤ ਵਿਚ ਲਿਖਤੀ ਤੌਰ 'ਤੇ ਲਾਇਆ ਤਾਂ ਇਸ ਦਾ ਸਰਕਾਰੀ ਪੱਖ ਵੱਲੋਂ ਇਹ ਜੁਆਬ ਦਿੱਤਾ ਗਿਆ ਕਿ ਕੈਪਟਨ ਅਤੇ ਪ੍ਰਕਾਸ਼ ਸਿੰਘ ਬਾਦਲ ਦੀ ਸਿਆਸੀ ਦੁਸ਼ਮਣੀ ਜੱਗ ਜਾਹਰ ਹੈ।

ਪੰਜਾਬ ਵਿਚ, ਤੇ ਮੁਲਕ ਅੰਦਰ ਹੋਰ ਕਿਤੇ ਵੀ, ਪੁਲਿਸ ਆਪਣੇ ਸਿਆਸੀ ਆਕਾਵਾਂ ਤੋਂ ਦਬਾਅ-ਮੁਕਤ ਨਹੀਂ ਕਿਉਂਕਿ ਇਸ ਨੇ ਰਿਪੋਰਟ ਵੀ ਉਨ੍ਹਾਂ ਨੂੰ ਦੇਣੀ ਹੁੰਦੀ ਹੈ। ਆਓ, ਇਸ ਉਪਰ ਝਾਤ ਮਾਰੀਏ ਕਿ ਦੂਜੇ ਮੁਲਕਾਂ ਵਿਚ ਉਦੋਂ ਕੀ ਵਾਪਰਦਾ ਹੈ, ਜਦੋਂ ਉਥੋਂ ਦੀਆਂ ਸਰਕਾਰਾਂ ਦੇ ਮੁਖੀ ਬੇਨਿਯਮੀਆਂ ਜਾਂ ਅਪਰਾਧਿਕ ਮਾਮਲਿਆਂ ਵਿਚ ਸ਼ਾਮਲ ਹੁੰਦੇ ਹਨ। ਇਜ਼ਰਾਈਲ ਦੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਦੀ ਪਤਨੀ ਉਪਰ ਇਕ ਲੱਖ ਡਾਲਰ ਮੁੱਲ ਦੇ ਭੋਜਨ ਲਈ ਸਰਕਾਰੀ ਧਨ ਦੀ ਗ਼ੈਰਕਾਨੂੰਨੀ ਅਦਾਇਗੀ ਕਰਨ ਅਤੇ ਇਕ ਪ੍ਰਾਈਵੇਟ ਰਸੋਈਏ ਨੂੰ ਹੋਰ ਦਸ ਹਜ਼ਾਰ ਡਾਲਰ ਦੀ ਅਦਾਇਗੀ ਦੇ ਧੋਖਾਧੜੀ ਦੋਸ਼ ਆਇਦ ਹੋ ਚੁੱਕੇ ਹਨ। ਇਹ ਦੋਸ਼ ਸਾਬਤ ਹੋਣ 'ਤੇ ਵਧ ਤੋਂ ਵਧ ਅੱਠ ਸਾਲ ਦੀ ਕੈਦ ਹੋਵੇਗੀ। ਇਜ਼ਰਾਇਲੀ ਜਾਂਚ ਅਧਿਕਾਰੀ ਕੇਸ ਦਰਜ ਕਰਨ ਜਾਂ ਉਸ ਕੋਲੋਂ ਪੁੱਛਗਿਛ ਕਰਨ ਤੋਂ ਬਿਲਕੁਲ ਨਹੀਂ ਘਬਰਾਉਂਦੇ।

ਰਾਸ਼ਟਰਪਤੀ ਡੋਨਲਡ ਟਰੰਪ ਦੁਨੀਆਂ ਦੇ ਸਭ ਤੋਂ ਸ਼ਕਤੀਸ਼ਾਲੀ ਅਹੁਦੇ ਉਪਰ ਬਿਰਾਜਮਾਨ ਹੈ ਅਤੇ ਉਸ ਨੂੰ 2016 ਦੀਆਂ ਰਾਸ਼ਟਰਪਤੀ ਚੋਣਾਂ ਵਿਚ ਰੂਸ ਦੀ ਦਖ਼ਲਅੰਦਾਜ਼ੀ ਦੇ ਦੋਸ਼ਾਂ ਦੀ ਜਾਂਚ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਦੀ ਜਾਂਚ ਕਰ ਰਿਹਾ ਅਧਿਕਾਰੀ, ਸਪੈਸ਼ਲ ਕੌਂਸਲ ਰੌਬਰਟ ਮੁਇਲਰ ਨੇ ਬਹੁਤ ਸਾਰੇ ਦਬਾਵਾਂ ਦੇ ਬਾਵਜੂਦ ਆਪਣੀ ਭਰੋਸੇਯੋਗਤਾ ਨੂੰ ਕਾਇਮ ਰੱਖਿਆ ਹੈ। ਐਫ.ਬੀ.ਆਈ. ਦੇ ਸਾਬਕਾ ਡਾਇਰੈਕਟਰ ਜੇਮਸ ਕੌਮੀ ਜਿਸ ਨੂੰ ਰਾਸ਼ਟਰਪਤੀ ਨੇ ਬਰਤਰਫ਼ ਕਰ ਦਿੱਤਾ ਸੀ, ਨੇ ਟਰੰਪ ਬਾਰੇ ਬੜੀ ਧਮਾਕਾਖੇਜ਼ ਕਿਤਾਬ ਲਿਖੀ ਹੈ। ਅਜਿਹਾ ਇਸ ਕਰਕੇ ਸੰਭਵ ਹੈ ਕਿਉਂਕਿ ਅਮਰੀਕਨ ਮੀਡੀਆ ਅਤੇ ਉਥੋਂ ਦੇ ਲੋਕ ਆਜ਼ਾਦ ਐਫ.ਬੀ.ਆਈ. ਅਤੇ ਨਿਰਪੱਖ ਨਿਆਂ ਪ੍ਰਣਾਲੀ ਦੇ ਮਹੱਤਵ ਨੂੰ ਸਮਝਦੇ ਹਨ ਅਤੇ ਉਤਸ਼ਾਹ ਨਾਲ ਇਨ੍ਹਾਂ ਉਪਰ ਨਿਗ੍ਹਾ ਰੱਖਦੇ ਹਨ।

ਪੰਜਾਬ ਵਿਚ ਮੁਲਕ ਅੰਦਰ ਹੋਰ ਥਾਈਂ ਸਭ ਪੁਲਿਸ ਮੁਖੀ, ਮੁੱਖ ਮੰਤਰੀਆਂ ਦੇ ਫਾਇਦੇ ਲਈ ਅਤੇ ਉਨ੍ਹਾਂ ਦੇ ਰਹਿਮੋ-ਕਰਮ 'ਤੇ ਕੰਮ ਕਰਦੇ ਹਨ। ਅਜਿਹੇ ਬਹੁਤ ਘੱਟ ਹੁੰਦੇ ਹਨ ਜੋ ਆਪਣੇ ਕੰਮ-ਕਾਰ ਦੀ ਖੁਦਮੁਖ਼ਤਾਰੀ, ਬੇਲਾਗ ਹੋ ਕੇ ਆਪਣੀ ਅਥਾਰਿਟੀ ਦੀ ਵਰਤੋਂ ਕਰਦੇ ਅਤੇ ਸਿਆਸੀ ਦਬਾਵਾਂ ਦਾ ਜਨਤਕ ਪੱਧਰ 'ਤੇ ਵਿਰੋਧ ਕਰਦੇ ਹਨ। ਜ਼ਿਆਦਾਤਰ ਝੁਕ ਜਾਂਦੇ ਹਨ ਅਤੇ ਆਪਣੇ ਸਿਆਸੀ ਆਕਾਵਾਂ ਮੁਤਾਬਿਕ ਕਾਨੂੰਨੀ ਚੋਰ-ਮੋਰੀ ਲੱਭ ਲੈਂਦੇ ਹਨ। ਅਮਰਿੰਦਰ ਕੇਸ ਅਜਿਹੀਆਂ ਬੇਸੁਆਦ ਕਾਰਵਾਈਆਂ ਉਤੇ ਚਾਨਣਾ ਪਾਉਣ ਦੀ ਤਾਜ਼ਾ ਮਿਸਾਲ ਹੈ।

ਮੁਹਾਲੀ ਅਦਾਲਤ, ਜਿਸ ਨੇ ਮੁੱਖ ਮੰਤਰੀ ਨੂੰ ਕਲੀਨ ਚਿੱਟ ਦਿੱਤੀ ਹੈ, ਦੇ ਸਾਹਮਣੇ ਤੱਥਾਂ ਦੇ ਦੋ ਸੈੱਟ ਪੇਸ਼ ਕੀਤੇ ਗਏ ਸਨ। ਇਕ ਸੈੱਟ ਵਿਜੀਲੈਂਸ ਵੱਲੋਂ ਵਿਧਾਨ ਸਭਾ ਦੀ ਸਿਫ਼ਾਰਿਸ਼ 'ਤੇ 2008 ਵਿਚ ਦਰਜ ਕੀਤੇ ਧੋਖ਼ਾਧੜੀ, ਜਾਅਲਸਾਜ਼ੀ ਅਤੇ ਭ੍ਰਿਸ਼ਟਾਚਾਰ ਦੇ ਕੇਸ ਦੀ ਵਿਜੀਲੈਂਸ ਵਲੋਂ ਕੀਤੀ ਜਾਂਚ ਨਾਲ ਸਾਹਮਣੇ ਆਇਆ। ਦੂਜਾ ਸੈੱਟ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਲੋਂ 2014 ਵਿਚ ਦਿੱਤੇ ਦਿਸ਼ਾ ਨਿਰਦੇਸ਼ਾਂ ਦੇ ਆਧਾਰ 'ਤੇ ਵਿਜੀਲੈਂਸ ਦੀ ਵਿਸ਼ੇਸ਼ ਜਾਂਚ ਟੀਮ (ਐਸ.ਆਈ.ਟੀ.) ਵਲੋਂ ਕੀਤੀ ਜਾਂਚ ਨਾਲ ਸਾਹਮਣੇ ਆਇਆ। ਇਨ੍ਹਾਂ ਵਿਚ ਇਸ ਨਤੀਜੇ 'ਤੇ ਪਹੁੰਚਿਆ ਗਿਆ ਕਿ ਵਿਧਾਨ ਸਭਾ ਦੇ ਰਿਕਾਰਡ ਨਾਲ ਛੇੜਛਾੜ ਕੀਤੇ ਜਾਣ, ਤਾਕਤ ਦੀ ਦੁਰਵਰਤੋਂ, ਜ਼ਮੀਨ ਵਿਚ ਛੋਟ ਦੇਣ ਸਮੇਂ ਕੀਤੀ ਗਈ ਕਾਨੂੰਨੀ ਉਲੰਘਣਾ ਅਤੇ ਭ੍ਰਿਸ਼ਟਾਚਾਰ ਦੇ ਦੋਸ਼ ਸਾਬਤ ਨਹੀਂ ਹੋ ਸਕੇ।

ਇਸ ਕੇਸ ਦੀ ਸੁਣਵਾਈ ਕਰਨ ਵਾਲੇ ਜੱਜ



ਨੇ ਕਿਹਾ, "ਦੂਜੀ ਜਾਂਚ ਸਹੀ ਸੀ। ਇਸ ਕਰਕੇ ਅਦਾਲਤ ਐਫ.ਆਈ.ਆਰ. ਮਨਸੂਖ਼ ਕਰਨ ਦੀ ਰਿਪੋਰਟ ਪ੍ਰਵਾਨ ਕਰਦੀ ਹੈ।" ਜੱਜ ਨੇ ਪਹਿਲਾਂ ਐਫ.ਆਈ.ਆਰ. ਮਨਸੂਖ਼ ਕਰਨ ਦੀ ਰਿਪੋਰਟ ਰੱਦ ਕਰਦਿਆਂ ਹੋਰ ਜਾਂਚ ਕੀਤੇ ਜਾਣ ਦਾ ਆਦੇਸ਼ ਦਿੱਤਾ ਸੀ, ਪਰ ਉਨ੍ਹਾਂ ਕਿਸੇ ਵੀ ਪੜਾਅ 'ਤੇ ਵਿਜੀਲੈਂਸ ਦੀ ਭਰੋਸੇਯੋਗਤਾ ਉਪਰ ਕਿੰਤੂ ਨਹੀਂ ਸੀ ਕੀਤਾ ਹਾਲਾਂਕਿ ਹੁਣ ਤੱਕ ਦਾ ਰਿਕਾਰਡ ਦੱਸਦਾ ਹੈ ਕਿ ਇਸ (ਵਿਜੀਲੈਂਸ) ਨੇ ਖ਼ੁਦ ਨੂੰ ਸਿਆਸੀ ਆਕਾਵਾਂ ਦੀ ਤਾਬੇਦਾਰੀ ਦਾ ਵਸੀਲਾ ਬਣਾ ਲਿਆ, ਭਾਵੇਂ ਉਹ ਸੱਤਾ 'ਤੇ ਹੋਣ ਅਤੇ ਭਾਵੇਂ ਉਸ ਤੋਂ ਬਾਹਰ।

ਇਕ ਡੀ.ਜੀ.ਪੀ. ਵਲੋਂ ਦੂਜੇ ਦੋ ਡੀ.ਜੀ.ਪੀ. ਉਪਰ ਲਾਏ ਗਏ ਦੋਸ਼ਾਂ ਬਾਰੇ ਪੰਜਾਬ ਦੇ ਮੁੱਖ ਮੰਤਰੀ ਵਲੋਂ ਦੋਵਾਂ ਨੂੰ ਕਲੀਨ ਚਿੱਟ (ਬਗੈਰ ਜਾਂਚ ਕਰਾਏ) ਦੇਣ ਨੂੰ ਵੀ ਇਸੇ ਪ੍ਰਸੰਗ ਵਿੱਚ ਦੇਖਿਆ ਜਾਣਾ ਚਾਹੀਦਾ ਹੈ। ਡੀ.ਜੀ.ਪੀ. ਸੁਰੇਸ਼ ਅਰੋੜਾ ਦੀ ਨਿਗਰਾਨੀ ਹੇਠ ਵਿਜੀਲੈਂਸ ਬਿਊਰੋ ਨੇ ਅੰਮ੍ਰਿਤਸਰ ਇੰਪਰੂਵਮੈਂਟ ਟਰੱਸਟ ਜ਼ਮੀਨ ਕੇਸ ਅਤੇ ਲੁਧਿਆਣਾ ਸਿਟੀ ਸੈਂਟਰ ਧਾਂਦਲੀ ਕੇਸ, ਦੋਵਾਂ ਵਿਚ, ਐਫ.ਆਈ.ਆਰ. ਮਨਸੂਖ਼ ਕਰਨ ਬਾਰੇ ਰਿਪੋਰਟ ਦਾਖ਼ਲ ਕੀਤੀ।

ਪ੍ਰਕਾਸ਼ ਸਿੰਘ ਬਾਦਲ ਦਾ ਮੁੱਖ ਮੰਤਰੀ ਵਜੋਂ ਪੇਤਲਾ ਸਿਆਸੀ ਅਤੇ ਪ੍ਰਸ਼ਾਸਕੀ ਤਜਰਬਾ ਉਸ ਸਮੇਂ ਸਾਹਮਣੇ ਆਇਆ ਜਦੋਂ ਸੁਪਰੀਮ ਕੋਰਟ ਨੇ 2010 ਵਿਚ ਕੈਪਟਨ ਅਮਰਿੰਦਰ ਸਿੰਘ ਦੀ ਵਿਧਾਨ ਸਭਾ ਮੈਂਬਰੀ ਬਹਾਲ ਕਰ ਦਿੱਤੀ ਸੀ। ਕੈਪਟਨ ਅਮਰਿੰਦਰ ਸਿੰਘ ਉਪਰ ਅੰਮ੍ਰਿਤਸਰ ਵਿਚ ਜੀਟੀ ਰੋਡ ਨੇੜੇ ਪੈਂਦੇ 32 ਏਕੜ ਦੇ ਪਲਾਟ ਨੂੰ ਗ੍ਰਹਿਣ ਕਰਨ ਤੋਂ ਇਕ ਪ੍ਰਾਈਵੇਟ ਫਰਮ ਨੂੰ ਛੋਟ ਦੇ ਕੇ 130 ਕਰੋੜ ਰੁਪਏ ਦਾ ਸਰਕਾਰੀ ਖਜ਼ਾਨੇ ਨੂੰ ਨੁਕਸਾਨ ਪਹੁੰਚਾਉਣ ਦਾ ਦੋਸ਼ ਸੀ। ਇਹ ਫ਼ੈਸਲਾ ਸਰਕਾਰੀ ਹੁਕਮ ਰਾਹੀਂ ਕੀਤਾ ਗਿਆ ਸੀ, ਮੰਤਰੀ ਮੰਡਲ ਰਾਹੀਂ ਲਿਆ ਫ਼ੈਸਲਾ ਨਹੀਂ ਸੀ। ਵਿਜੀਲੈਂਸ ਨੂੰ ਇਹ ਪਤਾ ਕਰਨਾ ਚਾਹੀਦਾ ਸੀ ਕਿ ਇਸ ਮਾਮਲੇ ਵਿਚ ਕਿਸੇ ਦਾ ਲਿਹਾਜ਼ ਜਾਂ ਗੜਬੜ ਤਾਂ ਨਹੀਂ ਸੀ ਕੀਤੀ ਗਈ।

ਅਜਿਹਾ ਕਰਨ ਦੀ ਬਜਾਏ ਕਾਰਜ ਪਾਲਿਕਾ ਅਤੇ ਵਿਧਾਨ ਪਾਲਿਕਾ ਨੇ ਗ਼ੈਰ-ਸੰਵਿਧਾਨਿਕ ਕਦਮ ਉਠਾਏ। ਸ਼੍ਰੋਮਣੀ ਅਕਾਲੀ ਦਲ-ਭਾਜਪਾ ਦੀ ਅਗਵਾਈ ਵਿਚ ਵਿਧਾਨ ਸਭਾ ਨੇ ਮਤਾ ਪਾਸ ਕਰਕੇ ਕੈਪਟਨ ਅਮਰਿੰਦਰ ਸਿੰਘ ਨੂੰ ਸਦਨ ਵਿਚੋਂ ਖਾਰਜ ਕਰ ਦਿੱਤਾ ਅਤੇ ਹਰੀਸ਼ ਢਾਂਡਾ ਦੀ ਅਗਵਾਈ ਵਿਚ ਹਾਊਸ ਕਮੇਟੀ ਬਣਾ ਕੇ ਜਾਂਚ ਦਾ ਆਦੇਸ਼ ਦੇ ਦਿੱਤਾ। ਵਿਧਾਨ ਸਭਾ ਅਤੇ ਸੁਪਰੀਮ ਕੋਰਟ ਦਾ ਬਹੁਤ ਸਾਰਾ ਸਮਾਂ ਖ਼ਰਾਬ ਕਰਨ ਬਾਅਦ, ਸੁਪਰੀਮ ਕੋਰਟ ਨੇ ਆਦੇਸ਼ ਦਿੱਤਾ ਕਿ 10 ਸਤੰਬਰ 2008 ਨੂੰ ਵਿਧਾਨ ਸਭਾ ਵਲੋਂ ਮਤਾ ਪਾਸ ਕਰਕੇ ਕੈਪਟਨ ਅਮਰਿੰਦਰ ਸਿੰਘ ਨੂੰ ਸਦਨ ਦੀ ਵਿਧਾਇਕੀ ਦੇ ਅਯੋਗ ਠਹਿਰਾਉਣਾ 'ਸੰਵਿਧਾਨਿਕ ਪੱਖ ਤੋਂ ਗ਼ੈਰ ਵਾਜਬ' ਸੀ। ਅਦਾਲਤ ਨੇ ਕਿਹਾ ਕਿ ਸਰਕਾਰੀ ਹੁਕਮ ਰਾਹੀਂ ਦਿੱਤੀ ਛੋਟ, ਜਿਹੜੀ 12ਵੀਂ ਵਿਧਾਨ ਸਭਾ ਦੇ ਕਾਰਜਕਾਲ ਦੌਰਾਨ ਦਿੱਤੀ ਗਈ, 13ਵੀਂ ਵਿਧਾਨ ਸਭਾ ਦੇ ਕਾਰਜਕਾਲ ਸਮੇਂ 'ਮਰਿਯਾਦਾ ਦੀ ਉਲੰਘਣਾ' ਨਹੀਂ ਬਣਦੀ। ਅਦਾਲਤ ਦਾ ਇਹ ਤਰਕ ਬਿਲਕੁਲ ਸਾਧਾਰਨ ਤੇ ਸਪਸ਼ਟ ਸੀ। ਇਹ ਅਸਲੀਅਤ ਕੋਈ ਵੀ ਸੂਬਾਈ ਸਰਕਾਰੀ ਵਕੀਲ ਸਭ ਤੋਂ ਵਧ ਤਜਰਬੇਕਾਰ ਮੁੱਖ ਮੰਤਰੀ ਨੂੰ ਸਹਿਜੇ ਹੀ ਸਮਝਾ ਸਕਦਾ ਸੀ।

ਅੰਮ੍ਰਿਤਸਰ ਜ਼ਮੀਨ ਕੇਸ ਨਿਆਇਕ ਪ੍ਰਣਾਲੀ ਦੇ ਕੰਮਕਾਜੀ ਢੰਗ ਉਪਰ ਰੌਸ਼ਨੀ ਪਾਉਂਦਾ ਹੈ। ਐਫ.ਆਈ.ਆਰ. 11 ਸਤੰਬਰ 2008 ਨੂੰ ਦਰਜ ਕੀਤੀ ਗਈ ਪਰ ਉਦੋਂ ਤੋਂ ਲੈ ਕੇ 27 ਜੁਲਾਈ 2018 ਤੱਕ, ਜਦੋਂ ਕੇਸ ਦਾ ਫੈਸਲਾ ਸੁਣਾਇਆ ਗਿਆ, ਕੇਸ ਜਾਂਚ ਦੇ ਪੜਾਅ ਤੱਕ ਸੀਮਤ ਸੀ। ਇਸ ਕਰਕੇ ਕੇਸ ਉਪਰ ਬਹਿਸ ਨਹੀਂ ਹੋਈ, ਨਾ ਹੀ ਹਿੱਤਾਂ ਦੇ ਟਕਰਾਅ ਉਪਰ ਸਵਾਲ ਉਠਾਏ ਗਏ।

ਦੂਜੇ ਰਾਜ ਉਸ ਸਮੇਂ ਕੀ ਕਰਦੇ ਹਨ ਜਦੋਂ ਉਨ੍ਹਾਂ ਸਾਹਮਣੇ ਅਜਿਹੇ ਕੇਸ ਆਉਂਦੇ ਹਨ? ਤਾਮਿਲਨਾਡੂ ਦੀ ਸਾਬਕਾ ਮੁੱਖ ਮੰਤਰੀ ਜੈਲਲਿਤਾ ਖ਼ਿਲਾਫ਼ ਭ੍ਰਿਸ਼ਟਾਚਾਰ ਦਾ ਕੇਸ ਰਾਜ ਤੋਂ ਬਾਹਰ ਤਬਦੀਲ ਕਰ ਦਿੱਤਾ ਗਿਆ ਅਤੇ ਕਰਨਾਟਕ ਦੀ ਅਦਾਲਤ ਨੇ ਉਸ ਨੂੰ ਦੋਸ਼ੀ ਕਰਾਰ ਦੇ ਦਿੱਤਾ। ਇਸ ਫ਼ੈਸਲੇ ਨੂੰ ਬਾਅਦ ਵਿਚ ਸੁਪਰੀਮ ਕੋਰਟ ਨੇ ਵੀ ਬਰਕਰਾਰ ਰੱਖਿਆ। ਹਰਿਆਣਾ ਦੇ ਸਾਬਕਾ ਮੁੱਖ ਮੰਤਰੀ ਓਮ ਪ੍ਰਕਾਸ਼ ਚੌਟਾਲਾ ਦੇ ਕੇਸ ਦੀ ਜਾਂਚ ਸੀ.ਬੀ.ਆਈ. ਨੇ ਕੀਤੀ ਅਤੇ ਮੁਕੱਦਮਾ ਦਿੱਲੀ ਵਿਚ ਚੱਲਿਆ।

ਇਸ ਨੂੰ ਤਜਰਬੇ ਦੀ ਘਾਟ ਕਹਿ ਲਉ ਜਾਂ ਸਿਆਸੀ ਮਿਲੀਭੁਗਤ, ਬਾਦਲਾਂ ਤੇ ਅਮਰਿੰਦਰ ਸਿੰਘ ਖ਼ਿਲਾਫ਼ ਭ੍ਰਿਸ਼ਟਾਚਾਰ ਦੇ ਕੇਸ ਨਾ ਸੀ.ਬੀ.ਆਈ. ਹਵਾਲੇ ਕੀਤੇ ਗਏ ਅਤੇ ਨਾ ਹੀ ਰਾਜ ਤੋਂ ਬਾਹਰ ਕਿਸੇ ਅਦਾਲਤ ਵਿਚ ਤਬਦੀਲ ਕੀਤੇ ਗਏ। ਤਕਰੀਬਨ ਸਾਰੀਆਂ ਵੱਡੀਆਂ ਸ਼ਖ਼ਸੀਅਤਾਂ ਵਿਰੁਧ ਕੇਸਾਂ ਨੂੰ ਵਿਜੀਲੈਂਸ ਨੇ ਠੀਕ ਢੰਗ ਨਾਲ ਨਹੀਂ ਚਲਾਇਆ। ਇਨ੍ਹਾਂ ਦੇ ਬੌਸ ਲਾਹਾ ਲੈਂਦੇ ਗਏ ਅਤੇ ਕਿਸੇ ਨੂੰ ਵੀ ਇਸ ਨਾਕਾਮੀ ਦੀ ਸਜ਼ਾ ਨਹੀਂ ਦਿੱਤੀ ਗਈ ਅਤੇ ਨਾ ਹੀ ਬਰਤਰਫ਼ ਕੀਤਾ ਗਿਆ।

ਇਹ ਦੇਖਣ ਪਿੱਛੋਂ ਕਿ ਵਿਜੀਲੈਂਸ ਬੜੇ ਯੋਜਨਾਬੱਧ ਢੰਗ ਨਾਲ ਬਾਦਲਾਂ ਖ਼ਿਲਾਫ਼ ਭ੍ਰਿਸ਼ਟਾਚਾਰ ਦੇ ਕੇਸਾਂ ਨੂੰ ਠੀਕ ਢੰਗ ਨਾਲ ਨਹੀਂ ਸੰਭਾਲਦੀ ਰਹੀ, ਇਕ ਤੋਂ ਬਾਅਦ ਦੂਜਾ ਗਵਾਹ ਉਨ੍ਹਾਂ ਦੇ ਹੱਕ ਵਿਚ ਬੈਠਦਾ ਗਿਆ, ਅਦਾਲਤ ਜਾਂਚ ਅਧਿਕਾਰੀ ਖ਼ਿਲਾਫ਼ ਸਖ਼ਤ ਟਿੱਪਣੀਆਂ ਕਰਦੀ ਰਹੀ, ਅਮਰਿੰਦਰ ਸਿੰਘ ਖ਼ਿਲਾਫ਼ ਕੇਸ ਵੀ ਉਸੇ ਵਿਜੀਲੈਂਸ ਹਵਾਲੇ ਕਰ ਦਿੱਤਾ ਗਿਆ। ਪੰਜ ਵਾਰ ਮੁੱਖ ਮੰਤਰੀ ਰਹਿ ਚੁੱਕੇ ਬਾਦਲ ਜਾਣਦੇ ਹਨ ਕਿ ਅਜਿਹੇ ਕੇਸਾਂ ਤੋਂ ਸਿਆਸੀ ਲਾਹਾ ਕਿਵੇਂ ਲੈਣਾ ਹੈ ਅਤੇ ਉਹ ਆਪਣੇ ਪਰਿਵਾਰ ਖ਼ਿਲਾਫ਼ ਕਿਸੇ ਭਵਿਖੀ ਕਾਰਵਾਈ ਦਾ ਭਰੋਸਾ ਹਾਸਲ ਕਰਨ ਵਿਚ ਸਫ਼ਲ ਰਹੇ ਹਨ।

# ਭਾਰਤ ਦੀ ਸਿਹਤ ਅਤੇ ਆਰਥਿਕ ਰਫਤਾਰ

ਕਿਸੇ ਵੀ ਮੁਲਕ ਵਾਸੀ ਲਈ ਇਹ ਸਚਮੁਚ ਖੁਸ਼ੀ ਅਤੇ ਤਸੱਲੀ ਵਾਲੀ ਗੱਲ ਹੁੰਦੀ ਹੈ ਕਿ ਮੁਲਕ ਦੀ ਆਰਥਿਕਤਾ ਵਿਚ ਵਾਧੇ ਦੀ ਰਫ਼ਤਾਰ ਕਾਫ਼ੀ ਤੇਜ਼ ਹੈ। ਅੱਜ ਭਾਰਤ ਦੇ ਕੁਲ ਘਰੇਲੂ ਉਤਪਾਦ (ਜੀ.ਡੀ.ਪੀ.) ਦੀ ਦਰ 7.1% ਹੈ ਅਤੇ ਭਾਰਤ ਦੁਨੀਆਂ ਦੀ ਛੇਵੀਂ ਵੱਡੀ ਆਰਥਿਕਤਾ ਵਜੋਂ ਦਰਜ ਹੋਇਆ ਹੈ। ਇਸ ਪ੍ਰਾਪਤੀ ਨੂੰ ਇਹ ਦੱਸ ਕੇ ਵੀ ਉਭਾਰਿਆ ਜਾ ਰਿਹਾ ਹੈ ਕਿ ਅਸੀਂ ਫਰਾਂਸ ਵਰਗੇ ਵਿਕਸਿਤ ਮੁਲਕ ਨੂੰ ਪਿੱਛੇ ਛੱਡ ਦਿੱਤਾ ਹੈ; ਭਾਵੇਂ ਅਮਰੀਕਾ, ਚੀਨ, ਜਪਾਨ, ਇੰਗਲੈਂਡ ਅਤੇ

**ਡਾ. ਸ਼ਿਆਮ ਸੁੰਦਰ ਦੀਪਤੀ**

ਜਰਮਨੀ ਸਾਥੋਂ ਅਜੇ ਅੱਗੇ ਹਨ।

ਜਦੋਂ ਅਸੀਂ ਜੀ.ਡੀ.ਪੀ. ਦੇ ਅੰਕੜੇ ਦੇਖਦੇ ਅਤੇ ਇਨ੍ਹਾਂ ਦਾ ਵਿਸ਼ਲੇਸ਼ਣ ਕਰਦੇ ਹਾਂ ਤਾਂ ਇਸ ਦਾ ਮਤਲਬ ਹੁੰਦਾ ਹੈ ਕਿ ਮੁਲਕ ਅੰਦਰ ਸਾਮਾਨ ਬਣ ਰਿਹਾ ਹੈ, ਇਹ ਮਾਲਜ਼ ਤੇ ਸ਼ੌਪਿੰਗ ਸੈਂਟਰਾਂ ਵਿਚ ਪਹੁੰਚ ਰਿਹਾ ਹੈ ਅਤੇ ਵਿਕ ਵੀ ਰਿਹਾ ਹੈ। ਇਸ ਬਣ-ਵਿਕ ਰਹੇ ਮਾਲ ਦਾ ਫਾਇਦਾ ਦੋ ਧਿਰਾਂ ਨੂੰ ਤਾਂ ਯਕੀਨਨ ਹੁੰਦਾ ਹੈ। ਜੋ ਵੱਡਾ ਸਨਅਤਕਾਰ ਹੈ ਤੇ ਵੇਚ ਰਿਹਾ ਹੈ, ਚਾਹੇ ਥੋਕ ਤੇ ਚਾਹੇ ਪਰਚੂਨ; ਦੂਸਰਾ ਹੈ ਮੁਲਕ ਜਿਸ ਕੋਲ ਇਸ ਵਿਕੇ ਹੋਏ ਮਾਲ ਰਾਹੀਂ ਟੈਕਸ ਇਕੱਠਾ ਹੁੰਦਾ ਹੈ। ਸਨਅਤਕਾਰ ਆਪਣਾ ਮਾਲ ਵੇਚ ਕੇ ਆਪਣਾ ਘੇਰਾ ਵਧਾਉਂਦਾ ਹੈ; ਪਰਚੂਨ ਵਾਲਾ ਮਾਲ ਵੇਚ ਕੇ ਆਪਣੀ ਨਿੱਜੀ ਜ਼ਿੰਦਗੀ ਵਿਚ ਸੁਖ-ਸਹੂਲਤਾਂ ਖਰੀਦਦਾ ਹੈ; ਤੇ ਜਦੋਂ ਮੁਲਕ ਦੇ ਖਜ਼ਾਨੇ ਵਿਚ ਪੈਸਾ ਇਕੱਠਾ ਹੁੰਦਾ ਹੈ ਤਾਂ ਉਹ ਮੁਲਕ ਦੇ ਲੋਕਾਂ ਦੀ ਜ਼ਿੰਦਗੀ ਨੂੰ ਬਿਹਤਰ ਬਣਾਉਣ ਦੇ ਮਕਸਦ ਨਾਲ ਸਮੂਹਿਕ ਕੰਮ ਕਰਦਾ ਹੈ।

ਕਿਸੇ ਵੀ ਮੁਲਕ ਨੇ ਟੈਕਸ ਰਾਹੀਂ ਜੋ ਮੁੱਖ ਕੰਮ ਕਰਨੇ ਹੁੰਦੇ ਹਨ, ਉਹ ਹਨ ਬੁਨਿਆਦੀ ਢਾਂਚੇ ਦੀ ਉਸਾਰੀ ਕਰਨਾ ਜਿਵੇਂ ਸੜਕਾਂ, ਬਿਜਲੀ ਆਦਿ ਅਤੇ ਨਾਲ ਹੀ ਲੋਕਾਂ ਦੀ ਸਿਹਤ, ਸਿੱਖਿਆ ਤੇ ਸੁਰੱਖਿਆ ਵਰਗੀਆਂ ਸਹੂਲਤਾਂ ਮੁਹੱਈਆ ਕਰਵਾਉਣਾ। ਇਹ ਘੱਟੋ ਘੱਟ ਤਿੰਨ ਅਹਿਮ ਸਮਾਜਿਕ ਵਿਕਾਸ ਦੇ ਪਹਿਲੂ ਸਰਕਾਰ ਦੀਆਂ ਮੁੱਖ ਜ਼ਿੰਮੇਵਾਰੀਆਂ ਵਜੋਂ ਵੀ ਗਿਣੇ ਜਾਂਦੇ ਹਨ। ਮੁਲਕ ਦੇ ਵਿਕਾਸ ਦੀ ਸੂਚੀ ਵਿਚ ਹਰ ਪਿੰਡ ਤੱਕ ਬਿਜਲੀ ਤੇ ਹਜ਼ਾਰਾਂ ਕਿਲੋਮੀਟਰ ਸੜਕਾਂ ਦਾ ਜਾਲ, ਖਾਸ ਕਰ ਛੇ-ਅੱਠ ਮਾਰਗੀ ਐਕਸਪ੍ਰੈਸਵੇਅ ਦੀ ਗੱਲ ਬਹੁਤ ਜ਼ੋਰ ਸ਼ੋਰ ਨਾਲ ਉਭਾਰੀ ਅਤੇ ਪ੍ਰਚਾਰੀ ਜਾਂਦੀ ਹੈ ਪਰ ਇਹ ਗੱਲ ਬਹੁਤ ਘੱਟ ਚਰਚਾ ਦਾ ਵਿਸ਼ਾ ਬਣਦੀ ਹੈ ਕਿ ਇਹ ਸੜਕਾਂ ਆਖਰਕਾਰ ਕਿਸ ਨੂੰ ਫਾਇਦਾ ਪਹੁੰਚਾ ਰਹੀਆਂ ਹਨ। ਫਲਾਈਓਵਰ ਅਤੇ ਪੁਲਾਂ ਵਾਲੀਆਂ ਸੜਕਾਂ ਨੇ ਤਾਂ ਪਿੰਡਾਂ ਦੀ ਦੂਰੀ ਸਗੋਂ ਹੋਰ ਵਧਾ ਦਿੱਤੀ ਹੈ ਤੇ ਇਨ੍ਹਾਂ ਨੂੰ ਸ਼ਹਿਰਾਂ ਨਾਲੋਂ ਤੋੜ ਹੀ ਦਿੱਤਾ ਹੈ।

ਖੈਰ! ਇਨ੍ਹਾਂ ਬਾਰੀਕੀਆਂ ਵਿਚ ਨਾ ਜਾਂਦਿਆਂ ਇਥੇ ਅਹਿਮ ਮੁੱਦੇ, ਸਿਹਤ ਬਾਰੇ ਗੱਲ ਕਰਦੇ ਹਾਂ ਜੋ ਸਾਡੀਆਂ ਸਾਰੀਆਂ ਵਿਚਾਰ ਚਰਚਾਵਾਂ, ਸੰਸਦ ਦੇ ਅੰਦਰ ਤੇ ਬਾਹਰ, ਕਾਫ਼ੀ ਹੱਦ ਤਕ ਕੇਂਦਰੀ ਮੁੱਦਾ ਨਹੀਂ ਬਣਦਾ। ਜਦੋਂ ਅਸੀਂ ਬੁਨਿਆਦੀ ਢਾਂਚਾ ਉਸਾਰਨ ਦੀ ਗੱਲ ਕਰਦੇ ਹਾਂ ਤਾਂ ਇਸ ਦੀ ਉਸਾਰੀ ਵਿਚ 'ਮਨੁੱਖੀ ਸਰਮਾਏ' ਦਾ ਹੀ ਵੱਡਾ ਯੋਗਦਾਨ ਹੁੰਦਾ ਹੈ। ਉਸ ਨੂੰ ਵਿਚਾਰਨ, ਵਿਉਂਤਣ ਤੋਂ ਲੈ ਕੇ ਸੀਮਿੰਟ ਬਜਰੀ ਦੀ ਢੋਆ-ਢੁਆਈ ਤੱਕ। ਕੋਈ ਸਿਹਤਮੰਦ ਅਤੇ ਪੜ੍ਹਾਈ-ਸਿਖਲਾਈਯਾਫ਼ਤਾ ਸ਼ਖਸ ਵੱਧ ਅਤੇ ਵਧੀਆ ਕੰਮ ਕਰ ਸਕਦਾ ਹੈ। ਸਾਡੇ ਸਾਰੇ ਯੋਜਨਾ ਪ੍ਰੋਗਰਾਮਾਂ ਵਿਚ ਇਹ ਦੋਹੇ ਪਹਿਲੂ ਹੀ ਹਾਸ਼ੀਏ 'ਤੇ ਹਨ। ਜੇ ਅਸੀਂ ਸੱਤਰ ਸਾਲਾਂ ਦਾ ਵਿਕਾਸ ਜਾਣ ਲਈਏ, ਖਾਸ ਕਰ 1990 ਤੋਂ ਬਾਅਦ ਦਾ (ਜਦੋਂ ਤੋਂ ਉਦਾਰੀਕਰਨ ਤੇ ਨਿੱਜੀਕਰਨ ਦੀਆਂ ਨੀਤੀਆਂ ਆਈਆਂ ਹਨ), ਤਾਂ ਲੱਗਦਾ ਹੈ, ਜਿਵੇਂ ਸਿਹਤ ਨੂੰ ਸਰਕਾਰ ਨੇ ਆਪਣੀਆਂ ਜ਼ਿੰਮੇਵਾਰੀਆਂ ਦੀ ਸੂਚੀ ਵਿਚੋਂ ਬਾਹਰ ਕੱਢ ਦਿੱਤਾ ਹੋਵੇ। ਇਹ ਅੰਦਾਜ਼ਾ ਇਸ ਤੱਥ ਤੋਂ ਲਗਾਇਆ ਜਾ ਸਕਦਾ ਹੈ ਕਿ 1991 ਤੋਂ ਹੁਣ ਤੱਕ ਸਰਕਾਰ ਨੇ ਸਿਹਤ ਨੀਤੀ ਵਿਚ ਵਾਅਦੇ ਕਰਨ ਦੇ ਬਾਵਜੂਦ ਇਸ ਦਾ ਹਿੱਸਾ ਇਕ% ਦੇ ਨੇੜੇ-ਤੇੜੇ ਹੀ ਰੱਖਿਆ ਹੈ। ਹੁਣ ਵੀ ਇਹ 1.2% ਹੈ ਅਤੇ ਵਾਅਦਾ ਹੈ ਕਿ 2025 ਤੱਕ ਹੌਲੀ ਹੌਲੀ 2.5% ਕਰ ਦਿਆਂਗੇ। ਗੁਆਂਢੀ ਮੁਲਕ ਸ੍ਰੀਲੰਕਾ ਅਤੇ ਬੰਗਲਾਦੇਸ਼ ਜੋ ਸਾਡੇ ਨਾਲੋਂ ਕਾਫ਼ੀ ਪਿੱਛੇ ਤੇ ਗਰੀਬ ਹਨ, ਵਿਚ ਇਹ 2 ਤੋਂ 3% ਹੈ।

ਆਰਥਿਕਤਾ ਦੀ ਜਿਸ ਰਫ਼ਤਾਰ ਨੂੰ ਮੌਜੂਦਾ ਸਰਕਾਰ ਆਪਣੀ ਵੱਡੀ ਪ੍ਰਾਪਤੀ ਅਤੇ ਮਾਣ ਕਹਿ ਰਹੀ ਹੈ, ਇਸ ਦੀ ਰਫ਼ਤਾਰ ਵਿਚ ਤੇਜ਼ੀ ਉਦਾਰ ਨੀਤੀਆਂ ਤਹਿਤ 1991 ਤੋਂ ਹੀ ਸ਼ੁਰੂ ਹੋ ਗਈ ਸੀ। ਉਦਾਰ ਨੀਤੀਆਂ ਅਤੇ ਨਿਜੀਕਰਨ ਨੇ ਬਹੁਤਾ ਫਾਇਦਾ ਸਨਅਤੀ ਅਦਾਰਿਆਂ ਨੂੰ ਦਿੱਤਾ ਤੇ ਜੋ ਲਾਭ ਆਮ ਲੋਕਾਂ ਲਈ ਸੋਚਿਆ ਗਿਆ ਸੀ ਜਾਂ ਘੱਟੋ ਘੱਟ ਗਿਣਾਇਆ ਗਿਆ ਸੀ, ਉਹ ਨਹੀਂ ਹੋਇਆ। ਦਰਅਸਲ ਅਸੀਂ ਸਿਹਤ ਨੂੰ ਵੀ ਪ੍ਰਾਈਵੇਟ ਹੱਥਾਂ ਵਿਚ ਦੇਣ ਦੀ ਰਵਾਇਤ ਸ਼ੁਰੂ ਕੀਤੀ ਜੋ ਅਮੀਰਾਂ ਲਈ ਤਾਂ ਠੀਕ ਸੀ ਪਰ ਗਰੀਬ, ਦੂਰ-ਦੁਰਾਡੇ ਰਹਿੰਦੇ ਲੋਕ, ਆਦਿਵਾਸੀ, ਦਲਿਤ, ਝੁੱਗੀ-ਝੌਂਪੜੀ ਵਾਲੇ ਸਗੋਂ ਮਾਮੂਲੀ ਜਿਹੀਆਂ ਸਿਹਤ ਸਹੂਲਤਾਂ ਤੋਂ ਵੀ ਵਾਂਝੇ ਰਹਿ ਗਏ। ਸਿਹਤ ਦੇ ਮਾਮਲੇ ਵਿਚ ਅਸੀਂ 1991 ਤੋਂ 2011 ਤਕ ਕਾਫ਼ੀ ਕੁਝ ਹਾਸਿਲ ਕੀਤਾ ਦੇਖ ਸਕਦੇ ਹਨ ਅਤੇ ਇਹ ਤਸੱਲੀਬਖਸ਼ ਵੀ ਨਜ਼ਰ ਆਵੇਗਾ, ਜਿਵੇਂ ਬਾਲ ਮੌਤ ਦਰ 81 ਤੋਂ ਟੁੱਟ ਕੇ 47 ਹੋ ਗਈ, ਮਾਵਾਂ ਦੀ ਗਰਭ ਦੌਰਾਨ ਮੌਤ ਦਰ 600 ਤੋਂ 200 ਤੱਕ ਆ ਗਈ, ਘੱਟ ਭਾਰ ਵਾਲੇ ਪੰਜ ਸਾਲ ਤੋਂ ਛੋਟੇ ਬੱਚਿਆਂ ਦੀ ਦਰ 59.5 ਤੋਂ 43 ਹੋ ਗਈ। ਇਸ ਦੌਰਾਨ ਔਸਤਨ ਪ੍ਰਤੀ ਵਿਅਕਤੀ ਆਮਦਨ ਵੀ ਵਧੀ ਪਰ ਆਪਣੇ ਮੁਲਕ ਦੀਆਂ ਪ੍ਰਾਪਤੀਆਂ ਨੂੰ ਦੇਖ ਕੇ ਉਹ ਸਬਕ ਨਹੀਂ ਮਿਲਦਾ ਕਿ ਅਸੀਂ ਜਿਸ ਰਫ਼ਤਾਰ ਨਾਲ ਅੱਗੇ ਵਧ ਰਹੇ ਹਾਂ, ਉਹ ਤਸੱਲੀਬਖਸ਼ ਹੈ ਜਾਂ ਹੋਰ ਵੀ ਤੇਜ਼ ਹੋ ਸਕਦੀ ਸੀ।

ਜੇ ਸਾਨੂੰ ਆਪਣੀ ਜੀ.ਡੀ.ਪੀ. 'ਤੇ ਮਾਣ ਹੈ ਤਾਂ ਇਥੋਂ ਦੀ ਪ੍ਰਤੀ ਵਿਅਕਤੀ ਖਰੀਦ ਸ਼ਕਤੀ ਵਿਚ ਸਾਡਾ ਮੁਲਕ 122ਵੇਂ ਥਾਂ 'ਤੇ ਹੈ। ਸਾਡੇ ਦਿਹਾੜੀ 'ਤੇ ਕੰਮ ਕਰਨ ਵਾਲੇ ਲੋਕਾਂ ਦੀ ਮਹੀਨੇ ਦੀ ਔਸਤਨ ਆਮਦਨ 3490 ਰੁਪਏ ਹੈ ਜੋ ਪਰਿਵਾਰ ਦੇ ਪ੍ਰਤੀ ਜੀਅ ਦੀ 23 ਰੁਪਏ ਬਣਦੀ ਹੈ। ਮੁਲਕ ਦੇ ਵਿਕਾਸ ਦੇ ਮੱਦੇਨਜ਼ਰ ਜੇ ਕੋਈ ਤੰਗ ਅਤੇ ਪਰੇਸ਼ਾਨ ਕਰਨ ਵਾਲਾ ਅੰਕੜਾ ਹੈ ਤਾਂ ਉਹ ਹੈ, ਬੱਚਿਆਂ ਦੇ ਕੱਦ ਅਤੇ ਭਾਰ ਵਿਚ ਕਮੀ ਵਾਲਿਆਂ ਦੀ ਆਬਾਦੀ ਦਾ 43% ਹੋਣਾ ਜੋ ਖ਼ੁਰਾਕ ਦੀ ਕਮੀ ਵੱਲ ਇਸ਼ਾਰਾ ਕਰਦਾ ਹੈ। ਇਨ੍ਹਾਂ ਹਾਲਾਤ ਦੇ ਮੱਦੇਨਜ਼ਰ ਸਵਾਲ ਇਹ ਹੈ ਕਿ ਜੇ ਮਾਲ ਬਣ ਰਿਹਾ ਤੇ ਵਿਕ ਵੀ ਰਿਹਾ ਹੈ ਤਾਂ ਫਿਰ ਖਰੀਦ ਕੌਣ ਰਿਹਾ ਹੈ? ਜੇ ਮੁਲਕ ਵਿਚ ਗਰੀਬੀ ਰੇਖਾ ਤੋਂ ਥੱਲੇ ਵਾਲੇ ਲੋਕਾਂ ਦੀ ਗਿਣਤੀ ਕਰ ਲਈਏ ਤਾਂ ਉਹ ਵੀ ਸਿਰਫ਼ 27 ਕਰੋੜ ਬਣ ਜਾਂਦੀ ਹੈ ਤੇ ਗਰੀਬੀ ਰੇਖਾ ਤੋਂ ਕੁਝ ਕੁ ਅੰਸ਼ ਉਪਰ ਵਾਲੇ ਵੀ ਕੋਈ ਬਹੁਤੇ ਸੌਖੇ ਨਹੀਂ ਹੁੰਦੇ। ਦੂਸਰੇ ਪਾਸੇ, ਸਰਕਾਰ ਦਾ ਦਾਅਵਾ ਹੈ ਕਿ ਜੀ.ਐਸ.ਟੀ. ਨਾਲ ਵੱਧ ਟੈਕਸ ਇਕੱਠਾ ਹੋਇਆ ਹੈ। ਤੇਲ, ਪੈਟਰੋਲ, ਸ਼ਰਾਬ ਨੇ ਵੀ ਮੁਲਕ ਦੇ ਖਜ਼ਾਨੇ ਭਰਨ ਵਿਚ ਮਦਦ ਕੀਤੀ ਹੈ। ਫਿਰ ਇਹ ਪੈਸਾ ਲੱਗ ਕਿੱਥੇ ਰਿਹਾ ਹੈ? ਇਸ ਵਾਧੇ ਦੀ ਝਲਕ ਸਿਹਤ ਬਜਟ ਵਿਚ ਵਾਧੇ ਵੱਲ ਕਿਉਂ ਨਹੀਂ ਦਿਸਦੀ?

ਵਾਰ ਵਾਰ ਫਰਾਂਸ ਦੀ ਗੱਲ ਕਰਨੀ ਪੈ ਰਹੀ ਹੈ ਪਰ ਤੱਥ ਹੈਰਾਨ ਕਰਨ ਵਾਲੇ ਹਨ: ਮਨੁੱਖੀ ਵਿਕਾਸ ਸੂਚਕ ਅੰਕ ਤਹਿਤ 188 ਮੁਲਕਾਂ ਵਿਚ ਭਾਰਤ ਦਾਂ ਥਾਂ 131ਵਾਂ ਹੈ ਅਤੇ ਫਰਾਂਸ ਦਾ 21ਵਾਂ। ਮੁਲਕ ਦੀ ਆਰਥਿਕਤਾ ਦੀ ਝਲਕ ਇੱਥੇ ਕਿਉਂ ਨਹੀਂ ਦਿਸਦੀ? ਬਿਜਲੀ, ਸੜਕਾਂ, ਰੇਲਾਂ ਦਾ ਵਿਕਾਸ ਆਦਿ ਤਾਂ ਸਨਅਤਕਾਰਾਂ ਦੀ ਲੋੜ ਹੁੰਦੀ ਹੈ। ਵਿਦੇਸ਼ਾਂ ਤੋਂ ਪੈਸਾ ਲਾਉਣ ਦੇ ਚਾਹਵਾਨ ਪਹਿਲਾਂ ਇਹੀ ਕੁਝ ਦੇਖਦੇ ਹਨ। ਇੰਜ ਇਹ ਪੱਖ ਅਹਿਮ ਬਣ ਜਾਂਦੇ ਹਨ। ਸਿਹਤ ਤੇ ਸਿੱਖਿਆ ਲੋਕਾਂ ਨੂੰ ਸੂਝਵਾਨ ਤੇ ਤਾਕਤਵਰ ਬਣਾਉਂਦੇ ਹਨ। ਉਹ ਸਿਆਣੇ ਹੁੰਦੇ ਹਨ ਤੇ ਆਪਣੇ ਹੱਕਾਂ ਲਈ ਬੋਲਦੇ ਵੀ ਹਨ ਤੇ ਲੜਦੇ ਵੀ ਹਨ। ਇਸ ਲਈ ਇਹ ਪਹਿਲੂ ਸਰਮਾਏਦਾਰਾਂ ਦੇ ਖਿਲਾਫ਼ ਭੁਗਤਦਾ ਹੈ। ਇਸੇ ਲਈ ਉਹ ਸਦਾ ਇਹੀ ਚਾਹੁੰਦੇ ਹਨ ਕਿ ਲੋਕਾਂ ਦੀ ਜੋ ਹਾਲਤ ਹੈ, ਉਹੀ ਬਣੀ ਰਹੇ। ਵਿਕਾਸ ਦਾ ਇਸ ਤਰ੍ਹਾਂ ਦਾ ਮਾਡਲ ਨਾ-ਬਰਾਬਰੀ ਵਧਾਉਂਦਾ ਹੈ।

# 'ਨਾਰੀਵਾਦੀ ਨਜ਼ਰੀਆ' ਦਾ ਨਜ਼ਰੀਆ

***ਨਵੀਂ ਦਿੱਲੀ ਦੀ ਜਵਾਹਰਲਾਲ ਨਹਿਰੂ ਯੂਨੀਵਰਸਿਟੀ (ਜੇ.ਐਨ.ਯੂ.) ਦੀ ਪ੍ਰੋ. ਨਿਵੇਦਿਤਾ ਮੈਨਨ ਦੀ ਅੰਗਰੇਜ਼ੀ ਕਿਤਾਬ 'ਸੀਇੰਗ ਲਾਈਕ ਏ ਫੈਮਿਨਿਸਟ' ਦਾ ਪੰਜਾਬੀ ਅਨੁਵਾਦ 'ਨਾਰੀਵਾਦੀ ਨਜ਼ਰੀਆ' ਦੇ ਸਿਰਲੇਖ ਹੇਠ ਛਪਿਆ ਹੈ। ਇਸ ਕਿਤਾਬ ਦਾ ਅਨੁਵਾਦ ਪੱਤਰਕਾਰ ਤੇ ਫਿਲਮਸਾਜ਼ ਦਲਜੀਤ ਅਮੀ ਨੇ ਕੀਤਾ ਹੈ। ਸੀਮਾ ਸ਼ਰਮਾ (ਯੂਨੀਵਰਸਿਟੀ ਕਾਲਜ, ਘਨੌਰ, ਪਟਿਆਲਾ) ਨੇ ਇਸ ਬਾਰੇ ਆਪਣਾ ਲੇਖ 'ਨਾਰੀਵਾਦੀ ਨਜ਼ਰੀਆ' ਦਾ ਨਜ਼ਰੀਆ' ਸਾਨੂੰ ਉਚੇਚਾ ਭੇਜਿਆ ਹੈ ਜੋ ਅਸੀਂ ਆਪਣੇ ਪਾਠਕਾਂ ਦੀ ਨਜ਼ਰ ਕਰ ਰਹੇ ਹਾਂ। ਇਸ ਲੇਖ ਰਾਹੀਂ ਔਰਤ ਦੇ ਅੱਜ ਦੇ ਹਾਲਾਤ ਬਾਰੇ ਚਾਨਣਾ ਪਾਇਆ ਗਿਆ ਹੈ। -ਸੰਪਾਦਕ***

ਭਾਰਤੀ ਸਮਾਜ 'ਚ ਔਰਤ ਨਾਲ ਜੁੜੇ ਮਸਲੇ ਵਖ ਵਖ ਸਮੇਂ ਤੇ ਵਖ ਵਖ ਵਿਚਾਰਧਾਰਾਵਾਂ ਵਿਚੋਂ ਹੋ ਕੇ ਚਰਚਾ ਦਾ ਵਿਸ਼ਾ ਬਣਦੇ ਰਹੇ ਹਨ। ਭਾਵੇਂ ਤਲਾਕ ਦਾ ਮਸਲਾ ਹੋਵੇ, ਬਲਾਤਕਾਰ ਦੀਆਂ ਘਟਨਾਵਾਂ ਹੋਣ, ਔਰਤ ਦੇ ਸ਼ੋਸ਼ਣ ਦੀ ਗੱਲ ਹੋਵੇ ਜਾਂ ਫਿਰ ਔਰਤ ਦੀ ਸਮਾਜਕ ਹਾਲਾਤ ਦੀ ਗੱਲ-ਔਰਤ ਹਮੇਸ਼ਾ ਇਨ੍ਹਾਂ ਮੁੱਦਿਆਂ ਦਾ ਕੇਂਦਰ ਬਿੰਦੂ ਰਹੀ ਹੈ। ਅੱਜ 21ਵੀਂ ਸਦੀ 'ਚ ਨਾਰੀ ਸ਼ਕਤੀਕਰਨ ਦੀ ਗੱਲ ਬਹੁਤ ਕੀਤੀ ਜਾਂਦੀ ਹੈ, ਇਸ ਦੇ ਨਾਲ ਹੀ ਇਹ ਪ੍ਰਚਾਰਿਆ ਜਾਂਦਾ ਹੈ ਕਿ ਔਰਤ ਦੀ ਹਾਲਤ ਹੁਣ ਸਮਾਜ ਵਿਚ ਮਰਦ ਦੇ ਬਰਾਬਰ ਹੈ, ਔਰਤ ਮਰਦ ਦੇ ਮੋਢੇ ਨਾਲ ਮੋਢਾ ਮਿਲਾ ਕੇ ਚਲਦੀ ਹੈ ਪਰ ਕੀ ਇਹ ਗੱਲ ਠੀਕ ਹੈ?

ਸਮਾਜ ਵਿਚ ਔਰਤ ਦੇ ਤ੍ਰਾਸਦਿਕ ਹਾਲਾਤ ਬਾਰੇ ਵਖ ਵਖ ਨਾਰੀਵਾਦੀ ਲੇਖਕ ਲਿਖਦੇ ਰਹੇ ਹਨ ਤੇ ਸਮਾਜ ਸਾਹਮਣੇ ਔਰਤ ਦੇ ਅਸਲ ਹਾਲਾਤ ਬਿਆਨ ਕਰਨ ਦੀ ਕੋਸ਼ਿਸ਼ ਕਰਦੇ ਹਨ। ਹਾਲ ਹੀ ਵਿਚ ਜੇ. ਐਨ. ਯੂ. ਨਵੀਂ ਦਿੱਲੀ ਦੀ ਲੇਖਕ ਪ੍ਰੋ. ਨਿਵੇਦਿਤਾ ਮੈਨਨ ਦੀ ਕਿਤਾਬ 'ਨਾਰੀਵਾਦੀ ਨਜ਼ਰੀਆ' ਆਈ ਹੈ ਜੋ ਸਾਨੂੰ ਔਰਤ ਦੇ ਹਾਲਾਤ

**ਸੀਮਾ ਸ਼ਰਮਾ**

ਬਾਰੇ ਸੋਚਣ ਲਈ ਮਜਬੂਰ ਕਰਦੀ ਹੈ। ਇਹ ਕਿਤਾਬ ਪੱਤਰਕਾਰ ਅਤੇ ਫਿਲਮਸਾਜ਼ ਦਲਜੀਤ ਅਮੀ ਨੇ ਪੰਜਾਬੀ ਵਿਚ ਅਨੁਵਾਦ ਕੀਤੀ ਹੈ।

ਕੋਈ ਵੀ ਕਿਤਾਬ ਪੜ੍ਹਨ ਤੋਂ ਪਹਿਲਾਂ ਜਾਂ ਪਿਛੋਂ ਸਾਡੇ ਮਨ ਵਿਚ ਕਈ ਤਰ੍ਹਾਂ ਦੇ ਪ੍ਰਸ਼ਨ ਪੈਦਾ ਹੁੰਦੇ ਹਨ ਜਿਨ੍ਹਾਂ ਵਿਚੋਂ ਕੁਝ ਦੇ ਉਤਰ ਤਾਂ ਸਾਨੂੰ ਕਿਤਾਬ ਪੜ੍ਹਨ ਪਿਛੋਂ ਮਿਲ ਜਾਂਦੇ ਹਨ, ਕੁਝ ਪ੍ਰਸ਼ਨ ਕਿਤਾਬ ਸਾਡੇ ਲਈ ਛੱਡ ਕੇ ਜਾਂਦੀ ਹੈ ਤੇ ਉਹ ਸਾਨੂੰ ਬੇਚੈਨ ਕਰ ਦਿੰਦੇ ਹਨ। ਇਸ ਕਿਤਾਬ ਦੇ ਪ੍ਰਸੰਗ ਵਿਚ ਸਭ ਤੋਂ ਪਹਿਲਾਂ ਇਸ ਦੇ ਸਿਰਲੇਖ ਨੂੰ ਸਮਝਣਾ ਜ਼ਰੂਰੀ ਹੈ। ਸਿਰਲੇਖ 'ਨਾਰੀਵਾਦੀ ਨਜ਼ਰੀਆ' ਦੇ ਅਰਥ ਬਣਦੇ ਹਨ: ਨਾਰੀਵਾਦ ਤੋਂ ਭਾਵ ਔਰਤ ਦੀ ਵਿਚਾਰਧਾਰਾ ਅਤੇ ਨਜ਼ਰੀਏ ਤੋਂ ਭਾਵ ਕਿਸੇ ਚੀਜ਼ ਨੂੰ ਦੇਖਣ ਦਾ ਤਰੀਕਾ। ਸੋ 'ਨਾਰੀਵਾਦੀ ਨਜ਼ਰੀਆ' ਦਾ ਸ਼ਾਬਦਿਕ ਅਰਥ ਇਹ ਹੋਇਆ ਕਿ ਔਰਤ ਦੀ ਦ੍ਰਿਸ਼ਟੀ ਤੋਂ ਵਿਆਹ, ਪਰਿਵਾਰ ਅਤੇ ਸਮਾਜ ਨੂੰ ਦੇਖਣ ਦਾ ਤਰੀਕਾ।

ਕਿਤਾਬ ਪੜ੍ਹਨ ਤੋਂ ਪਹਿਲਾਂ ਲੱਗਦਾ ਸੀ ਕਿ ਚੰਗੀ ਗ੍ਰਹਿਣੀ, ਭੈਣ ਅਤੇ ਚੰਗੀ ਪਤਨੀ ਹੋਣਾ ਹੀ ਨਾਰੀਵਾਦੀ ਨਜ਼ਰੀਆ ਹੈ ਤੇ ਹਾਰ-ਸ਼ਿੰਗਾਰ ਕਰਨਾ, ਵਿਆਹ, ਬੱਚੇ ਤੇ ਪਰਿਵਾਰ ਦੀਆਂ ਲੋੜਾਂ ਦਾ ਖਿਆਲ ਰੱਖਣਾ ਹੀ ਨਾਰੀਵਾਦੀ ਸੋਚ ਹੈ। ਮੇਰੀ ਇਸ ਸੋਚ ਪ੍ਰਤੀ ਕਿਤਾਬ ਨੇ ਪ੍ਰਸ਼ਨ ਚਿੰਨ੍ਹ ਲਾਇਆ ਤੇ ਕਿਤਾਬ ਵਿਚੋਂ ਨਾਰੀਵਾਦੀ ਨਜ਼ਰੀਏ ਦੀ ਇਹ ਪਰਿਭਾਸ਼ਾ ਸਾਹਮਣੇ ਆਈ: 'ਨਾਰੀਵਾਦ ਮਾਨਤਾ ਹੈ ਕਿ ਸਮਾਜਕ ਨੇਮ ਨੂੰ ਕਾਇਮ ਰੱਖਣ ਲਈ ਲਿੰਗ, ਬੁਨਿਆਦੀ ਇਕਾਈ ਹੈ ਜੋ ਔਰਤ ਜਾਂ ਮਰਦ ਦੀ ਪਛਾਣ ਦਾ ਮਤਲਬ ਵਖ ਵਖ ਤਰ੍ਹਾਂ ਦੀ ਹੋਣੀ ਦਾ ਭਾਗੀਦਾਰ ਹੋਣਾ ਹੈ।'

ਇਸ ਲਈ ਨਾਰੀਵਾਦੀ ਨਜ਼ਰੀਏ ਦਾ ਮਤਲਬ ਉਹ ਵਖਰੇਵੇਂ, ਬੰਦਿਸ਼ਾਂ ਤੇ ਪਾਬੰਦੀਆਂ ਹਨ, ਜੋ ਮਰਦ ਪ੍ਰਧਾਨ ਸਮਾਜ ਨੇ ਔਰਤ 'ਤੇ ਲਾਗੂ ਕੀਤੀਆਂ ਹਨ। ਇਹ ਕਿਤਾਬ ਇਹ ਮਿੱਥਾਂ ਤੋੜਦੀ ਔਰਤ ਦੀ ਸੋਚ ਵਿਚ ਬਦਲਾਓ ਪੈਦਾ ਕਰਦੀ ਹੈ। ਔਰਤਾਂ ਨੂੰ ਲੈ ਕੇ ਮਨ 'ਚ ਪਹਿਲਾ ਪ੍ਰਸ਼ਨ ਸੀ ਕਿ ਔਰਤਾਂ ਸ਼ਿੰਗਾਰ ਕਿਉਂ ਕਰਦੀਆਂ ਹਨ? ਆਪਣੇ ਆਪ ਨੂੰ ਸੁੰਦਰ ਬਣਾਉਣ ਜਾਂ ਦੂਜਿਆਂ ਨੂੰ ਪ੍ਰਭਾਵਿਤ ਕਰਨ ਲਈ? ਇਸ ਬਾਰੇ ਕਿਤਾਬ ਕਹਿੰਦੀ ਹੈ ਕਿ ਹਾਰ-ਸ਼ਿੰਗਾਰ ਕਰਨਾ ਔਰਤ ਲਈ ਸ਼ੌਕ ਘੱਟ, ਮਜਬੂਰੀ ਵੱਧ ਹੈ; ਔਰਤ ਹੋਣ ਦੇ ਨਾਤੇ ਜੇ ਤੁਸੀਂ ਕਿਸੇ ਪਾਰਟੀ ਜਾਂ ਵਿਆਹ ਸ਼ਾਦੀ ਵਿਚ ਸਾਧਾਰਨ ਹੀ ਚਲੇ ਜਾਂਦੇ ਹੋ ਤਾਂ ਮੂਰਖਤਾ ਸਮਝੀ ਜਾਵੇਗੀ। ਅਸਲ ਵਿਚ ਹਾਰ-ਸ਼ਿੰਗਾਰ ਔਰਤ ਲਈ ਜ਼ਰੂਰੀ ਬਣਾ ਦਿੱਤਾ ਗਿਆ ਹੈ ਤੇ ਹਾਰ-ਸ਼ਿੰਗਾਰ ਕਰਕੇ ਔਰਤ ਦੀ ਕੁਦਰਤੀ ਖੂਬਸੂਰਤੀ ਲੁਕੋ ਦਿੱਤੀ ਜਾਂਦੀ ਹੈ ਤੇ ਉਸ ਦੀ ਬਣਾਉਟੀ ਤੇ ਬਾਹਰਲੀ ਦਿੱਖ ਤੋਂ ਉਸ ਦੀ ਅਕਲ ਦਾ ਅੰਦਾਜ਼ਾ ਲਾਇਆ ਜਾਂਦਾ ਹੈ।

ਦੂਜਾ ਪ੍ਰਸ਼ਨ ਵਿਆਹ ਬਾਰੇ ਸੀ। ਕੀ ਔਰਤ ਲਈ ਵਿਆਹ ਜ਼ਰੂਰੀ ਹੈ? ਜੇ ਜ਼ਰੂਰੀ ਹੈ ਤਾਂ ਕੀ ਇਹ ਜ਼ਿੰਦਗੀ ਜਿਉਣ ਦਾ ਮਕਸਦ ਹੈ ਜਾਂ ਜ਼ਿੰਦਗੀ ਦਾ ਅੰਤ? ਕੁੜੀਆਂ ਨੂੰ ਅਕਸਰ ਸਿਖਾਇਆ ਜਾਂਦਾ ਹੈ ਕਿ ਵਿਆਹ ਜ਼ਰੂਰੀ ਹੈ, ਵਿਆਹ ਤੋਂ ਬਿਨਾ ਔਰਤ ਦੀ ਕੋਈ ਹੋਂਦ ਨਹੀਂ ਹੁੰਦੀ, ਵਿਆਹ ਪਿਛੋਂ ਹੀ ਉਸ ਦੀ ਅਸਲ ਜ਼ਿੰਦਗੀ ਸ਼ੁਰੂ ਹੁੰਦੀ ਹੈ। ਕਿਤਾਬ ਇਸ ਚੀਜ਼ ਨੂੰ ਹੋਰ ਸਪਸ਼ਟ ਕਰਦੀ ਹੈ ਕਿ ਵਿਆਹ ਕੁਦਰਤੀ ਤੌਰ 'ਤੇ ਨਹੀਂ, ਬਲਕਿ ਸਮਾਜਕ ਤੌਰ 'ਤੇ ਜ਼ਰੂਰੀ ਹੈ, ਤੇ ਇਹ ਵੀ ਜ਼ਰੂਰੀ ਹੈ ਕਿ ਔਰਤ ਨੂੰ ਹੀ ਵਿਆਹ ਪਿਛੋਂ ਮੁੰਡੇ ਦੇ ਘਰ ਜਾਣਾ ਪਵੇਗਾ, ਇਹੀ ਸਮਾਜਕ ਨਿਯਮ ਹੈ ਤੇ ਜੇ ਸਮਾਜਕ ਨਿਯਮ ਤੋੜਨ ਦੀ ਗੱਲ ਕਰਦੇ ਹਾਂ ਤਾਂ ਹਿੰਸਾ ਦੇ ਪਾਤਰ ਬਣਦੇ ਹਾਂ।

ਸਮਾਜਕ ਨਿਯਮ ਨਾਲ ਸਬੰਧਿਤ ਕਹਾਣੀ ਪ੍ਰੋ. ਨਿਵੇਦਿਤਾ ਮੈਨਨ ਆਪਣੀ ਇਸ ਕਿਤਾਬ ਵਿਚ ਦੱਸਦੇ ਹਨ: ਮੋਨੀ ਨਾਮ ਦੀ ਲੜਕੀ ਮਰਦਾਂ ਵਾਲੇ ਕੱਪੜੇ ਪਾ ਕੇ ਜਦੋਂ ਬਾਹਰ ਗਈ ਤਾਂ ਮਰਦਾਂ ਨੇ ਸ਼ਰੇਆਮ ਨੰਗਾ ਕਰਕੇ ਉਸ ਨੂੰ ਮਾਰਿਆ; ਕਿਉਂ? ਸਿਰਫ ਇਸ ਲਈ ਕਿ ਉਸ ਨੇ ਮਰਦਾਂ ਵਾਲੇ ਕੱਪੜੇ ਪਾਏ ਸੀ? ਨਹੀਂ, ਮਰਦਾਂ ਨੂੰ ਡਰ ਸੀ ਕਿ ਜੇ ਅੱਜ ਇਸ ਨੇ ਕੱਪੜਿਆਂ ਵਿਚ ਮਰਦਾਂ ਦੀ ਬਰਾਬਰੀ ਕੀਤੀ ਹੈ ਤਾਂ ਕੱਲ੍ਹ ਨੂੰ ਸੋਚ ਵਿਚ ਵੀ ਬਰਾਬਰੀ ਕਰੇਗੀ, ਇਸ ਲਈ ਬਗਾਵਤ ਸ਼ੁਰੂ ਹੋਣ ਤੋਂ ਪਹਿਲਾਂ ਹੀ ਖਤਮ ਕਰ ਦਿਉ।


ਵਿਆਹ ਤੋਂ ਬਾਅਦ ਪਰਿਵਾਰ ਦੀ ਗੱਲ ਆਉਂਦੀ ਹੈ। ਪਰਿਵਾਰ ਕੀ ਹੈ? ਕੀ ਅਸੀਂ ਸਭ ਇਕ ਪਰਿਵਾਰ ਹਾਂ? ਨਹੀਂ। ਕਾਨੂੰਨ ਵਿਚ ਪਰਿਵਾਰ ਦੀ ਪਰਿਭਾਸ਼ਾ ਇਹ ਹੈ ਕਿ ਮਰਦ, ਉਸ ਦੀ ਪਤਨੀ ਤੇ ਉਨ੍ਹਾਂ ਦੇ ਬੱਚੇ।

ਮੇਰਾ ਅਗਲਾ ਪ੍ਰਸ਼ਨ ਸੀ, ਬੱਚੇ ਨਾਲ ਸਦਾ ਪਿਉ ਦਾ ਨਾਂ ਹੀ ਕਿਉਂ ਜੋੜਿਆ ਜਾਂਦਾ ਹੈ, ਮਾਂ ਦਾ ਨਾਂ ਕਿਉਂ ਨਹੀਂ? ਸਦਾ ਔਰਤ ਨੂੰ ਹੀ ਇਹ ਸਵਾਲ ਪੁੱਛਿਆ ਜਾਂਦਾ ਹੈ ਕਿ ਬੱਚਾ ਕਿਸ ਦਾ ਹੈ? 'ਕਿਸ ਦੇ' ਤੋਂ ਭਾਵ ਕਿਸ ਮਰਦ ਦਾ, ਪਰ ਕਦੇ ਕਿਸੇ ਮਰਦ ਤੋਂ ਇਹ ਨਹੀਂ ਪੁੱਛਿਆ ਜਾਵੇਗਾ ਕਿ ਇਹ ਬੱਚਾ ਕਿਸ ਔਰਤ ਦਾ ਹੈ? ਬੱਚਾ ਕਿਸ ਮਰਦ ਦਾ ਹੋਣ ਤੋਂ ਭਾਵ ਮਰਦ ਪ੍ਰਧਾਨ ਸਮਾਜ, ਜ਼ਮੀਨ ਤੇ ਵਾਰਿਸ ਪ੍ਰਾਪਤ ਕਰਨ ਤੋਂ ਹੈ। ਮਰਦ ਆਪਣਾ ਪਰਿਵਾਰ ਅੱਗੇ ਤੋਰਨ ਲਈ ਵਾਰਿਸ ਚਾਹੁੰਦਾ ਹੈ ਤੇ ਇਹ ਪੱਕਾ ਕਰਨਾ ਚਾਹੁੰਦਾ ਹੈ ਕਿ ਬੱਚਾ ਉਸੇ ਦਾ ਹੈ ਪਰ ਇਸ ਦਾ ਪਤਾ ਕਿਸ ਤਰ੍ਹਾਂ ਲਾਇਆ ਜਾਵੇ ਕਿ ਬੱਚਾ ਉਸੇ ਮਰਦ ਦਾ ਹੈ?

ਅਗਲਾ ਪ੍ਰਸ਼ਨ ਕੰਮ ਬਾਰੇ ਸੀ। ਘਰ ਦਾ ਕੰਮ ਸਦਾ ਔਰਤਾਂ ਦੇ ਹਿੱਸੇ ਹੀ ਕਿਉਂ ਆਉਂਦਾ



ਪ੍ਰੋ. ਨਿਵੇਦਿਤਾ ਮੈਨਨ




ਹੈ? ਔਰਤਾਂ ਅਕਸਰ ਘਰ ਦੇ ਕੰਮ-ਰੋਟੀ ਬਣਾਉਣਾ, ਕੱਪੜੇ ਧੋਣਾ, ਬਰਤਨ ਮਾਂਜਣਾ ਆਦਿ ਕੰਮ ਕਰਦੀਆਂ ਹਨ। ਲੱਗਦਾ ਸੀ, ਇਹ ਕੁਦਰਤੀ ਹੈ ਪਰ ਕਿਤਾਬ ਪੜ੍ਹਨ ਪਿਛੋਂ ਪਤਾ ਲੱਗਾ ਕਿ ਔਰਤ ਦਾ ਸਮਾਜ ਵਿਚਲਾ ਇਹ ਦਰਜਾ ਜਮਾਂਦਰੂ ਨਹੀਂ ਬਲਕਿ ਸਮਾਜ ਦਾ ਬਣਾਇਆ ਹੋਇਆ ਹੈ।

ਸਾਡਾ ਸਮਾਜ ਲਿੰਗ ਨੂੰ ਦੋ ਭਾਗਾਂ ਵਿਚ ਵੰਡਦਾ ਹੈ-ਇਕ ਕੁਦਰਤੀ ਅਤੇ ਦੂਜਾ ਸਮਾਜਕ। ਕੁਦਰਤੀ ਮਤਲਬ ਜੋ ਫਰਕ ਸਾਡੇ ਅੰਦਰ ਕੁਦਰਤੀ ਤੌਰ 'ਤੇ ਹੈ। ਇਹ ਫਰਕ ਸਿਰਫ ਦੋ ਹਨ- ਮਾਹਵਾਰੀ ਦਾ ਆਉਣਾ ਅਤੇ ਔਰਤ ਤੇ ਮਰਦ ਦਾ ਲਿੰਗਕ ਵਖਰੇਵਾਂ। ਸਮਾਜਕ ਭਾਵ ਜੋ ਵਖਰੇਵਾਂ ਸਮਾਜ ਨੇ ਔਰਤ ਤੇ ਮਰਦ ਵਿਚ ਪੈਦਾ ਕੀਤਾ ਹੈ। ਔਰਤ ਘਰ ਦੇ ਕੰਮ ਕਰਦੀ ਹੈ ਕਿਉਂਕਿ ਉਸ ਨੂੰ ਤਿਆਰ ਹੀ ਇਸ ਤਰ੍ਹਾਂ ਕੀਤਾ ਜਾਂਦਾ ਹੈ ਅਤੇ ਉਹ ਇਹ ਕੰਮ ਕੁਦਰਤੀ ਮੰਨ ਕੇ ਸਵੀਕਾਰ ਕਰ ਲੈਂਦੀ ਹੈ। ਉਂਜ, ਇਕ ਗੱਲ ਇਹ ਵੀ ਹੈ ਕਿ ਜਦੋਂ ਔਰਤ ਵਾਲੇ ਕੰਮਾਂ ਤੋਂ ਕਮਾਈ ਸ਼ੁਰੂ ਹੋ ਜਾਵੇ ਤਾਂ ਉਹ ਕੰਮ ਮਰਦਾਨਾ ਬਣ ਜਾਂਦੇ ਹਨ। ਅਸੀਂ ਢਾਬਿਆਂ, ਹਲਵਾਈ ਦੀਆਂ ਦੁਕਾਨਾਂ ਅਤੇ ਰੈਸਟੋਰੈਂਟਾਂ ਵਿਚ ਸ਼ੈਫ ਅਕਸਰ ਦੇਖਦੇ ਹਾਂ। ਪ੍ਰੋ. ਨਿਵੇਦਿਤਾ ਔਰਤ ਨੂੰ ਮਰਦਾਵੇਂਪਣ ਨਾਲ ਜੋੜਨ ਦੀ ਮਿਸਾਲ ਦਿੰਦੇ ਹਨ ਕਿ ਸੁਭੱਦਰਾ ਕੁਮਾਰੀ ਚੌਹਾਨ ਝਾਂਸੀ ਦੀ ਰਾਣੀ ਬਾਰੇ ਕਹਿੰਦੀ ਹੈ: "ਖੂਬ ਲੜੀ ਮਰਦਾਨੀ ਵੋ ਤੋ ਝਾਂਸੀ ਵਾਲੀ ਰਾਨੀ ਥੀ।" ਸੋਚਣ ਵਾਲੀ ਗੱਲ ਹੈ ਕਿ ਝਾਂਸੀ ਦੀ ਰਾਣੀ ਔਰਤ ਸੀ, ਫਿਰ ਉਸ ਨੂੰ ਮਰਦਾਨੀ ਕਿਉਂ ਕਿਹਾ ਗਿਆ? ਉਤਰ ਵੀ ਕਿਤਾਬ ਵਿਚ ਹੀ ਹੈ ਕਿ ਜਦੋਂ ਕੋਈ ਔਰਤ ਬਹਾਦਰੀ ਵਾਲਾ ਕੰਮ ਕਰਦੀ ਹੈ ਤਾਂ ਮਰਦਾਨਾ ਕਹਾਉਂਦੀ ਹੈ। ਕਾਰਨ? ਸਾਡਾ ਸਮਾਜ ਮਰਦ ਪ੍ਰਧਾਨ ਜੁ ਹੈ।

ਅਗਲਾ ਸਵਾਲ ਸੀ: ਜੇ ਮਰਦ ਔਰਤਾਂ ਵਾਲੇ ਕੰਮ ਕਰ ਸਕਦੇ ਹਨ ਤਾਂ ਕੀ ਮਰਦ ਬੱਚਾ ਪੈਦਾ ਨਹੀਂ ਕਰ ਸਕਦੇ? ਇਸ ਬਾਰੇ ਕਿਤਾਬ ਕਹਿੰਦੀ ਹੈ: ਔਰਤ ਦਾ ਗਰਭਵਤੀ ਹੋਣਾ ਕੁਦਰਤੀ ਅਮਲ ਹੈ ਪਰ ਮਾਂ ਬਣਨਾ ਸਮਾਜਕ ਅਮਲ ਹੈ; ਪਰ ਕੀ ਇਹ ਔਰਤ ਦਾ ਹੀ ਫਰਜ਼ ਹੈ ਕਿ ਉਹ ਬੱਚੇ ਦਾ ਪਾਲਣ-ਪੋਸ਼ਣ ਕਰੇ? ਨਹੀਂ, ਇਹ ਮਰਦ ਦਾ ਵੀ ਫਰਜ਼ ਹੈ।

ਮੇਰਾ ਅਗਲਾ ਸਵਾਲ ਸੀ: ਜੇ ਮਰਦਾਂ ਨੂੰ ਮਾਹਵਾਰੀ ਆਉਂਦੀ ਹੁੰਦੀ ਤਾਂ ਕੀ ਹੁੰਦਾ? ਮਰਦ ਔਰਤ ਨੂੰ ਹਰ ਚੀਜ਼ ਲੁਕੋ ਕੇ ਰੱਖਣ ਲਈ ਕਹਿੰਦੇ ਹਨ। ਜਿਵੇਂ ਮਾਹਵਾਰੀ ਦੀ ਗੱਲ ਹੈ, ਮਰਦ ਇਸ ਨੂੰ ਔਰਤ ਲਈ ਬਿਮਾਰੀ ਸਮਝਦੇ ਹਨ ਤੇ ਹਮੇਸ਼ਾਂ ਇਸ ਨੂੰ ਛੁਪਾ ਕੇ ਰੱਖਣ ਦੀ ਗੱਲ ਕਰਦੇ ਹਨ ਪਰ ਜੇ ਮਾਹਵਾਰੀ ਔਰਤਾਂ ਦੀ ਥਾਂ ਮਰਦਾਂ ਨੂੰ ਆਉਂਦੀ ਹੁੰਦੀ ਤਾਂ ਕੀ ਹੁੰਦਾ? ਫਿਰ ਸਮਾਜ ਇਹ ਵਿਆਖਿਆ ਕਿਸ ਤਰ੍ਹਾਂ ਕਰਦਾ? ਇਸ ਦਾ ਜਵਾਬ ਪ੍ਰੋ. ਮੈਨਨ ਨੇ ਕਿਤਾਬ ਵਿਚ ਬੜੀ ਖੂਬਸੂਰਤੀ ਨਾਲ ਦਿੱਤਾ ਹੈ ਕਿ ਜੇ "ਮਰਦਾਂ ਨੂੰ ਮਾਹਵਾਰੀ ਆਉਣੀ ਸ਼ੁਰੂ ਹੋ ਜਾਵੇ ਤਾਂ ਇਹ ਉਨ੍ਹਾਂ ਲਈ ਮਾਣ ਤੇ ਰੋਅਬ ਵਾਲੀ ਗੱਲ ਹੋਵੇਗੀ। ਫਿਰ ਜੋ ਮਰਦ ਇਸ ਨੂੰ ਬਿਮਾਰੀ ਸਮਝਦੇ ਸੀ, ਉਹ ਇਸ ਨੂੰ ਮਰਦਾਨਗੀ ਦੀ ਨਿਸ਼ਾਨੀ ਸਮਝਣਗੇ ਤੇ ਫਿਰ ਫੌਜ ਵਿਚ ਵੀ ਉਹ ਮਰਦ ਭਰਤੀ ਕੀਤੇ ਜਾਂਦੇ ਜਿਨ੍ਹਾਂ ਨੂੰ ਮਾਹਵਾਰੀ ਆਉਂਦੀ ਹੁੰਦੀ ਤੇ ਮਰਦਾਂ ਨੂੰ ਇਹ ਕਹਿ ਕੇ ਭਰਤੀ ਕੀਤਾ ਜਾਣਾ ਸੀ ਕਿ ਖੂਨ ਲੈਣ ਲਈ ਖੂਨ ਦੇਣਾ ਪੈਂਦਾ ਹੈ।" ਮਰਦਾਂ ਨੂੰ ਮਾਹਵਾਰੀ ਆਉਣ 'ਤੇ ਸਰਕਾਰ ਪੈਡ ਵੀ ਮੁਫਤ ਦਿੰਦੀ ਕਿਉਂਕਿ ਸਮਾਜ ਅਤੇ ਸਰਕਾਰ ਦੋਵੇਂ ਮਰਦ ਪ੍ਰਧਾਨ ਹਨ ਅਤੇ ਉਨ੍ਹਾਂ ਕੋਲ ਸ਼ਕਤੀ ਤੇ ਸੱਤਾ ਹੈ, ਤੇ ਸਾਡਾ ਸਮਾਜ ਇਸ ਨੂੰ ਖਿੜੇ ਮੱਥੇ ਪ੍ਰਵਾਨ ਕਰੇਗਾ।

ਮੇਰਾ ਅਗਲਾ ਸਵਾਲ ਬਲਾਤਕਾਰ ਬਾਰੇ ਸੀ। ਸਾਧਾਰਨ ਭਾਸ਼ਾ ਵਿਚ ਦੇਖੀਏ ਤਾਂ ਬਲਾਤਕਾਰ ਦਾ ਮਤਲਬ ਕਿਸੇ ਨਾਲ ਜ਼ਬਰਨ ਸਰੀਰਕ ਸਬੰਧ ਬਣਾਉਣਾ ਹੈ ਤੇ ਕਾਨੂੰਨਨ, ਕਸ਼ਮੀਰ ਤੋਂ ਕੰਨਿਆ ਕੁਮਾਰੀ ਤੱਕ ਬਲਾਤਕਾਰੀ ਲਈ ਕਾਨੂੰਨ ਦੀ ਇਕੋ ਧਾਰਾ ਲਾਗੂ ਹੁੰਦੀ ਹੈ ਪਰ ਇਸ ਕਿਤਾਬ ਅਨੁਸਾਰ ਕਾਨੂੰਨਨ ਬਲਾਤਕਾਰ ਦੀ ਪਰਿਭਾਸ਼ਾ ਸਮੇਂ, ਸਥਾਨ ਤੇ ਸੱਤਾ ਅੱਗੇ ਬਦਲਦੀ ਰਹਿੰਦੀ ਹੈ। ਅਮੀਰ ਅਤੇ ਸੱਤਾ 'ਤੇ ਕਾਬਜ਼ ਬੰਦੇ ਲਈ ਬਲਾਤਕਾਰ ਦੀ ਪਰਿਭਾਸ਼ਾ ਹੋਰ ਹੋਵੇਗੀ ਤੇ ਆਮ ਬੰਦੇ ਲਈ ਹੋਰ।

ਟੀ. ਵੀ. 'ਤੇ ਅਕਸਰ ਕਈ ਨੇਤਾਵਾਂ ਨੂੰ ਬਲਾਤਕਾਰ ਬਾਰੇ ਅਜਿਹੀ ਬਿਆਨਬਾਜ਼ੀ ਕਰਦਿਆਂ ਸੁਣਿਆ ਜਾ ਸਕਦਾ ਹੈ ਕਿ ਬਲਾਤਕਾਰ ਕੁੜੀਆਂ ਦੇ ਛੋਟੇ ਕੱਪੜੇ ਪਾਉਣ, ਪੱਬਾਂ-ਬਾਰਾਂ ਵਿਚ ਜਾਣ ਅਤੇ ਰਾਤ ਨੂੰ ਬਾਹਰ ਇਕੱਲਿਆ ਘੁੰਮਣ ਕਾਰਨ ਹੁੰਦਾ ਹੈ। ਦੂਜੇ ਪਾਸੇ, ਅਸੀਂ ਅਕਸਰ ਖਬਰਾਂ ਪੜ੍ਹਦੇ-ਸੁਣਦੇ ਹਾਂ: 'ਯੂ. ਪੀ. ਤੇ ਕਸ਼ਮੀਰ ਵਿਚ ਚਾਰ ਸਾਲ ਦੀ ਬੱਚੀ ਨਾਲ ਬਲਾਤਕਾਰ।' ਜੇ ਛੋਟੇ ਕੱਪੜੇ ਪਾਉਣ ਤੇ ਰਾਤ ਨੂੰ ਘੁੰਮਣ ਨਾਲ ਬਲਾਤਕਾਰ ਹੁੰਦਾ ਹੈ, ਫਿਰ ਇਨ੍ਹਾਂ ਛੋਟੀਆਂ ਬੱਚੀਆਂ ਨੂੰ ਨਾ ਤਾਂ ਕੱਪੜੇ ਪਾਉਣ ਦੀ ਵੀ ਸਮਝ ਹੁੰਦੀ, ਨਾ ਉਹ ਰਾਤ ਨੂੰ ਇਕੱਲੀਆਂ ਘੁੰਮਦੀਆਂ ਹਨ, ਫਿਰ ਉਨ੍ਹਾਂ ਨਾਲ ਬਲਾਤਕਾਰ ਕਿਉਂ?

ਕਿਤਾਬ ਅਨੁਸਾਰ ਬਲਾਤਕਾਰ ਦੇ ਦੋਸ਼ੀਆਂ ਲਈ ਸਮਾਜ ਨੇ ਨਵੀਂ ਸਜ਼ਾ ਨਿਯਤ ਕੀਤੀ ਹੈ: ਬਲਾਤਕਾਰ ਦੇ ਦੋਸ਼ੀ ਨੂੰ ਉਸੇ ਲੜਕੀ ਨਾਲ ਵਿਆਹ ਕਰਨਾ ਪਵੇਗਾ; ਤਾਂ ਜੋ ਵਿਆਹ ਤੋਂ ਪਹਿਲਾਂ ਹੋਏ ਬਲਾਤਕਾਰ ਨੂੰ ਵੀ ਜਾਇਜ਼ ਠਹਿਰਾਇਆ ਜਾ ਸਕੇ। ਇਸ ਵਿਚ ਵੀ ਔਰਤ ਦੀ ਸਹਿਮਤੀ ਜਾਂ ਅਸਹਿਮਤੀ ਕੋਈ ਮਾਇਨੇ ਨਹੀਂ ਰੱਖਦੀ। ਇਸ ਨਾਲ ਸਵਾਲ ਪੈਦਾ ਹੁੰਦਾ ਹੈ ਕਿ ਵਿਆਹ ਤੋਂ ਬਾਅਦ ਹੋਣ ਵਾਲੀ ਜ਼ਬਰਦਸਤੀ ਕੀ ਬਲਾਤਕਾਰ ਨਹੀਂ?

ਅੱਜ ਕੱਲ੍ਹ ਤਲਾਕ ਦੇ ਮਸਲੇ ਬੜੇ ਵਧ ਰਹੇ ਹਨ। ਜਦੋਂ ਸਰਕਾਰ ਨੇ ਸੂਬਾ ਪੱਧਰੀ ਔਰਤ ਕਮਿਸ਼ਨਾਂ ਨੂੰ ਇਸ ਦਾ ਕਾਰਨ ਲੱਭਣ ਲਈ ਕਿਹਾ ਤਾਂ ਇਸ ਦਾ ਕਾਰਨ ਕੁੜੀਆਂ ਕੋਲ ਫੋਨ ਹੋਣਾ ਦੱਸਿਆ ਗਿਆ। ਜੋ ਕਮਿਸ਼ਨ ਔਰਤਾਂ ਦੀ ਰੱਖਿਆ ਲਈ ਬਣਾਇਆ ਗਿਆ ਹੈ, ਉਸ ਦਾ ਕਹਿਣਾ ਹੈ ਕਿ ਕੁੜੀਆਂ ਕੋਲ ਆਪਣੇ ਫੋਨ ਨਹੀਂ ਹੋਣੇ ਚਾਹੀਦੇ! ਮਤਲਬ, ਕੁੜੀਆਂ ਆਪਣੀਆਂ ਭਾਵਨਾਵਾਂ ਕਿਸੇ ਨੂੰ ਨਾ ਦੱਸਣ ਤੇ ਅੰਦਰੇ ਅੰਦਰ ਘੁਟ ਕੇ ਮਰ ਜਾਣ।

ਖੈਰ! ਇਹ ਤਾਂ ਉਹ ਸਵਾਲ ਸਨ ਜਿਨ੍ਹਾਂ ਦੇ ਜਵਾਬ ਇਸ ਕਿਤਾਬ ਵਿਚੋਂ ਮਿਲੇ ਪਰ ਇਹ ਕਿਤਾਬ ਕੁਝ ਹੋਰ ਸਵਾਲ ਵੀ ਮੇਰੇ ਲਈ ਛੱਡ ਕੇ ਗਈ, ਜਿਵੇਂ: ਔਰਤ ਦੀ ਇਸ ਹਾਲਤ ਲਈ ਸਾਡਾ ਸਮਾਜ ਜ਼ਿੰਮੇਵਾਰ ਹੈ ਜਾਂ ਸਾਡਾ ਸਭਿਆਚਾਰ? ਅਜਿਹੀਆਂ ਕਿਹੜੀਆਂ ਰੀਤਾਂ ਅਪਨਾਈਆਂ ਜਾਣ ਜੋ ਮਰਦ ਪੱਖੀ ਨਾ ਹੋ ਕੇ ਔਰਤ ਪੱਖੀ ਹੋਣ? ਔਰਤ ਕਦੋਂ ਆਜ਼ਾਦ ਸੋਚ ਰੱਖ ਕੇ ਨਵਾਂ ਸਮਾਜ ਸਿਰਜੇਗੀ?

ਇਹ ਕਿਤਾਬ ਔਰਤ ਨਾਲ ਸਬੰਧਿਤ ਤਮਾਮ ਮੁੱਦੇ ਉਘਾੜਦੀ ਹੈ ਅਤੇ ਔਰਤ ਦੀ ਅੱਜ ਦੇ ਸਮਾਜਕ ਹਾਲਾਤ ਬਾਰੇ ਸੋਚਣ ਲਈ ਮਜਬੂਰ ਕਰਦੀ ਹੈ।

## ਸੰਪਾਦਕ ਦੀ ਡਾਕ

# ਗਲਤ ਅਨੁਵਾਦ ਦੀ ਨਮੋਸ਼ੀ

'ਪੰਜਾਬ ਟਾਈਮਜ਼' ਵਿਚ ਛਪਦੀਆਂ ਹਰਪਾਲ ਸਿੰਘ ਪੰਨੂ ਦੀਆਂ ਲਿਖਤਾਂ ਮੈਂ ਬਾਕਾਇਦਾ ਪੜ੍ਹਦਾ ਹਾਂ ਤੇ ਇਨ੍ਹਾਂ ਦਾ ਕਾਇਲ ਹਾਂ। ਰਵਾਂ ਰਵੀਂ ਚਲਦੇ ਉਨ੍ਹਾਂ ਦੇ ਪਾਠ ਵਿਚ ਕਿਧਰੇ ਝਟਕੇ ਨਹੀਂ ਹੁੰਦੇ ਇਸ ਲਈ ਉਹ ਰੂਹ ਨੂੰ ਸਕੂਨ ਬਖਸ਼ਦੀਆਂ ਹਨ। ਮੈਨੂੰ ਤਸੱਲੀ ਤੇ ਮਾਣ ਹੈ ਕਿ ਉਹ ਮੇਰਾ ਲਿਖਿਆ ਵੀ ਪੜ੍ਹਦੇ ਹਨ। ਛਬੀਲ ਵਾਲੇ ਲੇਖ ਵਿਚ ਮੇਰੇ ਤੋਂ ਨਾਸਮਝੀ ਵਿਚ ਇੱਕ ਗਲਤੀ ਹੋ ਗਈ। ਮੈਂ ਆਪਣੇ ਲੇਖ ਵਿਚ ਕਰਬਲਾ ਦੀ ਜੰਗ ਦੇ ਸ਼ਹੀਦ ਇਮਾਮ ਹੁਸੈਨ ਨੂੰ ਹਜ਼ਰਤ ਮੁਹੰਮਦ ਦਾ ਪੋਤਾ ਤੇ ਹਜ਼ਰਤ ਅਲੀ ਦਾ ਬੇਟਾ ਲਿਖ ਦਿੱਤਾ, ਜੋ ਤੱਥਾਤਮਕ ਗਲਤ ਬਿਆਨੀ ਹੈ। ਇਹ ਸਹੀ ਹੈ ਕਿ ਹਜ਼ਰਤ ਮੁਹੰਮਦ ਦਾ ਕੋਈ ਪੋਤਾ ਨਹੀਂ ਸੀ। ਇਮਾਮ ਹੁਸੈਨ ਉਨ੍ਹਾਂ ਦੀ ਬੇਟੀ ਫਾਤਿਮਾ ਦਾ ਪੁੱਤਰ ਸੀ, ਇਸ ਲਈ ਉਹ ਮੁਹੰਮਦ ਸਾਹਿਬ ਦਾ ਦੋਹਤਾ ਲੱਗਿਆ। ਸ. ਪੰਨੂ ਨੇ ਮੇਰੀ ਗਲਤੀ ਦਾ ਕਾਰਨ ਵੀ ਸਹੀ ਲੱਭਿਆ ਹੈ। ਮੈਂ ਇਹ ਜਾਣਕਾਰੀ ਅੰਗਰੇਜ਼ੀ ਸ੍ਰੋਤਾਂ ਤੋਂ ਲਈ ਸੀ ਤੇ ਇਸ ਭਾਸ਼ਾ ਵਿਚ ਦੋਹਤੇ ਅਤੇ ਪੋਤੇ ਲਈ ਇੱਕੋ ਸ਼ਬਦ ਹੁੰਦਾ ਹੈ, ਗਰੈਂਡਸੰਨ। ਇਸ ਭੁੱਲ ਦੇ ਚਿਤਾਰੇ ਨਾਲ ਭੁੱਲ ਸੋਧੀ ਗਈ ਹੈ ਜਿਸ ਕਰਕੇ ਮੈਨੂੰ ਅਤੇ ਹੋਰ ਪਾਠਕਾਂ ਨੂੰ ਲਾਭ ਹੋਇਆ ਹੈ। ਇਸ ਲਈ ਉਨ੍ਹਾਂ 'ਤੇ ਵਾਰੇ ਵਾਰੇ ਜਾਂਦਾ ਹਾਂ।

ਮੈਂ ਇਸ ਚਿੱਠੀ ਦਾ ਲਾਹਾ ਲੈ ਕੇ 'ਪੰਜਾਬ ਟਾਈਮਜ਼' ਦੇ ਪਿਛਲੇ ਅੰਕ ਵਿਚ ਬੇਸਮਝੀ, ਗਲਤ ਅਨੁਵਾਦ ਅਤੇ ਗਲਤ ਲਿਪੀਅੰਤਰ ਕਾਰਨ ਪੈਦਾ ਹੋਈ ਇੱਕ ਹੋਰ ਹਾਸੋਹੀਣੀ ਲਿਖਤ ਵੱਲ ਧਿਆਨ ਦੁਆਉਣਾ ਚਾਹੁੰਦਾ ਹਾਂ। ਅਖਬਾਰ ਵਿਚ 'ਜੀਨ ਦੀ ਛੋਟੀ ਜੇਬ ਕਿਉਂ ਹੁੰਦੀ ਹੈ?' ਸਿਰਲੇਖ ਅਧੀਨ ਅਮਰਜੀਤ ਚੰਦਰ ਦਾ ਇੱਕ ਜੇਬੀ ਟੋਟਾ ਛਪਿਆ ਹੈ। ਇਸ ਵਿਚ ਦੱਸਿਆ ਗਿਆ ਹੈ ਕਿ ਛੋਟੀ ਜੇਬ 'ਪਿਛਲੇ ਸਮੇਂ ਵਿਚ ਕਾਓ ਬਾਊਜ਼ ਲਈ ਤਿਆਰ ਕੀਤਾ ਗਿਆ ਸੀ' ਤਾਂ ਕਿ ਇਸ ਵਿਚ ਜੇਬ ਘੜੀ ਰੱਖ ਸਕੇ। ਲਿਖਤ ਵਿਚ ਇੱਕ ਹੋਰ ਫਿਕਰਾ ਧਿਆਨਯੋਗ ਹੈ, 'ਕਿਹਾ ਜਾਂਦਾ ਹੈ ਕਿ ਅਠਾਰਵੀਂ ਸਦੀ ਵਿਚ ਕਾਓ ਬਾਊਜ਼ ਘੜੀ ਰੱਖਣ ਦਾ ਬਹੁਤ ਸ਼ੌਕੀਨ ਸੀ ਜਿਸ ਨੂੰ ਦੇਖਦਿਆਂ ਲੇਬਾਇਸ ਕੰਪਨੀ ਨੇ ਜੀਨ ਨੂੰ ਛੋਟੀ ਜੇਬ ਲਾਉਣੀ ਸ਼ੁਰੂ ਕਰ ਦਿੱਤੀ, ਤਾਂ ਕਿ ਕਾਓ ਬਾਊਜ਼ ਆਪਣੀ ਘੜੀ ਰੱਖ ਸਕੇ।' ਅਜੀਬ ਗੱਲ ਹੈ ਕਿ ਮਹਾਨ 'ਕਾਓ ਬਾਊਜ਼' ਨਾਂ ਦੇ ਜੇਬ ਘੜੀ ਰੱਖਣ ਦੇ ਸ਼ੌਕੀਨ ਸਿਰਫ ਇੱਕ ਵਿਅਕਤੀ ਲਈ ਹੀ ਕੰਪਨੀ ਨੇ ਛੋਟੀ ਜੇਬ ਲਾਉਣੀ ਸ਼ੁਰੂ ਕਰ ਦਿੱਤੀ ਜੋ ਅੱਜ ਕਲ੍ਹ ਵੀ ਬਰਕਰਾਰ ਹੈ!

ਦਰਅਸਲ ਕੰਪਨੀ ਨੇ 'ਕਾਓ ਬਾਊਜ਼' ਨਾਂ ਦੇ ਕਿਸੇ ਇੱਕ ਬੰਦੇ ਲਈ ਇਹ ਪੁੰਨ ਕਾਰਜ ਨਹੀਂ ਕੀਤਾ ਸਗੋਂ 'ਕਾਉ ਬੁਆਇਜ਼' ਲਈ ਕੀਤਾ ਹੈ। ਇਹ ਪਦ ਉਤਰੀ ਅਮਰੀਕਾ ਦੇ ਰੈਂਚਾਂ (ਫਾਰਮਾਂ) ਦੇ ਪਸ਼ੂਆਂ ਦੀ ਰਾਖੀ ਕਰਨ ਵਾਲਿਆਂ ਲਈ ਵਰਤਿਆ ਜਾਂਦਾ ਹੈ ਜੋ ਰਵਾਇਤੀ ਤੌਰ 'ਤੇ ਘੋੜਿਆਂ 'ਤੇ ਸਵਾਰ ਹੋ ਕੇ ਆਪਣੇ ਕੰਮ ਕਰਦੇ ਸਨ। ਇਹ ਸ਼ਬਦ ਆਇਰਲੈਂਡ ਦੇ ਅੰਗਰੇਜ਼ੀ ਲੇਖਕ ਜੋਨਾਥਨ ਸਵਿਫਟ ਨੇ 1725 ਵਿਚ ਵਰਤਿਆ ਸੀ ਜਿਸ ਵਿਚ ਇਹ ਸ਼ਬਦ ਗਾਂਵਾਂ ਦੀ ਸੰਭਾਲ ਕਰਨ ਵਾਲੇ ਮੁੰਡੂ ਲਈ ਵਰਤਿਆ ਗਿਆ ਸੀ। ਅਮਰੀਕਾ ਵਿਚ ਇਹ ਸ਼ਬਦ ਸਪੈਨਿਸ਼ ਭਾਸ਼ਾ ਦੇ ਸ਼ਬਦ Vaquero (ਵਾਕਰੋ ਜਾਂ ਬਾਕਰੋ) ਦਾ ਸਿੱਧਾ ਅਨੁਵਾਦ ਹੈ। ਇਸ ਭਾਸ਼ਾ ਵਿਚ ਇਸ ਦਾ ਅਰਥ ਹੁੰਦਾ ਹੈ-ਗਊ ਪਾਲਕ ਸਮਝੋ ਗੋਪਾਲ। ਲਾਤੀਨੀ ਤੋਂ ਸਪੈਨਿਸ਼ ਵਿਚ ਆਏ 'ਵਾਚ' ਸ਼ਬਦ ਦਾ ਅਰਥ ਗਾਂ ਹੈ। ਘੋੜਿਆਂ 'ਤੇ ਚੜ੍ਹ ਕੇ ਪਸ਼ੂਆਂ ਦੀ ਰਾਖੀ ਆਦਿ ਕਰਨ ਦੀ ਇਹ ਪਰੰਪਰਾ ਸਪੇਨ ਤੋਂ ਇਸ ਦੇਸ਼ ਦੀ ਬਸਤੀ ਮੈਕਸੀਕੋ ਪੁੱਜੀ ਜਿਥੋਂ ਫਿਰ ਅਮਰੀਕਾ ਵਿਚ ਆਈ।

ਅਮਰਜੀਤ ਚੰਦਰ ਨੇ ਆਪਣੀ ਲਿਖਤ ਵਿਚ ਤਿੰਨ ਗਲਤੀਆਂ ਕੀਤੀਆਂ ਹਨ: 1. ਕਾਓ ਬੁਆਇਜ਼ ਨੂੰ ਕਾਓ ਬਊਜ਼ ਬਣਾ ਦਿੱਤਾ; 2. ਇਸ ਨੂੰ ਇੱਕ-ਵਚਨ ਵਜੋਂ ਵਰਤਿਆ; 3. ਤੇ ਫਿਰ ਇੱਕ ਬੰਦੇ ਦੇ ਖਾਸ ਨਾਂ ਵਜੋਂ ਪੇਸ਼ ਕੀਤਾ। ਪਤਾ ਨਹੀਂ ਖੁਦ ਚੰਦਰ ਸਮੇਤ ਕਿਸੇ ਦੇ ਕੁਝ ਪਿੜ ਪੱਲੇ ਪਿਆ। ਸਾਰੀ ਵਾਰਤਾ ਹਾਸੋਹੀਣੀ ਹੋ ਨਿਬੜੀ।

***-ਬਲਜੀਤ ਬਾਸੀ***

ੴ ਸਤਿਗੁਰ ਪ੍ਰਸਾਦਿ॥

ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ॥ ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ॥

*(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1105)*

# ਸ਼ਹੀਦ ਊਧਮ ਸਿੰਘ ਜੀ ਦਾ 78ਵਾਂ ਸ਼ਹੀਦੀ ਦਿਹਾੜਾ

***78th Anniversary of Martyrdom of Shaheed Udham Singh is being*** **observed from Friday August 3 to Sunday August 5, 2018 at SIKH CULTURAL SOCIETY 95-30, 118 St. Richmond Hill, New York 11419**

## *Program*

**Arambh Akhand Paath: Friday August 3, 9am**
**Bhog Akhand Paath: Sunday August 5, 9am**
**Shabad Keertan, Katha, Dhaadhi Vaaran & Paying Tributes, up to 3pm**



Shaheed Uddham Singh
Alias Ram Mohammed Singh Azad

***"When I am gone, in my place will come thousands to free my country."***

ਭਾਰਤ ਦੀ ਆਜ਼ਾਦੀ ਦੇ ਮਹਾਨ ਸ਼ਹੀਦ ਊਧਮ ਸਿੰਘ ਜੀ ਦਾ ਸ਼ਹੀਦੀ ਦਿਨ ਸ਼ੁੱਕਰਵਾਰ 3 ਅਗਸਤ ਤੋਂ 5 ਅਗਸਤ 2018 ਤਕ ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ (95-30, 118 ਸਟਰੀਟ, ਰਿਚਮੰਡ ਹਿੱਲ, ਨਿਊ ਯਾਰਕ 11419) ਵਿਖੇ ਹਰ ਸਾਲ ਦੀ ਤਰ੍ਹਾਂ ਸ਼ਹੀਦ ਊਧਮ ਸਿੰਘ ਸਭਾ ਆਫ ਨਿਊ ਯਾਰਕ (ਇੰਕ) ਵਲੋਂ ਟ੍ਰਾਈ ਸਟੇਟ ਦੀਆਂ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਸ਼ਰਧਾ ਸਹਿਤ ਮਨਾਇਆ ਜਾ ਰਿਹਾ ਹੈ। ਤਿੰਨ ਦਿਨਾਂ ਦਾ ਪ੍ਰੋਗਰਾਮ ਇਸ ਪ੍ਰਕਾਰ ਹੈ,

**ਅਰੰਭ ਸ੍ਰੀ ਅਖੰਡ ਪਾਠ ਸਾਹਿਬ: ਸ਼ੁੱਕਰਵਾਰ 3 ਅਗਸਤ 2018, ਸਵੇਰੇ 9:00 ਵਜੇ**
**ਭੋਗ ਸ੍ਰੀ ਅਖੰਡ ਪਾਠ ਸਾਹਿਬ: ਐਤਵਾਰ 5 ਅਗਸਤ 2018, ਸਵੇਰੇ 9:00 ਵਜੇ**
ਅਰਦਾਸ ਉਪਰੰਤ ਸ਼ਬਦ ਕੀਰਤਨ ਅਤੇ ਢਾਡੀ ਦਰਬਾਰ ਬਾਅਦ ਦੁਪਹਿਰ 3 ਵਜੇ ਤੱਕ ਸਜਣਗੇ।
ਗੁਰੂ ਕਾ ਲੰਗਰ ਅਤੁੱਟ ਵਰਤੇਗਾ

**ਹੋਰ ਜਾਣਕਾਰੀ ਲਈ ਸੰਪਰਕ ਕਰੋ:** ਜਸਵੰਤ ਸਿੰਘ ਜੱਸਾ (ਪ੍ਰਧਾਨ) ਫੋਨ: 347-249-2473
ਸਵਿੰਦਰ ਸਿੰਘ ਜੋਸਨ (ਚੇਅਰਮੈਨ) ਫੋਨ: 718-343-5589; ਮਾਸਟਰ ਫੁੰਮਣ ਸਿੰਘ (ਸਕੱਤਰ) ਫੋਨ: 718-749-5032

# ਸ਼ਹੀਦ ਊਧਮ ਸਿੰਘ ਸਭਾ ਆਫ ਨਿਊ ਯਾਰਕ (ਇੰਕ)

# ਕਬੱਡੀ ਦਾ ਬਾਬਾ ਬੋਹੜ-ਅਜੀਤ ਸਿੰਘ ਸਠਿਆਲਾ

ਖੇਡ ਤੇ ਖਿਡਾਰੀ

ਸੰਨ '47 ਦੀ ਵੰਡ ਤੋਂ ਬਾਅਦ ਪਾਕਿਸਤਾਨੀ ਕਬੱਡੀ ਟੀਮ 1955 'ਚ ਪਹਿਲੀ ਵਾਰ ਭਾਰਤ ਮੈਚ ਖੇਡਣ ਆਈ ਜਿਸ ਵਿਚ ਸਿਰੇ ਦੇ ਖਿਡਾਰੀ ਲਿਆਂਦੇ ਗਏ। ਭਾਰਤੀ ਪੰਜਾਬ ਦੇ ਖਿਡਾਰੀ ਵੀ ਕੋਈ ਘੱਟ ਨਹੀਂ ਸਨ-ਅਜੀਤ ਸਿੰਘ (ਸਠਿਆਲਾ) ਬੱਲ, ਮਹਿੰਦਰ ਸਵਾਜਪੁਰ, ਕ੍ਰਿਪਾਲ ਸਾਧ, ਤਾਰਾ ਸਿੰਘ ਮੂਸਾ, ਸੂਬਾ ਖਾਰਾ, ਹਰਨਾਮ ਸਿੰਘ, ਕਰਤਾਰ ਸਿੰਘ ਪੰਨੂੰ, ਸੂਬੇਗ ਸਿੰਘ (ਕਬੱਡੀ ਤੇ ਹਾਕੀ ਖਿਡਾਰੀ), ਕਰਨੈਲ ਸਿੰਘ ਬਠਿੰਡਾ ਤੇ ਕਈ ਹੋਰ। 14 ਕੁ ਖਿਡਾਰੀ ਸਨ। ਬੜੀ ਸਖਤ ਟੱਕਰ ਸੀ। ਥੋੜੇ ਜਿਹੇ ਅੰਕਾਂ ਨਾਲ ਪਾਕਿਸਤਾਨੀ ਟੀਮ ਜਿੱਤੀ।



12 ਅਗਸਤ 1934 ਨੂੰ ਸਠਿਆਲੇ (ਨਜ਼ਦੀਕ ਬਿਆਸ), ਜ਼ਿਲ੍ਹਾ ਅੰਮ੍ਰਿਤਸਰ

**ਇਕਬਾਲ ਸਿੰਘ ਜੱਬੋਵਾਲੀਆ**
**ਫੋਨ: 917-375-6395**

ਜਨਮੇ ਅਜੀਤ ਸਿੰਘ ਨੇ ਮੁਢਲੀ ਪੜ੍ਹਾਈ ਪਿੰਡੋਂ ਤੇ ਅਗਲੀ ਪੜ੍ਹਾਈ ਲਈ ਗੁਰੂ ਤੇਗ ਬਹਾਦੁਰ ਖਾਲਸਾ ਸਕੂਲ, ਬਾਬਾ ਬਕਾਲਾ ਜਾ ਦਾਖਲਾ ਲਿਆ। ਹੈਡਮਾਸਟਰ ਸ. ਬਚਨ ਸਿੰਘ ਨੇ ਬੜਾ ਹੌਸਲਾ ਦਿੱਤਾ। ਪਹਿਲਾਂ ਉਹ ਫੁੱਟਬਾਲ ਖੇਡਦਾ ਸੀ। ਖੁੱਲ੍ਹੀ ਖੁਰਾਕ ਤੇ ਤਾਕਤ ਕਰਕੇ ਉਹ ਬਾਲੀਵਾਲ, ਹਾਕੀ ਤੇ ਕਬੱਡੀ ਵਿਚ ਵੀ ਜਾ ਵੜ੍ਹਦਾ। ਇਕ ਵਾਰ ਅੰਮ੍ਰਿਤਸਰ ਤੇ ਗੁਰਦਾਸਪੁਰ ਸਕੂਲਾਂ ਦਾ ਕਬੱਡੀ ਮੈਚ ਹੋਇਆ। ਇਨ੍ਹਾਂ ਦੇ ਪਾਸਿਓਂ ਇਕ ਖਿਡਾਰੀ ਘੱਟਦਾ ਹੋਣ ਕਾਰਨ ਅਜੀਤ ਸਠਿਆਲਾ ਨੂੰ ਵਿਚ ਪਾ ਲਿਆ। ਗੁਰਦਾਸਪੁਰ ਪਾਸਿਓਂ ਤਕੜਾ ਖਿਡਾਰੀ ਕਰਤਾਰ ਸਿੰਘ ਆਲਿਨੰਗਲ ਸਾਹ ਪਾਉਣ ਆਇਆ ਤਾਂ ਸਠਿਆਲਾ ਨੇ ਫੁਰਤੀ ਨਾਲ ਬਾਹਾਂ ਝਟਕ ਕੇ ਕਲਾਵਾ ਭਰ ਕੇ ਸੁੱਟ ਲਿਆ। ਸਾਰੇ ਹੈਰਾਨ, ਇਹ ਕਿਵੇਂ ਹੋ ਗਿਆ! ਹੌਸਲੇ ਵੱਧ ਗਏ। ਫਿਰ ਉਹ ਸਾਹ ਪਾਉਣ ਆਇਆ, ਫਿਰ ਸੁੱਟ ਲਿਆ। ਇਹ ਗੱਲ ਸੰਨ 1951 ਦੀ ਹੈ। ਉਦੋਂ ਦੁੱਧ, ਘਿਓ ਬੜਾ ਸਸਤਾ ਹੁੰਦਾ ਸੀ।

ਕਾਲੇ ਸੰਘੇ ਹਰ ਸਾਲ ਭਾਰੀ ਛਿੰਝ ਪੈਂਦੀ ਹੈ। ਆਪਣੇ ਸਮੇਂ ਦੇ ਤਕੜੇ ਕਬੱਡੀ ਖਿਡਾਰੀ ਭਜਨ ਸਿੰਘ ਸੰਘਾ ਦੇ ਪਿੰਡ ਅਜੀਤ ਸਿੰਘ ਸਠਿਆਲਾ ਦੇ ਨਾਨਕੇ ਸਨ। ਅਜੀਤ ਸਿੰਘ ਦੇ ਨਾਨਕਿਆਂ ਅਤੇ ਭਜਨ ਸਿੰਘ ਹੁਣਾਂ ਦੇ ਘਰ ਦੀਆਂ ਕੰਧਾਂ ਸਾਂਝੀਆਂ ਸਨ। ਦੋਹਾਂ ਵਿਚ ਬਰਾਬਰ ਦੇ ਖਿਡਾਰੀ ਹੋਣ ਕਰਕੇ ਬੜਾ ਪਿਆਰ ਸੀ, ਤੇ ਅੱਜ ਵੀ ਹੈ। ਅਜੀਤ ਸਠਿਆਲਾ ਅੱਜ ਕੱਲ੍ਹ ਕੈਲੀਫੋਰਨੀਆ ਰਹਿੰਦਾ ਹੈ ਤੇ ਭਜਨ ਸਿੰਘ ਕੈਨੇਡਾ।

ਕਾਲੇ ਸੰਘੇ ਛਿੰਝ ਵਿਚ ਸਿਰਫ ਕੁਸ਼ਤੀਆਂ ਹੀ ਹੁੰਦੀਆਂ ਸਨ। ਅਜੀਤ ਸਿੰਘ ਨੇ ਜਾ ਕੇ ਮਾਮੇ ਨੂੰ ਕਬੱਡੀ ਖੇਡਣ ਦੀ ਖਾਹਿਸ਼ ਦੱਸੀ। ਮਹਿੰਦਰ ਮੋੜ ਦਾ ਵੱਡਾ ਭਾਈ ਚੇਤਨ ਸਿੰਘ ਸਰਪੰਚ ਸੀ। ਮਾਮੇ ਨੇ ਸਰਪੰਚ ਨਾਲ ਗੱਲ ਕੀਤੀ। ਅਜੀਤ ਸਿੰਘ ਨੇ ਕਬੱਡੀ ਖੇਡਣ ਲਈ ਭਲਵਾਨੀ ਫੇਰੀ ਦਿੱਤੀ। ਦੂਜੇ ਪਾਸੇ ਜੰਡਿਆਲਾ-ਸਮਰਾਵਾਂ ਦਾ ਕਹਿੰਦਾ ਕਹਾਉਂਦਾ ਧਿਆਨਾ ਖੇਡਣ ਲਈ ਤਿਆਰ ਹੋ ਗਿਆ। ਅਜੀਤ ਨੇ ਤਿੰਨ ਕੁ ਖਿਡਾਰੀ ਹੋਰ ਤਿਆਰ ਕਰ ਲਏ। ਧਿਆਨੇ ਨੇ ਵੀ ਖਿਡਾਰੀ ਲੈ ਲਏ। ਅਜੀਤ ਨੇ ਦੋਵੇਂ ਕੰਮ ਕੀਤੇ-ਰੇਡਾਂ ਤੇ ਜੱਫੇ। ਕਬੱਡੀਆਂ ਪੈਂਦੀਆਂ ਰਹੀਆਂ ਤੇ ਲੋਕੀਂ ਅਨੰਦ ਮਾਣਦੇ ਰਹੇ। ਅਜੀਤ ਨੇ ਤਿੰਨ ਵਾਰ ਧਿਆਨਾ ਰੋਕਿਆ। ਤੀਜੀ ਵਾਰ ਰੋਕੇ ਜਾਣ ਪਿਛੋਂ ਧਿਆਨਾ ਪੁੱਛਣ ਲੱਗਾ, "ਯਾਰ ਤੇਰੇ ਕੋਲ ਕੀ ਜਾਦੂ ਐ, ਮੈਨੂੰ ਹਿਲਣ ਨੀ ਦਿੰਦਾ।" ਉਹ ਮੈਚ ਅਜੀਤ ਹੁਣੀਂ ਜਿੱਤ ਗਏ। ਮੈਚ ਮੁੱਕਣ 'ਤੇ ਦਰਸ਼ਕਾਂ ਨੇ ਥਾਪੜੇ ਦਿੱਤੇ। ਸ਼ੰਕਰ ਸੂੰਹ ਦੇ ਭਾਣਜੇ ਭਜਨ ਨੇ ਸਾਰੇ ਪਾਸੇ ਬੱਲੇ ਬੱਲੇ ਕਰਾ 'ਤੀ।

1955-56 ਵਿਚ ਪੈਪਸੂ ਟੀਮ ਪਟਿਆਲੇ ਵਲੋਂ ਖੇਡਿਆ ਤੇ ਸੰਗਰੂਰ ਨੂੰ ਜਿੱਤੇ। ਵਧੀਆ ਗੇਮ ਵੇਖ ਕੇ ਉਸ ਵੇਲੇ ਦੇ ਡੀ. ਸੀ. ਨੇ ਮਿਲਣ ਲਈ ਸੁਨੇਹਾ ਭੇਜਿਆ। ਸੁਚੇਤ ਸਿੰਘ ਔਜਲਾ ਐਮ. ਪੀ. ਵੀ ਨਾਲ ਸੀ। ਸੰਨ 1957 ਵਿਚ ਪੈਪਸੂ ਟੁੱਟ ਗਈ ਤੇ ਸਾਰਾ ਪੰਜਾਬ 'ਕੱਠਾ ਹੋ ਗਿਆ। ਪਹਿਲੀ ਚੈਂਪੀਅਨਸ਼ਿਪ ਸਠਿਆਲੇ ਹੋਈ। ਅਜੀਤ ਸਿੰਘ ਕਪੂਰਥਲੇ ਵਲੋਂ ਟੀਮ ਲੈ ਕੇ ਗਿਆ। ਸੁੱਚਾ ਦਲੇਰ ਤੇ ਕਰਮਾ ਨਾਮਵਰ ਨਾਲ ਖਿਡਾਰੀ। ਪਹਿਲਾ ਮੈਚ ਹੁਸ਼ਿਆਰਪੁਰ ਨਾਲ ਹੋਇਆ। ਹੁਸ਼ਿਆਰਪੁਰ ਦੀ ਟੀਮ ਦਾ ਤਕੜਾ ਰੇਡਰ ਸੰਤੋਖ (ਤੋਖੀ) ਟਾਈਗਰ ਸੀ। ਰੱਤੂ ਟਿੱਬੇ ਨੇ ਦੋ ਵਾਰ ਤੇ ਅਜੀਤ ਸਠਿਆਲੇ ਨੇ ਇਕ ਵਾਰ ਬੜੀ ਮੁਸ਼ਕਿਲ ਨਾਲ ਉਹਨੂੰ ਰੋਕਿਆ।

ਕ੍ਰਿਪਾਲ ਸਾਧ ਤਕੜਾ ਜਾਫੀ, ਹੱਥਾਂ ਦੀ ਪਕੜ ਦਾ ਬੜਾ ਮਾਹਰ ਸੀ। ਦੁੱਧ ਘਿਓ ਦੱਬ ਕੇ ਖਾਂਦਾ। ਟਰੱਕ ਚਲਾਉਂਦਾ ਸੀ। ਗਰਾਂਊਂਡ ਵਿਚ ਮਿਹਨਤ ਕਰਦਾ ਕਿਸੇ ਬਹੁਤ ਘੱਟ ਵੇਖਿਆ। ਉਸ 'ਤੇ ਕੁਦਰਤ ਬੜੀ ਮਿਹਰਬਾਨ ਸੀ। ਰਮੀਦੀ ਦਾ ਨਿਰਭੈ ਸਿੰਘ, ਸੁੱਚਾ ਸਿੰਘ ਕੁੱਦੋਵਾਲ ਤੇ ਬਾਬੂ ਲਾਲ ਵਧੀਆ ਖਿਡਾਰੀ ਸਨ। ਖੈਰੇ ਦੋਨੇ ਤੇ ਰਮੀਦੀ 'ਚ ਉਹ ਸੰਨ 1955-56 'ਚ ਮੈਚ ਖੇਡਿਆ।

1960 ਦੀ ਜਲੰਧਰ-ਕਪੂਰਥਲਾ ਚੈਂਪੀਅਨਸ਼ਿਪ ਦਾ ਫਾਈਨਲ ਮੁਕਾਬਲਾ ਬੜਾ ਫਸਵਾਂ ਸੀ। ਜਲੰਧਰ ਵਲੋਂ ਦੇਵ ਅੱਟਾ, ਗੁਰਦਿਆਲ, ਜਸਕਰਨ ਰੁੜਕਾ ਤੇ ਗੁਰਮੇਲ ਜਿਹੇ ਖਿਡਾਰੀ ਖੇਡੇ। ਜਦਕਿ ਕਪੂਰਥਲਾ ਵਿਚ ਸਰਵਣ ਬੱਲ, ਅਜੀਤ ਬੱਲ ਸਠਿਆਲਾ, ਭਜਨ ਸੰਘਾ, ਰੱਤੂ ਟਿੱਬਾ, ਗੁਰਮੇਲ, ਕਰਮਾ, ਭਜਨ ਮੋਠਾਂਵਾਲੀ, ਅਮਰਜੀਤ ਰਮੀਦੀ ਤੇ ਸੁਰਿੰਦਰ ਸਨ। ਹੁਸ਼ਿਆਰਪੁਰ ਨਾਲ ਦੂਜਾ ਮੈਚ ਵੀ ਜਿੱਤੇ। ਹੁਸ਼ਿਆਰਪੁਰ ਵਿਚ ਦੋਵੇਂ ਤੋਖੀ (ਟਾਈਗਰ ਤੇ ਐਟਮ-ਬੰਬ), ਮਹਿੰਦਰ ਬੋਲਾ, ਅਮਰੀਕ ਤੇ ਕੇਹਰ ਸਨ। 1966 'ਚ ਸਪੋਰਟਸ ਕਾਲਜ, ਜਲੰਧਰ ਮੈਚ ਖੇਡਿਆ।

1950 ਤੋਂ 1967 ਤੱਕ ਸੋਲਾਂ ਸਾਲ ਕਬੱਡੀ ਖੇਡੀ ਤੇ ਆਖਰੀ ਮੈਚ ਸਟੇਟ ਪੰਚਾਇਤ ਟੂਰਨਾਮੈਂਟ ਬੌਂਦਲੀ (ਨਜ਼ਦੀਕ ਸਮਰਾਲਾ) ਲੁਧਿਆਣੇ ਕਾਲਜ ਖੇਡਿਆ। ਫਸਵੇਂ ਮੈਚ ਵਿਚ ਇਕ ਨੰਬਰ 'ਤੇ ਗੁਰਦਾਸਪੁਰ ਨੂੰ ਹਾਰੇ। ਜੋਗਿੰਦਰ ਭਿੰਡੇ ਨੇ ਜੱਫੇ ਲਾਏ। ਨੈਸ਼ਨਲ ਸਟਾਈਲ ਤੇ ਸਰਕਲ ਸਟਾਈਲ ਉਥੋਂ ਦੋਵੇਂ ਚੈਂਪੀਅਨਸ਼ਿਪਾਂ ਜਿੱਤੀਆਂ। ਅਜੀਤ ਸਠਿਆਲਾ ਦੇ ਨਾਲ ਰੱਤੂ ਟਿੱਬਾ, ਭਜਨ ਸੰਘਾ, ਹਰਮੇਲ ਤੇ ਜਿੰਦਰ ਗੁਰਦਾਸਪੁਰ ਸਾਥੀ ਖਿਡਾਰੀ ਸਨ।

1968 'ਚ ਕੋਚ ਬਣ ਕੇ ਉਹ ਟੀਮ ਲੈ ਕੇ ਇੰਗਲੈਂਡ ਗਿਆ। ਪੰਜਾਬ ਕਬੱਡੀ ਐਸੋਸੀਏਸ਼ਨ ਦੇ ਸੈਕਟਰੀ ਐਚ. ਐਸ. ਭੁੱਲਰ ਸਨ। ਅਜੀਤ ਸਿੰਘ ਮਾਲਤੀ ਤੇ ਪੰਜਾਬ ਬਿਜਲੀ ਬੋਰਡ ਦੇ ਇੰਚਾਰਜ ਜਗਤਾਰ ਸਿੰਘ ਬਠਿੰਡਾ ਵੀ ਨਾਲ ਸਨ। ਸਠਿਆਲਾ ਤੇ ਮਾਲਤੀ-ਦੋਵਾਂ ਕੋਲ ਪੰਜਾਬ ਕਬੱਡੀ ਐਸੋਸੀਏਸ਼ਨ ਦੇ ਸਹਿ ਸਕੱਤਰ ਦਾ ਅਹੁਦਾ ਸੀ।

ਅਜੀਤ ਸਿੰਘ ਅਨੁਸਾਰ ਮਾਲਤੀ ਤਕੜਾ ਖਿਡਾਰੀ ਸੀ। 1950-51 ਵਿਚ ਮਾਲਤੀ ਲਾਇਲਪੁਰ ਖਾਲਸਾ ਕਾਲਜ, ਜਲੰਧਰ ਦਾ ਨਾਮੀ ਖਿਡਾਰੀ ਸੀ ਤੇ ਅਜੀਤ ਸਿੰਘ 1952 'ਚ ਖਾਲਸਾ ਕਾਲਜ, ਅੰਮ੍ਰਿਤਸਰ ਦਾ ਜ਼ੋਰਾਵਰ ਖਿਡਾਰੀ ਬਣਿਆ। ਭਜਨ ਸੰਘਾ ਤੇ ਉਹ 4 ਸਾਲ 'ਕੱਠੇ ਖੇਡੇ। ਸੰਘਾ ਨੈਸ਼ਨਲ ਸਟਾਈਲ ਦਾ ਖਿਡਾਰੀ ਸੀ।

ਕਬੱਡੀ ਨੂੰ ਮਾਣ ਬਖਸ਼ਣ ਵਾਲੇ ਅਜੀਤ ਸਿੰਘ ਦੇ ਪਿੰਡ ਸਠਿਆਲੇ ਦਾ ਕਬੱਡੀ ਤੋਂ ਇਲਾਵਾ ਪਹਿਲਵਾਨੀ ਵਿਚ ਵੀ ਵਿਲੱਖਣ ਇਤਿਹਾਸ ਹੈ। ਰੁਸਤਮੇ-ਹਿੰਦ ਪਹਿਲਵਾਨ ਕਰਮ ਸਿੰਘ ਅਤੇ ਰਿਆਸਤ ਬੜੌਦਾ ਦਾ ਰਿਆਸਤੀ ਪਹਿਲਵਾਨ ਲਾਭ ਸਿੰਘ ਵੀ ਇਸੇ ਪਿੰਡ ਦੇ ਹਨ। ਕਹਿੰਦੇ ਨੇ, ਪਹਿਲਵਾਨ ਲਾਭ ਸਿੰਘ ਬਹੁਤ ਭਾਰਾ ਸੀ। ਉਹਦਾ ਭਾਰ ਦੋ ਮਣ ਕੱਚਾ ਸੀ ਯਾਨਿ ਦੋ ਕੁਇੰਟਲ ਦੇ ਕਰੀਬ। ਤਿੰਨ ਮੀਲ ਤੋਂ ਵੱਧ ਘੋੜੀ ਹੌਂਕਣ ਲੱਗ ਪੈਂਦੀ ਸੀ, ਉਹਦਾ ਭਾਰ ਨਹੀਂ ਸੀ ਚੁੱਕ ਹੁੰਦਾ।

1952 'ਚ ਨੈਸ਼ਨਲ ਸਕੂਲ ਸਠਿਆਲਾ ਤੋਂ ਮੈਟ੍ਰਿਕ ਕਰਨ ਵਾਲੇ ਅਜੀਤ ਸਠਿਆਲਾ ਨੇ ਜ਼ਿਲ੍ਹੇ ਦੇ ਸਾਰੇ ਮੈਚ ਖੇਡੇ ਤੇ ਜਿੱਤੇ। ਤਕੜੀ ਗੇਮ ਕਰਕੇ ਖਾਲਸਾ ਕਾਲਜ ਦਾ ਡੀ. ਪੀ. ਈ. ਅਜੈਬ ਸਿੰਘ ਲੈ ਗਿਆ। ਉਸ ਵੇਲੇ ਦੇ ਮੁੱਖ ਮੰਤਰੀ ਸ. ਪ੍ਰਤਾਪ ਸਿੰਘ ਕੈਰੋਂ ਤੇ ਪੰਜਾਬ ਦੇ ਜਨਰਲ ਸਕੱਤਰ ਸ. ਮੁਖਤਿਆਰ ਸਿੰਘ ਜਗਤਪੁਰ ਉਹਦੀ ਖੇਡ ਤੋਂ ਕਾਫੀ ਪ੍ਰਭਾਵਤ ਸਨ। ਖਾਲਸਾ ਕਾਲਜ ਦੀ ਜ਼ਬਰਦਸਤ ਟੀਮ ਬਣੀ। ਸਠਿਆਲੇ ਚੈਂਪੀਅਨਸ਼ਿਪ ਵਿਚ ਇਕ ਵਾਰ ਪਟਿਆਲਾ, ਜਲੰਧਰ ਤੇ ਅੰਬਾਲਾ-ਤਿੰਨ ਡਿਵੀਜ਼ਨਾਂ ਸਨ। ਪਹਿਲਾਂ ਡਿਵੀਜ਼ਨਾਂ ਦੇ ਮੈਚ ਹੁੰਦੇ ਸਨ, ਫਿਰ ਸਟੇਟਾਂ ਦੇ।

1970 ਤੋਂ 1992 ਤੱਕ 22 ਸਾਲ ਕੋਚਿੰਗ ਦੀ ਸੇਵਾ ਨਿਭਾਈ। ਪਹਿਲਾਂ ਪੋਸਟਿੰਗ ਅੰਮ੍ਰਿਤਸਰ ਹੋਈ, ਫਿਰ ਕਪੂਰਥਲਾ ਤੇ ਆਖਰ ਵਿਚ ਬੇਗੋਵਾਲ। ਬਲਵਿੰਦਰ ਫਿੱਡੂ, ਸ਼ਿਵਦੇਵ, ਮਹਿੰਦਰ ਮੋਹਣ ਤੇ ਅਮਰਜੀਤ ਉਹਦੇ ਸ਼ਾਗਿਰਦ ਹਨ। ਉਹਨੂੰ ਮਾਣ ਹੈ ਆਪਣੇ ਸ਼ਾਗਿਰਦਾਂ 'ਤੇ, ਜਿਨ੍ਹਾਂ ਮਾਂ ਖੇਡ ਕਬੱਡੀ ਨੂੰ ਬੁਲੰਦੀਆਂ 'ਤੇ ਪਹੁੰਚਾਇਆ।


1988 ਤੋਂ 1992 ਤੱਕ ਜ਼ਿਲ੍ਹਾ ਖੇਡ ਅਫਸਰ ਦੇ ਅਹੁਦੇ 'ਤੇ ਬਿਰਾਜਮਾਨ ਹੋਣ ਕਰਕੇ ਲੁਧਿਆਣੇ ਰਿਹਾਇਸ਼ ਰੱਖੀ। ਖੁਦ ਤਕੜਾ ਖਿਡਾਰੀ ਹੋਣ ਤੇ ਖੇਡ ਅਫਸਰ ਹੋਣ ਦੇ ਨਾਤੇ ਪੰਜਾਬ ਦੇ ਜਵਾਨਾਂ ਨੂੰ ਨਸ਼ਿਆਂ ਤੋਂ ਬਚਾਉਣ ਲਈ ਖੇਡਾਂ ਲਈ ਹੱਲਾ-ਸ਼ੇਰੀ ਦਿੱਤੀ। 1989 'ਚ ਪੰਜਾਬ ਦੇ 12 ਜ਼ਿਲ੍ਹਿਆਂ ਦੀ ਮਜੀਠੇ ਚੈਂਪੀਅਨਸ਼ਿਪ ਕਰਾਈ।

5 ਦਸੰਬਰ 1955 ਨੂੰ ਅਜੀਤ ਸਿੰਘ (ਬੱਲ) ਸਠਿਆਲਾ ਪ੍ਰਤਾਪ ਸਿੰਘ ਕੈਰੋਂ ਦੇ ਪਿੰਡ ਹਰਜੀਤ ਕੌਰ ਨਾਲ ਵਿਆਹਿਆ ਗਿਆ। ਤਿੰਨ ਬੇਟੀਆਂ-ਪਲਵਿੰਦਰ ਕੌਰ, ਬਲਜਿੰਦਰ ਕੌਰ ਤੇ ਰਾਜਵਿੰਦਰ ਕੌਰ ਅਤੇ ਇਕ ਬੇਟੇ ਟੋਨੀ ਸਿੰਘ ਨੇ ਜਨਮ ਲਿਆ। ਅਜੀਤ ਸਿੰਘ ਹੋਰੀਂ ਪੰਜ ਭਰਾ ਹਨ-ਮੋਹਣ ਸਿੰਘ, ਸੰਤੋਖ ਸਿੰਘ, ਪਿਆਰਾ ਸਿੰਘ (ਹਾਕੀ ਖਿਡਾਰੀ ਤੇ ਨੈਸ਼ਨਲ ਸਟਾਈਲ ਕਬੱਡੀ ਦਾ ਰੈਫਰੀ) ਅਤੇ ਸਤਨਾਮ ਸਿੰਘ, ਜੋ ਇਸ ਵਕਤ ਪੰਜਾਬ ਕਿਸਾਨ ਯੂਨੀਅਨ ਦਾ ਲੀਡਰ ਹੈ।

1992 'ਚ ਅਜੀਤ ਸਿੰਘ ਸਠਿਆਲਾ ਕੈਲੀਫੋਰਨੀਆ ਆ ਪਹੁੰਚਾ। ਇਥੇ ਬੇਟੇ ਕੋਲ ਰਹਿੰਦਾ ਹੈ। ਪਹਿਲਾਂ ਤਾਂ ਸਵੇਰੇ ਸ਼ਾਮ ਸੈਰ ਕਰ ਲੈਂਦਾ ਸੀ, ਪਰ ਹੁਣ ਉਮਰ ਵਧਣ ਕਰਕੇ ਨਿਗ੍ਹਾ ਵੀ ਘਟਦੀ ਜਾ ਰਹੀ ਹੈ। ਇਕ ਵਾਰ ਵੀਲ੍ਹ-ਚੇਅਰ 'ਤੇ ਬੈਠੇ ਦੇ ਸੱਟ ਲੱਗ ਗਈ ਸੀ। ਹੁਣ ਬਹੁਤਾ ਘਰ ਹੀ ਰਹਿੰਦਾ ਹੈ। ਅਖਬਾਰਾਂ ਪੜ੍ਹ ਕੇ ਸਮਾਂ ਲੰਘਾ ਲੈਂਦਾ ਹੈ। 82 ਸਾਲਾਂ ਦਾ ਹੋਣ ਕਰਕੇ ਬਲੱਡ ਪ੍ਰੈਸ਼ਰ ਵੱਧਣ ਲੱਗ ਪਿਆ ਹੈ।

ਉਹ ਪੰਜਾਬ ਬਾਰੇ ਬੜਾ ਫਿਕਰਮੰਦ ਹੈ। ਪੱਗਾਂ ਦਾ ਅਲੋਪ ਹੋਣਾ, ਸਿੱਖੀ ਦਾ ਘਾਣ, ਨੌਜਵਾਨਾਂ ਦਾ ਨਸ਼ਿਆਂ ਵੱਲ ਵਧਣਾ, ਵੋਟਾਂ ਲਈ ਹਰ ਢੰਗ ਵਰਤਿਆ ਜਾਣਾ, ਉਸ ਨੂੰ ਮਾਨਸਿਕ ਤੌਰ 'ਤੇ ਸਤਾਉਂਦੇ ਹਨ। ਉਹ ਕਹਿੰਦਾ ਹੈ, ਪਰਮਾਤਮਾ ਕਦੇ ਮਾਫ ਨਹੀਂ ਕਰੇਗਾ। ਨੌਕਰੀਆਂ ਲੈਣ ਲਈ ਹੁਣ ਪੈਸੇ ਦੇਣੇ ਪੈਂਦੇ ਹਨ। ਪੈਸਾ...ਪੈਸਾ, ਹਰ ਪਾਸੇ...ਪੈਸਾ! ਉਨ੍ਹਾਂ ਵੇਲੇ ਤਾਂ ਸਿਰਫ ਯੋਗਤਾ ਵੇਖੀ ਜਾਂਦੀ ਸੀ, ਯੋਗਤਾ ਦੇ ਆਧਾਰ 'ਤੇ ਹੱਸ ਕੇ ਨੌਕਰੀ ਮਿਲਦੀ ਸੀ। ਹੁਣ ਤਾਂ ਸਰਕਾਰਾਂ, ਮੰਤਰੀ ਲਾਲਚੀ ਹੋ ਗਏ ਨੇ, ਚੰਗੇ-ਚੰਗੇ ਖਿਡਾਰੀ ਰੁਲਦੇ ਫਿਰਦੇ ਨੇ।

ਅਜੀਤ ਸਿੰਘ ਸਠਿਆਲਾ ਨਾਲ ਸੰਪਰਕ ਫੋਨ: 510-709-7982 ਰਾਹੀਂ ਕੀਤਾ ਜਾ ਸਕਦਾ ਹੈ।



*ਜਵਾਨੀ ਵੇਲੇ ਦੀ ਇਕ ਤਸਵੀਰ*



*ਤੇ ਹੁਣ ਅਜੀਤ ਸਿੰਘ ਸਠਿਆਲਾ*

## ਨੌਜਵਾਨਾਂ ਨੂੰ ਖੇਡਾਂ ਵੱਲ ਲਾਉਣ 'ਚ ਪਛੜਿਆ ਪੰਜਾਬ

**ਫਿਰੋਜ਼ਪੁਰ:** ਨੌਜਵਾਨਾਂ ਨੂੰ ਖੇਡਾਂ ਵੱਲ ਲਾਉਣ ਵਿਚ ਪੰਜਾਬ ਕਾਫੀ ਪੱਛੜ ਗਿਆ ਹੈ। ਜਦ ਕਿ ਇਸ ਵਿਚੋਂ ਨਿਕਲਿਆ ਹਰਿਆਣਾ ਇਸ ਪੱਖੋਂ ਕਾਫੀ ਅੱਗੇ ਨਿਕਲ ਗਿਆ



ਹੈ। ਖੇਲੋ ਇੰਡੀਆ ਕੌਮੀ ਸਕੂਲ ਖੇਡਾਂ 'ਚ ਹਰਿਆਣਾ ਪਹਿਲੇ ਅਤੇ ਪੰਜਾਬ 7ਵੇਂ ਸਥਾਨ ਉਤੇ ਆਇਆ। ਹੋਰ ਤਾਂ ਹੋਰ ਰਾਸ਼ਟਰ ਮੰਡਲ ਖੇਡਾਂ ਆਦਿ ਕੌਮਾਂਤਰੀ ਪੱਧਰ ਦੇ ਮੁਕਾਬਲਿਆਂ 'ਚ ਵੀ ਪੰਜਾਬ ਕਾਫੀ ਪਿੱਛੇ ਰਿਹਾ ਹੈ।

ਬੇਸ਼ੱਕ ਨੌਜਵਾਨਾਂ ਅੰਦਰ ਲੁਕੀ ਖੇਡ ਪ੍ਰਤਿਭਾ ਨੂੰ ਪਛਾਣ ਕੇ ਉਸ ਦੀ ਖੇਡ 'ਚ ਨਿਖਾਰ ਲਿਆਉਣ ਅਤੇ ਸਰੀਰਕ ਤੰਦਰੁਸਤੀ ਲਈ ਯੋਗ ਅਗਵਾਈ ਕਰਨ ਵਾਸਤੇ ਪੰਜਾਬ ਅੰਦਰ 1975 'ਚ ਖੇਡ ਵਿਭਾਗ ਦੀ ਸਥਾਪਨਾ ਕੀਤੀ ਗਈ, ਪਰ ਸਮੇਂ-ਸਮੇਂ ਦੀਆਂ ਸਰਕਾਰਾਂ ਦੀਆਂ ਗਲਤ ਨੀਤੀਆਂ, ਅਣਦੇਖੀਆਂ ਅਤੇ ਲਾਪਰਵਾਹੀਆਂ ਸਦਕਾ ਕਰੋੜਾਂ ਅਰਬਾਂ ਰੁਪਏ ਖਰਚ ਕੇ ਵੀ ਪੰਜਾਬ ਅੰਦਰ ਖੇਡ ਸਭਿਆਚਾਰ ਪੈਦਾ ਨਹੀਂ ਕੀਤਾ ਜਾ ਸਕਿਆ।

ਪੰਚਾਇਤ ਵਿਭਾਗ ਵੱਲੋਂ ਵੀ ਥੋੜ੍ਹੇ ਬਹੁਤੇ ਪਿੰਡਾਂ 'ਚ ਬਣਾਏ ਗਏ ਖੇਡ ਸਟੇਡੀਅਮ ਪ੍ਰਬੰਧਾਂ ਅਤੇ ਸਹੂਲਤਾਂ ਪੱਖੋਂ ਜਵਾਂ ਹੀ ਸੱਖਣੇ ਹਨ। ਪੰਜਾਬ ਦੇ 22 ਜ਼ਿਲ੍ਹਿਆਂ ਵਿਚੋਂ ਸਿਰਫ 9 ਜ਼ਿਲ੍ਹਿਆਂ ਅੰਦਰ ਹੀ ਜ਼ਿਲ੍ਹਾ ਸਪੋਰਟਸ ਅਫਸਰ ਹਨ, ਬਾਕੀ ਜ਼ਿਲ੍ਹਿਆਂ ਅੰਦਰ ਸੀਨੀਅਰ ਕੋਚਾਂ ਜਾਂ ਦੂਜੇ ਜ਼ਿਲ੍ਹਿਆਂ ਦੇ ਜ਼ਿਲ੍ਹਾ ਖੇਡ ਅਫਸਰ ਨੂੰ ਚਾਰਜ ਦੇ ਕੇ ਬੁੱਤਾ ਸਾਰਿਆ ਜਾ ਰਿਹਾ ਹੈ। ਖੇਡ ਵਿਭਾਗ ਅੰਦਰ ਝਾਤੀ ਮਾਰੀਏ ਤਾਂ ਕਦੇ ਡਵੀਜ਼ਨਲ ਪੱਧਰ 'ਤੇ ਡਿਪਟੀ ਡਾਇਰੈਕਟਰ ਦੀ ਅਸਾਮੀ ਹੁੰਦੀ ਸੀ, ਜੋ ਖਤਮ ਕਰ ਦਿੱਤੀਆਂ ਗਈਆਂ, ਹੁਣ ਹੈੱਡ ਕੁਆਰਟਰ 'ਤੇ ਸਿਰਫ ਡਿਪਟੀ ਡਾਇਰੈਕਟਰ ਅਤੇ ਜੁਆਇੰਟ ਡਾਇਰੈਕਟਰ ਦੀਆਂ ਪੋਸਟਾਂ ਹਨ, ਉਹ ਵੀ ਖਾਲੀ ਪਈਆਂ ਹਨ, ਜਿਨ੍ਹਾਂ ਉਤੇ ਕਾਰਜਕਾਰੀ ਅਫਸਰ ਲਗਾਇਆ ਗਿਆ ਹੈ।

## ਤਾਇਕਵਾਂਡੋ 'ਚ ਨਾਮਣਾ ਖੱਟਣ ਵਾਲੇ ਗੁਰਸਿੱਖ ਖਿਡਾਰੀ ਦਾ ਸਨਮਾਨ

**ਅੰਮ੍ਰਿਤਸਰ:** ਸੱਤਵੀਂ ਵਿਚ ਪੜ੍ਹਦਿਆਂ ਕਰੰਟ ਲੱਗਣ ਕਾਰਨ ਆਪਣੀਆਂ ਬਾਂਹਾਂ ਗੁਆ ਚੁੱਕਿਆ ਜੰਮੂ ਕਸ਼ਮੀਰ ਦਾ 19 ਸਾਲਾ ਗੁਰਸਿੱਖ ਨੌਜਵਾਨ ਚੰਨਦੀਪ ਸਿੰਘ ਤਾਇਕਵਾਂਡੋ ਅਤੇ ਸਕੇਟਿੰਗ ਵਿਚ ਤਿੰਨ ਸੋਨ ਤਗਮੇ ਜਿੱਤਣ ਮਗਰੋਂ 10 ਅਗਸਤ ਨੂੰ ਦੱਖਣੀ ਕੋਰੀਆ ਵਿਚ ਹੋ ਰਹੀ ਤਾਇਕਵਾਂਡੋ ਕਿਮ ਯੰਗ ਕੱਪ ਚੈਂਪੀਅਨਸ਼ਿਪ ਵਿਚ ਹਿੱਸਾ ਲਵੇਗਾ।



ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਚੰਨਦੀਪ ਨੂੰ ਸਿਰੋਪਾਉ ਤੇ ਹਰਿਮੰਦਰ ਸਾਹਿਬ ਦੇ ਮਾਡਲ ਨਾਲ ਸਨਮਾਨਿਤ ਕੀਤਾ ਗਿਆ। ਇਸ ਦੌਰਾਨ ਦੱਖਣੀ ਕੋਰੀਆ ਜਾਣ ਲਈ ਮਦਦ ਵਜੋਂ ਇਕ ਲੱਖ 50 ਹਜ਼ਾਰ ਰੁਪਏ ਦੀ ਰਾਸ਼ੀ ਦਾ ਚੈੱਕ ਵੀ ਦਿੱਤਾ ਗਿਆ ਹੈ।

ਚੰਨਦੀਪ ਸਿੰਘ ਨੇ ਦੱਸਿਆ ਕਿ ਨੇਪਾਲ ਵਿਚ ਤਾਇਕਵਾਂਡੋ ਚੈਂਪੀਅਨਸ਼ਿਪ ਵਿਚ ਉਸ ਨੇ ਸੋਨ ਤਗਮਾ ਜਿੱਤਿਆ ਸੀ, ਜਦੋਂਕਿ ਵੀਅਤਨਾਮ ਵਿਚ ਹੋਈ ਚੈਂਪੀਅਨਸ਼ਿਪ ਵਿਚ ਉਸ ਨੇ ਇਕ ਸੋਨ ਤੇ ਕਾਂਸੇ ਦਾ ਤਗਮਾ ਜਿੱਤਿਆ। ਉਸ ਨੇ ਦੱਸਿਆ ਕਿ ਉਹ ਜੰਮੂ ਕਸ਼ਮੀਰ ਦਾ ਇਕੋ-ਇਕ ਖਿਡਾਰੀ ਹੈ, ਜਿਸ ਨੂੰ ਕੌਮਾਂਤਰੀ ਪੱਧਰ ਉਤੇ ਮੈਡਲ ਹਾਸਲ ਹੋਇਆ ਹੈ।

# ਪੰਜਾਬ ਦੇ ਪਿੰਡਾਂ ਲਈ ਮਾਡਲ-ਪਿੰਡ ਚਕਰ

ਮੇਰਾ ਪਿੰਡ

'ਚਕਰ ਇੰਡੀਆ' ਵੈਬਸਾਈਟ 'ਤੇ ਪਈ ਇੱਕ ਵੀਡੀਓ ਦਾ ਨਾਂ ਹੈ, 'ਚਕਰ ਇੱਕ ਚਿਰਾਗ।' ਸੰਤ ਬਲਬੀਰ ਸਿੰਘ ਸੀਚੇਵਾਲ ਕਹਿੰਦੇ ਹਨ, "ਚਕਰੀਆਂ ਨੇ ਸੀਵਰੇਜ ਪਾਉਣ 'ਚ ਜੋ ਉਤਸ਼ਾਹ ਦਿਖਾਇਆ, ਉਹ ਆਪਣੀ ਮਿਸਾਲ ਆਪ ਹੈ। ਉਨ੍ਹਾਂ ਨੇ ਪਿੰਡ ਨੂੰ ਨਰਕ 'ਚੋਂ ਕੱਢ ਕੇ ਸੱਚਮੁੱਚ ਦਾ ਸਵਰਗ ਬਣਾ ਦਿੱਤਾ ਹੈ।"

ਡਾ. ਬਲਵੰਤ ਸਿੰਘ ਸੰਧੂ ਦੀ ਪੁਸਤਕ 'ਚਾਨਣ ਮੁਨਾਰਾ ਚਕਰ' ਦਾ ਸਾਰ ਹੈ: "ਸਾਥੋਂ ਅਕਸਰ ਪੁੱਛਿਆ ਜਾਂਦੈ ਕਿ ਸਾਡੇ ਪਿੰਡ ਦੀ ਕਾਇਆ ਕਲਪ ਕਿਵੇਂ ਹੋਈ? ਕਿਵੇਂ ਸ਼ੇਰ-ਏ-ਪੰਜਾਬ ਸਪੋਰਟਸ ਅਕੈਡਮੀ ਬਣੀ, ਕਿਵੇਂ ਹਜ਼ਾਰ ਤੋਂ ਵੱਧ ਘਰਾਂ ਦਾ ਸੀਵਰੇਜ ਪਾਇਆ, ਕਿਵੇਂ ਪਿੰਡ ਦੀਆਂ ਸੱਥਾਂ ਅਤੇ ਭਾਈਚਾਰਕ ਸਾਂਝ ਕੇਂਦਰਾਂ ਨੂੰ


ਪ੍ਰਿੰ. ਸਰਵਣ ਸਿੰਘ

ਬਣਾਇਆ ਤੇ ਨਵਿਆਇਆ? ਕਿਵੇਂ ਗਲੀਆਂ ਪੱਕੀਆਂ ਤੇ ਖੁੱਲ੍ਹੀਆਂ ਕੀਤੀਆਂ ਤੇ ਕਿਵੇਂ ਹਜ਼ਾਰਾਂ ਰੁੱਖ ਬੂਟੇ ਲਾ ਕੇ ਪਿੰਡ ਨੂੰ ਹਰਿਆਵਲਾ ਬਣਾਇਆ? ਕਿਵੇਂ ਤਿੰਨ ਛੱਪੜਾਂ ਨੂੰ ਨਿਰਮਲ ਝੀਲਾਂ ਬਣਾ ਕੇ ਜਜ਼ੀਰੇ ਸਿਰਜੇ ਅਤੇ ਜੀਵ ਜੰਤੂਆਂ ਤੇ ਪੰਖੇਰੂਆਂ ਨੂੰ ਟਿਕਾਣੇ ਦਿੱਤੇ? ਕਿਵੇਂ ਸੀਵਰੇਜ ਦਾ ਪਾਣੀ ਟ੍ਰੀਟ ਕਰ ਕੇ ਖੇਤਾਂ ਨੂੰ ਸਿੰਜਿਆ? ਕਿਵੇਂ ਦੂਸ਼ਿਤ ਵਾਤਾਵਰਣ ਸ਼ੁਧ ਕੀਤਾ? ਕਿਵੇਂ ਨਵੀਂ ਪੀੜ੍ਹੀ ਨੂੰ ਨਸ਼ਿਆਂ ਵੱਲੋਂ ਹੋੜਿਆ ਤੇ ਨਰੋਆ ਖੇਡ ਸਭਿਆਚਾਰ ਸਿਰਜਿਆ? ਅਜਿਹੇ ਸਵਾਲਾਂ ਦੇ ਜਵਾਬ ਇਸ ਪੁਸਤਕ ਵਿਚ ਮਿਲਦੇ ਹਨ।

ਅਸੀਂ ਭਾਗਾਂ ਵਾਲੇ ਹਾਂ ਕਿ ਚਕਰ ਨੂੰ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਰਨਾਂ ਦੀ ਛੋਹ ਪ੍ਰਾਪਤ ਹੋਈ। ਗੁਰਬਾਣੀ ਦੀ ਬਖ਼ਸ਼ੀ ਸੋਝੀ ਸਦਕਾ ਅਸੀਂ ਪੌਣ ਪਾਣੀ ਤੇ ਧਰਤ ਦੀ ਮਹੱਤਤਾ ਨੂੰ ਸਮਝਦਿਆਂ ਸਰਬ ਸਾਂਝੇ ਕਾਰਜਾਂ ਨਾਲ ਵਿਕਾਸ ਦੀ ਮਿਸਾਲ ਪੇਸ਼ ਕੀਤੀ। ਅਸੀਂ ਚਾਹੁੰਦੇ ਹਾਂ, ਸਾਂਝੇ ਉਦਮ ਨਾਲ ਜਗਾਇਆ ਸਾਡਾ ਚੌਮੁਖੀਆ ਦੀਵਾ ਲਟ ਲਟ ਬਲਦਾ ਰਹੇ ਤੇ ਇਸ ਦੀ ਲੋਅ ਹੋਰਨਾਂ ਪਿੰਡਾਂ ਵਿਚ ਵੀ ਚਾਨਣ ਬਖੇਰੇ।"

ਡਾ. ਸਰਦਾਰਾ ਸਿੰਘ ਜੌਹਲ ਨੇ ਚਕਰ ਨੂੰ ਵੇਖ ਕੇ ਕਿਹਾ, "ਇਹ ਮੇਰੇ ਸੁਪਨਿਆਂ ਦਾ ਪਿੰਡ ਹੈ। ਹੋਰ ਪਿੰਡਾਂ ਨੂੰ ਵੀ ਹੰਭਲਾ ਮਾਰਨਾ ਚਾਹੀਦੈ।" ਜੀਵੇ ਜਵਾਨੀ ਦੇ ਲੇਖਕ ਗੁਰਪ੍ਰੀਤ ਸਿੰਘ ਤੂਰ ਨੇ ਵਿਜ਼ਿਟਰ ਬੁੱਕ 'ਤੇ ਲਿਖਿਆ, "ਪੰਜਾਬ ਨੂੰ ਅੱਗੇ ਵਧਣ ਲਈ ਜਿਸ ਤਰ੍ਹਾਂ ਦੇ ਮਾਹੌਲ ਦੀ ਲੋੜ ਹੈ, ਉਹ ਪਿੰਡ ਚਕਰ 'ਚ ਦੇਖਿਆ ਜਾ ਸਕਦੈ। ਪੰਜਾਬ ਦੇ ਸਾਹਿਤਕਾਰ, ਬੁੱਧੀਜੀਵੀ ਤੇ ਚਿੰਤਕ ਜਿਸ ਤਰ੍ਹਾਂ ਦਾ ਪੰਜਾਬ ਸਿਰਜਣਾ ਚਾਹੁੰਦੇ ਹਨ, ਚਕਰ ਉਹਦੀ ਜਿਉਂਦੀ ਜਾਗਦੀ ਮਿਸਾਲ ਹੈ। ਉਹਦੀ ਸ਼ਲਾਘਾ ਹੀ ਨਹੀਂ, ਰੀਸ ਵੀ ਕਰਨੀ ਬਣਦੀ ਹੈ।"

ਸੰਗਰੂਰ ਦੇ ਡਿਪਟੀ ਕਮਿਸ਼ਨਰ ਅਰਸ਼ਦੀਪ ਸਿੰਘ ਥਿੰਦ ਨੇ ਲਿਖਿਆ, "15 ਜੂਨ 2014 ਨੂੰ




ਚਕਰ ਦੇਖਣ ਦਾ ਮੌਕਾ ਮਿਲਿਆ। ਮੇਰੇ ਨਾਲ ਆਈਆਂ 30 ਪਿੰਡਾਂ ਦੀਆਂ ਪੰਚਾਇਤਾਂ ਨੂੰ ਪਿੰਡ ਦੇਖ ਕੇ ਪ੍ਰਸੰਨਤਾ ਹੋਈ। ਪਿੰਡਾਂ ਦੇ ਲੋਕਾਂ ਦਾ ਸੁਫ਼ਨਾ ਸੀ ਕਿ ਪਿੰਡਾਂ ਵਿਚ ਵੀ ਵਧੀਆ ਖੇਡ ਸਹੂਲਤਾਂ ਹੋਣ, ਸੈਰ ਕਰਨ ਲਈ ਥਾਂਵਾਂ ਹੋਣ, ਬੱਚਿਆਂ ਦੇ ਮਨੋਰੰਜਨ ਲਈ ਪਾਰਕ ਤੇ ਝੂਲੇ ਹੋਣ। ਚਕਰ ਵਿਚ ਉਹ ਸੁਪਨਾ ਸਾਕਾਰ ਹੁੰਦਾ ਦੇਖਿਆ।"

ਕੈਨੇਡਾ ਦੇ ਖੇਡ ਮੰਤਰੀ ਬੱਲ ਗੋਸਲ ਨੇ 12 ਜਨਵਰੀ 2014 ਨੂੰ ਵਿਜ਼ਿਟਰ ਬੁੱਕ 'ਤੇ ਲਿਖਿਆ, "ਅੱਜ ਚਕਰ ਆ ਕੇ ਸੋਚਦਾ ਹਾਂ ਕਿ ਚਕਰ ਨਾ ਆਉਂਦਾ ਤਾਂ ਬਹੁਤ ਕੁਝ ਦੇਖਣ-ਜਾਣਨ ਵਾਲਾ ਰਹਿ ਜਾਣਾ ਸੀ। ਚਕਰ ਦੇ ਪਰਵਾਸੀਆਂ ਤੇ ਨਗਰ ਨਿਵਾਸੀਆਂ ਨੇ ਰਲ ਮਿਲ ਕੇ ਪਿੰਡ ਨੂੰ ਸਾਫ ਸੁਥਰਾ ਅਤੇ ਸੋਹਣਾ ਹੀ ਨਹੀਂ ਬਣਾਇਆ ਸਗੋਂ ਪੂਰੇ ਪੰਜਾਬ ਨੂੰ ਇਕ ਮਾਡਲ ਵੀ ਦਿੱਤਾ ਹੈ। ਪਿੰਡ ਚਕਰ ਨੇ ਜਿਵੇਂ ਆਪਣੀ ਪੱਧਰ 'ਤੇ ਖੇਡ ਸਭਿਆਚਾਰ ਸਿਰਜਿਆ ਅਤੇ ਬਹੁਤ ਘੱਟ ਸਮੇਂ ਵਿਚ ਵੱਡੀਆਂ ਪ੍ਰਾਪਤੀਆਂ ਕੀਤੀਆਂ, ਇਸ ਦੀ ਮਿਸਾਲ ਘੱਟ ਹੀ ਮਿਲਦੀ ਹੈ।"

ਮੈਰਾਥਨ ਦੌੜਾਕ ਬਾਬਾ ਫੌਜਾ ਸਿੰਘ ਚਕਰ ਆਇਆ ਤਾਂ ਉਸ ਨੇ ਸਪੋਰਟਸ ਅਕੈਡਮੀ ਵੇਖਣ ਪਿੱਛੋਂ ਕਿਸ਼ਤੀ ਉਤੇ ਝੀਲ ਦੀ ਸੈਰ ਕੀਤੀ। ਉਸ ਦਾ ਕਹਿਣਾ ਸੀ, "ਚਕਰ ਨੂੰ ਦੇਖ ਕੇ ਯਕੀਨ ਹੋ ਗਿਆ ਕਿ ਪੰਜਾਬ ਮਰਨ ਵਾਲਾ ਨਹੀਂ। ਚਕਰ ਦੇ ਖਿਡਾਰੀ, ਚਕਰ ਦੀਆਂ ਝੀਲਾਂ ਦੇ ਕੁਦਰਤੀ ਨਜ਼ਾਰੇ ਤੇ ਮੇਰੀ ਉਮਰ ਦੇ ਨੇੜ ਪਹੁੰਚੇ ਸਾਥੀਆਂ ਦਾ ਗਰਮਜੋਸ਼ੀ ਨਾਲ ਮਿਲਣਾ-ਮੇਰੇ ਜੀਵਨ ਦੀਆਂ ਅਭੁੱਲ ਯਾਦਾਂ ਬਣ ਗਈਆਂ ਹਨ।"

ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਸਾਬਕਾ ਵਾਈਸ ਚਾਂਸਲਰ ਡਾ. ਮਨਜੀਤ ਸਿੰਘ ਕੰਗ ਨੇ ਲਿਖਿਆ, "ਚਕਰ ਦੇ ਉਦਮੀਆਂ ਨੇ ਵਾਤਾਵਰਣ ਨੂੰ ਸੰਭਾਲਣ ਦਾ ਜੋ ਉਪਰਾਲਾ ਕੀਤਾ, ਉਹ ਕਾਬਲੇ ਤਾਰੀਫ ਹੈ। ਸੀਵਰੇਜ ਤੇ ਹੋਰ ਵਾਧੂ ਦੇ ਪਾਣੀ ਨੂੰ ਸੋਧ ਕੇ ਮੁੜ ਸਿੰਜਾਈ ਲਈ ਵਰਤਣਾ ਬੜੀ ਵੱਡੀ ਗੱਲ ਹੈ ਕਿਉਂਕਿ ਪਿਛਲੇ ਕੁਝ ਸਾਲਾਂ ਤੋਂ ਪੰਜਾਬ ਦੇ ਪਾਣੀ ਦਾ ਪੱਧਰ ਬਹੁਤ ਹੇਠਾਂ ਜਾ ਰਿਹਾ ਹੈ। ਪੰਜਾਬ ਦੇ ਬਾਕੀ ਪਿੰਡ ਵੀ ਜੇ ਅਜਿਹੇ ਉਪਰਾਲੇ ਕਰ ਲੈਣ ਤਾਂ ਪੌਣ ਪਾਣੀ ਦੇ ਪਲੀਤ ਹੋਣ ਦੀ ਸਮੱਸਿਆ ਨੂੰ ਠੱਲ੍ਹ ਪੈ ਸਕਦੀ ਹੈ।"

ਕੈਨੇਡਾ ਤੋਂ ਆਏ ਕਾਰੋਬਾਰੀ ਕੈਵਿਨ ਮੋਰਗਨ ਨੇ ਚਕਰ ਦੇ ਵਿਕਾਸ ਕਾਰਜਾਂ ਵਿਚ ਇਕ ਕਰੋੜ ਰੁਪਏ ਦਾ ਯੋਗਦਾਨ ਪਾ ਕੇ ਬੇਨਤੀ ਕੀਤੀ ਕਿ ਮੈਨੂੰ ਚਕਰ ਦਾ ਸਿਟੀਜ਼ਨ ਬਣਾ ਲਓ। ਚਕਰੀਆਂ ਨੇ ਢਾਬ ਵਾਲੀ ਝੀਲ ਦਾ ਨਾਂ 'ਮੋਰਗਨ ਲੇਕ' ਰੱਖ ਕੇ ਉਸ ਨੂੰ ਚਕਰੀਆ ਬਣਾ ਲਿਆ। ਉਚਿਤ ਹੋਵੇਗਾ ਕਿ ਪਿੰਡ ਚਕਰ ਨੂੰ ਅੱਖੀਂ ਵੇਖ ਕੇ ਆਪੋ ਆਪਣੇ ਪਿੰਡਾਂ ਦੀ ਤਕਦੀਰ ਬਦਲੀਏ। ਜੇ ਚਕਰ ਸੁਧਰ ਸਕਦੈ ਤਾਂ ਹੋਰ ਪਿੰਡ ਕਿਉਂ ਨਹੀਂ ਸੁਧਰ ਸਕਦੇ? ਆਪਣ ਹੱਥੀਂ ਆਪਣਾ ਆਪੇ ਹੀ ਕਾਜ ਸਵਾਰੀਏ ਦੇ ਮਹਾਂ ਵਾਕ ਉਤੇ ਅਮਲ ਕਰੋਗੇ ਤਾਂ ਚਕਰ ਦੇ ਹਾਣੀ ਹੋ ਜਾਵੋਗੇ।


ਸ਼ੇਰੇ ਪੰਜਾਬ ਅਕੈਡਮੀ ਚਕਰ ਦੇ ਹੋਣਹਾਰ ਬੱਚੇ

ਚਕਰ ਦੀ ਸਪੋਰਟਸ ਅਕੈਡਮੀ ਵੀ ਖੇਡਾਂ ਦਾ ਚਾਨਣ ਮੁਨਾਰਾ ਹੈ। ਇਸ ਅਕੈਡਮੀ ਦੇ ਖਿਡਾਰੀ ਸਟੇਟ ਪੱਧਰ ਦੇ 300 ਅਤੇ ਕੌਮੀ ਪੱਧਰ ਦੇ 30 ਤੋਂ ਵੱਧ ਮੈਡਲ ਜਿੱਤ ਚੁਕੇ ਹਨ। ਸੁਖਦੀਪ ਚਕਰੀਆ ਨੈਸ਼ਨਲ ਚੈਂਪੀਅਨ ਹੈ ਤੇ ਹੁਣ ਪ੍ਰੋਫੈਸ਼ਨਲ ਮੁੱਕੇਬਾਜ਼ੀ ਕਰ ਰਿਹੈ। ਚਕਰ ਦੀਆਂ ਕੁੜੀਆਂ ਕੌਮੀ ਪੱਧਰ 'ਤੇ ਜੇਤੂ ਰਹੀਆਂ ਅਤੇ ਕੌਮਾਂਤਰੀ ਮੁਕਾਬਲਿਆਂ 'ਚੋਂ 6 ਮੈਡਲ ਜਿੱਤੇ। ਚਕਰ ਦੀ ਧੀ ਮਨਦੀਪ ਸੰਧੂ ਮਹਿਲਾ ਜੂਨੀਅਰ ਵਿਸ਼ਵ ਚੈਂਪੀਅਨਸ਼ਿਪ ਵਿਚੋਂ ਗੋਲਡ ਮੈਡਲ ਜਿੱਤ ਕੇ ਵਿਸ਼ਵ ਚੈਂਪੀਅਨ ਬਣੀ। ਸਵੇਰੇ ਸ਼ਾਮ ਦੋ ਢਾਈ ਸੌ ਖਿਡਾਰੀ ਅਕੈਡਮੀ ਦੇ ਖੇਡ ਮੈਦਾਨਾਂ 'ਚ ਖੇਡਦੇ ਨਜ਼ਰ ਆਉਂਦੇ ਹਨ। ਕੋਈ ਫੁੱਟਬਾਲ ਤੇ ਕੋਈ ਕਬੱਡੀ ਖੇਡ ਰਿਹਾ ਹੋਵੇਗਾ, ਕੋਈ ਅਥਲੈਟਿਕਸ ਕਰ ਰਿਹਾ ਹੋਵੇਗਾ ਤੇ ਕੁੜੀਆਂ ਮੁੰਡੇ ਦਰੋਣਾਚਾਰੀਆ ਗੁਰਬਖ਼ਸ਼ ਸਿੰਘ ਸੰਧੂ ਤੋਂ ਮੁੱਕੇਬਾਜ਼ੀ ਦੇ ਗੁਰ ਸਿੱਖ ਰਹੇ ਹੋਣਗੇ।

ਚਕਰੀਆਂ ਨੇ ਪਰਵਾਸੀਆਂ ਦੀ ਮਦਦ ਨਾਲ ਦਸ ਕਰੋੜ ਤੋਂ ਵੱਧ ਪੂੰਜੀ ਤੇ ਦਸ ਕਰੋੜ ਰੁਪਿਆਂ ਤੋਂ ਵੱਧ ਦੀ ਕਾਰ ਸੇਵਾ ਕਰਕੇ ਤਿੰਨ ਸਰਕਾਰੀ ਸਕੂਲਾਂ ਦੀਆਂ ਇਮਾਰਤਾਂ ਨਵਿਆਈਆਂ, ਹਾਲ ਕਮਰੇ ਪਾਏ, ਸਟੇਡੀਅਮ ਬਣਾਇਆ, ਸਪੋਰਟਸ ਅਕੈਡਮੀ ਚਲਾਈ, ਅਧਿਆਪਕ/ਕੋਚ ਰੱਖੇ ਤੇ ਸੀਵਰੇਜ ਪਾਇਆ। ਨੌਂ ਸੱਥਾਂ ਨਵਿਆਈਆਂ, ਪਾਰਕ ਬਣਾਏ, ਝੂਲੇ ਲਾਏ, ਥਾਂ-ਥਾਂ ਸੀਮੈਂਟ ਦੇ ਬੈਂਚ ਬਣਾਏ, ਬੱਸ ਸ਼ੈਡ ਬਣਾਏ, ਨਵੇਂ ਸਿਰਿਓਂ ਬੀਹੀਆਂ ਪੱਕੀਆਂ ਕੀਤੀਆਂ ਅਤੇ ਗਲੀਆਂ, ਫਿਰਨੀ ਤੇ ਪਿੰਡ ਦੇ ਰਾਹਾਂ ਉਤੇ ਵੀਹ ਹਜ਼ਾਰ ਤੋਂ ਵੱਧ ਬੂਟੇ ਤੇ ਰੁੱਖ ਲਾਏ। ਇਹ ਕੁਝ ਕਰਨ 'ਚ ਪਿੰਡ ਦੇ ਹਰ ਮਾਈ-ਭਾਈ, ਬਾਲ-ਬੱਚੇ ਤੇ ਨੌਜੁਆਨ ਦਾ ਯੋਗਦਾਨ ਹੈ।

ਸ਼ਾਮਲਾਟਾਂ ਰੋਕੀ ਬੈਠੇ ਚਕਰੀਆਂ ਨੇ ਸ਼ਾਮਲਾਟਾਂ ਆਪੇ ਛੱਡ ਦਿੱਤੀਆਂ। ਕਈਆਂ ਨੇ ਮਾਲਕੀ ਥਾਂਵਾਂ ਛੱਡ ਕੇ ਗਲੀਆਂ ਖੁੱਲ੍ਹੀਆਂ ਕਰਾਈਆਂ। ਚਕਰ ਦਾ ਸੰਦੇਸ਼ ਹੈ: ਲੋਕ ਆਪਣੇ ਕਾਰਜ ਆਪਣੇ ਹੱਥੀਂ ਸਵਾਰਨ। ਵੋਟਾਂ ਦੀਆਂ ਭੁੱਖੀਆਂ ਸਰਕਾਰਾਂ ਵੱਲ ਹੀ ਨਾ ਝਾਕੀ ਜਾਣ। ਰੈਲੀਆਂ ਦੇ ਉਜਾੜੇ ਤੋਂ ਬਚਣ। ਟੈਕਸਾਂ ਨਾਲ ਭਰਦੇ ਖਜ਼ਾਨੇ 'ਚੋਂ ਖਰਚੇ ਜਾਂਦੇ ਪੈਸਿਆਂ ਦਾ ਹਿਸਾਬ ਜ਼ਰੂਰ ਮੰਗਣ। ਚਕਰ ਦੇ ਵਿਕਾਸ ਵਿਚ ਪਿੰਡ ਦੇ ਤੇ ਪਰਵਾਸੀ ਭਰਾਵਾਂ ਦੇ ਲੱਗੇ ਰੁਪਈਏ ਸਭ ਨੂੰ ਦਿਸਦੇ ਹਨ। ਕਈ ਪਿੰਡਾਂ ਵਿਚ ਸਰਕਾਰੀ ਗਰਾਂਟਾਂ ਨਾਲ ਵੋਟਾਂ ਖਰੀਦਣ ਲਈ ਝੋਕੇ ਕਰੋੜਾਂ ਰੁਪਈਏ ਵੀ ਕਿਸੇ ਨੂੰ ਨਹੀਂ ਦਿੱਸਦੇ!

ਪਿਛਲੇ ਦਿਨੀਂ ਚਕਰ ਦੇ ਪਰਵਾਸੀ ਬਰੈਂਪਟਨ (ਕੈਨੇਡਾ) ਵਿਚ 'ਕੱਠੇ ਹੋਏ, ਜਿਥੇ ਬਲਦੇਵ ਸਿੰਘ ਸਿੱਧੂ ਨੇ ਕਿਹਾ, "ਜੇ ਪੰਜਾਬ ਸਰਕਾਰ ਪਿੰਡ ਚਕਰ ਨੂੰ ਆਪਣੀ ਪੰਚਾਇਤ ਸਰਬ ਸੰਮਤੀ ਨਾਲ ਚੁਣਨ ਦੇਵੇ ਤਾਂ ਪਰਵਾਸੀ ਚਕਰ ਦੇ ਵਿਕਾਸ ਲਈ ਪੰਜਾਹ ਲੱਖ ਰੁਪਏ ਪੰਚਾਇਤ ਨੂੰ ਦੇਣਗੇ, ਇੰਜ ਲੱਖਾਂ ਰੁਪਏ ਬਚ ਜਾਣਗੇ ਜੋ ਪਿੰਡ ਵਿਕਾਸ 'ਚ ਲੱਗ ਸਕਣਗੇ। ਪਾਰਟੀਬਾਜ਼ੀ ਤੋਂ ਵੀ ਬਚਾਅ ਰਹੇਗਾ। ਜੇ ਸਰਕਾਰ ਸੱਚਮੁੱਚ ਪੇਂਡੂ ਵਿਕਾਸ ਦੀ ਹਾਮੀ ਹੈ ਤਾਂ ਉਹ ਪਿੰਡ ਦੇ ਵਿਕਾਸ ਲਈ ਜਿੰਨੇ ਪੈਸੇ ਦੇਵੇਗੀ, ਓਨੇ ਪਰਵਾਸੀ ਵੀ ਦੇ ਦੇਣਗੇ।"

ਚਕਰ ਦੇ ਨੌਜੁਆਨ ਨਸ਼ਿਆਂ ਦੀ ਹਨੇਰੀ ਵਿਚ ਵੀ ਨਸ਼ਿਆਂ ਤੋਂ ਬਚੇ ਹੋਏ ਹਨ। ਉਨ੍ਹਾਂ ਦੇ ਸਰੀਰਾਂ ਵਿਚ ਪੈਦਾ ਹੋ ਰਹੀ ਵਾਧੂ ਊਰਜਾ ਦਾ ਖੇਡਾਂ ਰਾਹੀਂ ਸਹਿਜ ਨਿਕਾਸ ਹੋ ਰਿਹੈ ਅਤੇ ਵਿਹਲਾ ਸਮਾਂ ਸਕਾਰਥੇ ਲੱਗ ਰਿਹੈ। ਜੇ ਪੰਜਾਬ ਦੇ ਸਾਰੇ ਪਿੰਡਾਂ ਵਿਚ ਹੀ ਅਜਿਹਾ ਮਾਹੌਲ ਬਣ ਜਾਵੇ ਤਾਂ ਪੰਜਾਬ ਕੀਹਦੇ ਲੈਣ ਦਾ ਹੈ? ਪੰਜਾਬ ਸਰਕਾਰ ਤੇ ਪੰਜਾਬੀ ਪਰਵਾਸੀਆਂ ਨੂੰ ਚਕਰ ਵਰਗੇ ਪਿੰਡ ਤੇ ਸ਼ੇਰੇ ਪੰਜਾਬ ਸਪੋਰਟਸ ਅਕੈਡਮੀ ਵਰਗੀਆਂ ਖੇਡ ਅਕੈਡਮੀਆਂ ਬਣਾਉਣ ਦੀ ਲੋੜ ਹੈ। ਪੰਜਾਬ ਨੂੰ ਨਸ਼ਿਆਂ ਦੀ ਲਾਅਣਤ ਤੇ ਖ਼ੁਦਕੁਸ਼ੀਆਂ ਤੋਂ ਇੰਜ ਹੀ ਬਚਾਇਆ ਜਾ ਸਕਦੈ।

# ਸ਼ਹੀਦ ਊਧਮ ਸਿੰਘ ਨੂੰ ਯਾਦ ਕਰਦਿਆਂ...

ਭਾਰਤ ਲੰਮਾ ਅਰਸਾ ਅੰਗਰੇਜ਼ਾਂ ਦਾ ਗੁਲਾਮ ਰਿਹਾ ਹੈ। ਗੁਲਾਮੀ ਦੀਆਂ ਜੰਜ਼ੀਰਾਂ ਤੋੜਨ ਲਈ ਲੱਖਾਂ ਭਾਰਤੀ ਯੋਧਿਆਂ ਨੇ ਜਾਨਾਂ ਕੁਰਬਾਨ ਕੀਤੀਆਂ ਹਨ। ਕਈ ਸ਼ਹੀਦ ਅਜਿਹੇ ਵੀ ਹਨ ਜਿਨ੍ਹਾਂ ਦਾ ਨਾਂ ਇਤਿਹਾਸ ਦੇ ਪੰਨਿਆਂ 'ਤੇ ਦਰਜ ਹੀ ਨਹੀਂ ਹੋਇਆ। ਆਜ਼ਾਦੀ ਦੇ ਘੋਲ ਵਿਚ ਪੰਜਾਬੀਆਂ ਦੀ ਵੀ ਉਚੇਚੀ ਦੇਣ ਰਹੀ ਹੈ। ਇਸ ਘੋਲ ਦੇ ਸਿਰਲੱਥ ਯੋਧਿਆਂ 'ਚ ਇਕ ਨਾਂ ਸ਼ਹੀਦ ਊਧਮ ਸਿੰਘ ਦਾ ਹੈ।

ਜਦੋਂ ਕਦੀ ਜੱਲਿਆਂ ਵਾਲੇ ਖ਼ੂਨੀ ਸਾਕੇ ਦਾ ਜ਼ਿਕਰ ਹੁੰਦਾ ਹੈ ਤਾਂ ਸਹਿਜੇ ਹੀ ਊਧਮ ਸਿੰਘ ਦਾ

ਰਵਿੰਦਰ ਲਾਲਪੁਰੀ
ਨੂਰਪੁਰ ਬੇਦੀ (ਰੋਪੜ)
ਫੋਨ: 91-94634-52261

ਨਾਂ ਯਾਦ ਆ ਜਾਂਦਾ ਹੈ, ਜਿਸ ਨੇ 21 ਸਾਲਾਂ ਬਾਅਦ 1919 ਦੀ ਵਿਸਾਖੀ ਨੂੰ ਅੰਮ੍ਰਿਤਸਰ ਦੇ ਜੱਲਿਆਂ ਵਾਲਾ ਬਾਗ ਦੇ ਖ਼ੂਨੀ ਸਾਕੇ ਦਾ ਬਦਲਾ ਜਨਰਲ ਡਾਇਰ ਨੂੰ ਮਾਰ ਕੇ ਲਿਆ। ਸ. ਊਧਮ ਸਿੰਘ ਦਾ ਸਾਰਾ ਜੀਵਨ ਸੰਘਰਸ਼ ਨਾਲ ਭਰਿਆ ਹੋਇਆ ਹੈ। ਉਨ੍ਹਾਂ ਦੀ ਜੀਵਨੀ ਪੜ੍ਹ ਕੇ ਆਪਣੇ ਟੀਚੇ ਨੂੰ ਪ੍ਰਾਪਤ ਕਰਨ ਦੀ ਪ੍ਰੇਰਣਾ ਮਿਲਦੀ ਹੈ।

ਸ਼ਹੀਦ ਊਧਮ ਸਿੰਘ ਦਾ ਜਨਮ 26 ਦਸੰਬਰ 1899 ਨੂੰ ਸੁਨਾਮ ਜ਼ਿਲਾ ਸੰਗਰੂਰ 'ਚ ਸ. ਟਹਿਲ ਸਿੰਘ ਦੇ ਘਰ ਹੋਇਆ ਜੋ ਪਿੰਡ ਉਪਲੀ ਵਿਚ ਰੇਲਵੇ ਕਰਾਸਿੰਗ 'ਤੇ ਚੌਕੀਦਾਰ ਸਨ। ਊਧਮ ਸਿੰਘ ਦਾ ਬਚਪਨ ਦਾ ਨਾਂ ਸ਼ੇਰ ਸਿੰਘ ਸੀ। ਉਹ ਅਜੇ 7 ਸਾਲ ਦਾ ਸੀ ਕਿ ਮਾਤਾ ਪਿਤਾ ਚਲ ਵਸੇ, ਜਿਸ ਕਰ ਕੇ ਉਸ ਨੂੰ ਕੇਂਦਰੀ ਖਾਲਸਾ ਯਤੀਮਖਾਨਾ, ਅੰਮ੍ਰਿਤਸਰ ਦਾਖਲ ਕਰਵਾਇਆ ਗਿਆ, ਜਿਥੇ ਉਹ ਸਿੱਖੀ ਗੁਣਾਂ ਵਿਚ ਢਲ ਗਿਆ ਤੇ ਇਥੇ ਹੀ ਉਸ ਨੂੰ ਊਧਮ ਸਿੰਘ ਦਾ ਨਾਂ ਦਿੱਤਾ ਗਿਆ ਅਤੇ ਉਸ ਦੇ ਭਰਾ ਮੁਕਤਾ ਸਿੰਘ ਨੂੰ ਸਾਧੂ ਸਿੰਘ ਨਾਂ ਮਿਲਿਆ।

1917 'ਚ ਵੱਡੇ ਭਰਾ ਦਾ ਦਿਹਾਂਤ ਹੋ ਗਿਆ। 1918 ਵਿਚ ਦਸਵੀਂ ਜਮਾਤ ਕਰਨ ਪਿੱਛੋਂ ਉਨ੍ਹਾਂ ਨੇ ਯਤੀਮਖਾਨਾ ਛੱਡ ਦਿੱਤਾ। ਜਦੋਂ 13 ਅਪਰੈਲ 1919 ਦਾ ਜੱਲਿਆਂ ਵਾਲਾ ਖ਼ੂਨੀ ਸਾਕਾ ਵਾਪਰਿਆ ਤਾਂ ਊਧਮ ਸਿੰਘ ਉਥੇ ਸਾਥੀਆਂ ਸਮੇਤ ਭੀੜ ਨੂੰ ਪਾਣੀ ਪਿਲਾ ਰਹੇ ਸਨ। ਇਸ ਖ਼ੂਨੀ ਕਾਂਡ ਨੇ ਊਧਮ ਸਿੰਘ ਦੇ ਮਨ 'ਤੇ ਇੰਨਾ ਡੂੰਘਾ ਅਸਰ ਕੀਤਾ ਕਿ ਉਨ੍ਹਾਂ ਨੇ ਇਸ ਖ਼ੂਨੀ ਹਾਦਸੇ ਦੇ ਜ਼ਿੰਮੇਵਾਰ ਅਫਸਰਾਂ ਤੋਂ ਬਦਲਾ ਲੈਣ ਦਾ ਪ੍ਰਣ ਲੈ ਲਿਆ।

ਇਸ ਤੋਂ ਬਾਅਦ ਉਹ ਅਮਰੀਕਾ ਚਲੇ ਗਏ ਤੇ ਜਦੋਂ ਉਨ੍ਹਾਂ ਨੂੰ ਬੱਬਰ ਅਕਾਲੀ ਲਹਿਰ ਬਾਰੇ ਪਤਾ ਲੱਗਾ ਤਾਂ ਵਾਪਸ ਭਾਰਤ ਆ ਗਏ। ਉਹ ਆਪਣੇ ਨਾਲ ਪਿਸਤੌਲ ਲੈ ਕੇ ਆਏ ਜਿਸ ਕਰਕੇ ਉਨ੍ਹਾਂ ਨੂੰ ਗ੍ਰਿਫਤਾਰ ਕਰਕੇ ਜੇਲ੍ਹ ਭੇਜ ਦਿੱਤਾ ਗਿਆ ਤੇ ਗੈਰ-ਕਾਨੂੰਨੀ ਅਸਲਾ ਤੇ ਗਦਰ ਪਾਰਟੀ ਨਾਲ ਸਬੰਧ ਰੱਖਣ ਦੇ ਦੋਸ਼ ਵਿਚ ਚਾਰ ਸਾਲ ਜੇਲ੍ਹ ਅੰਦਰ ਰੱਖਿਆ ਗਿਆ।

1931 ਵਿਚ ਜੇਲ੍ਹ ਤੋਂ ਰਿਹਾਈ ਪਿੱਛੋਂ ਉਹ ਸੁਨਾਮ ਆ ਗਏ ਜਿਥੇ ਪੁਲਿਸ ਉਨ੍ਹਾਂ ਨੂੰ ਲਗਾਤਾਰ ਪ੍ਰੇਸ਼ਾਨ ਕਰਦੀ ਰਹੀ। ਅਸਲ ਵਿਚ ਊਧਮ ਸਿੰਘ



'ਤੇ ਸ਼ਹੀਦ ਭਗਤ ਸਿੰਘ ਦੀ ਸ਼ਖ਼ਸੀਅਤ ਦਾ ਇੰਨਾ ਪ੍ਰਭਾਵ ਸੀ ਕਿ ਅੰਗਰੇਜ਼ ਉਨ੍ਹਾਂ ਨੂੰ ਭਗਤ ਸਿੰਘ ਦਾ ਸਾਥੀ ਸਮਝਦੇ ਸਨ। ਇਸ ਦੌਰਾਨ ਹੀ ਉਨ੍ਹਾਂ ਨੇ ਅੰਮ੍ਰਿਤਸਰ ਵਿਚ ਇਕ ਦੁਕਾਨ ਖੋਲ੍ਹੀ ਜਿਸ 'ਤੇ ਇਕ ਪੇਂਟਰ ਦਾ ਬੋਰਡ ਲਾਇਆ ਤੇ ਨਾਂ ਲਿਖਿਆ-ਰਾਮ ਮੁਹੰਮਦ ਸਿੰਘ ਆਜ਼ਾਦ। ਅਸਲ ਵਿਚ ਇਹ ਨਾਂ ਸਾਰੇ ਧਰਮਾਂ ਨੂੰ ਦਰਸਾਉਂਦਾ ਸੀ।

ਇਸ ਤੋਂ ਬਾਅਦ ਉਹ ਕਸ਼ਮੀਰ ਚਲੇ ਗਏ। ਪੁਲਿਸ ਲਗਾਤਾਰ ਉਨ੍ਹਾਂ 'ਤੇ ਨਜ਼ਰ ਰੱਖ ਰਹੀ ਸੀ। ਪਰ ਕਿਸੇ ਤਰ੍ਹਾਂ ਪੁਲਿਸ ਨੂੰ ਚਕਮਾ ਦੇ ਕੇ ਉਹ ਜਰਮਨੀ ਪਹੁੰਚ ਗਏ। ਇਸ ਤੋਂ ਬਾਅਦ ਉਹ 1934 ਵਿਚ ਲੰਡਨ ਪਹੁੰਚੇ ਜਿਥੇ ਉਹ ਆਪਣਾ ਟੀਚਾ ਪ੍ਰਾਪਤ ਕਰਨ ਲਈ ਯੋਜਨਾ ਬਣਾਉਣ ਲੱਗੇ। ਅੰਤ 13 ਮਾਰਚ 1940 ਨੂੰ ਉਹ ਦਿਨ ਆ ਗਿਆ ਜਦੋਂ ਲੰਡਨ ਦੇ ਕਿੰਗਸਟਨ ਹਾਲ ਵਿਚ ਈਸਟ ਇੰਡੀਆ ਕੰਪਨੀ ਤੇ ਕੇਂਦਰੀ ਏਸ਼ੀਅਨ ਸੁਸਾਇਟੀ ਦੀ ਸਾਂਝੀ ਮੀਟਿੰਗ ਹੋ ਰਹੀ ਸੀ ਜਿਸ ਵਿਚ ਜੱਲਿਆਂ ਵਾਲੇ ਬਾਗ ਦੇ ਖ਼ੂਨੀ ਕਾਂਡ ਦੇ ਮੁੱਖ ਦੋਸ਼ੀ ਜਨਰਲ ਓਡਵਾਇਰ ਨੇ ਭਾਸ਼ਣ ਦੇਣਾ ਸੀ। ਸ਼ਾਮ ਦਾ ਸਮਾਂ ਸੀ। ਊਧਮ ਸਿੰਘ ਹਾਲ ਵਿਚ ਦਾਖਲ ਹੋਣ ਸਮੇਂ ਆਪਣਾ ਰਿਵਾਲਵਰ ਕਿਤਾਬ ਵਿਚ ਲੁਕਾ ਕੇ ਲੈ ਗਏ ਸਨ।

ਜਿਵੇਂ ਹੀ ਓਡਵਾਇਰ ਦਾ ਭਾਸ਼ਣ ਖਤਮ ਹੋਇਆ, ਊਧਮ ਸਿੰਘ ਨੇ ਆਪਣੇ ਓਵਰ ਕੋਟ ਦੀ ਜੇਬ ਵਿਚੋਂ ਰਿਵਾਲਵਰ ਕੱਢ ਕੇ ਪਹਿਲੀਆਂ ਦੋ ਗੋਲੀਆਂ ਮਾਰਕੁਅਸ ਆਫ ਜੈਟਲੈਂਡ (ਸੈਕਰੇਟਰੀ ਫਾਰ ਇੰਡੀਆ ਸਟੇਟ) ਦੇ ਮਾਰੀਆਂ, ਜਿਸ ਨਾਲ ਉਹ ਜ਼ਖਮੀ ਹੋ ਕੇ ਆਪਣੀ ਕੁਰਸੀ 'ਤੇ ਡਿਗ ਪਿਆ, ਉਸ ਤੋਂ ਬਾਅਦ ਦੋ ਗੋਲੀਆਂ ਮਾਈਕਲ ਓਡਵਾਇਰ ਦੇ ਮਾਰੀਆਂ, ਜਿਸ ਨਾਲ ਉਸ ਦੀ ਮੌਕੇ 'ਤੇ ਹੀ ਮੌਤ ਹੋ ਗਈ। ਇਸ ਤੋਂ ਇਲਾਵਾ ਊਧਮ ਸਿੰਘ ਨੇ ਲੁਈਸ ਡੇਨ (ਸਾਬਕਾ ਗਵਰਨਰ ਬੰਬੇ), ਲਾਰਡ ਲੈਮਿੰਗਟਨ (ਸਾਬਕਾ ਗਵਰਨਰ ਪੰਜਾਬ), ਜੋ ਪਹਿਲੀ ਕਤਾਰ ਵਿਚ ਬੈਠੇ ਸਨ, ਦੇ ਵੀ ਗੋਲੀਆਂ ਮਾਰੀਆਂ। ਭਾਵੇਂ ਇਹ ਗੋਰੇ ਜੱਲਿਆਂ ਵਾਲੇ ਖ਼ੂਨੀ ਕਾਂਡ ਨਾਲ ਸਬੰਧਿਤ ਨਹੀਂ ਸਨ ਪਰ ਇਨ੍ਹਾਂ ਜ਼ਾਲਮਾਂ ਨੇ ਵੀ ਭਾਰਤੀ ਲੋਕਾਂ ਤੇ ਕ੍ਰਾਂਤੀਕਾਰੀਆਂ 'ਤੇ ਬਹੁਤ ਤਸ਼ੱਦਦ ਕੀਤਾ ਸੀ।

ਇਸ ਤਰ੍ਹਾਂ 21 ਸਾਲਾਂ ਬਾਅਦ ਊਧਮ ਸਿੰਘ ਨੇ ਜੱਲਿਆਂ ਵਾਲੇ ਖ਼ੂਨੀ ਸਾਕੇ ਦਾ ਬਦਲਾ ਲੰਡਨ ਵਿਚ ਲਿਆ। ਜ਼ਾਲਮ ਓਡਵਾਇਰ ਨੂੰ ਖਤਮ ਕਰਨ ਤੋਂ ਬਾਅਦ ਉਹ ਉਥੋਂ ਭੱਜੇ ਨਹੀਂ ਸਗੋਂ ਗ੍ਰਿਫਤਾਰੀ ਦੇ ਦਿੱਤੀ। ਇਸ ਤੋਂ ਬਾਅਦ ਉਨ੍ਹਾਂ 'ਤੇ ਕਤਲ ਦਾ ਮੁਕੱਦਮਾ ਚਲਾਇਆ ਗਿਆ।

ਪਹਿਲੀ ਅਪਰੈਲ 1940 ਨੂੰ ਉਨ੍ਹਾਂ ਨੂੰ ਓਡਵਾਇਰ ਦਾ ਕਾਤਲ ਕਰਾਰ ਦੇ ਦਿੱਤਾ ਗਿਆ। ਟਰਾਇਲ ਕੋਰਟ ਤੋਂ ਬਾਅਦ ਉਨ੍ਹਾਂ ਨੂੰ ਸੈਂਟਰਲ ਕ੍ਰਿਮਿਨਲ ਕੋਰਟ 'ਚ ਪੁੱਛ-ਗਿੱਛ ਲਈ ਪੇਸ਼ ਕੀਤਾ ਗਿਆ, ਜਿਸ ਪਿੱਛੋਂ ਉਨ੍ਹਾਂ ਨੂੰ ਪੁਰਾਣੀ ਬੇਲੀ ਜੇਲ੍ਹ 'ਚ ਰੱਖਿਆ ਗਿਆ। ਹਾਲਾਂਕਿ ਜਸਟਿਸ ਐਟਕਿਨਸਨ ਨੇ ਉਨ੍ਹਾਂ ਨੂੰ ਫਾਂਸੀ ਦੀ ਸਜ਼ਾ ਸੁਣਾ ਦਿੱਤੀ ਸੀ, ਜੋ ਰੱਦ ਕਰਵਾਉਣ ਲਈ 15 ਜੁਲਾਈ 1940 ਨੂੰ ਇਕ ਪਟੀਸ਼ਨ ਦਾਇਰ ਕੀਤੀ ਗਈ, ਜੋ ਖਾਰਜ ਕਰ ਦਿੱਤੀ ਗਈ। ਅੰਤ 31 ਜੁਲਾਈ 1940 ਨੂੰ ਪੈਂਟਵੇਲੀ ਜੇਲ੍ਹ ਵਿਚ ਇਸ ਸਿਰਲੱਥ ਸੂਰਮੇ ਨੂੰ ਫਾਂਸੀ 'ਤੇ ਲਟਕਾ ਦਿੱਤਾ ਗਿਆ।

ਊਧਮ ਸਿੰਘ ਦੀ ਜੀਵਨੀ ਪੜ੍ਹ ਕੇ ਜਿੱਥੇ ਪੰਜਾਬੀ ਹੋਣ 'ਤੇ ਮਾਣ ਮਹਿਸੂਸ ਹੁੰਦਾ ਹੈ, ਉਥੇ ਆਪਣੇ ਅੰਦਰ ਟੀਚਾ ਹਾਸਲ ਕਰਨ ਦਾ ਜਜ਼ਬਾ ਜਗਾਉਣ ਦੀ ਪ੍ਰੇਰਣਾ ਵੀ ਮਿਲਦੀ ਹੈ। ਸ਼ਹੀਦ ਊਧਮ ਸਿੰਘ ਦੀ ਇਸ ਕੁਰਬਾਨੀ ਨੂੰ ਭਾਰਤਵਾਸੀ ਰਹਿੰਦੀ ਦੁਨੀਆਂ ਤੱਕ ਯਾਦ ਰੱਖਣਗੇ।

# ਸ਼ਿਵ ਦੀ ਲੂਣਾ

ਕਲਾ ਪਰਿਕਰਮਾ

## ਦਰਦਮੰਦੀ ਦੀ ਨਾਰੀਵਾਦੀ ਕਵਿਤਾ

ਡਾ. ਜਤਿੰਦਰ ਕੌਰ

'ਲੂਣਾ' ਕਾਵਿ-ਨਾਟ ਪੰਜਾਬੀ ਕਵਿਤਾ ਦੇ ਨਾਲ ਪੰਜਾਬੀ ਸਮਾਜ-ਸਭਿਆਚਾਰ ਦਾ ਵੀ ਹਾਸਿਲ ਹੈ। ਸ਼ਿਵ ਕੁਮਾਰ ਬਟਾਲਵੀ ਹੋਣਾ ਬਿਰਹੋਂ ਦੀ ਹੂਕ ਵਿਚੋਂ ਨਾਰੀਵਾਦੀ ਸੁਰ ਦਾ ਉਦੈ ਹੋਣਾ ਹੈ। ਪਰੰਪਰਾ-ਪੂਜ, ਪਿਤਰ-ਸੱਤਾਧਾਰੀ ਮਾਨਸਿਕਤਾ ਅਤੇ ਰੂੜ੍ਹੀਵਾਦੀ ਰਵਾਇਤਾਂ ਖ਼ਿਲਾਫ਼ ਬਗ਼ਾਵਤ ਦਾ ਐਲਾਨਨਾਮਾ ਹੈ। ਨਾਬਰੀ ਦੀ ਇਹ ਸੁਰ ਕਦੇ ਗੀਤ, ਕਦੇ ਗ਼ਜ਼ਲ ਅਤੇ ਕਦੇ ਨਜ਼ਮ ਬਣ ਕੇ ਉਭਰੀ। ਪੀੜਾਂ ਦਾ ਪਰਾਗਾ (1960), ਲਾਜਵੰਤੀ (1961), ਆਟੇ ਦੀਆਂ ਚਿੜੀਆਂ (1962), ਮੈਨੂੰ ਵਿਦਾ ਕਰੋ (1963), ਬਿਰਹਾ ਤੂੰ ਸੁਲਤਾਨ (1964) ਕਵਿ ਸੰਗ੍ਰਹਿ ਛਪ ਜਾਣ ਤੱਕ ਸ਼ਿਵ ਦੀ ਮਕਬੂਲੀਅਤ ਅਤੇ ਹੁਨਰ ਜਗ ਜ਼ਾਹਿਰ ਹੋ ਗਏ ਸਨ।

ਲੂਣਾ (1965) ਪੰਜਾਬੀ ਕਵਿਤਾ ਅਤੇ ਸ਼ਿਵ ਦਾ ਆਪਣੀ ਪਹਿਲਾਂ ਕੀਤੀ ਜਾ ਚੁੱਕੀ ਰਚਨਾ ਤੋਂ ਅਗਾਂਹ ਲੰਘ ਜਾਣ ਦਾ ਪੈਂਡਾ ਹੈ। ਸ਼ਿਵ ਨੇ ਪਰੰਪਰਾ ਵਿਚ ਪ੍ਰਚਲਿਤ ਕਥਾ ਨੂੰ ਨਾਰੀਵਾਦੀ ਪੈਂਤੜੇ ਤੋਂ ਨਵਿਆਇਆ। ਮੱਧਕਾਲੀ ਪੰਜਾਬੀ ਕਿੱਸਾ ਕਾਵਿ ਵਿਚ ਪੂਰਨ ਭਗਤ ਦੇ ਹਵਾਲੇ ਨਾਲ ਪੇਸ਼ ਇਹ ਕਥਾ ਸ਼ਿਵ ਦੇ ਨਜ਼ਰੀਏ ਅੱਗੇ ਵੱਖਰੀ ਕਿਸਮ ਦੀ ਵੰਗਾਰ ਪੇਸ਼ ਕਰਦੀ ਹੈ। ਸ਼ਿਵ ਨੇ ਲੂਣਾ ਦੇ ਮੁੱਢ ਵਿਚ 'ਮੇਰੇ ਪਾਤਰ ਮੇਰੀ ਕਥਾ' ਨਾਮ ਦੇ ਸਿਰਲੇਖ ਹੇਠ ਆਪ ਲਿਖਿਆ, "ਰਾਜਿਆਂ ਦੇ ਟੁਕੜਿਆਂ 'ਤੇ ਪਲਣ ਵਾਲੇ ਕਵੀ ਜਦੋਂ ਕਹਾਣੀਆਂ ਲਿਖਣ ਬੈਠਦੇ ਸਨ, ਤਾਂ ਉਹ ਸੱਚ ਨੂੰ ਤਿਆਗ ਕੇ ਰਾਜਿਆਂ ਨੂੰ ਨੇਹ-ਕਲੰਕ ਸਿੱਧ ਕਰਦੇ ਸਨ। ਉਨ੍ਹਾਂ ਦੀਆਂ ਰਾਣੀਆਂ ਜਾਂ ਔਲਾਦ ਨੂੰ ਮੈਲਿਆਂ ਕਹਿ ਕੇ ਆਪਣੇ ਸ੍ਰਪਰਸਤਾਂ ਦੀ ਹਉਮੈ ਨੂੰ ਤ੍ਰਿਪਤ ਕਰਦੇ ਸਨ। ਪ੍ਰਚਲਿਤ ਸਦਾਚਾਰਕ ਨਿਯਮਾਂ ਦੀ ਉਲੰਘਣਾ ਕਰਨ ਦੀ ਦਲੇਰੀ ਉਨ੍ਹਾਂ ਵਿਚ ਉੱਕਾ ਨਹੀਂ ਸੀ ਹੁੰਦੀ।"

ਪੰਜ ਦਹਾਕੇ ਪਹਿਲਾਂ ਲਿਖੀ ਇਸ ਕਵਿਤਾ ਦੀ ਪ੍ਰਸੰਗਿਕਤਾ ਅੱਜ ਵੀ ਬਰਕਰਾਰ ਹੈ। ਸ਼ਿਵ ਨੇ ਇਸ ਵੰਗਾਰ ਨੂੰ ਕਬੂਲਿਆ, ਨਿਭਾਇਆ ਅਤੇ 'ਮੇਰੇ ਪਾਤਰ ਮੇਰੀ ਕਥਾ' ਵਿਚ ਅੱਗੇ ਲਿਖਿਆ, "ਪੂਰਨ ਦੇ ਕਿੱਸੇ ਨੂੰ ਲੂਣਾ ਦਾ ਕਿੱਸਾ ਕਹਿਣ ਵਿਚ ਵੀ ਨਵੇਂ ਅਰਥ ਸਥਾਪਿਤ ਹੋ ਜਾਂਦੇ ਹਨ। ਕਹਿੰਦੇ ਨੇ ਪੂਰਨ ਯੋਗੀ ਸੀ ਤੇ ਉਹ ਵੀ ਪੂਰਨਤਾ ਨੂੰ ਪ੍ਰਾਪਤ ਯੋਗੀ।... ਭਾਵੇਂ ਉਹ ਰਾਮ ਹੋਵੇ ਜਾਂ ਬੁੱਧ, ਚਰਪਟ ਹੋਵੇ ਜਾਂ ਪੂਰਨ, ਤੇ ਉਨ੍ਹਾਂ ਨੂੰ ਹੋਰ ਮਹਾਨ ਦਰਸਾਉਣ ਲਈ ਲੂਣਾ ਜਿਹੀਆਂ ਕੁੜੀਆਂ ਨੂੰ ਕਾਮ ਦੀਆਂ ਪੁਤਲੀਆਂ, ਮਾਇਆ ਦਾ ਰੂਪ ਅਤੇ ਸ਼ੈਤਾਨ ਦੀਆਂ ਦਾਸੀਆਂ ਸਿੱਧ ਕੀਤਾ ਜਾਂਦਾ ਸੀ। ਇਹ ਕੁੜੀਆਂ ਬਹੁਤੀ ਵਾਰ ਨੀਵੀਆਂ ਸ਼੍ਰੇਣੀਆਂ ਦੀਆਂ ਜੰਮ ਪਲ ਹੁੰਦੀਆਂ ਸਨ ਤੇ ਉਚੀ ਕੁਲ ਦੇ ਉਚੇ ਆਚਰਣ ਵਾਲਿਆਂ ਨੂੰ ਮੁਕਤੀ ਦੇ ਰਾਹ ਤੋਂ ਡੁਲਾਉਣ, ਭਟਕਾਉਣ ਦੇ ਚਿੰਨ੍ਹ ਵਜੋਂ ਪੇਸ਼ ਕੀਤੀਆਂ ਜਾਂਦੀਆਂ ਸਨ।"


ਦਰਅਸਲ ਸ਼ਿਵ ਦਾ ਕਾਵਿ ਜਗਤ ਦੁਨਿਆਵੀ ਅਸਲੀਅਤ ਨਾਲ ਜੁੜਿਆ ਅਤੇ ਭਿੱਜਿਆ ਹੈ। ਕਵੀ ਦੀ ਸਮਾਜਿਕ ਜ਼ਿੰਮੇਵਾਰੀ ਉਸ ਦੀ ਸ਼ਖ਼ਸੀਅਤ ਅਤੇ ਵਜੂਦ ਦਾ ਬਾਹਰਮੁਖੀ ਪ੍ਰਗਟਾਵਾ ਹੈ।

ਜਾਤ ਅਤੇ ਜਮਾਤ ਵਿਚ ਵੰਡੇ ਸਮਾਜ ਦੀ ਦਰਜਾਬੰਦੀ ਵਿਚ ਔਰਤ ਦਾ ਸਥਾਨ ਨਿਮਾਣਾ ਅਤੇ ਦਲਿਤ ਜਾਂ ਨੀਵੀਂ ਜਾਤ ਕਾਰਨ ਹੋਰ ਵੀ ਨਿਤਾਣਾ ਹੁੰਦਾ ਹੈ। ਸ਼ਿਵ ਨੇ ਪੰਜਾਬੀ ਸਮਾਜ ਦੀ ਇਸੇ ਦਰਜਾਬੰਦੀ ਨੂੰ ਪੇਸ਼ ਕੀਤਾ ਹੈ। ਔਰਤ ਮਨ ਦੀ ਵੇਦਨਾ, ਅਥਾਹ ਪੀੜਾ ਅਤੇ ਰੁਦਨ ਨੂੰ ਪੇਸ਼ਕਾਰੀ ਦੀ ਜੁਗਤ ਬਣਾ ਕੇ ਸ਼ਿਵ ਨੇ ਪ੍ਰਚਲਿਤ ਕਥਾ ਨੂੰ ਨਵਾਂ ਮੋੜ ਦਿੱਤਾ। ਲੋਕ ਮਨਾਂ ਅੰਦਰ ਵਸਦੀ ਕਹਾਣੀ ਨੂੰ ਲੋਕ ਮੁਹਾਵਰੇ ਵਿਚ ਪੇਸ਼ ਕਰਕੇ ਉਸ ਨੇ ਲੋਕ ਮਾਨਸਿਕਤਾ ਨੂੰ ਵੀ ਬਦਲਣ ਦਾ ਉਦਮ ਕੀਤਾ। ਇੰਜ ਖ਼ਤਰਾ ਸਹੇੜਨ ਦਾ ਹੀਆ ਵਿਰਲਾ ਕਵੀ ਹੀ ਕਰਦਾ ਹੈ। ਉਹ ਵੀ ਉਦੋਂ ਜਦੋਂ ਉਹ ਲੋਕਾਂ ਅੰਦਰ ਖ਼ਾਸ ਕਿਸਮ ਦੀ ਕਵਿਤਾ ਕਾਰਨ ਮਕਬੂਲ ਹੋਵੇ। ਆਪਣੀ ਸ਼ੋਹਰਤ ਅਤੇ ਪ੍ਰਸਿਧੀ ਨੂੰ ਦਾਅ ਉਤੇ ਲਗਾ ਕੇ ਨਵੀਆਂ ਲੀਹਾਂ ਦਾ ਸਫ਼ੀਰ ਬਣਨਾ ਹਰ ਕਿਸੇ ਦੇ ਹਿੱਸੇ ਨਹੀਂ ਆਉਂਦਾ:

ਜੇ ਲੂਣਾ/ਸ਼ੂਦਰ ਦੀ ਧੀ ਹੈ
ਨਿਰਦੋਸ਼ੀ ਦਾ ਦੋਸ਼ ਵੀ ਕੀਹ ਹੈ?
--
ਨਹੀਂ ਨਹੀਂ/ਕੁਝ ਦੋਸ਼ ਨਾ ਉਸ ਦਾ...
ਦੋਸ਼ ਤਾਂ ਸਾਡੇ ਧਰਮਾਂ ਦਾ ਹੈ
ਧਰਮ ਜੋ ਸਾਨੂੰ ਇਹ ਕਹਿੰਦੇ ਨੇ
ਮੰਦਿਰਾਂ ਦੇ ਵਿਚ ਸੰਖ ਵਜਾਵੋ
ਵੱਟਿਆਂ ਦੇ ਵਿਚ ਸ਼ਰਧਾ ਰੱਖੋ
ਪੱਥਰਾਂ ਅੱਗੇ ਧੂਫ਼ ਧੁਖਾਵੋ
ਪਰ ਜੇ ਮਾਨਵ ਮਰਦਾ ਹੋਵੇ
ਮਰਦੇ ਮੂੰਹ ਵਿਚ ਬੂੰਦ ਨਾ ਪਾਵੋ...
ਤਵਾਰੀਖ਼ ਦੀ ਛਾਤੀ ਉਤੇ
ਰੰਗਾਂ ਵਾਲੇ ਨਾਗ ਲੜਾਵੋ (ਸਲਵਾਨ, ਲੂਣਾ)

ਲੂਣਾ ਦੀ ਆਵਾਜ਼ ਦਰਅਸਲ ਹਰ ਮਜ਼ਲੂਮ ਔਰਤ ਦੀ ਆਵਾਜ਼ ਹੈ ਜੋ ਮਰਦਾਵੇਂ ਜਬਰ ਅਤੇ






ਦਾਬੇ ਦੀ ਸ਼ਿਕਾਰ ਹੈ। ਇਹ ਚੁੱਪ ਵਿਚੋਂ ਉਭਰੀ ਕੰਨ ਪਾੜਵੀਂ ਚੀਕ ਹੈ:

ਸਈਓ ਨੀ, ਅੱਗ ਕਿਉਂ ਨਾ ਬੋਲੇ?
ਜੀਭ ਦਾ ਜੰਦਰਾ ਕਿਉਂ ਨਾ ਖੋਹਲੇ?
ਸਾਣੇ ਜੀਭ ਲਵਾ ਹਰ ਅਗਨੀ
ਮੈਂ ਚਾਹੁੰਦੀ ਹਾਂ ਉਚੀ ਬੋਲੇ...
--
ਇਹ ਮੇਰਾ, ਵਿਸ਼ਵਾਸ ਹੇ ਈਰੇ
ਇਕ ਦਿਨ ਅੱਗ ਅਵੱਸ਼ ਕੂਵੇਗੀ
ਹਰ ਅੱਗ ਦੀ ਅੱਖ,
ਹੰਝੂ ਦੀ ਥਾਂ
ਬਲਦੀ ਬਾਗ਼ੀ ਰੱਤ ਸੂਵੇਗੀ... (ਲੂਣਾ)

ਔਰਤ ਦੀ ਵਰ ਦੀ ਆਜ਼ਾਦਾਨਾ ਚੋਣ ਦਾ ਮਸਲਾ ਉਸ ਦੀ ਹੋਂਦ ਦਾ ਮਸਲਾ ਹੈ। ਸ਼ਿਵ ਨੇ ਲੂਣਾ ਦੇ ਜ਼ਰੀਏ ਔਰਤ ਦੀ ਇਸ ਖ਼ਾਹਿਸ਼ ਦਾ ਪ੍ਰਗਟਾਵਾ ਬਾਖ਼ੂਬੀ ਕੀਤਾ ਹੈ। ਜਾਗੀਰਦਾਰੀ ਅਤੇ ਰਾਜਾਸ਼ਾਹੀ ਹੀ ਨਹੀਂ ਹਰ ਵਰਗ ਵਿਚ ਔਰਤ ਦੀ ਇਸ ਇੱਛਾ ਦਾ ਦਮਨ ਕੀਤਾ ਗਿਆ ਹੈ। ਇਸ ਦੇ ਉਲਟ ਅੱਲੜ੍ਹਾਂ ਅਤੇ ਮਾਸੂਮਾਂ ਦਾ ਹਰ ਉਮਰ ਅਤੇ ਵਰਗ ਦੇ ਮਰਦਾਂ ਵੱਲੋਂ ਜਿਸਮਾਨੀ ਅਤੇ ਜਜ਼ਬਾਤੀ ਸ਼ੋਸ਼ਣ ਕੀਤਾ ਗਿਆ ਹੈ। ਇਸ ਦੇ ਖ਼ਿਲਾਫ਼ ਸ਼ਿਵ ਇੰਜ ਪੈਂਤੜਾ ਮੱਲਦਾ ਹੈ:

ਧਰਮੀ ਬਾਬਲ ਪਾਪ ਕਮਾਇਆ
ਲੜ ਲਾਇਆ ਮੇਰੇ ਫੁੱਲ ਕੁਮਲਾਇਆ...
ਮੈਂ ਪੂਰਨ ਦੀ ਮਾਂ
ਪੂਰਨ ਦੇ ਹਾਣ ਦੀ!...
ਸਈਓ ਨੀ, ਮੈਂ ਧੀ ਵਰਗੀ ਸਲਵਾਨ ਦੀ...
ਪਿਤਾ ਜੇ ਧੀ ਦਾ ਰੂਪ ਹੰਢਾਵੇ
ਤਾਂ ਲੋਕਾਂ ਨੂੰ ਲਾਜ ਨਾ ਆਵੇ
ਜੇ ਲੂਣਾ ਪੂਰਨ ਨੂੰ ਚਾਹਵੇ
ਚ੍ਰਿਤਰਹੀਣ ਕਹੇ ਕਿਉਂ ਜੀਭ ਜਹਾਨ ਦੀ?... (ਲੂਣਾ)

ਔਰਤ ਦੀ ਹੋਂਦ ਦੇ ਇਹ ਚਿਰਕਾਲੀ ਸੁਆਲ ਅੱਜ ਵੀ ਬਰਕਰਾਰ ਹਨ। ਉਸ ਦੀ ਹੋਂਦ ਦਾ ਇਹ ਮਸਲਾ ਸਿੱਧਾ-ਸਿੱਧਾ ਆਰਥਿਕ ਨਾਬਰਾਬਰੀ ਨਾਲ ਜੁੜਿਆ ਹੈ। ਜਾਇਦਾਦ ਅਤੇ ਹੋਰ ਰੁਜ਼ਗਾਰ ਦੇ ਸਾਧਨਾਂ ਤੱਕ ਉਸ ਦੀ ਨਾਂ-ਮਾਤਰ ਰਸਾਈ ਅਤੇ ਧਨ ਦੀ ਨਾਬਰਾਬਰ ਵੰਡ ਨੇ ਉਸ ਦੀ ਹੋਣੀ ਨੂੰ ਹਰ ਵਾਰ ਹੀ ਹੋਰਨਾਂ ਦੀ ਮੁਥਾਜ ਕਰੀ ਰੱਖਿਆ:

ਇਹ ਧਰਤੀ, ਇਕ ਨਗਨ ਨਪੁੰਸਕ ਬਸਤੀ ਹੈ
ਏਥੇ ਰੋਟੀ ਮਹਿੰਗੀ, ਨਾਰੀ ਸਸਤੀ ਹੈ...
ਏਥੇ ਪਿਆਰ, ਮੁਹੱਬਤ ਰੋਟੀ ਦਾ ਹੀ ਨਾਂ ਹੈ
ਧਰਮ ਅਤੇ ਇਖ਼ਲਾਕ ਵੀ,
ਰੋਟੀ ਦਾ ਹੀ ਨਾਂ ਹੈ
ਅਕਲ, ਇਲਮ ਤੇ ਹੁਨਰ ਵੀ,
ਰੋਟੀ ਦਾ ਹੀ ਨਾਂ ਹੈ (ਈਰਾ, ਲੂਣਾ)

ਬਦਲਦੇ ਵਕਤ ਨਾਲ ਇਹ ਸੁਆਲ ਹੋਰ ਵੀ ਸੰਜੀਦਾ ਹੋਏ ਹਨ। ਸ਼ਿਵ ਦੇ ਹਿੱਸੇ ਔਰਤ ਮਨ ਦੀ ਤੜਫ ਨੂੰ ਸਮਝਣਾ ਅਤੇ ਉਸ ਦੀ ਖ਼ਾਮੋਸ਼ੀ ਨੂੰ ਜ਼ਬਾਨ ਦੇਣਾ ਵੀ ਆਇਆ ਹੈ। ਕਾਵਿ ਨਾਟਕ 'ਲੂਣਾ' ਉਸ ਨੇ ਇੰਦਰਾ ਗਾਂਧੀ ਨੂੰ ਸਮਰਪਿਤ ਕੀਤਾ ਹੈ ਅਤੇ ਹਰ ਅੰਕ ਅਗਾਂਹ ਹੋਰ ਉਘੀਆਂ ਬੀਬੀਆਂ ਨੂੰ।

ਔਰਤਾਂ ਬੇਸ਼ਕ ਉਸ ਦੀਆਂ ਵਧੇਰੇ ਪ੍ਰਸ਼ੰਸਕ ਰਹੀਆਂ ਹਨ। ਇਸ ਦਾ ਸਬੱਬ ਕੁਝ ਹੋਰ ਨਾ ਹੋ ਕੇ ਉਸ ਦਾ ਔਰਤਾਂ ਲਈ ਨਿਰਛਲ ਮੋਹ ਅਤੇ ਔਰਤ ਪੱਖੀ ਨਜ਼ਰੀਆ ਹੈ। ਇਸ ਤੋਂ ਵੀ ਵਧੀਕ ਉਸ ਦਾ ਔਰਤ ਮਨ ਦੀਆਂ ਪਰਤਾਂ ਹੇਠ ਦਬੀਆਂ ਉਸ ਦੀ ਦੇਹ ਦੀਆਂ ਕਾਮਨਾਵਾਂ ਅਤੇ ਇੱਛਾਵਾਂ ਦੇ ਸੰਸਾਰ ਵੱਲ ਦਰਦਮੰਦੀ ਵਾਲਾ ਰਵੱਈਆ ਹੈ।

ਔਰਤ ਦੀ ਪੀੜ ਨੂੰ ਉਸ ਨੇ ਧੁਰ ਅੰਦਰ ਦੀਆਂ ਗਹਿਰਾਈਆਂ ਤੋਂ ਚਿਤਰਿਆ ਹੈ। ਸ਼ਿਵ ਨੇ ਆਪਣੇ ਲੇਖ 'ਮੇਰੇ ਨਿੰਦਕ' ਵਿਚ ਲਿਖਿਆ ਹੈ: "ਹਰ ਇਕ ਨੂੰ ਆਪਣਾ ਲਹੂ ਅਤੇ ਦਰਦ ਪਿਆਰਾ ਹੁੰਦਾ ਹੈ। ਮੇਰੀ ਆਵਾਜ਼ ਵਿਚ ਇਸਤਰੀ ਵੇਦਨਾ ਹੈ, ਏਸ ਲਈ ਹਰ ਇਸਤਰੀ ਨੂੰ ਇਹ ਆਵਾਜ਼ ਉਸ ਦੀ ਆਪਣੀ ਆਵਾਜ਼ ਅਨੁਭਵ ਹੋਣੀ ਬੜੀ ਸੁਭਾਵਿਕ ਹੈ, ਕਿਉਂ ਜੋ ਬਿਰਹਾ ਦੀ ਇਸ ਅਣ-ਮੁੱਕ ਪੀੜ ਵਿਚ ਕਿਸੇ ਤਰ੍ਹਾਂ ਦਾ ਮੁਲੰਮਾ ਨਹੀਂ।" ਸ਼ਿਵ ਲਈ ਔਰਤ ਸਿਰਜਣਾ ਸ਼ਕਤੀ ਹੈ ਅਤੇ ਧਰਤੀ ਦੀ ਖ਼ੂਬਸੂਰਤੀ ਦੀ ਬੁਨਿਆਦ ਵੀ:

ਧਰਤੀ 'ਤੇ, ਜੋ ਕੁਝ ਸੁਹਣਾ ਹੈ
ਉਸ ਦੇ ਪਿੱਛੇ ਨਾਰ ਅਵੱਸ਼ ਹੈ
ਜੋ ਕੁਝ ਕਿਸੇ, ਮਹਾਨ ਹੈ ਰਚਿਆ
ਉਸ ਵਿਚ ਨਾਰੀ ਦਾ ਹੀ ਹੱਥ ਹੈ
ਨਾਰੀ ਆਪੇ ਨਾਰਾਇਣ ਹੈ...
ਹਰ ਮੱਥੇ ਦੀ ਤੀਜੀ ਅੱਖ ਹੈ
ਨਾਰੀ ਧਰਤੀ ਦੀ ਕਵਿਤਾ ਹੈ... (ਲੂਣਾ)

ਸ਼ਿਵ ਕੁਮਾਰ ਬਟਾਲਵੀ ਔਰਤ ਦੇ ਦੁਖਾਂਤ ਨੂੰ ਸਮਝ/ਮਹਿਸੂਸ ਕੇ ਹੀ ਲੂਣਾ ਦੀ ਪੀੜ ਦੀ ਪੇਸ਼ਕਾਰੀ ਸਹਿਜ ਭਾਅ ਨਾਲ ਕਰ ਸਕਿਆ ਹੈ।

# ਆਖ ਤਸਵੀਰਾਂ ਬੋਲਦੀਆਂ

ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖ਼ੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 11 ਅਗਸਤ 2018 ਹੈ। -ਸੰਪਾਦਕ

## ਕੈਪਸ਼ਨ ਮੁਕਾਬਲਾ-337




ਚੌਕ 'ਚ ਖਲੋਤੇ ਹੋਏ ਦਾ ਦੇਖ ਕੇ ਇਸ਼ਾਰਾ ਮੇਰਾ,
ਤੁਰਦੇ ਜਾਂ ਰੁਕ ਜਾਂਦੇ ਸਾਰੇ 'ਆਮ ਖਾਸ' ਜੀ।
ਸੱਜੇ-ਖੱਬੇ ਨਹੀਂਓਂ ਸਗੋਂ ਥੱਲੇ ਵੱਲ ਹੱਥ ਕਰ,
ਅੱਜ ਮੈਂ ਦਿਖਾ ਰਿਹਾ ਹਾਂ 'ਸ਼ਹਿਰ ਦਾ ਵਿਕਾਸ' ਜੀ!

## ਕੈਪਸ਼ਨ ਮੁਕਾਬਲਾ-335



ਸੋਕਾ ਲੱਗਿਆ ਫਸਲ ਦੇ ਤਾਈਂ
ਲੰਗੇ ਡੰਗ ਹੀ ਬਿਜਲੀ ਆਵੇ।
ਦਾਤਾ ਅੰਨ ਦਾ ਸੋਚੀਂ ਡੁੱਬਿਆ
ਤੋੜੀ ਨਾ ਹੁਣ ਬੁਰਕੀ ਜਾਵੇ।
ਮਹਿਲੀਂ ਬੈਠੇ ਗੱਪੀਆਂ ਤਾਈਂ
ਘੇਰਨ ਦੀ ਤਰਕੀਬ ਬਣਾਵੇ।
**-ਜਗਮੀਤ ਸਿੰਘ ਪੰਧੇਰ**
**ਫੋਨ: 91-98783-37222**
---
ਵੱਟ 'ਤੇ ਬੈਠਾ ਜੱਟ ਕਰੇ ਵਿਚਾਰ
ਫੋਕੀ ਜੱਟ ਦੀ ਬੱਲੇ ਬੱਲੇ।
ਧਰਤੀ ਬੰਜਰ, ਪਾਣੀ ਡੂੰਘੇ
ਚੱਪਾ ਚੱਪਾ ਕਰਜੇ ਥੱਲੇ।
ਵੋਟਾਂ ਵੇਲੇ ਲਾਲਚ ਕਰ'ਗੇ
ਮੁਫਤ ਬਿਜਲੀ ਨੇ ਬੁੱਧੂ ਬਣਾਇਆ।
ਦਿਨ ਰਾਤ ਦਾ ਟਾਈਮ ਨਹੀਂ ਕੋਈ
ਜੱਟ ਉਡੀਕੇ ਭੁੱਖਾ ਤਿਹਾਇਆ।
**-ਗੁਰਦੇਵ ਸਿੰਘ ਢਪਾਲੀ, ਬਠਿੰਡਾ**
**ਫੋਨ: 91-94176-49275**
---
ਮੂੰਹ ਹਨੇਰੇ ਘਰੋਂ ਚੱਲਿਆ
ਆਣ ਮੱਕੀ ਨੂੰ ਪੰਪ ਚਲਾਇਆ।
'ਕੱਲਾ ਕਹਿਰਾ ਕਰੇ ਖੇਤੀ
ਛਾਹ-ਬੇਲਾ ਨਾਲ ਲਿਆਇਆ।
ਦਾਲ, ਅਚਾਰ, ਰੋਟੀ ਤੇ ਗੰਢਾ
ਲੱਸੀ ਦਾ ਡੋਲੂ ਥਿਆਇਆ।
ਬੈਠ ਵੱਟ 'ਤੇ ਖਾਵਣ ਲੱਗਾ
ਡਾਹ ਪੱਟ ਦਾ ਮੇਜ਼ ਬਣਾਇਆ।
**-ਸੇਵਾ ਸਿੰਘ ਨੂਰਪੁਰੀ**
**ਫੋਨ: 408-912-3438**
---
ਕੱਕਰ, ਹੁੰਮਸ, ਮੀਂਹ ਤੇ ਧੁੱਪਾਂ
ਨੰਗੇ ਸਿਰ ਕਿਰਸਾਣ ਹੰਢਾਵੇ।
ਕਰਜਿਆਂ, ਖਰਚਿਆਂ ਨੇ ਮੱਤ ਮਾਰੀ
ਸਰਕਾਰ, ਆੜ੍ਹਤੀ ਕੋਈ ਹੱਥ ਨਾ ਫੜ੍ਹਾਵੇ।
ਦੁੱਧ ਦੀਆਂ ਨਦੀਆਂ, ਅੰਨ ਭੰਡਾਰ
ਅੰਨ ਦਾਤਾ ਬਣ ਭਰਦਾ ਜਾਵੇ।
ਰੋਹ, ਗੁੱਸੇ ਵਿਚ ਭਰਿਆ ਸੋਚੇ
ਜੀਵੇ ਜਾਂ ਫਿਰ ਮਰ ਹੀ ਜਾਵੇ।
**-ਦਵਿੰਦਰ ਕੌਰ**
---
ਸਾਂਝੀਵਾਲਤਾ ਦਾ ਯੁਗ ਮੁੱਕਿਆ
ਹਰੀ ਕ੍ਰਾਂਤੀ ਪਿਛੋਂ ਹੋਏ 'ਕੱਲੇ 'ਕੱਲੇ।
ਵਿਹਲੜ ਪੁੱਤ ਹੋਏ ਨਸ਼ੇੜੀ
ਜਾਂ ਫਿਰ ਹੋ ਗਏ ਕਰਜਿਆਂ ਥੱਲੇ।
ਜੱਟ ਤੇ ਕਾਮੇ ਦੀ ਜੂਨ ਸਦਾ ਤੋਂ ਔਖੀ
ਨਾ ਕੋਈ ਬਾਂਹ ਫੜ੍ਹੇ, ਨਾ ਕੁਝ ਪੱਲੇ।
**-ਅਮਰਜੀਤ ਸਿੰਘ ਤੂਰ**
**ਫੋਨ: 91-98784-69639**
---
ਨਾਮ ਜਪੋ, ਕਿਰਤ ਕਰੋ, ਵੰਡ ਛਕੋ
ਬਾਬੇ ਨਾਨਕ ਰਾਹ ਦਿਖਾਇਆ।
ਤਰੱਕੀ ਦੇ ਨਾਂ 'ਤੇ ਸਾਮਰਾਜ ਭਾਰੂ
ਵੱਡੀ ਮੱਛੀ ਨੇ ਛੋਟੀ ਨੂੰ ਖਾਇਆ।
ਨਵੀਂ ਪੀੜ੍ਹੀ ਕਿਰਤ ਭੁੱਲ ਗਈ
ਜੱਟ ਕਰਜਿਆਂ ਨੇ ਰੁਲਾਇਆ।
**-ਜਗਜੀਤ ਕੌਰ ਤੂਰ, ਚੰਡੀਗੜ੍ਹ**
---
ਚੰਗਾ ਭਲਾ ਖੁਸ਼ਹਾਲ ਸੀ ਕਿਸਾਨ
ਚੰਦਰੇ ਕਾਰਪੋਰੇਟ ਜਗਤ ਨੇ
ਹਰੀ ਕ੍ਰਾਂਤੀ ਦੇ ਨਾਂ ਥੱਲੇ ਸਬਜ਼ਬਾਗ ਦਿਖਾ
ਛੋਟਾ ਕਿਸਾਨ ਖਤਮ ਕਰ ਦਿੱਤਾ
ਜੋ ਵੇਚ ਵੱਟ ਜਿਣਸ
ਲੁੱਡੀਆਂ ਪਾਉਂਦਾ ਸੀ ਮੇਲੇ 'ਚ
ਕਹਾਉਂਦਾ ਸੀ ਅੰਨ ਦਾਤਾ।
**-ਦਰਸ਼ਨਪਾਲ ਦੋਸਾਂਝ**

# ਔਰਤਾਂ ਦੀ ਤਸਕਰੀ ਬਾਰੇ ਦਿਲ ਹਲੂਣਨ ਵਾਲੇ ਅੰਕੜੇ ਆਏ ਸਾਹਮਣੇ

**ਤਰਨ ਤਾਰਨ:** ਗਰੀਬ ਘਰਾਂ ਦੀਆਂ ਲੜਕੀਆਂ ਨੂੰ ਭਵਿੱਖ ਸੰਵਾਰਨ ਅਤੇ ਹੋਰ ਲਾਲਚ ਦੇ ਕੇ ਭਾਰਤ ਸਮੇਤ ਵੱਖ-ਵੱਖ ਦੇਸ਼ਾਂ 'ਚ ਮਨੁੱਖੀ ਤਸਕਰੀ ਦਾ ਕਾਰੋਬਾਰ ਬਹੁਤ ਵੱਡੇ ਪੱਧਰ ਉਤੇ ਚੱਲ ਰਿਹਾ ਹੈ। ਇਥੋਂ ਤੱਕ ਕਿ ਸ਼ੇਖ਼ਾਂ ਹਵਾਲੇ ਕੀਤੀਆਂ ਜਾਂਦੀਆਂ ਇਨ੍ਹਾਂ ਛੋਟੀਆਂ-ਛੋਟੀਆਂ ਲੜਕੀਆਂ ਨੂੰ ਲਿਜਾਣ ਵਾਲੇ ਏਜੰਟ ਇਨ੍ਹਾਂ ਦੀ ਕੋਈ ਪੁੱਛ ਪੜਤਾਲ ਵੀ ਨਹੀਂ ਕਰਦੇ। ਸ਼ੇਖ ਇਨ੍ਹਾਂ ਨੂੰ ਆਪਣੀ ਪਸੰਦ ਅਨੁਸਾਰ ਆਪਣੇ ਨਾਲ ਲਿਜਾ ਕੇ ਜਿਥੇ ਬੰਦੂਆਂ ਵਾਂਗ ਕੰਮ ਕਰਵਾਉਂਦੇ ਹਨ, ਉਥੇ ਉਨ੍ਹਾਂ ਦਾ ਸਰੀਰਕ ਸ਼ੋਸ਼ਣ ਵੀ ਕੀਤਾ ਜਾਂਦਾ ਹੈ।

ਇਹ ਖੁਲਾਸਾ ਜ਼ਿਲ੍ਹਾ ਤਰਨ ਤਾਰਨ ਦੀ ਪਿੰਡ ਪੰਡੋਰੀ ਗੋਲਾ ਦੀ ਰਹਿਣ ਵਾਲੀ ਲੜਕੀ ਸਿਮਰਨਜੀਤ ਕੌਰ ਨੇ ਕੀਤਾ, ਜੋ ਕਿ ਕੇਂਦਰੀ ਵਿਦੇਸ਼ੀ ਮੰਤਰੀ ਸੁਸ਼ਮਾ ਸਵਰਾਜ ਦੇ ਯਤਨਾਂ ਸਦਕਾ ਦੁਬਈ ਦੇ ਏਜੰਟਾਂ ਦੇ ਚੁੰਗਲ ਵਿਚੋਂ ਨਿਕਲ ਕੇ ਆਪਣੇ ਪਰਿਵਾਰ 'ਚ ਪਹੁੰਚੀ।

ਸਿਮਰਨਜੀਤ ਕੌਰ ਨੂੰ ਉਨ੍ਹਾਂ ਦੀ ਪਿੰਡ ਦੀ ਰਹਿਣ ਵਾਲੀ ਏਜੰਟ ਗੁਰਜੀਤ ਕੌਰ ਨੇ ਦੁਬਈ



ਵਿਚ ਘਰ ਵਿਚ ਬੱਚਿਆਂ ਦੀ ਦੇਖਭਾਲ ਕਰਨ ਦਾ ਕੰਮ ਦਾ ਕਹਿ ਕੇ ਭੇਜਿਆ ਸੀ। ਗੁਰਜੀਤ ਕੌਰ ਦੀ ਲੜਕੀ ਵੀ ਯੂ.ਏ.ਈ. 'ਚ ਹੈ, ਜਿਥੇ ਉਹ ਉਥੋਂ ਦੇ ਏਜੰਟ ਇਬਰਾਹੀਮ ਪਾਲਮ ਯੂਸਫ਼ ਨਾਲ ਕੰਮ ਕਰਦੀ ਹੈ। ਇਸ ਏਜੰਟ ਨੇ ਇਸ ਤੋਂ ਪਹਿਲਾਂ ਪਿੰਡ ਪੰਡੋਰੀ ਗੋਲਾ ਦੀ ਰਹਿਣ ਵਾਲੀ ਸੰਦੀਪ ਕੌਰ ਪੁੱਤਰੀ ਕੁਲਜੀਤ ਸਿੰਘ ਅਤੇ ਰਵਨੀਤ ਕੌਰ ਪੁੱਤਰੀ ਗੱਜਣ ਸਿੰਘ ਵਾਸੀ ਸੇਰੋਂ ਨੂੰ ਵੀ ਭੇਜਿਆ ਸੀ।

ਸਿਮਰਨਜੀਤ ਕੌਰ ਨੇ ਦੱਸਿਆ ਕਿ ਜਦ ਉਹ ਦੁਬਈ ਪਹੁੰਚੀ ਤਾਂ ਉਥੇ ਏਜੰਟ ਇਬਰਾਹੀਮ ਉਸ ਨੂੰ ਇਕ ਘਰ ਵਿਚ ਲੈ ਗਿਆ, ਜਿਥੇ ਤਿੰਨ ਲੜਕੀਆਂ ਪਹਿਲਾਂ ਵੀ ਰਹਿ ਰਹੀਆਂ ਸਨ। ਜਦ ਉਹ ਇਬਰਾਹੀਮ ਦੇ ਦਫਤਰ ਪਹੁੰਚੀ ਤਾਂ ਉਥੇ ਬਹੁਤ ਸਾਰੀਆਂ ਲੜਕੀਆਂ ਮੌਜੂਦ ਸਨ। ਉਸ ਦਫਤਰ 'ਚ ਸ਼ੇਖ ਆਉਂਦੇ ਅਤੇ ਆਪਣੀ ਪਸੰਦ ਦੀਆਂ ਲੜਕੀਆਂ ਨੂੰ ਆਪਣੇ ਨਾਲ ਲੈ ਜਾਂਦੇ। ਵਾਪਸ ਆਈਆਂ ਲੜਕੀਆਂ ਅਨੁਸਾਰ ਇਸ ਕੰਮ ਲਈ ਏਜੰਟ ਨੂੰ ਮੌਕੇ ਉਤੇ ਹੀ ਇਕ ਹਜ਼ਾਰ ਡਾਲਰ ਮਿਲਦੇ ਸਨ, ਜਦਕਿ ਲੜਕੀਆਂ ਦੀਆਂ ਤਨਖਾਹਾਂ ਵਿਚੋਂ ਵੀ ਵੱਡਾ ਹਿੱਸਾ ਇਹ ਏਜੰਟ ਆਪਣੇ ਕੋਲ ਹੀ ਰੱਖ ਲੈਂਦੇ।

ਸਿਮਰਨਜੀਤ ਕੌਰ ਨੇ ਦੱਸਿਆ ਕਿ ਉਸ ਦੇ ਪਰਿਵਾਰਕ ਮੈਂਬਰਾਂ ਨੇ ਏਜੰਟ ਗੁਰਜੀਤ ਕੌਰ ਨੂੰ 25 ਹਜ਼ਾਰ ਰੁਪਏ ਨਗਦ ਦਿੱਤੇ ਸਨ ਅਤੇ ਬਾਕੀ ਪੈਸੇ ਉਸ ਦੀ ਤਨਖਾਹ ਵਿਚੋਂ ਕਟਵਾਉਣੇ ਸਨ। ਜਦ ਉਹ ਦੁਬਈ ਪਹੁੰਚੀ ਤਾਂ ਏਅਰਪੋਰਟ 'ਤੇ ਉਨ੍ਹਾਂ ਨੂੰ ਇਕ ਪੰਜਾਬੀ ਵਿਅਕਤੀ ਮਿਲਿਆ, ਜਿਸ ਨੇ ਤਰਸ ਖਾ ਕੇ ਉਨ੍ਹਾਂ ਨੂੰ ਉਥੋਂ ਦੀ ਇਕ ਸਿੰਮ ਆਪਣੇ ਕੋਲੋਂ ਲੈ ਕੇ ਦਿੱਤੀ ਜਿਸ ਰਾਹੀਂ ਉਸ ਨੇ ਆਪਣੀ ਮਾਂ ਨੂੰ ਫੋਨ ਕੀਤਾ ਕਿ ਇਥੇ ਸਭ ਠੀਕ ਨਹੀਂ ਹੈ, ਜਿਸ ਤੋਂ ਬਾਅਦ ਉਨ੍ਹਾਂ ਨੇ ਉਨ੍ਹਾਂ ਦੇ ਜਾਣਕਾਰ ਵੱਲੋਂ ਕੇਂਦਰੀ ਮੰਤਰੀ ਸੁਸ਼ਮਾ ਸਵਰਾਜ ਅਤੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨਾਲ ਸੰਪਰਕ ਕਰਨ ਤੋਂ ਬਾਅਦ ਉਹ ਵਿਦੇਸ਼ ਮੰਤਰਾਲੇ ਦੇ ਸਹਿਯੋਗ ਨਾਲ ਵਾਪਸ ਪਹੁੰਚਣ ਵਿਚ ਕਾਮਯਾਬ ਹੋ ਗਈ। ਵਿਦੇਸ਼ ਮੰਤਰਾਲੇ ਦੇ ਨੁਮਾਇੰਦਿਆਂ ਨੇ ਸਿਮਰਨਜੀਤ ਕੌਰ ਨੂੰ ਪਰਿਵਾਰ ਤੱਕ ਪਹੁੰਚਾਇਆ।

## ਟਰੈਵਲ ਏਜੰਟਾਂ ਖਿਲਾਫ ਸ਼ਿਕੰਜਾ ਕੱਸਣ 'ਤੇ ਜ਼ੋਰ

**ਨਵੀਂ ਦਿੱਲੀ:** ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਨੇ ਕਿਹਾ ਕਿ ਇਰਾਕ ਵਿਚ ਮਾਰੇ ਗਏ 39 ਭਾਰਤੀਆਂ ਲਈ ਜ਼ਿੰਮੇਵਾਰ ਟਰੈਵਲ ਏਜੰਟ ਅਜੇ ਵੀ ਦੇਸ਼ ਵਿਚ ਆਪਣਾ ਕਾਰੋਬਾਰ ਚਲਾ ਰਹੇ ਹਨ। ਉਨ੍ਹਾਂ ਕਿਹਾ ਕਿ ਰਾਜਾਂ ਦੇ ਮਹਿਲਾ ਕਮਿਸ਼ਨਾਂ ਨੂੰ ਕਿਹਾ ਹੈ ਕਿ ਅਜਿਹੇ ਗੈਰਕਾਨੂੰਨੀ ਟਰੈਵਲ ਏਜੰਟਾਂ ਵਿਰੁੱਧ ਕਾਰਵਾਈ ਕਰਨ।

ਸਵਰਾਜ ਨੇ ਮਾਰਚ ਵਿਚ ਸੰਸਦ ਵਿਚ ਜਾਣਕਾਰੀ ਦਿੱਤੀ ਸੀ ਕਿ ਭਾਰਤ ਵਿਚੋਂ ਇਰਾਕ ਗਏ 39 ਭਾਰਤੀਆਂ ਨੂੰ ਆਈ.ਐਸ.ਆਈ.ਐਸ. ਨੇ ਅਗਵਾ ਕਰਨ ਤੋਂ ਬਾਅਦ ਹੱਤਿਆ ਕਰ ਦਿੱਤੀ ਸੀ। ਵਿਦੇਸ਼ ਮੰਤਰੀ ਨੇ ਲੋਕਾਂ ਨੂੰ ਵੀ ਸਲਾਹ ਦਿੱਤੀ ਕਿ ਉਹ ਕਾਨੂੰਨੀ ਪ੍ਰਕਿਰਿਆ ਪੂਰੀ ਕਰ ਕੇ ਹੀ ਵਿਦੇਸ਼ ਜਾਣ ਅਤੇ ਇਸ ਲਈ ਸਰਕਾਰੀ ਮਾਨਤਾ ਪ੍ਰਾਪਤ ਏਜੰਟਾਂ ਦੀ ਹੀ ਮਦਦ ਲਈ ਜਾਵੇ।

# ਭਾਰਤ 'ਚ ਜਬਰ ਜਨਾਹ ਦੀਆਂ 90 ਫੀਸਦੀ ਪੀੜਤਾਂ 'ਆਪਣਿਆਂ' ਦਾ ਹੋਈਆਂ ਸ਼ਿਕਾਰ

**ਚੰਡੀਗੜ੍ਹ:** ਭਾਰਤ ਵਾਸੀ ਭਾਵੇਂ ਜ਼ਿੰਦਗੀ ਦੇ ਹਰ ਖੇਤਰ ਵਿਚ ਤਰੱਕੀ ਦੀਆਂ ਪੁਲਾਂਘਾਂ ਪੁੱਟ ਰਹੇ ਹਨ ਪਰ ਸਮਾਜ ਵਿਚ ਇਨਸਾਨੀਅਤ ਕਦਰਾਂ-ਕੀਮਤਾਂ ਵਿਚ ਆ ਰਹੀ ਗਿਰਾਵਟ ਬਹੁਤ ਹੀ ਚਿੰਤਾ ਦਾ ਵਿਸ਼ਾ ਬਣਦਾ ਜਾ ਰਿਹਾ ਹੈ। ਅਜੋਕੇ ਸਮੇਂ 'ਚ ਦੇਸ਼ ਭਰ 'ਚ ਸਕੇ ਸੰਬੰਧੀਆਂ ਅਤੇ ਜਾਣਕਾਰ



ਵਿਅਕਤੀਆਂ ਵੱਲੋਂ ਹੀ ਔਰਤਾਂ ਅਤੇ ਲੜਕੀਆਂ ਨਾਲ ਜਬਰ ਜਨਾਹ ਕਰਨ ਦੀਆਂ ਵਾਪਰੀਆਂ ਘਟਨਾਵਾਂ ਮਨੁੱਖਤਾ ਅਤੇ ਇਨਸਾਨੀ ਰਿਸ਼ਤਿਆਂ ਨੂੰ ਸ਼ਰਮਸਾਰ ਕਰਨ ਵਾਲੀ ਤਸਵੀਰ 'ਨੈਸ਼ਨਲ ਕ੍ਰਾਈਮ ਰਿਕਾਰਡ ਬਿਊਰੋ' ਦੇ ਅੰਕੜੇ ਪੇਸ਼ ਕਰਦੇ ਹਨ।

ਇਨ੍ਹਾਂ ਅੰਕੜਿਆਂ ਮੁਤਾਬਕ ਸਾਲ 2016 'ਚ 38 ਹਜ਼ਾਰ 947 ਔਰਤਾਂ ਨਾਲ ਜਬਰ ਜਨਾਹ ਹੋਏ, ਜਿਨ੍ਹਾਂ 'ਚੋਂ 36 ਹਜ਼ਾਰ 859 ਮੁਲਜ਼ਮ ਵਿਅਕਤੀ ਸਿੱਧੇ ਜਾਂ ਅਸਿੱਧੇ ਰੂਪ 'ਚ ਪੀੜਤ ਔਰਤਾਂ ਨੂੰ ਜਾਣਦੇ ਸਨ, ਜਿਨ੍ਹਾਂ ਵਿਚੋਂ 630 ਘਰੇਲੂ ਮੈਂਬਰ ਸਨ, 1087 ਪਰਿਵਾਰ ਦੇ ਨੇੜਲੇ ਵਿਅਕਤੀ ਸਨ, 2174 ਮੁਲਜ਼ਮ ਦੂਰ-ਨੇੜੇ ਦੇ ਰਿਸ਼ਤੇਦਾਰ ਸੀ, 10520 ਗੁਆਂਢੀ ਸੀ ਅਤੇ 24536 ਜਬਰ ਜਨਾਹ ਕਰਨ ਵਾਲੇ ਮੁਲਜ਼ਮ ਕਿਸੇ ਨਾ ਕਿਸੇ ਰੂਪ 'ਚ ਪੀੜਤਾਂ ਤੋਂ ਜਾਣੂ ਸਨ। ਅੰਕੜਿਆਂ ਅਨੁਸਾਰ, ਮੱਧ ਪ੍ਰਦੇਸ਼ 'ਚ 4882 ਔਰਤਾਂ ਨਾਲ ਜਬਰ ਜਨਾਹ ਹੋਏ, ਜਿਨ੍ਹਾਂ 'ਚ 4789 ਜਬਰ ਜਨਾਹ ਕਰਨ ਵਾਲੇ ਵਿਅਕਤੀ ਔਰਤਾਂ ਜਾਂ ਲੜਕੀਆਂ ਨੂੰ ਜਾਣਦੇ ਸਨ। ਦੂਜੇ ਨੰਬਰ 'ਤੇ ਉਤਰ ਪ੍ਰਦੇਸ਼ ਵਿਚ 4816 ਜਬਰ ਜਨਾਹ ਹੋਏ ਅਤੇ 4803 ਮੁਲਜ਼ਮ ਪੀੜਤ ਔਰਤਾਂ ਦੇ ਜਾਣਕਾਰ ਸਨ। ਤੀਜੇ ਸਥਾਨ ਉਤੇ ਮਹਾਰਾਸ਼ਟਰ 'ਚ 4189 ਔਰਤਾਂ ਜਬਰ ਜਨਾਹ ਦਾ ਸ਼ਿਕਾਰ ਹੋਈਆਂ।

ਜਬਰ ਜਨਾਹ ਕਰਨ ਵਾਲੇ 4126 ਮੁਲਜ਼ਮ ਔਰਤਾਂ ਨੂੰ ਜਾਣਦੇ ਸਨ। ਰਾਜਸਥਾਨ ਵਿਚ 3656 ਜਬਰ ਜਨਾਹ ਦੀਆਂ ਘਟਨਾਵਾਂ ਹੋਈਆਂ, ਦਿੱਲੀ 'ਚ 2151, ਉੜੀਸਾ 'ਚ 1983, ਆਸਾਮ 'ਚ 1779, ਕੇਰਲਾ 'ਚ 1656, ਕਰਨਾਟਕਾ ਵਿਚ 1655, ਛੱਤੀਸਗੜ੍ਹ 'ਚ 1626, ਤੇਲੰਗਾਨਾ 'ਚ 1278, ਹਰਿਆਣਾ 'ਚ 1187, ਪੱਛਮੀ ਬੰਗਾਲ ਵਿਚ 1110, ਝਾਰਖੰਡ 'ਚ 1109, ਆਂਧਰਾ ਪ੍ਰਦੇਸ਼ 994, ਗੁਜਰਾਤ 982, ਪੰਜਾਬ 'ਚ 838, ਉਤਰਾਖੰਡ 336, ਤਾਮਿਲਨਾਡੂ 319, ਜੰਮੂ-ਕਸ਼ਮੀਰ 256, ਹਿਮਾਚਲ ਪ੍ਰਦੇਸ਼ 252, ਤ੍ਰਿਪੁਰਾ 207, ਮੇਘਾਲਿਆ 190, ਅਰੁਣਾਚਲ ਪ੍ਰਦੇਸ਼ 92, ਸਿੱਕਮ 92, ਚੰਡੀਗੜ੍ਹ 68, ਗੋਆ 61 ਮਨੀਪੁਰ 55, ਅੰਡੇਮਾਨ ਨਿਕੋਬਾਰ 30, ਨਾਗਾਲੈਂਡ 26, ਮਿਜ਼ੋਰਮ 23, ਦਾਦਰਾ ਐਂਡ ਨਗਰ ਹਵੇਲੀ 'ਚ 14, ਦਮਨ ਦੀਊ 'ਚ 12, ਪੁੱਡੂਚੇਰੀ 'ਚ 6 ਅਤੇ ਲਕਸ਼ਦੀਪ 'ਚ 5 ਔਰਤਾਂ ਨਾਲ ਜਬਰ ਜਨਾਹ ਕਰਨ ਵਾਲੇ ਪੰਜੇ ਮੁਲਜ਼ਮ ਔਰਤਾਂ ਦੇ ਜਾਣਕਾਰ ਸਨ।

ਇਸ ਸਬੰਧੀ ਮਨੋਵਿਗਿਆਨੀ ਡਾ. ਨੈਨਾ ਸ਼ਰਮਾ ਨੇ ਕਿਹਾ ਕਿ ਜਾਣਕਾਰ ਵਿਅਕਤੀ ਦੀ ਪਹੁੰਚ ਔਰਤਾਂ ਕੋਲ ਆਸਾਨੀ ਨਾਲ ਹੁੰਦੀ ਹੈ ਅਤੇ ਉਨ੍ਹਾਂ ਨੂੰ ਔਰਤਾਂ ਦੇ ਹਾਲਾਤ ਬਾਰੇ ਜਾਣਕਾਰੀ ਹੁੰਦੀ ਹੈ। ਉਨ੍ਹਾਂ ਦੱਸਿਆ ਕਿ ਇਸ ਤਰ੍ਹਾਂ ਸੁਭਾਅ ਪਿੱਛੇ ਕਈ ਕਾਰਨ ਹਨ ਜਿਵੇਂ ਕਿ ਨਸ਼ਾ ਵਿਅਕਤੀ ਨੂੰ ਅਜਿਹਾ ਕਰਨ ਲਈ ਉਕਸਾਉਂਦਾ ਹੈ, ਗਰੁੱਪ ਦਾ ਪ੍ਰਭਾਵ, ਸਮਾਜ 'ਚ ਨੈਤਿਕ ਕਦਰਾਂ ਕੀਮਤਾਂ ਦਾ ਘਟਣਾ ਆਦਿ ਪ੍ਰਮੁੱਖ ਕਾਰਨ ਹਨ।

## ਕੇਸਾਂ ਦੀ ਸੁਣਵਾਈ ਲਈ ਹਜ਼ਾਰ ਤੋਂ ਵੱਧ ਵਿਸ਼ੇਸ਼ ਅਦਾਲਤਾਂ ਦੀ ਲੋੜ

**ਨਵੀਂ ਦਿੱਲੀ:** ਕਾਨੂੰਨ ਮੰਤਰਾਲੇ ਦਾ ਅਨੁਮਾਨ ਹੈ ਕਿ ਇਕ ਨਵੀਂ ਯੋਜਨਾ ਤਹਿਤ ਔਰਤਾਂ ਨਾਲ ਜਬਰ ਜਨਾਹ ਅਤੇ ਬੱਚਿਆਂ ਦੇ ਜਿਣਸੀ ਸ਼ੋਸ਼ਣ ਸਬੰਧੀ ਮਾਮਲਿਆਂ ਦੀ ਸੁਣਵਾਈ ਲਈ ਭਾਰਤ ਭਰ ਵਿਚ ਇਕ ਹਜ਼ਾਰ ਤੋਂ ਵੱਧ ਵਿਸ਼ੇਸ਼ ਫਾਸਟ ਟਰੈਕ ਅਦਾਲਤਾਂ ਦੀ ਲੋੜ ਹੈ। ਇਹ ਵਿਸ਼ੇਸ਼ ਅਦਾਲਤਾਂ ਅਜਿਹੇ ਮਾਮਲਿਆਂ ਦੀ ਬਿਹਤਰ ਜਾਂਚ ਅਤੇ ਤੇਜ਼ ਪੈਰਵੀ ਲਈ ਲੋੜੀਂਦੇ ਢਾਂਚੇ ਨੂੰ ਮਜ਼ਬੂਤ ਕਰਨ ਸਬੰਧੀ ਇਕ ਵੱਡੀ ਯੋਜਨਾ ਤਹਿਤ ਸਥਾਪਤ ਕੀਤੀਆਂ ਜਾਣੀਆਂ ਹਨ।

# ਬੱਚੀਆਂ ਨਾਲ ਬਲਾਤਕਾਰ: ਸਜ਼ਾ-ਏ-ਮੌਤ ਵਾਲਾ ਬਿੱਲ ਲੋਕ ਸਭਾ 'ਚ ਪਾਸ

**ਨਵੀਂ ਦਿੱਲੀ:** ਲੋਕ ਸਭਾ ਵਿਚ 12 ਸਾਲ ਤੋਂ ਘੱਟ ਉਮਰ ਦੀਆਂ ਬੱਚੀਆਂ ਨਾਲ ਬਲਾਤਕਾਰ ਕਰਨ ਦੇ ਦੋਸ਼ੀਆਂ ਨੂੰ ਸਜ਼ਾ-ਏ-ਮੌਤ ਦੇਣ ਵਾਲਾ ਅਹਿਮ ਬਿੱਲ ਪਾਸ ਹੋ ਗਿਆ। ਇਹ ਬਿੱਲ ਕ੍ਰਿਮੀਨਲ ਲਾਅ (ਸੋਧ) ਆਰਡੀਨੈਂਸ ਦੀ ਥਾਂ ਲਏਗਾ ਜਿਸ ਨੂੰ ਕਠੂਆ 'ਚ ਬੱਚੀ ਨਾਲ ਬਲਾਤਕਾਰ ਮਗਰੋਂ ਹੱਤਿਆ ਕਰਨ ਅਤੇ ਉਨਾਓ (ਉਤਰ ਪ੍ਰਦੇਸ਼) 'ਚ ਇਕ ਹੋਰ ਮਹਿਲਾ ਨਾਲ ਬਲਾਤਕਾਰ ਮਗਰੋਂ ਦੇਸ਼ ਭਰ ਵਿਚ ਫੈਲੇ ਗੁੱਸੇ ਕਾਰਨ ਲਿਆਂਦਾ ਗਿਆ ਸੀ। ਉਂਜ ਬਿੱਲ ਜ਼ੁਬਾਨੀ ਵੋਟ ਨਾਲ ਪਾਸ ਹੋ ਗਿਆ ਹੈ ਅਤੇ ਜ਼ਿਆਦਾਤਰ ਮੈਂਬਰਾਂ ਨੇ ਇਸ ਦੀ ਹਮਾਇਤ ਵੀ ਕੀਤੀ ਪਰ ਵਿਰੋਧੀ ਧਿਰ ਦੇ ਕੁਝ ਮੈਂਬਰਾਂ ਨੇ ਸਰਕਾਰ ਵੱਲੋਂ ਆਰਡੀਨੈਂਸ ਰਾਹੀਂ ਬਿੱਲ ਲਿਆਉਣ ਦਾ ਵਿਰੋਧ ਕੀਤਾ।



ਵਿਰੋਧੀ ਮੈਂਬਰਾਂ ਵੱਲੋਂ ਪੇਸ਼ ਕੀਤੀਆਂ ਗਈਆਂ ਸੋਧਾਂ ਨੂੰ ਵੀ ਨਕਾਰ ਦਿੱਤਾ ਗਿਆ। ਕਰੀਬ ਦੋ ਘੰਟੇ ਤੱਕ ਚੱਲੀ ਬਹਿਸ ਦੇ ਜਵਾਬ ਦੌਰਾਨ ਗ੍ਰਹਿ ਰਾਜ ਮੰਤਰੀ ਕੀਰੇਨ ਰੀਜਿਜੂ ਨੇ ਕਿਹਾ ਕਿ ਸਖਤ ਕਾਨੂੰਨ ਬੱਚੀਆਂ ਨੂੰ ਸੁਰੱਖਿਆ ਮੁਹੱਈਆ ਕਰਾਉਣ ਦੇ ਮੰਤਵ ਨਾਲ ਲਿਆਂਦਾ ਗਿਆ ਹੈ। ਬਹਿਸ ਦੌਰਾਨ ਡਿਪਟੀ ਸਪੀਕਰ ਐਮ ਥੰਬੀ ਦੁਰਈ ਨੇ ਸੁਝਾਅ ਦਿੱਤਾ ਕਿ ਬਿੱਲ ਦੀਆਂ ਧਾਰਾਵਾਂ ਦਾ ਵੱਧ ਤੋਂ ਵੱਧ ਪ੍ਰਚਾਰ ਕੀਤਾ ਜਾਵੇ। ਬਿੱਲ ਮੁਤਾਬਕ ਜੇਕਰ 16 ਸਾਲ ਤੋਂ ਘੱਟ ਉਮਰ ਦੀ ਲੜਕੀ ਨਾਲ ਬਲਾਤਕਾਰ ਹੁੰਦਾ ਹੈ ਤਾਂ ਹੁਣ ਘੱਟੋ ਘੱਟ ਸਜ਼ਾ 20 ਸਾਲ ਹੋਵੇਗੀ ਅਤੇ ਉਮਰ ਭਰ ਲਈ ਜੇਲ੍ਹ 'ਚ ਵੀ ਡੱਕਿਆ ਜਾ ਸਕਦਾ ਹੈ।

# ਮੁਸਲਿਮ ਜਥੇਬੰਦੀ ਵੀ ਆਰ.ਐਸ.ਐਸ. ਵਾਂਗੂ 'ਫੌਜ' ਤਿਆਰ ਕਰਨ 'ਚ ਜੁਟੀ

**ਨਵੀਂ ਦਿੱਲੀ:** ਇਸਲਾਮਿਕ ਸੰਸਥਾ ਜਮੀਅਤ ਉਲੇਮਾ-ਏ-ਹਿੰਦ ਨੇ ਦੇਸ਼ ਭਰ 'ਚ ਮੁਸਲਿਮ ਨੌਜਵਾਨਾਂ ਦਾ ਵੱਡਾ ਸੰਗਠਨ ਬਣਾਉਣ ਲਈ ਕੰਮ ਕਰਨਾ ਸ਼ੁਰੂ ਕਰ ਦਿੱਤਾ ਹੈ। ਜਮੀਅਤ ਦੀ ਇਸ ਕੋਸ਼ਿਸ਼ ਨੂੰ ਆਰ.ਐਸ.ਐਸ. ਦੀ ਟੱਕਰ ਤੇ ਸਵੈ ਸੇਵਕ ਤਿਆਰ ਕਰਨ ਦੇ ਤੌਰ ਉਤੇ ਦੇਖਿਆ ਜਾ ਰਿਹਾ ਹੈ।

ਸਾਢੇ ਬਾਰ੍ਹਾਂ ਲੱਖ ਨੌਜਵਾਨਾਂ ਨੂੰ ਜੋੜ ਕੇ 2018 ਤੱਕ ਦੇਸ਼ ਦੇ 100 ਜ਼ਿਲ੍ਹਿਆਂ ਵਿਚੋਂ ਸਵਾ ਸੌ ਕਰੋੜ ਨੌਜਵਾਨਾਂ ਨੂੰ ਟ੍ਰੇਨਿੰਗ ਦਿੱਤੀ ਜਾਵੇਗੀ। ਇਸ ਲਈ ਭਾਰਤ ਸਕਾਊਟ ਤੇ ਗਾਈਡ ਤੋਂ ਵੀ ਸਹਿਯੋਗ ਲਿਆ ਜਾ ਰਿਹਾ ਹੈ।

ਇਸ ਸਬੰਧੀ ਸਭ ਤੋਂ ਵੱਡੇ ਇਸਲਾਮਿਕ ਕੇਂਦਰ ਦੇਵਬੰਦ 'ਚ ਸਾਬਕਾ ਰਾਜ ਸਭਾ ਮੈਂਬਰ ਮੌਲਾਨਾ ਮਹਿਮੂਦ ਮਦਨੀ ਨੇ ਪੱਛਮੀ ਯੂਪੀ, ਹਰਿਆਣਾ ਤੇ ਗੁਜਰਾਤ ਸਮੇਤ ਵੱਖ-ਵੱਖ ਸੂਬਿਆਂ ਦੇ 100 ਨੌਜਵਾਨਾਂ ਦੇ ਇਕ ਜਥੇ ਦਾ ਪ੍ਰਦਰਸ਼ਨ ਕਰਕੇ ਆਪਣੇ ਇਰਾਦੇ ਸਪੱਸ਼ਟ ਕੀਤੇ ਹਨ। ਸੰਗਠਨ ਦਾ ਕਹਿਣਾ ਹੈ ਕਿ ਆਉਣ ਵਾਲੇ ਸਮੇਂ 'ਚ ਨੌਜਵਾਨਾਂ ਦੇ ਇਸ ਸੰਗਠਨ ਜ਼ਰੀਏ ਆਮ ਲੋਕਾਂ ਦੇ ਹਿੱਤਾਂ ਤੇ ਸੁਰੱਖਿਆ ਦੀ ਦਿਸ਼ਾ 'ਚ ਕੰਮ ਕੀਤਾ ਜਾਵੇਗਾ।



ਜਮੀਅਤ ਯੂਥ ਕਲੱਬ ਦੇ ਨਾਂ ਨਾਲ ਬਣੇ ਇਸ ਸੰਗਠਨ ਦੇ ਵਿਸਤਾਰ ਦੇ ਪਹਿਲੇ ਗੇੜ 'ਚ ਪੰਜ ਰਾਜਾਂ ਦੇ 16 ਜ਼ਿਲ੍ਹਿਆਂ ਦੇ ਮੁਸਲਿਮ ਨੌਜਵਾਨਾਂ ਨੂੰ ਖਾਸ ਸਿਖਲਾਈ ਦਿੱਤੀ ਗਈ ਹੈ। ਸੰਗਠਨ ਦਾ ਦਾਅਵਾ ਹੈ ਕਿ ਸੰਗਠਨ ਦੇ ਸਾਰੇ ਮੁਸਲਿਮ ਨੌਜਵਾਨ ਸਮਾਜ ਲਈ ਸਾਕਾਰਾਤਮਕ ਦਿਸ਼ਾ 'ਚ ਕੰਮ ਕਰਨਗੇ।

ਸੰਗਠਨ ਦੀ ਰਣਨੀਤੀ ਤਹਿਤ ਹਰ ਸਾਲ

# ਭਾਰਤ ਵਿਚ ਮੀਂਹ ਤੇ ਹੜ੍ਹਾਂ ਕਾਰਨ 537 ਮੌਤਾਂ

**ਨਵੀਂ ਦਿੱਲੀ:** ਮਾਨਸੂਨ ਮੌਸਮ ਦੌਰਾਨ ਹੁਣ ਤੱਕ 6 ਰਾਜਾਂ ਵਿਚ ਹੜ੍ਹਾਂ ਅਤੇ ਮੀਂਹ ਨਾਲ ਸਬੰਧਤ ਘਟਨਾਵਾਂ ਵਿਚ 537 ਵਿਅਕਤੀਆਂ ਦੀ ਮੌਤ ਹੋ ਚੁੱਕੀ ਹੈ। ਗ੍ਰਹਿ ਮੰਤਰਾਲੇ ਦੇ ਕੌਮੀ ਹੰਗਾਮੀ ਰਿਸਪਾਂਸ ਕੇਂਦਰ ਮੁਤਾਬਕ ਮਹਾਰਾਸ਼ਟਰ ਵਿਚ 139, ਕੇਰਲਾ 126, ਪੱਛਮੀ ਬੰਗਾਲ 116, ਉਤਰ ਪ੍ਰਦੇਸ਼ 70, ਗੁਜਰਾਤ 52 ਅਤੇ ਅਸਾਮ ਵਿਚ 34 ਵਿਅਕਤੀਆਂ ਦੀ ਹੜ੍ਹਾਂ ਤੇ ਮੀਂਹ ਨਾਲ ਸਬੰਧਤ ਘਟਨਾਵਾਂ ਵਿਚ ਮੌਤ ਹੋ ਗਈ। ਮੀਂਹ ਤੇ ਹੜ੍ਹਾਂ ਨਾਲ ਮਹਾਰਾਸ਼ਟਰ ਦੇ 26 ਜ਼ਿਲ੍ਹੇ, ਪੱਛਮੀ ਬੰਗਾਲ 22, ਆਸਾਮ 21, ਕੇਰਲਾ 14, ਗੁਜਰਾਤ ਵਿਚ 10 ਜ਼ਿਲ੍ਹੇ ਅਤੇ ਉਤਰ ਪ੍ਰਦੇਸ਼ ਦਾ ਵੱਡਾ ਹਿੱਸਾ ਪ੍ਰਭਾਵਤ ਹੋਏ ਹਨ।



ਆਸਾਮ ਵਿਚ 10.17 ਲੱਖ ਲੋਕਾਂ ਨੇ ਮੀਂਹ ਤੇ ਹੜ੍ਹਾਂ ਦੀ ਮਾਰ ਝੱਲੀ ਹੈ ਜਿਨ੍ਹਾਂ ਵਿਚੋਂ 2.17 ਲੱਖ ਰਾਹਤ ਕੈਂਪਾਂ ਵਿਚ ਰਹਿ ਰਹੇ ਹਨ। ਆਸਾਮ ਵਿਚ ਐਨ.ਡੀ.ਆਰ. ਐਫ. ਦੀਆਂ 12 ਟੀਮਾਂ ਬਚਾਅ ਤੇ ਰਾਹਤ ਕਾਰਜਾਂ ਵਿਚ ਲੱਗੀਆਂ ਹੋਈਆਂ ਹਨ। ਪੱਛਮੀ ਬੰਗਾਲ ਵਿਚ ਕੁੱਲ 1.61 ਲੱਖ ਲੋਕ ਪ੍ਰਭਾਵਤ ਹੋਏ ਹਨ ਜਿਥੇ ਐਨ.ਡੀ.ਆਰ. ਐਫ. ਦੀਆਂ 8 ਟੀਮਾਂ ਤਾਇਨਾਤ ਕੀਤੀਆਂ ਹੋਈਆਂ ਹਨ। ਪੱਛਮੀ ਬੰਗਾਲ ਵਿਚ ਭਾਰੀ ਮੀਂਹ ਪਿੱਛੋਂ ਚਾਰ ਵਿਅਕਤੀ ਲਾਪਤਾ ਹੋ ਗਏ ਅਤੇ 19 ਹੋਰ ਜ਼ਖ਼ਮੀ ਹੋ ਗਏ। ਗੁਜਰਾਤ ਵਿਚ 15 ਹਜ਼ਾਰ ਤੋਂ ਵੀ ਵੱਧ ਵਿਅਕਤੀਆਂ ਨੂੰ ਸੁਰੱਖਿਅਤ ਥਾਵਾਂ ਉਤੇ ਪਹੁੰਚਾਇਆ ਗਿਆ ਹੈ। ਕੇਰਲਾ ਵਿਚ 1.49 ਲੱਖ ਲੋਕ ਹੜ੍ਹਾਂ ਤੋਂ ਪ੍ਰਭਾਵਤ ਹੋਏ ਹਨ। ਮਹਾਰਾਸ਼ਟਰ ਵਿਚ ਭਾਰੀ ਮੀਂਹ ਪਿੱਛੋਂ 117 ਵਿਅਕਤੀ ਜ਼ਖ਼ਮੀ ਹੋ ਗਏ। ਉਤਰ ਪ੍ਰਦੇਸ਼ ਵਿਚ 70 ਮੌਤਾਂ ਤੋਂ ਇਲਾਵਾ 68 ਵਿਅਕਤੀ ਮੀਂਹ ਨਾਲ ਸਬੰਧਤ ਘਟਨਾਵਾਂ ਵਿਚ ਜ਼ਖ਼ਮੀ ਹੋਏ ਹਨ।

# ਪਾਕਿਸਤਾਨ ਚੋਣਾਂ: ਲੋਕਾਂ ਨੇ ਕੱਟੜਪੰਥੀਆਂ ਨੂੰ ਮੂੰਹ ਨਹੀਂ ਲਾਇਆ

ਪਾਕਿਸਤਾਨ ਵਿਚ ਆਮ ਚੋਣਾਂ ਹੋ ਗਈਆਂ ਅਤੇ ਲੋਕਾਂ ਦਾ ਫੈਸਲਾ ਆ ਗਿਆ ਹੈ। ਵੋਟ ਪਾਉਣ ਲਈ ਲੋਕਾਂ ਨੇ ਕਿਸੇ ਧਮਕੀ ਜਾਂ ਅਤਿਵਾਦੀ ਹਮਲੇ ਦੀ ਪਰਵਾਹ ਨਹੀਂ ਕੀਤੀ। 52 ਫੀਸਦੀ ਲੋਕਾਂ ਨੇ ਆਪਣੇ ਵੋਟ ਦੇ ਅਧਿਕਾਰ ਦੀ ਵਰਤੋਂ ਕੀਤੀ। ਇਸ ਵਾਰ ਲੋਕਾਂ ਨੇ ਉਹ ਕੰਮ ਕਰ ਦਿਖਾਇਆ ਜੋ ਕੋਈ ਰਾਜਨੀਤਕ ਪਾਰਟੀ, ਵੱਡੇ ਤੋਂ ਵੱਡਾ ਲੀਡਰ, ਸਥਾਪਤੀ ਜਾਂ ਕੋਈ ਸੰਸਥਾ ਨਹੀਂ ਕਰ ਸਕੀ। ਪਾਕਿਸਤਾਨ ਦੇ ਲੋਕਾਂ ਨੇ ਇਹ ਸਾਬਤ ਕਰ ਦਿੱਤਾ ਕਿ ਉਹ ਜਮਹੂਰੀਅਤ ਦੇ ਹਥਿਆਰ ਨੂੰ ਇਸਤੇਮਾਲ ਕਰਨਾ ਜਾਣਦੇ ਹਨ ਅਤੇ ਇਸ ਦੀ ਵਰਤੋਂ ਕਰਕੇ ਗਰੀਬੀ, ਭ੍ਰਿਸ਼ਟਾਚਾਰ ਤੇ ਅਤਿਵਾਦ ਦਾ ਖਾਤਮਾ ਕਰ ਸਕਦੇ ਹਨ। ਲੋਕ ਇਸ ਵਾਰ ਵੱਡੀ ਤਬਦੀਲੀ ਲਿਆਉਣਾ ਚਾਹੁੰਦੇ

ਤਾਇਬਾ ਬੁਖਾਰੀ

ਸਨ ਤੇ ਉਹ ਲੈ ਵੀ ਆਏ। ਵੋਟ ਦੀ ਤਾਕਤ ਨਾਲ ਉਨ੍ਹਾਂ ਨੇ ਵੱਡੇ ਤੋਂ ਵੱਡੇ ਰਾਜਨੀਤਕ ਲੀਡਰਾਂ ਲਈ ਕੌਮੀ ਅਸੈਂਬਲੀ ਦੇ ਦਰਵਾਜ਼ੇ ਬੰਦ ਕਰ ਦਿੱਤੇ।

ਸਭ ਤੋਂ ਚੰਗੀ ਤੇ ਨਿਰਾਲੀ ਗੱਲ ਇਹ ਹੋਈ ਕਿ ਇਸ ਵਾਰੀ ਲੋਕਾਂ ਨੇ ਧਾਰਮਿਕ ਅਤੇ ਕੱਟੜਪੰਥੀ ਪਾਰਟੀਆਂ ਨੂੰ 'ਸਮਰਥਨ ਨਹੀਂ' ਦਾ ਬੋਰਡ ਦਿਖਾ ਦਿੱਤਾ, ਜਦੋਂ ਕਿ ਇਨ੍ਹਾਂ ਅਖੌਤੀ ਧਾਰਮਿਕ ਪਾਰਟੀਆਂ ਵਲੋਂ ਵੱਡੀ ਗਿਣਤੀ ਵਿਚ ਉਮੀਦਵਾਰ ਖੜ੍ਹੇ ਕੀਤੇ ਗਏ ਸਨ। ਰਾਜਨੀਤਕ ਪਾਰਟੀਆਂ ਦੀ ਗੱਲ ਕਰੀਏ ਤਾਂ ਮੁਸਲਿਮ ਲੀਗ (ਨਵਾਜ਼) ਦੇ ਸਾਬਕਾ ਪ੍ਰਧਾਨ ਮੰਤਰੀ ਸ਼ਾਹਿਦ ਖਕਾਨ ਅੱਬਾਸੀ ਚੋਣ ਹਾਰ ਗਏ, ਜਦੋਂ ਕਿ ਉਹ 6 ਵਾਰ ਇਸ ਹਲਕੇ ਤੋਂ ਚੋਣ ਜਿੱਤਦੇ ਰਹੇ ਸਨ। ਸਾਬਕਾ ਗ੍ਰਹਿ ਮੰਤਰੀ ਚੌਧਰੀ ਨਿਸਾਰ, ਜਿਨ੍ਹਾਂ ਨੂੰ ਫੌਜੀ ਸਥਾਪਤੀ ਦਾ ਲਾਡਲਾ ਸਮਝਿਆ ਜਾ ਰਿਹਾ ਸੀ ਤੇ ਉਹ ਦੋ ਥਾਵਾਂ ਤੋਂ ਕੌਮੀ ਅਸੈਂਬਲੀ ਲਈ ਚੋਣ ਲੜ ਰਹੇ ਸਨ, ਦੋਵਾਂ ਥਾਵਾਂ ਤੋਂ ਹੀ ਹਾਰ ਗਏ। ਉਂਜ, ਪੰਜਾਬ ਅਸੈਂਬਲੀ ਦੇ ਹਲਕਾ ਨੰਬਰ 10 ਤੋਂ ਉਹ ਚੋਣ ਜਿੱਤ ਗਏ ਪਰ ਉਹ ਇਸ ਜਿੱਤ ਤੋਂ ਖੁਸ਼ ਨਹੀਂ ਹਨ। ਚੌਧਰੀ ਨਿਸਾਰ ਦੀ ਹਾਰ ਤੋਂ ਕਈ ਸਵਾਲ ਉਠ ਰਹੇ ਹਨ। ਕਿਹਾ ਜਾ ਰਿਹਾ ਹੈ ਕਿ ਉਨ੍ਹਾਂ ਨੂੰ ਮੁਸਲਿਮ ਲੀਗ (ਨਵਾਜ਼) ਤੋਂ ਬਗਾਵਤ ਕਰਨ ਦੀ ਸਜ਼ਾ ਮਿਲੀ ਹੈ। ਹੁਣ ਦੇਖਣਾ ਇਹ ਹੋਵੇਗਾ ਕਿ ਪੰਜਾਬ ਵਿਚ ਵੀ ਉਹ ਪਾਰਟੀ ਨਾਲ ਰਹਿੰਦੇ ਹਨ ਜਾਂ ਨਹੀਂ। ਇਥੇ ਇਹ ਦੱਸਣਾ ਵੀ ਜ਼ਰੂਰੀ ਹੋਵੇਗਾ ਕਿ ਇਸਲਾਮਾਬਾਦ ਤੇ ਰਾਵਲਪਿੰਡੀ ਤੋਂ ਮੁਸਲਿਮ ਲੀਗ (ਨਵਾਜ਼) ਇਕ ਵੀ ਸੀਟ ਨਹੀਂ ਜਿੱਤ ਸਕੀ ਤੇ ਤਹਿਰੀਕ-ਏ-ਇਨਸਾਫ ਨੇ ਇਨ੍ਹਾਂ ਦੋਵਾਂ ਸ਼ਹਿਰਾਂ ਵਿਚ ਸਾਰੀਆਂ ਸੀਟਾਂ ਜਿੱਤ ਲਈਆਂ ਹਨ। ਨਵਾਜ਼ ਸ਼ਰੀਫ ਪਰਿਵਾਰ ਦੇ ਰਿਸ਼ਤੇਦਾਰ ਤੇ ਸਾਬਕਾ ਜਲ ਤੇ ਬਿਜਲੀ ਮੰਤਰੀ ਆਬਿਦ ਸ਼ੇਰ ਅਲੀ ਫੈਸਲਾਬਾਦ ਤੋਂ ਚੋਣ ਹਾਰ ਗਏ, ਜਦ ਕਿ ਉਨ੍ਹਾਂ ਨੂੰ ਬੜੇ ਮਜ਼ਬੂਤ ਉਮੀਦਵਾਰ ਸਮਝਿਆ ਜਾਂਦਾ ਸੀ। ਸਾਬਕ ਰਾਜ ਮੰਤਰੀ ਤਲਾਲ ਚੌਧਰੀ ਵੀ ਲੋਕਾਂ ਦੇ ਗੁੱਸੇ ਦਾ ਸ਼ਿਕਾਰ ਹੋ ਗਏ ਤੇ ਚੋਣ ਹਾਰ ਗਏ। ਮੁਲਤਾਨ ਤੋਂ ਪੀਪਲਜ਼ ਪਾਰਟੀ ਦੇ ਸਾਬਕ ਮੰਤਰੀ ਸਈਅਦ ਯੂਸਫ ਰਜ਼ਾ ਗਿਲਾਨੀ ਕੌਮੀ ਅਸੈਂਬਲੀ ਦੇ ਹਲਕੇ ਐਨ.ਏ. 158 ਤੋਂ ਹਾਰ ਗਏ ਅਤੇ ਉਨ੍ਹਾਂ ਦੇ ਪੁੱਤਰ ਮੂਸਾ ਗਿਲਾਨੀ ਵੀ ਜਿੱਤ ਨਹੀਂ ਸਕੇ।

ਮੁਲਤਾਨ ਤੋਂ ਹੀ ਪੀ.ਟੀ.ਆਈ. ਦੇ ਸ਼ਾਹ ਮਹਿਮੂਦ ਗਿਲਾਨੀ ਸੂਬਾਈ ਸੀਟ ਤੋਂ ਆਜ਼ਾਦ ਉਮੀਦਵਾਰ ਦੇ ਮੁਕਾਬਲੇ ਚੋਣ ਹਾਰ ਗਏ ਪਰ ਕੌਮੀ ਅਸੈਂਬਲੀ ਦੀ ਸੀਟ ਤੋਂ ਜਿੱਤ ਗਏ। ਡੇਰਾ ਗਾਜ਼ੀਖਾਨ ਵਿਚ ਪੰਜਾਬ ਦਾ ਸਭ ਤੋਂ ਵੱਧ ਉਤਰਾਅ-ਚੜ੍ਹਾਅ ਦੇਖਣ ਨੂੰ ਮਿਲਿਆ। ਜਿਥੇ ਪੀ.ਟੀ.ਆਈ. ਦੀ ਇਸਤਰੀ ਉਮੀਦਵਾਰ ਜਰਤਾਜ ਗੁੱਲ ਨੇ ਸਰਦਾਰ ਔਬਾਸ ਲਕਾਰੀ ਨੂੰ ਹਰਾ ਦਿੱਤਾ। ਪੰਜਾਬ ਦੇ ਕੌਮੀ ਅਸੈਂਬਲੀ ਸਬੰਧੀ ਖਾਸ-ਖਾਸ ਨਤੀਜਿਆਂ ਤੋਂ ਬਾਅਦ ਹੁਣ ਚਲਦੇ ਹਾਂ ਖੈਬਰ ਪਖਤੂਨਖਵਾ ਸੂਬੇ ਵਿਚ, ਜਿਥੇ ਇਮਰਾਨ ਖਾਨ ਦੀ ਪਾਰਟੀ ਨੇ ਦੋ-ਤਿਹਾਈ ਬਹੁਮਤ ਹਾਸਲ ਕੀਤਾ ਹੈ, ਭਾਵ ਪੀ.ਟੀ.ਆਈ. ਇਕ ਵਾਰ ਫਿਰ ਇਸ ਸੂਬੇ ਵਿਚ ਬਿਨਾਂ ਕਿਸੇ ਦੀ ਹਮਾਇਤ ਤੋਂ ਆਸਾਨੀ ਨਾਲ ਆਪਣੀ ਸਰਕਾਰ ਬਣਾਏਗੀ। ਇਸ ਪ੍ਰਾਂਤ ਦੀਆਂ ਚੋਣਾਂ ਵਿਚ ਕਾਫੀ ਉਲਟ-ਫੇਰ ਦੇਖਣ ਨੂੰ ਮਿਲਿਆ। ਆਵਾਮੀ ਨੈਸ਼ਨਲ ਪਾਰਟੀ ਦੇ ਲੀਡਰ ਅਸਫੰਦ ਯਾਰ ਵਲੀ ਤੇ ਗੁਲਾਮ ਅਹਿਮਦ ਬਲੌਰ ਬੁਰੀ ਤਰ੍ਹਾਂ ਚੋਣਾਂ ਹਾਰ ਗਏ। ਆਵਾਮੀ ਨੈਸ਼ਨਲ ਪਾਰਟੀ ਨੇ ਚੋਣਾਂ ਦੇ ਨਤੀਜਿਆਂ ਨੂੰ ਮੰਨਣ ਤੋਂ ਇਨਕਾਰ ਕਰ ਦਿੱਤਾ ਹੈ। ਉਨ੍ਹਾਂ ਨੇ ਬੀਤੇ ਦਿਨ ਹੋਈ ਸਰਬ ਪਾਰਟੀ ਮੀਟਿੰਗ ਵਿਚ ਇਹ ਤਜਵੀਜ਼ ਪੇਸ਼ ਕੀਤੀ ਹੈ ਕਿ ਮੁਸਲਿਮ ਲੀਗ (ਨਵਾਜ਼) ਵੀ ਚੋਣ ਨਤੀਜਿਆਂ ਨੂੰ ਮੰਨਣ ਤੋਂ ਨਾਂਹ ਕਰ ਦੇਵੇ। ਉਨ੍ਹਾਂ ਨੇ ਇਹ ਵੀ ਕਿਹਾ ਹੈ ਕਿ ਉਹ ਪੇਸ਼ਾਵਰ ਤੇ ਕਰਾਚੀ 'ਚ ਚੋਣ ਨਤੀਜਿਆਂ ਵਿਰੁਧ ਵਿਰੋਧ ਪ੍ਰਗਟ ਕਰਨਗੇ ਤੇ ਸ਼ਾਹਬਾਜ਼ ਸ਼ਰੀਫ ਪੰਜਾਬ ਅਤੇ ਕੇਂਦਰੀ ਪੱਧਰ 'ਤੇ ਵਿਰੋਧ ਪ੍ਰਗਟ ਕਰਨ। ਇਸ ਤਜਵੀਜ਼ ਦਾ ਕੀ ਨਤੀਜਾ ਆਉਂਦਾ ਹੈ, ਇਸ ਬਾਰੇ ਅਜੇ ਫੈਸਲਾ ਨਹੀਂ ਹੋਇਆ। ਖੈਬਰ ਪਖਤੂਨਖਵਾ ਪ੍ਰਾਂਤ ਤੋਂ ਆਫਤਾਬ ਸ਼ੇਰਪਾਓ ਤੇ ਸਾਬਕ ਮੁੱਖ ਮੰਤਰੀ ਅਕਰਮ ਦੁਰਾਨੀ ਵੀ ਚੋਣਾਂ 'ਚ ਕਾਮਯਾਬੀ ਹਾਸਲ ਨਹੀਂ ਕਰ ਸਕੇ। ਉਨ੍ਹਾਂ ਨੇ ਵੀ ਸਰਬ ਪਾਰਟੀ ਮੀਟਿੰਗ ਵਿਚ ਵਿਰੋਧ ਪ੍ਰਗਟ ਕਰਨ ਦੀ ਗੱਲ ਆਖੀ ਹੈ। ਸਰਬ ਪਾਰਟੀ ਮੀਟਿੰਗ ਵਿਚ ਮੁਸਲਿਮ ਲੀਗ (ਨਵਾਜ਼) ਦੇ ਪ੍ਰਧਾਨ ਸ਼ਾਹਬਾਜ਼ ਸ਼ਰੀਫ ਨੇ ਵੀ ਸ਼ਿਰਕਤ ਕੀਤੀ ਪਰ ਉਨ੍ਹਾਂ ਨੇ ਫੌਰੀ ਤੌਰ 'ਤੇ ਚੋਣ ਨਤੀਜਿਆਂ ਵਿਰੁਧ ਵਿਖਾਵੇ ਕਰਨ ਸਬੰਧੀ ਪੇਸ਼ ਹੋਈਆਂ ਤਜਵੀਜ਼ਾਂ ਦਾ ਕੋਈ ਜਵਾਬ ਨਹੀਂ ਦਿੱਤਾ। ਉਨ੍ਹਾਂ ਨੇ ਫੈਸਲਾ ਕਰਨ ਲਈ ਸਮਾਂ ਮੰਗਿਆ ਹੈ। ਉਂਜ ਇਮਰਾਨ ਦੀਆਂ ਵਿਰੋਧੀ ਸਾਰੀਆਂ ਵੱਡੀਆਂ ਪਾਰਟੀਆਂ ਇਹ ਦੋਸ਼ ਲਾ ਰਹੀਆਂ ਹਨ ਕਿ ਚੋਣਾਂ ਆਜ਼ਾਦ ਤੇ ਨਿਰਪੱਖ ਨਹੀਂ ਹੋਈਆਂ। ਸਥਾਪਤੀ ਇਮਰਾਨ ਖਾਨ ਦੀ ਹਮਾਇਤ ਵਿਚ ਭੁਗਤਦੀ ਰਹੀ ਹੈ। ਇਮਰਾਨ ਖਾਨ ਅਤੇ ਉਨ੍ਹਾਂ ਦੀ ਪਾਰਟੀ ਇਸ ਸਥਿਤੀ ਨਾਲ ਆਉਣ ਵਾਲੇ ਸਮੇਂ 'ਚ ਕਿਵੇਂ ਨਿਪਟਦੀ ਹੈ, ਇਹ ਦੇਖਣ ਵਾਲੀ ਗੱਲ ਹੋਵੇਗੀ।

ਪਾਕਿਸਤਾਨ ਦੇ ਵੱਡੇ ਮਹਾਂਨਗਰ ਕਰਾਚੀ ਵਿਚ ਚੋਣ ਨਤੀਜੇ ਸਭ ਤੋਂ ਵੱਧ ਹੈਰਾਨੀਜਨਕ ਰਹੇ ਹਨ। ਲਿਆਰੀ ਪੀਪਲਜ਼ ਪਾਰਟੀ ਦਾ ਖਾਸ ਇਲਾਕਾ ਸਮਝਿਆ ਜਾਂਦਾ ਹੈ ਪਰ ਇਸ ਚੋਣ ਵਿਚ ਇਥੋਂ ਪੀਪਲਜ਼ ਪਾਰਟੀ ਦੇ ਚੇਅਰਮੈਨ ਅਤੇ ਬੇਨਜ਼ੀਰ ਭੁੱਟੋ ਦੇ ਪੁੱਤਰ ਬਿਲਾਵਲ ਭੁੱਟੋ ਜ਼ਰਦਾਰੀ ਬੁਰੀ ਤਰ੍ਹਾਂ ਹਾਰ ਗਏ। ਜ਼ਰਦਾਰੀ ਪਰਿਵਾਰ ਵਾਸਤੇ ਸਭ ਤੋਂ ਵੱਡੀ ਹੈਰਾਨੀ ਵਾਲੀ ਗੱਲ ਇਹ ਵੀ ਰਹੀ ਕਿ ਗੜ੍ਹੀ ਖੁਦਾਬਖਸ਼ ਜਿਥੇ ਭੁੱਟੋ ਪਰਿਵਾਰ ਨੂੰ ਪੂਜਿਆ ਜਾਂਦਾ ਹੈ, ਉਥੋਂ ਵੀ ਬਿਲਾਵਲ ਹਾਰ ਗਏ ਪਰ ਲੜਕਾਨਾ ਤੋਂ ਜਿੱਤਣ ਵਿਚ ਕਾਮਯਾਬ ਹੋ ਗਏ। ਕਰਾਚੀ, ਜਿਥੇ ਕਦੇ ਮੁਹਾਜ਼ਰ ਕੌਮੀ ਮੂਵਮੈਂਟ ਰਾਜ ਕਰਦੀ ਸੀ ਤੇ ਉਸ ਦੇ ਇਲਾਵਾ ਲੋਕਾਂ ਵਲੋਂ ਕਿਸੇ ਹੋਰ ਨੂੰ ਵੋਟ ਨਹੀਂ ਦਿੱਤਾ ਜਾਂਦਾ ਸੀ, ਪਰ ਇਸ ਵਾਰੀ ਮੁਹਾਜ਼ਰ ਕੌਮੀ ਮੂਵਮੈਂਟ ਆਪਣੇ ਹੀ ਸ਼ਹਿਰ 'ਚੋਂ ਬੁਰੀ ਤਰ੍ਹਾਂ ਹਾਰ ਗਈ।



ਮੁਹਾਜ਼ਰ ਕੌਮੀ ਮੂਵਮੈਂਟ ਦੇ ਲੀਡਰ ਫਰੂਕ ਸਤਾਰ ਨੂੰ ਟੀ.ਵੀ. ਐਂਕਰ ਅਮੀਰ ਲਿਆਕਤ ਨੇ ਹਰਾ ਦਿੱਤਾ। ਇਤਿਹਾਸ ਵਿਚ ਲਿਖਿਆ ਜਾਏਗਾ ਕਿ 2018 ਦੀਆਂ ਚੋਣਾਂ ਤੋਂ ਬਾਅਦ ਕਰਾਚੀ ਸ਼ਹਿਰ 'ਤੇ ਵੀ ਇਮਰਾਨ ਖਾਨ ਦੀ ਪਾਰਟੀ ਦਾ ਕਬਜ਼ਾ ਹੋ ਗਿਆ। ਸਿੰਧ ਪ੍ਰਾਂਤ ਵਿਚ ਪੀਪਲਜ਼ ਪਾਰਟੀ ਆਪਣੀ ਸਰਕਾਰ ਬਣਾਉਣ ਵਿਚ ਤਾਂ ਕਾਮਯਾਬ ਹੋ ਜਾਏਗੀ ਪਰ ਉਸ ਨੂੰ ਇਮਰਾਨ ਖਾਨ ਦੀ ਪਾਰਟੀ ਦੇ ਰੂਪ ਵਿਚ ਤਕੜੀ ਵਿਰੋਧੀ ਪਾਰਟੀ ਦਾ ਸਾਹਮਣਾ ਕਰਨਾ ਪਵੇਗਾ।

ਮੁਹਾਜ਼ਰ ਕੌਮੀ ਮੂਵਮੈਂਟ ਸਿੰਧ ਅਸੈਂਬਲੀ ਵਿਚ ਤੀਸਰੇ ਨੰਬਰ ਦੀ ਪਾਰਟੀ ਬਣ ਜਾਏਗੀ। ਇਹ ਉਸ ਲਈ ਕੋਈ ਘੱਟ ਸਦਮੇ ਵਾਲੀ ਗੱਲ ਨਹੀਂ ਪਰ ਮੁਹਾਜ਼ਿਰ ਕੌਮੀ ਮੂਵਮੈਂਟ ਨੂੰ ਇਹ ਸਦਮਾ ਬਰਦਾਸ਼ਤ ਕਰਨਾ ਹੀ ਪਏਗਾ ਪਰ ਮੁਹਾਜ਼ਿਰ ਕੌਮੀ ਮੂਵਮੈਂਟ ਵਾਸਤੇ ਚੰਗੀ ਖਬਰ ਇਹ ਆਈ ਹੈ ਕਿ ਇਮਰਾਨ ਖਾਨ ਨੇ ਸੰਘੀ ਸਰਕਾਰ ਬਣਾਉਣ ਵਾਸਤੇ ਮੁਹਾਜ਼ਿਰ ਕੌਮੀ ਮੂਵਮੈਂਟ ਨੂੰ ਆਪਣੇ ਨਾਲ ਰਲਾਉਣ ਦਾ ਫੈਸਲਾ ਕੀਤਾ ਹੈ। ਜੇ ਦੋਵਾਂ ਪਾਰਟੀਆਂ ਦਾ ਸਮਝੌਤਾ ਹੋ ਗਿਆ ਤਾਂ ਫਿਰ ਮੁਹਾਜ਼ਿਰ ਕੌਮੀ ਮੂਵਮੈਂਟ ਸੰਘੀ ਸਰਕਾਰ ਦਾ ਹਿੱਸਾ ਬਣ ਜਾਏਗੀ। ਕਰਾਚੀ ਤੋਂ ਪਾਕਿ ਸਰਜ਼ਮੀਨ ਪਾਰਟੀ ਦੇ ਮੁਖੀ ਮੁਸਤਫਾ ਕਮਾਲ ਤੇ ਧਾਰਮਿਕ ਪਾਰਟੀ ਸੁੰਨੀ ਤਹਿਰੀਕ ਦੇ ਸਰਵਤ ਇਜਾਜ਼ ਕਾਦਰੀ ਵੀ ਚੋਣ ਹਾਰ ਗਏ। ਅਫਾਕ ਅਹਿਮਦ ਨੇ ਤਾਂ ਆਪਣੀ ਪਾਰਟੀ ਦੀ ਚੇਅਰਮੈਨੀ ਤੋਂ ਵੀ ਅਸਤੀਫਾ ਦੇ ਦਿੱਤਾ।

ਬਲੋਚਿਸਤਾਨ ਪ੍ਰਾਂਤ ਦੀ ਗੱਲ ਕਰੀਏ ਤਾਂ ਉਥੇ ਸਭ ਤੋਂ ਵੱਡਾ ਹੇਰ-ਫੇਰ ਇਹ ਹੋਇਆ ਕਿ ਪਖਤੂਨਖਵਾ ਆਵਾਮੀ ਮਿਲੀ ਪਾਰਟੀ ਦੇ ਮੁਖੀ ਮੁਹੰਮਦ ਖਾਨ ਅਚਕਜ਼ਈ ਹਾਰ ਗਏ। ਦੂਜਾ ਫੇਰਬਦਲ ਇਹ ਹੋਇਆ ਕਿ ਜ਼ਬੇਦਾ ਜਲਾਲ ਨੇ ਬਲੋਚਿਸਤਾਨ ਨੈਸ਼ਨਲ ਪਾਰਟੀ ਦੇ ਸਈਅਦ ਅਹਿਸਾਨ ਨੂੰ 12 ਹਜ਼ਾਰ ਵੋਟਾਂ ਨਾਲ ਹਰਾ ਦਿੱਤਾ। ਇਸ ਪ੍ਰਾਂਤ ਵਿਚ ਗੱਠਜੋੜ ਸਰਕਾਰ ਹੀ ਬਣੇਗੀ। ਇਮਰਾਨ ਖਾਨ ਨੇ ਆਪਣੇ ਪਹਿਲੇ ਭਾਸ਼ਣ ਵਿਚ ਇਹ ਕਿਹਾ ਹੈ ਕਿ ਉਹ ਗਰੀਬ ਲੋਕਾਂ ਨੂੰ ਫੌਰੀ ਤੌਰ 'ਤੇ ਰਾਹਤ ਦੇਣ ਵਾਸਤੇ ਗੁਣ-ਦੋਸ਼ ਦੇ ਆਧਾਰ 'ਤੇ ਕੰਮ ਕਰਨਗੇ। ਜਵਾਬਦੇਹੀ ਸਭ ਦੀ ਹੋਵੇਗੀ। ਸਿਹਤ, ਸਿੱਖਿਆ ਤੇ ਪੀਣ ਵਾਲੇ ਸਾਫ ਪਾਣੀ ਲਈ ਫੌਰੀ ਤੌਰ 'ਤੇ ਕਦਮ ਚੁੱਕੇ ਜਾਣਗੇ। ਸਰਕਾਰ ਦਾ ਖਰਚਾ ਘੱਟ ਕੀਤਾ ਜਾਏਗਾ। ਸੰਤੁਲਿਤ ਵਿਦੇਸ਼ ਨੀਤੀ ਬਣਾਈ ਜਾਵੇਗੀ। ਭਾਰਤ ਨਾਲ ਕਸ਼ਮੀਰ ਅਤੇ ਹੋਰ ਮਸਲਿਆਂ ਦੇ ਹੱਲ ਲਈ ਮੇਜ਼ 'ਤੇ ਬੈਠ ਕੇ ਗੱਲ ਕੀਤੀ ਜਾਏਗੀ। ਫੌਜ ਨਾਲ ਮਸਲੇ ਹੱਲ ਨਹੀਂ ਹੁੰਦੇ। ਜੇ ਭਾਰਤ ਇਕ ਕਦਮ ਅੱਗੇ ਆਏਗਾ ਤਾਂ ਅਸੀਂ ਦੋ ਕਦਮ ਅੱਗੇ ਆਵਾਂਗੇ। ਉਨ੍ਹਾਂ ਇਹ ਵੀ ਕਿਹਾ, ਚੋਣਾਂ ਤੋਂ ਪਹਿਲਾਂ ਭਾਰਤੀ ਮੀਡੀਏ ਵਿਚ ਉਨ੍ਹਾਂ ਨੂੰ ਇਸ ਤਰ੍ਹਾਂ ਪੇਸ਼ ਕੀਤਾ ਜਾਂਦਾ ਰਿਹਾ ਹੈ ਜਿਵੇਂ ਉਹ ਫਿਲਮਾਂ ਦੇ ਖਲਨਾਇਕ ਹੋਣ, ਜਦ ਕਿ ਹਕੀਕਤ ਵਿਚ ਉਨ੍ਹਾਂ ਨੇ ਅਜਿਹੀ ਕੋਈ ਗੱਲ ਨਹੀਂ ਸੀ ਕਹੀ। ਅਸੀਂ ਸਭ ਨਾਲ ਅਮਨ ਨਾਲ ਰਹਿਣਾ ਚਾਹੁੰਦੇ ਹਾਂ।

# ਪਾਕਿਸਤਾਨ ਦੀ ਸਿਆਸਤ: ਬਿਲਾਵਲ ਭੁੱਟੋ ਦੀ ਪੇਸ਼ਕਦਮੀ

ਕੌਮੀ ਅਸੈਂਬਲੀ ਚੋਣਾਂ ਵਿਚ ਅੰਕੜਿਆਂ ਦੇ ਮਾਮਲੇ ਵਿਚ ਭਾਵੇਂ ਪਾਕਿਸਤਾਨ ਪੀਪਲਜ਼ ਪਾਰਟੀ (ਪੀ.ਪੀ.ਪੀ.) ਹਾਰ ਗਈ ਹੋਵੇ, ਫਿਰ ਵੀ ਇਕ ਤਰ੍ਹਾਂ ਨਾਲ ਜਿੱਤ ਇਸ ਦੀ ਵੀ ਹੋਈ ਹੈ। ਇਸ ਵਾਰ ਚੋਣ ਅਮਲ ਬਹੁਤ ਤਣਾਅ ਅਤੇ ਦਹਿਸ਼ਤ ਭਰਪੂਰ ਮਾਹੌਲ ਵਿਚ ਨਿਬੜਿਆ ਹੈ, ਇਸ ਦੇ ਬਾਵਜੂਦ ਬਿਲਾਵਲ ਭੁੱਟੋ ਜ਼ਰਦਾਰੀ ਆਪਣੇ ਸਿਆਸੀ ਕਰੀਅਰ ਦੀ ਪਹਿਲੀ ਚੋਣ ਜਿੱਤ ਕੇ ਮੁਲਕ ਦੀ ਕੌਮੀ ਅਸੈਂਬਲੀ ਵਿਚ ਜਾਣ ਵਿਚ ਕਾਮਯਾਬ ਰਿਹਾ ਹੈ। ਕੌਮੀ ਅਸੈਂਬਲੀ ਅੰਦਰ ਉਸ

ਸ਼ਹਿਜ਼ਾਦ ਰਜ਼ਾ

ਦੀ ਮੌਜੂਦਗੀ ਉਹ ਖਲਾਅ ਕੁਝ ਹੱਦ ਤੱਕ ਜ਼ਰੂਰ ਭਰੇਗੀ, ਜਿਹੜਾ ਉਸ ਦੀ ਮਾਂ ਦੇ ਚਲਾਣੇ ਤੋਂ ਬਾਅਦ ਪੈਦਾ ਹੋ ਗਿਆ ਸੀ। ਚੁਸਤ-ਤੰਦਰੁਸਤ ਅਣਵਿਆਹੇ ਬਿਲਾਵਲ ਨੇ ਆਪਣੀ ਮਾਂ ਬੇਨਜ਼ੀਰ ਭੁੱਟੋ ਅਤੇ ਨਾਨੇ ਜ਼ੁਲਫਿਕਾਰ ਅਲੀ ਭੁੱਟੋ ਵਾਲਾ ਰਾਹ ਅਖਤਿਆਰ ਕੀਤਾ ਹੈ।

ਨਵੀਂ ਕੌਮੀ ਅਸੈਂਬਲੀ ਵਿਚ ਬਿਲਾਵਲ ਭੁੱਟੋ ਪਾਕਿਸਤਾਨ ਦੀ ਤੀਜੀ ਸਭ ਤੋਂ ਵੱਡੀ ਪਾਰਟੀ ਦੀ ਅਗਵਾਈ ਕਰੇਗਾ। ਪੀ.ਪੀ.ਪੀ. ਅਤੇ ਇਮਰਾਨ ਖਾਨ ਦੀ ਅਗਵਾਈ ਹੇਠਲੀ ਪਾਕਿਸਤਾਨ ਤਹਿਰੀਕ-ਏ-ਇਨਸਾਫ (ਪੀ.ਟੀ.ਆਈ.) ਵਿਚਾਲੇ ਭਾਵੇਂ ਗੱਠਜੋੜ ਦੀ ਸੰਭਾਵਨਾ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ; ਫਿਰ ਵੀ ਵਧੇਰੇ ਸੰਭਾਵਨਾ ਇਹੋ ਹੈ ਕਿ ਪੀ.ਪੀ.ਪੀ., ਪਾਕਿਸਤਾਨ ਮੁਸਲਿਮ ਲੀਗ-ਨਵਾਜ਼ (ਪੀ.ਐਮ.ਐਲ.-ਐਨ.) ਨਾਲ ਮਿਲ ਕੇ ਮਜ਼ਬੂਤ ਵਿਰੋਧੀ ਧਿਰ ਕਾਇਮ ਕਰੇਗੀ।

ਬਿਲਾਵਲ ਨੇ ਆਪਣੀ ਪਾਰਟੀ ਦੀਆਂ ਚੋਣ ਮੁਹਿੰਮਾਂ ਬਹੁਤ ਅਸਰਦਾਰ ਢੰਗ ਨਾਲ ਚਲਾਈਆਂ। ਉਸ ਨੇ ਔਖੇ ਹਾਲਾਤ ਵਿਚ ਵੀ ਕਦੇ ਆਪਾ ਨਹੀਂ ਗੁਆਇਆ ਅਤੇ ਸਦਾ ਸਬਰ, ਸੰਜਮ, ਠਰੰਮੇ ਤੇ ਸੁਘੜ-ਸਾਊ ਸੁਭਾਅ ਦਾ ਹੀ ਪ੍ਰਗਟਾਵਾ ਕੀਤਾ। ਉਸ ਨੇ ਆਪਣੇ ਸਮਕਾਲੀ ਆਗੂਆਂ ਵਾਂਗ ਕਦੇ ਬੜਬੋਲੇਪਨ ਦਾ ਮੁਜ਼ਾਹਰਾ ਵੀ ਨਹੀਂ ਕੀਤਾ ਤੇ ਨਾ ਹੀ ਉਹ ਕਦੇ ਦੂਸ਼ਣਬਾਜ਼ੀ 'ਤੇ ਉਤਰਿਆ। ਉਸ ਨੇ ਸਦਾ ਸਦਾਚਾਰੀ ਅਤੇ ਨੇਕਨਾਮੀ ਵਾਲਾ ਅਕਸ ਬਣਾਇਆ; ਇਹ ਗੁਣ ਉਸ ਨੂੰ ਜ਼ਰੂਰ ਹੀ ਆਪਣੀ ਮਾਂ ਬੇਨਜ਼ੀਰ ਭੁੱਟੋ ਤੋਂ ਵਿਰਾਸਤ ਵਿਚ ਮਿਲਿਆ ਹੈ। ਇਹ ਬਿਲਾਵਲ ਲਈ ਉਤਮ ਤੇ ਮੁਕੰਮਲ ਸ਼ੁਰੂਆਤ ਹੈ ਜਿਸ ਅੱਗੇ ਅਜੇ ਲੰਮਾ ਕਰੀਅਰ ਪਿਆ ਹੈ।

ਇਨ੍ਹਾਂ ਚੋਣਾਂ ਦੌਰਾਨ ਪੀ.ਟੀ.ਆਈ. ਸਭ ਤੋਂ ਵੱਡੀ ਪਾਰਟੀ ਵਜੋਂ ਉਭਰੀ ਹੈ ਅਤੇ ਪੀ.ਐਮ.ਐਲ.-ਐਨ. ਦੂਜੇ ਨੰਬਰ 'ਤੇ ਰਹੀ ਹੈ। ਪੀ.ਪੀ.ਪੀ. ਕੌਮੀ ਪੱਧਰ 'ਤੇ ਤੀਜੇ ਸਥਾਨ 'ਤੇ ਰਹੀ ਹੈ। ਪਿਛਲੀਆਂ ਚੋਣਾਂ ਨਾਲੋਂ ਇਸ ਨੂੰ ਵੱਧ ਸੀਟਾਂ ਮਿਲੀਆਂ ਸਨ। ਐਤਕੀਂ ਇਸ ਨੇ ਸਿੰਧ ਸੂਬੇ ਵਿਚ ਸਭ ਤੋਂ ਵੱਧ ਸੀਟਾਂ ਹਾਸਲ ਕਰਨ ਵਿਚ ਵੀ ਸਫਲਤਾ ਹਾਸਲ ਕੀਤੀ ਹੈ ਅਤੇ ਉਥੇ ਇਹ ਆਪਣੀ ਸਰਕਾਰ ਦੁਬਾਰਾ ਬਣਾਏਗੀ। ਪੰਜਾਬ ਵਿਚ ਵੀ ਇਸ ਦੀ ਕਾਰਗੁਜ਼ਾਰੀ 2013 ਦੀਆਂ ਆਮ ਚੋਣਾਂ ਦੇ ਮੁਕਾਬਲੇ ਬਿਹਤਰ ਰਹੀ ਹੈ।

ਪੀ.ਪੀ.ਪੀ. ਚੋਣ ਮੁਹਿੰਮਾਂ ਦੇ ਆਖਰੀ ਗੇੜ ਦੌਰਾਨ ਦੋ ਰਣਨੀਤਕ ਫੈਸਲੇ ਕੀਤੇ। ਪਹਿਲਾ ਤਾਂ ਇਹ ਕਿ ਜਲਸਿਆਂ-ਰੈਲੀਆਂ, ਸਾਈਨ-ਬੋਰਡਾਂ ਅਤੇ ਮੀਡੀਆ ਇਸ਼ਤਿਹਾਰਾਂ ਵਿਚ ਪਾਰਟੀ ਦੇ ਕੋ-ਚੇਅਰਮੈਨ ਆਸਿਫ ਅਲੀ ਜ਼ਰਦਾਰੀ ਦੀ ਮੌਜੂਦਗੀ ਘਟਾਈ ਗਈ। ਦੂਜੇ, ਇਸ ਨੇ ਆਪਣੇ ਸਿਆਸੀ ਸ਼ਰੀਕਾਂ ਖਿਲਾਫ ਭੜਕਾਊ, ਹਮਲਾਵਰ ਅਤੇ ਰੋਹ ਭਰਪੂਰ ਭਾਸ਼ਣ ਜਾਂ ਟਿੱਪਣੀਆਂ ਤੋਂ ਗੁਰੇਜ਼ ਕੀਤਾ। ਅਜਿਹੀ ਨੀਤੀ ਨਾਲ ਵੱਧ ਸੀਟਾਂ ਤਾਂ ਭਾਵੇਂ ਨਹੀਂ ਜਿੱਤੀਆਂ ਜਾ ਸਕੀਆਂ ਪਰ ਇਸ ਨੇ ਦਿਲ ਜ਼ਰੂਰ ਜਿੱਤੇ। ਇਹੋ ਕਾਰਨ ਹੈ ਕਿ ਮੁਖਾਲਿਫ ਧਿਰਾਂ ਵੀ ਇਸ ਵੇਲੇ ਬਿਲਾਵਲ ਦੀ ਤਾਰੀਫ ਕਰਦੀਆਂ ਦਿਖਾਈ ਦੇ ਰਹੀਆਂ ਹਨ ਤੇ ਉਸ ਅੰਦਰ ਭਵਿਖ ਦਾ ਆਗੂ ਦੇਖ ਰਹੀਆਂ ਹਨ।

ਪਾਕਿਸਤਾਨੀ ਸਿਆਸਤ ਵਿਚ ਬਿਲਾਵਲ ਭੁੱਟੋ ਬਾਰੇ ਜਾਣਨ ਦੀ ਜਗਿਆਸਾ ਬਹੁਤ ਹੈ। ਉਸ ਦੀ ਆਪਣੀ ਬੜੀ ਸ਼ਾਨਾਂਮੱਤੀ ਵਿਰਾਸਤ ਹੈ। ਉਹ ਆਪਣੇ ਨਾਨੇ ਜ਼ੁਲਫਿਕਾਰ ਅਲੀ ਭੁੱਟੋ ਅਤੇ ਮਾਂ ਬੇਨਜ਼ੀਰ ਭੁੱਟੋ ਵਰਗੀ ਕਾਰਗੁਜ਼ਾਰੀ ਦੁਹਰਾਉਣ ਦਾ ਚਾਹਵਾਨ ਹੈ। ਉਂਜ, ਉਸ ਨੂੰ ਆਪਣੇ ਪਿਤਾ ਆਸਿਫ ਅਲੀ ਜ਼ਰਦਾਰੀ ਦੇ ਪਰਛਾਵੇਂ ਤੋਂ ਲਾਂਭੇ ਰਹਿਣ ਦੀ ਜ਼ਰੂਰਤ ਹੈ ਕਿਉਂਕਿ ਉਹ ਪਾਕਿਸਤਾਨੀ ਸਿਆਸਤ ਵਿਚ ਬੜਾ ਬਦਨਾਮ ਹੈ ਅਤੇ ਬਹੁਤੇ ਪਾਕਿਸਤਾਨੀ ਉਸ ਨੂੰ ਪਸੰਦ ਨਹੀਂ ਕਰਦੇ।

ਚੋਣਾਂ ਤੋਂ ਐਨ ਪਹਿਲਾਂ ਪੀ.ਟੀ.ਆਈ. ਦੇ ਚੇਅਰਮੈਨ ਇਮਰਾਨ ਖਾਨ ਨੇ ਇਹ ਆਖਦਿਆਂ ਪੀ.ਪੀ.ਪੀ. ਨਾਲ ਗੱਠਜੋੜ ਕਾਇਮ ਕਰਨ ਦਾ ਸੰਕੇਤ ਦਿੱਤਾ ਸੀ ਕਿ ਬਸ਼ਰਤੇ ਆਸਿਫ ਅਲੀ ਜ਼ਰਦਾਰੀ ਉਸ ਗੱਠਜੋੜ ਦਾ ਹਿੱਸਾ ਨਾ ਹੋਵੇ। ਜ਼ਰਦਾਰੀ ਅਜਿਹੇ ਮਾਮਲਿਆਂ ਵਿਚ ਚੁਸਤ-ਚਲਾਕ ਵੀ ਖੂਬ ਹਨ ਅਤੇ ਉਹ ਪਾਕਿਸਤਾਨੀ ਸਿਆਸਤ ਦੀਆਂ ਪੇਚੀਦਗੀਆਂ ਤੇ ਮੁਸ਼ਕਿਲਾਂ ਨੂੰ ਵੀ ਕਿਸੇ ਹੋਰ ਸਿਆਸੀ ਆਗੂ ਦੇ ਮੁਕਾਬਲੇ ਬਿਹਤਰ ਤਰੀਕੇ ਨਾਲ ਸਮਝਦੇ ਹਨ। ਜੇ ਉਨ੍ਹਾਂ ਅਤੇ ਉਨ੍ਹਾਂ ਦੀ ਪਾਰਟੀ ਨੂੰ ਸੌਦਾ ਵਧੀਆ ਲੱਗਾ, ਤਾਂ ਉਹ ਕੌਮੀ ਅਸੈਂਬਲੀ ਵਿਚ ਹੁਣੇ ਜਿੱਤੀ ਸੀਟ ਤੋਂ ਅਸਤੀਫਾ ਵੀ ਦੇ ਸਕਦੇ ਹਨ।

ਪਿਛਲੇ ਪੰਜ ਦਹਾਕਿਆਂ ਤੋਂ ਪੀ.ਪੀ.ਪੀ. ਨੇ ਬਥੇਰੇ ਉਤਰਾਅ-ਚੜ੍ਹਾਅ ਦੇਖੇ ਹਨ। ਇਸ ਵਿਚ ਬਹੁਤ ਵੱਡੀਆਂ ਤਬਦੀਲੀਆਂ ਵੀ ਹੋਈਆਂ ਅਤੇ ਪਿਛਲੇ ਕੁਝ ਸਮੇਂ ਦੌਰਾਨ ਇਸ ਵਿਚ ਨਿਘਾਰ ਵੀ ਆਇਆ। ਕਿਸੇ ਵੇਲੇ ਲਾਹੌਰ, ਜਿੱਥੇ ਇਸ ਪਾਰਟੀ ਦਾ ਜਨਮ ਹੋਇਆ ਸੀ, ਇਸ ਦਾ ਗੜ੍ਹ ਹੁੰਦਾ ਸੀ। ਹੁਣ ਇਹ ਪਾਰਟੀ ਉਸ ਸ਼ਹਿਰ ਵਿਚੋਂ ਇਕ ਵੀ ਸੀਟ ਨਹੀਂ ਜਿੱਤ ਸਕਦੀ। ਦਰਅਸਲ, ਜ਼ਰਦਾਰੀ ਦੀਆਂ ਚਾਲਬਾਜ਼ੀਆਂ ਨੂੰ ਪੰਜਾਬੀ ਰੱਦ ਕਰ ਚੁੱਕੇ ਹਨ। ਸਾਲ 1986 ਵਿਚ ਜਨਰਲ ਜ਼ਿਆ-ਉਲ ਹੱਕ ਦੀ ਤਾਨਾਸ਼ਾਹ ਸਰਕਾਰ ਦੌਰਾਨ ਜਦੋਂ ਬੇਨਜ਼ੀਰ ਭੁੱਟੋ ਵਤਨ ਪਰਤੇ ਸਨ, ਤਦ ਲਾਹੌਰੀਆਂ ਨੇ ਉਨ੍ਹਾਂ ਦਾ ਜਿਹੋ ਜਿਹਾ ਸੁਆਗਤ ਕੀਤਾ ਸੀ, ਓਨਾ ਪਹਿਲਾਂ ਕਦੇ ਕਿਸੇ ਦਾ ਵੀ ਨਹੀਂ ਸੀ ਹੋਇਆ। ਉਹ ਲੋਕ ਬੇਨਜ਼ੀਰ ਨੂੰ ਪਿਆਰ ਹੀ ਨਹੀਂ ਕਰਦੇ ਸਨ, ਸਗੋਂ ਉਨ੍ਹਾਂ ਦੇ ਸ਼ਰਧਾਲੂ ਸਨ।

ਜੇ ਹਾਲੀਆ ਚੋਣਾਂ ਦੀ ਗੱਲ ਕਰੀਏ, ਤਾਂ ਇਸ ਦੇ ਨਤੀਜੇ ਵਿਵਾਦਾਂ ਵਿਚ ਘਿਰੇ ਹੋਏ ਹਨ। ਪੀ.ਐਮ.ਐਲ.-ਐਨ. ਨੇ ਇਨ੍ਹਾਂ ਚੋਣ ਨਤੀਜਿਆਂ ਨੂੰ ਮੁੱਢੋਂ ਹੀ ਰੱਦ ਕਰ ਦਿੱਤਾ ਹੈ। ਪੀ.ਪੀ.ਪੀ. ਨੇ ਆਪਣੇ ਸਖਤ ਇਤਰਾਜ਼ ਪ੍ਰਗਟਾਏ ਹਨ। ਉਸ ਨੇ ਸਰਕਾਰੀ ਸੰਸਥਾਵਾਂ 'ਤੇ ਦੋਸ਼ ਲਾਇਆ ਹੈ ਕਿ ਉਹ ਉਸ ਦੇ ਪੋਲਿੰਗ ਏਜੰਟਾਂ ਨੂੰ ਪਰੇਸ਼ਾਨ ਕਰ ਰਹੀ ਹੈ ਤੇ ਪੀ.ਟੀ.ਆਈ. ਦਾ ਪੱਖ ਪੂਰ ਰਹੀ ਹੈ। ਸੈਨੇਟ ਦੇ ਸਾਬਕਾ ਚੇਅਰਮੈਨ ਰਜ਼ਾ ਰੱਬਾਨੀ ਨੇ ਵੋਟਰਾਂ ਦੇ ਫੈਸਲੇ ਨੂੰ ਤਾਕਤ ਨਾਲ ਬਦਲਣ ਦੇ ਬਹੁਤ ਭੈੜੇ ਨਤੀਜੇ ਨਿਕਲਣ ਦੀ ਚਿਤਾਵਨੀ ਦਿੱਤੀ ਹੈ। ਪਾਰਟੀ ਨੇ ਪੋਲਿੰਗ ਸਟੇਸ਼ਨਾਂ ਦੇ ਅੰਦਰ ਤੇ ਬਾਹਰ ਭਾਰੀ ਗਿਣਤੀ ਵਿਚ ਫੌਜੀਆਂ ਦੀ ਤਾਇਨਾਤੀ 'ਤੇ ਵੀ ਇਤਰਾਜ਼ ਪ੍ਰਗਟਾਇਆ ਹੈ।

ਪੀ.ਪੀ.ਪੀ. ਦੇ ਕਿਸੇ ਆਗੂ ਨੇ ਟਿੱਪਣੀ ਕੀਤੀ ਸੀ: "ਸਾਲ 2008 ਵਿਚ ਜਦੋਂ ਦਹਿਸ਼ਤਗਰਦੀ ਸਿਖਰਾਂ 'ਤੇ ਸੀ, ਤਦ ਸਿਰਫ 70,000 ਫੌਜੀ ਜਵਾਨ ਤਾਇਨਾਤ ਕੀਤੇ ਗਏ ਸਨ। ਹੁਣ ਜਦੋਂ ਪੂਰੇ ਮੁਲਕ ਵਿਚ ਕਿਤੇ ਜ਼ਿਆਦਾ ਬਿਹਤਰ ਅਮਨ-ਅਮਾਨ ਵਾਲੀ ਹਾਲਤ ਹੈ, ਤਾਂ ਹੁਣ 4 ਲੱਖ ਦੇ ਕਰੀਬ ਜਵਾਨ ਤਾਇਨਾਤ ਕੀਤੇ ਗਏ ਹਨ; ਇਹ ਗੱਲ ਸਮਝ ਨਹੀਂ ਆਉਂਦੀ ਜਾਂ ਇਹ ਵੀ ਆਖ ਸਕਦੇ ਹਾਂ ਕਿ ਸਮਝੀ ਜਾ ਸਕਦੀ ਹੈ।"

ਪਾਕਿਸਤਾਨ ਰਾਸ਼ਟਰ ਅਤੇ ਮੁਲਕ ਵਜੋਂ ਇਸ ਵੇਲੇ ਚੁਰਾਹੇ 'ਤੇ ਖੜ੍ਹਾ ਹੈ। 2018 ਦੀਆਂ ਇਨ੍ਹਾਂ ਚੋਣਾਂ ਤੋਂ ਬਾਅਦ ਹੁਣ ਇਸ ਦੇ ਭਵਿਖ ਦਾ ਕੋਈ ਰਾਹ ਦਿਖਾਈ ਦੇਵੇਗਾ। ਇਸਲਾਮਾਬਾਦ ਦੇ ਸੀਨੀਅਰ ਪੱਤਰਕਾਰ ਮੁਰਤਜ਼ਾ ਸੋਲੰਗੀ ਨੇ ਆਖਿਆ ਹੈ, "1977 ਤੋਂ ਬਾਅਦ ਇਹ ਚੋਣਾਂ ਸਭ ਤੋਂ ਵੱਧ ਵਿਵਾਦਗ੍ਰਸਤ ਰਹੀਆਂ ਹਨ। ਮੈਨੂੰ ਹੈਰਾਨੀ ਹੈ ਕਿ ਪੀ.ਐਮ.ਐਲ.-ਐਨ. ਅਤੇ ਪੀ.ਪੀ.ਪੀ. ਇਨ੍ਹਾਂ ਚੋਣ ਨਤੀਜਿਆਂ ਨੂੰ ਕਿਵੇਂ ਪ੍ਰਵਾਨ ਕਰਨਗੀਆਂ। ਜੇ ਪੀ.ਟੀ.ਆਈ. ਨੇ ਸਰਕਾਰ ਕਾਇਮ ਕਰ ਵੀ ਲਈ, ਤਾਂ ਉਸ ਲਈ ਰਾਹ ਕੋਈ ਬਹੁਤਾ ਸੁਖਾਲਾ ਨਹੀਂ ਹੋਵੇਗਾ।"

ਜਿਹੜੀ ਵੀ ਪਾਰਟੀ ਸਰਕਾਰ ਕਾਇਮ ਕਰੇਗੀ, ਪੀ.ਪੀ.ਪੀ. ਨੂੰ ਕੁਝ ਵੱਡੇ ਫੈਸਲੇ ਕਰਨੇ ਪੈਣਗੇ। ਜ਼ਾਹਿਰਾ ਤੌਰ 'ਤੇ ਬਿਲਾਵਲ ਭੁੱਟੋ ਸੰਸਦੀ ਸਿਆਸਤ ਦੀ ਕਲਾ ਸਿੱਖਣ ਲਈ ਮੁਖਾਲਿਫ ਧਿਰ ਵਿਚ ਬੈਠਣਾ ਵਧੇਰੇ ਪਸੰਦ ਕਰੇਗਾ। ਇਸ ਵੇਲੇ ਪੀ.ਟੀ.ਆਈ. ਨਾਲ ਉਸ ਦਾ ਗੱਠਜੋੜ ਭਵਿਖ ਵਿਚ ਉਸ ਦੇ ਆਪਣੇ ਸਿਆਸੀ ਕਰੀਅਰ ਲਈ ਕੋਈ ਵਧੀਆ ਸਿੱਧ ਨਹੀਂ ਹੋਵੇਗਾ। ਉਹ ਪੰਜਾਬ ਵਿਚ ਆਪਣੀ ਪਾਰਟੀ ਦੀ ਗੁਆਚੀ ਸਾਖ ਬਹਾਲ ਕਰਨ ਦਾ ਜਤਨ ਕਰੇਗਾ ਅਤੇ ਅਗਲੇ ਪੰਜ ਵਰ੍ਹਿਆਂ ਦੌਰਾਨ ਉਸ ਦੀ ਕੋਸ਼ਿਸ਼ ਸਾਲ 2023 ਦੀਆਂ ਆਮ ਚੋਣਾਂ ਜਿੱਤਣ ਦੀ ਵੀ ਰਹੇਗੀ।

ਅਜਿਹਾ ਸਭ ਕਰਦਿਆਂ ਉਸ ਨੂੰ ਆਪਣੀ ਸੱਚੀ ਵਿਰਾਸਤ 'ਤੇ ਵਧੇਰੇ ਟੇਕ ਰੱਖਣੀ ਹੋਵੇਗੀ ਤੇ ਉਸ ਨੂੰ ਆਪਣੇ ਪਿਤਾ ਦੇ ਪਰਛਾਵੇਂ ਤੋਂ ਬਾਹਰ ਆਉਣਾ ਹੋਵੇਗਾ। ਉਸ ਨੂੰ ਨਵੀਂ ਟੀਮ ਦੀ ਜ਼ਰੂਰਤ ਹੈ। ਉਨ੍ਹਾਂ ਚਾਚੇ-ਤਾਇਆਂ ਦੀ ਉਸ ਨੂੰ ਜ਼ਰੂਰਤ ਨਹੀਂ ਹੈ, ਜਿਨ੍ਹਾਂ ਨੇ ਉਸ ਦੀ ਪਾਰਟੀ ਲਈ ਬਦਨਾਮੀ ਹੀ ਖੱਟੀ ਹੈ ਅਤੇ ਇਸ ਦਾ ਖਮਿਆਜ਼ਾ ਸਮੁੱਚੇ ਮੁਲਕ ਨੂੰ ਭੁਗਤਣਾ ਪਿਆ ਹੈ।

# ਰਿਫਰੈਂਡਮ-2020: ਸਿਆਸੀ ਰੀਝ ਪੂਰੀ ਕਰਨ ਵੱਲ ਇਤਿਹਾਸਕ ਕਦਮ

***ਪਿਛਲੇ ਕੁਝ ਸਮੇਂ ਤੋਂ ਅਮਰੀਕਾ ਵਿਚਲੀ ਸਿੱਖ ਜਥੇਬੰਦੀ 'ਸਿੱਖਸ ਫਾਰ ਜਸਟਿਸ' ਸਿੱਖਾਂ ਲਈ ਖੁਦਮੁਖਤਿਆਰ ਸਟੇਟ ਦੇ ਹੱਕ ਵਿਚ 'ਰਿਫਰੈਂਡਮ 2020' ਦੇ ਨਾਂ ਹੇਠ ਮੁਹਿੰਮ ਚਲਾ ਰਹੀ ਹੈ। ਕੁਝ ਲੋਕ ਇਸ ਦੇ ਹੱਕ ਵਿਚ ਹਨ ਅਤੇ ਕੁਝ ਵਿਰੋਧ ਵਿਚ। ਇਸ ਮਾਮਲੇ 'ਤੇ ਸਿੱਖਾਂ ਦੀਆਂ ਵੱਖ ਵੱਖ ਧਿਰਾਂ ਵਿਚ ਪਿਛਲੇ ਸਮੇਂ ਦੌਰਾਨ ਕਸ਼ਮਕਸ਼ ਵੀ ਹੋਈ ਹੈ। ਹਥਲੇ ਲੇਖ ਵਿਚ ਸੀਨੀਅਰ ਪੱਤਰਕਾਰ ਅਤੇ ਪੰਜਾਬੀ ਟ੍ਰਿਬਿਊਨ ਚੰਡੀਗੜ੍ਹ ਦੇ ਸਾਬਕਾ ਅਸਿਸਟੈਂਟ ਐਡੀਟਰ ਸ. ਕਰਮਜੀਤ ਸਿੰਘ ਨੇ ਇਸ ਰਿਫਰੈਂਡਮ ਨੂੰ ਹੱਕ ਬਜਾਨਬ ਅਤੇ ਸਿੱਖ ਰੀਝਾਂ ਦਾ ਪ੍ਰਗਟਾਵਾ ਦੱਸਦਿਆਂ ਇਸ ਦੇ ਹੱਕ ਵਿਚ ਫਤਵਾ ਦਿੱਤਾ ਹੈ। ਇਹ ਲੇਖ ਅਸੀਂ ਵਿਚਾਰ-ਚਰਚਾ ਦੇ ਮਨੋਰਥ ਨਾਲ ਛਾਪ ਰਹੇ ਹਾਂ। ਇਸ ਦੇ ਪ੍ਰਤੀਕਰਮ ਵਿਚ ਆਏ ਵਿਚਾਰਾਂ ਨੂੰ ਵੀ ਬਣਦੀ ਥਾਂ ਦਿੱਤੀ ਜਾਵੇਗੀ। ਬਸ ਇਕੋ ਬੇਨਤੀ ਹੈ ਕਿ ਸ਼ਾਇਸ਼ਤਗੀ ਦਾ ਪੱਲਾ ਨਾ ਛੱਡਿਆ ਜਾਵੇ। -ਸੰਪਾਦਕ***

ਰਿਫਰੈਂਡਮ 2020 ਦੇ ਸਿਆਸੀ ਸੰਕਲਪ ਨੂੰ ਸਮਝਣ ਲਈ ਖੁੱਲ੍ਹੇ ਦਿਲ ਦੀ ਲੋੜ ਹੈ। ਜੇ ਬਿਨਾਂ ਕਿਸੇ ਲੱਗ ਲਪੇਟ ਅਤੇ ਧੀਰਜ ਤੇ ਠਰ੍ਹੰਮਾ ਰੱਖ ਕੇ ਵੇਖਾਂਗੇ ਤਾਂ ਇਹ ਤੁਹਾਡੀ ਸਿਆਸੀ ਰੀਝ ਪੂਰੀ ਕਰਨ ਦਾ ਇਕ ਅਨੋਖਾ ਇਕਰਾਰਨਾਮਾ ਹੈ, ਇਕ ਇਤਿਹਾਸਕ ਦਸਤਾਵੇਜ਼ ਹੈ। ਜੇ ਸ਼ਰੀਕ-ਨਜ਼ਰੀਏ ਨਾਲ ਵੇਖਾਂਗੇ ਤਾਂ ਅਨੇਕਾਂ ਢੁੱਚਰਾਂ ਡਾਹ ਕੇ ਰਿਫਰੈਂਡਮ ਦਾ ਮਖੌਲ ਉਡਾ ਸਕਦੇ ਹਾਂ। ਅਣਗਿਣਤ ਤਕਨੀਕੀ ਕਿਸਮ ਦੇ ਬਹਾਨੇ ਬਣਾ ਕੇ ਆਪਣੇ ਆਪ ਨੂੰ ਰਿਫਰੈਂਡਮ ਤੋਂ ਅਲੱਗ ਕਰ ਸਕਦੇ ਹਾਂ। ਜੇ ਪੰਥਕ-ਨਜ਼ਰੀਏ ਨਾਲ ਵੇਖਾਂਗੇ ਤਾਂ ਸਾਡੀ ਸਿਆਸੀ ਤੇ ਧਾਰਮਿਕ ਰੂਹ ਦਾ ਘੇਰਾ ਹੋਰ ਵੱਡਾ ਹੋ ਜਾਏਗਾ-ਇੰਨਾ ਵੱਡਾ ਕਿ ਤੁਸੀਂ ਖਾਲਸਾ ਪੰਥ ਦੇ ਕਲਾਵੇ ਵਿਚ ਆ ਜਾਓਗੇ। ਅਜਿਹੀਆਂ

**ਕਰਮਜੀਤ ਸਿੰਘ**
**ਫੋਨ: 91-99150-91063**

ਸੁਭਾਗੀਆਂ ਘੜੀਆਂ ਵਿਚ ਇਤਿਹਾਸ ਵੀ ਤੁਹਾਡਾ ਹਮਸਫਰ ਬਣ ਜਾਏਗਾ। ਜਿਥੋਂ ਤੱਕ ਸ਼ਰੀਕ-ਨਜ਼ਰੀਏ ਜਾਂ ਸ਼ਰੀਕ-ਬਿਰਤੀ ਦੀ ਗੱਲ ਹੈ, ਇਸ ਵਿਚ ਦੁਨਿਆਵੀ ਸੁਆਦ ਤਾਂ ਹੁੰਦਾ ਹੈ, ਪਰ ਇਸ ਵਿਚ ਨੀਵੀਂ ਕਿਸਮ ਦੀ ਮਿਠਾਸ ਹੁੰਦੀ ਹੈ ਤੇ ਤੁਸੀਂ ਇਕ ਛੋਟੇ ਜਿਹੇ ਘੇਰੇ 'ਚ ਫਸ ਜਾਂਦੇ ਹੋ।

ਗੁਰਬਾਣੀ ਦਾ ਪਵਿੱਤਰ ਐਲਾਨਨਾਮਾ ਹੈ ਕਿ 'ਮਿਠੈ ਮਖ ਮੁਆ ਕਿਉ ਲਏ ਓਡਾਰੀ' ਅਰਥਾਤ ਮੱਖੀ ਮਿਠਾਸ ਵਿਚ ਜਦੋਂ ਫਸ ਜਾਂਦੀ ਹੈ ਤਾਂ ਉਹ ਵੱਡੀ ਉਡਾਰੀ ਨਹੀਂ ਭਰ ਸਕਦੀ ਜਾਂ ਕਹਿ ਲਓ ਕਿ ਉਸ ਦੀ ਪਰਵਾਜ਼ ਕੁੱਕੜ-ਉਡਾਰੀ ਵਰਗੀ ਹੁੰਦੀ ਹੈ। ਪਰ ਖਾਲਸਾ ਪੰਥ ਦੇ ਸੰਤ ਸਿਪਾਹੀਆਂ ਨੇ ਤਾਂ ਬਾਜ਼-ਉਡਾਰੀ ਭਰਨੀ ਹੈ ਜੋ ਦਸ਼ਮੇਸ਼ ਪਿਤਾ ਨੇ ਕਿਸੇ ਅਨੰਤ ਖੁਸ਼ੀ ਵਿਚ ਸਾਨੂੰ ਬਖਸ਼ੀ ਸੀ। ਬਾਜ਼-ਉਡਾਰੀ ਭਰਨ ਲਈ ਸਾਨੂੰ ਪੰਥਕ-ਨਜ਼ਰੀਆ ਧਾਰਨ ਕਰਨਾ ਪੈਣਾ ਹੈ ਜੋ ਸਾਡੀ ਨਿੱਤ ਦੀ ਅਰਦਾਸ ਦਾ ਹਿੱਸਾ ਵੀ ਹੈ।

'ਸਿੱਖਸ ਫਾਰ ਜਸਟਿਸ' ਨੇ ਰਿਫਰੈਂਡਮ ਜਾਂ ਰਾਇਸ਼ੁਮਾਰੀ ਦਾ ਵਿਚਾਰ ਪੰਥ ਦੇ ਵਿਹੜੇ ਵਿਚ ਪਹਿਲੀ ਵਾਰੀ ਲਿਆਂਦਾ ਹੈ। ਬਿਨਾਂ ਸ਼ੱਕ ਇਸ ਤੋਂ ਪਹਿਲਾਂ ਸਵੈ-ਨਿਰਣੇ ਦੀ ਮੰਗ ਨੂੰ ਲੈ ਕੇ ਯੂ. ਐਨ. ਓ. ਦੇ ਤਤਕਾਲੀ ਜਨਰਲ ਸਕੱਤਰ ਬੁਤਰਸ ਘਾਲੀ ਨੂੰ ਇਕ ਯਾਦ ਪੱਤਰ ਦਿੱਤਾ ਗਿਆ ਸੀ। ਇਹ ਵੀ ਇਕ ਹਕੀਕਤ ਸੀ ਕਿ ਇਹ ਯਾਦ ਪੱਤਰ ਇਕ ਲਹਿਰ ਨਾ ਬਣ ਸਕਿਆ। ਪਰ ਰਿਫਰੈਂਡਮ 2020 ਇਕ ਵੱਡੀ ਲਹਿਰ ਬਣ ਗਿਆ ਹੈ ਅਤੇ ਇਸ ਦਾ ਸਿਹਰਾ 'ਸਿੱਖਸ ਫਾਰ ਜਸਟਿਸ' ਨੂੰ ਜਾਂਦਾ ਹੈ। ਇਸ ਵਿਚਾਰ ਨੂੰ ਪੰਥ ਸਾਹਮਣੇ ਲਿਆਉਣ ਪਿੱਛੇ ਉਹ ਸਭ ਦੁਖ ਤਕਲੀਫਾਂ ਸਨ ਜੋ ਭਾਰਤੀ ਸਟੇਟ ਨੇ ਪਿਛਲੇ ਦਹਾਕਿਆਂ ਵਿਚ ਸਾਨੂੰ ਦਿੱਤੀਆਂ। ਦਰਬਾਰ ਸਾਹਿਬ 'ਤੇ ਫੌਜ ਦਾ ਹਮਲਾ, ਅਕਾਲ ਤਖਤ ਸਾਹਿਬ ਦੀ ਤਬਾਹੀ, ਸੰਤ ਜਰਨੈਲ ਸਿੰਘ ਤੇ ਹਜ਼ਾਰਾਂ ਸਿੰਘਾਂ ਦੀ ਸ਼ਹਾਦਤ, ਜੂਨ 84 ਤੇ ਨਵੰਬਰ 84 ਵਿਚ ਸਿੱਖਾਂ ਦੀ ਨਸਲਕੁਸ਼ੀ ਤੇ ਹਜ਼ਾਰਾਂ ਜੁਝਾਰੂ ਸਿੰਘਾਂ ਦੀ ਸ਼ਹੀਦੀ ਅਤੇ ਅਨੇਕਾਂ ਵਿਤਕਰੇ ਕੀਤੇ ਗਏ ਤੇ ਕੀਤੇ ਜਾ ਰਹੇ ਹਨ ਕਿ ਸਾਡੇ ਕੋਲ ਇਸ ਸਬੰਧ ਵਿਚ ਤੱਥਾਂ, ਗਵਾਹੀਆਂ ਤੇ ਸਬੂਤਾਂ ਦਾ ਭਰਪੂਰ ਖਜਾਨਾ ਹੈ। ਇਸ ਹਾਲਤ ਵਿਚ ਸਾਡੇ ਕੋਲ ਰਿਫਰੈਂਡਮ ਹੀ ਇਕ ਜਮਹੂਰੀ, ਪੁਰਅਮਨ ਰਾਹ ਰਹਿ ਗਿਆ ਹੈ ਜਿਥੇ ਇਕ ਪਾਸੇ ਕੌਮਾਂਤਰੀ ਕਚਹਿਰੀ ਵਿਚ ਸਾਡੀ ਆਵਾਜ਼ ਜਾਂਦੀ ਹੈ ਅਤੇ ਦੂਜਾ ਅਸੀਂ ਏਕਤਾ ਵਿਚ ਬੱਝ ਕੇ ਅਗਲੇ ਰਾਹਾਂ ਲਈ ਆਪਣੀ ਰਣਨੀਤੀ ਤੇ ਰਾਜਨੀਤੀ ਨੂੰ ਨਵੀਂ ਨੁਹਾਰ ਦੇ ਸਕਦੇ ਹਾਂ। ਇਸ ਲਈ ਰਿਫਰੈਂਡਮ 'ਤੇ ਸਾਰੀ ਕੌਮ ਨੂੰ ਸਹਿਮਤ ਹੋਣਾ ਚਾਹੀਦਾ ਹੈ ਕਿਉਂਕਿ ਸਾਰੀ ਕੌਮ ਹੀ ਦੁੱਖਾਂ ਤਕਲੀਫਾਂ ਵਿਚੋਂ ਲੰਘ ਰਹੀ ਹੈ ਅਤੇ ਲੰਘੀ ਹੈ।

ਰਿਫਰੈਂਡਮ ਸਾਰੀ ਕੌਮ ਨੂੰ ਇਕ ਅਨੋਖੀ ਸਾਂਝ ਵਿਚ ਪਰੋਣ ਦਾ ਇਕ ਜਮਹੂਰੀ ਵਸੀਲਾ ਹੈ, ਭਾਵੇਂ ਕੋਈ ਨਰਮਦਲੀਆ ਸਿੱਖ ਹੋਵੇ ਤੇ ਭਾਵੇਂ ਕੋਈ ਗਰਮਦਲੀਆ ਸਿੱਖ। ਇਸ ਲਈ ਇਹ ਇਕ ਅਜਿਹਾ ਪਲੇਟਫਾਰਮ ਹੈ ਜੋ ਸਾਨੂੰ ਸਾਡੀ ਮੰਜ਼ਿਲ ਦੇ ਨੇੜੇ ਲੈ ਕੇ ਆਉਂਦਾ ਹੈ। ਇਕ ਹੋਰ ਨੁਕਤਾ ਵੀ ਸਪੱਸ਼ਟ ਹੋ ਜਾਣਾ ਚਾਹੀਦਾ ਹੈ। ਹੁਣ ਗੱਲ ਸਿੱਖਸ ਫਾਰ ਜਸਟਿਸ ਤੋਂ ਵੀ ਅੱਗੇ ਲੰਘ ਗਈ ਹੈ। ਨਾ ਹੀ ਇਹ ਹੁਣ ਗੁਰਪਤਵੰਤ ਸਿੰਘ ਪੰਨੂੰ ਤੱਕ ਹੀ ਸੀਮਤ ਹੈ। ਪਰ ਸੁੱਚੇ ਜਜ਼ਬਿਆਂ ਤੇ ਸਿੱਖੀ ਸਿਧਾਂਤਾਂ ਦਾ ਇਤਿਹਾਸ ਉਸ ਨੂੰ ਯਾਦ ਰੱਖੇਗਾ ਕਿ ਉਸ ਨੇ ਰਿਫਰੈਂਡਮ ਦਾ ਵਿਚਾਰ ਲਿਆ ਕੇ ਸਮੁੱਚੀ ਕੌਮ ਦੀਆਂ ਸਿਆਸੀ, ਧਾਰਮਿਕ ਤੇ ਸੱਭਿਆਚਾਰਕ ਪਰਤਾਂ ਨੂੰ ਰਿਫਰੈਂਡਮ ਬਾਰੇ ਗੰਭੀਰਤਾ ਨਾਲ ਸੋਚਣ 'ਤੇ ਮਜਬੂਰ ਕਰ ਦਿੱਤਾ ਹੈ।

ਇਤਿਹਾਸ ਵਿਚ ਅਜਿਹੇ ਸੁਨਹਿਰੀ ਪਲ ਬਹੁਤ ਘੱਟ ਆਉਂਦੇ ਹਨ ਜਦੋਂ ਕੌਮ ਦੀ ਤਕਦੀਰ ਇਕ ਅਜਿਹੇ ਨੁਕਤੇ 'ਤੇ ਇਕਾਗਰ ਹੋ ਜਾਂਦੀ ਹੈ, ਜਿਥੋਂ ਆਜ਼ਾਦੀ ਵੱਲ ਜਾਂਦੇ ਅਗਲੇ ਰਸਤੇ ਆਸਾਨ ਹੋ ਜਾਂਦੇ ਹਨ। ਰਿਫਰੈਂਡਮ 2020 ਉਹ ਨੁਕਤਾ ਹੈ, ਜੋ ਸਾਨੂੰ ਇਕ ਮੰਚ ਉਤੇ ਲਿਆਉਣ ਦਾ ਸਰਸਬਜ਼ ਚਸ਼ਮਾ ਹੈ। ਵੈਸੇ ਜ਼ਰੂਰੀ ਨਹੀਂ ਕਿ ਸਾਰੀ ਕੌਮ ਹੀ ਇਕ ਦਮ ਰਿਫਰੈਂਡਮ 'ਤੇ ਇਕਮੱਤ ਹੋ ਜਾਏਗੀ ਕਿਉਂਕਿ ਸਾਡੀ ਕੌਮ 'ਚ ਵੰਡੀਆਂ ਪਾਉਣ ਦੀਆਂ ਬਾਰੀਕ ਸਾਜ਼ਿਸ਼ਾਂ ਘੜਨ 'ਚ ਸਰਕਾਰਾਂ ਤਾਂ ਸਰਗਰਮ ਹਨ ਹੀ, ਸਾਡੇ ਆਪਣੇ ਵੀ ਕਈ ਤਰ੍ਹਾਂ ਦੀ ਗਲਤਫਹਿਮੀ ਤੇ ਭੁਲੇਖੇ ਦਾ ਸ਼ਿਕਾਰ ਹਨ। ਅਸੀਂ ਉਨ੍ਹਾਂ ਸਮਿਆਂ 'ਚੋਂ ਲੰਘ ਰਹੇ ਹਾਂ ਜਦੋਂ ਨਿੱਜੀ ਹਿੱਤ ਬਹੁਤ ਪਿਆਰੇ ਲੱਗਦੇ ਹਨ। ਦੂਜੇ ਪਾਸੇ ਕੌਮੀ ਹਿੱਤ ਸਾਡੇ ਪਵਿੱਤਰ ਜਜ਼ਬਿਆਂ ਦੇ ਏਜੰਡੇ 'ਤੇ ਅਜੇ ਤੱਕ ਵੀ ਨਹੀਂ ਆਏ।

ਇਸਲਾਮ ਦਾ ਢਾਡੀ ਡਾ. ਇਕਬਾਲ ਜਦੋਂ 18ਵੀਂ ਸਦੀ ਦੇ ਸਿੱਖ ਸੰਘਰਸ਼ ਬਾਰੇ ਇੱਕ ਅਹਿਮ ਟਿੱਪਣੀ ਕਰਦਾ ਹੈ ਕਿ 'ਖਾਲਸੇ ਨੇ ਮੁਸਲਮਾਨਾਂ ਕੋਲੋਂ ਸ਼ਮਸ਼ੀਰ ਅਤੇ ਕੁਰਾਨ ਦੋਵੇਂ ਹੀ ਖੋਹ ਲਏ ਸਨ (ਖਾਲਸਾ ਸ਼ਮਸ਼ੇਰੋ ਕੁਰਾਂ ਅੱਗੇ ਰਾ ਬਬੁਰਦ)' ਤਾਂ ਉਨ੍ਹਾਂ ਦਾ ਮਤਲਬ ਇਹ ਸੀ ਕਿ ਪੰਜਾਬ ਵਿਚ ਖਾਲਸਾ ਮੁਸਲਮਾਨਾਂ ਦੀ ਜਮਹੂਰੀਅਤ ਤੇ ਜੇਹਾਦ ਦੀ ਤੇਗ ਦਾ ਵਾਰਸ ਬਣ ਗਿਆ ਸੀ। ਜੇ ਅਸੀਂ ਰਿਫਰੈਂਡਮ 2020 ਦੇ ਹੱਕ ਵਿਚ ਕਰੜਾ ਪਹਿਰਾ ਦਿੰਦੇ ਰਹੇ ਤਾਂ ਉਹ ਸੁਲੱਖਣੀ ਘੜੀ ਦੂਰ ਨਹੀਂ ਜਦੋਂ ਅਸੀਂ ਗੁਰੂ ਗ੍ਰੰਥ ਸਾਹਿਬ ਦੇ ਸੱਚੇ ਵਾਰਿਸ ਬਣ ਜਾਵਾਂਗੇ ਜਿਸ ਬਾਰੇ ਸੱਭਿਅਤਾਵਾਂ ਦੇ ਚੜ੍ਹਦੇ ਤੇ ਲਹਿੰਦੇ ਸੂਰਜਾਂ ਦੇ ਮਹਾਨ ਇਤਿਹਾਸਕਾਰ ਆਰਨਲਡ ਟਾਈਨਬੀ ਨੇ ਭਵਿੱਖਵਾਣੀ ਕੀਤੀ ਸੀ ਕਿ ਗੁਰੂ ਗ੍ਰੰਥ ਸਾਹਿਬ ਕੋਲ ਦੁਨੀਆਂ ਦੇ ਧਰਮਾਂ ਨੂੰ ਦੱਸਣ ਲਈ ਕੋਈ 'ਵਿਸ਼ੇਸ਼ ਗੱਲ' ਹੈ।

ਇਹ ਰਿਫਰੈਂਡਮ ਸਾਨੂੰ ਉਸ ਦਿਸ਼ਾ ਵਿਚ ਲੈ ਕੇ ਜਾਏਗਾ ਜਿਥੇ ਸਾਡੇ ਵਿਦਵਾਨ ਤੇ ਸਾਡੀ ਕੌਮ ਆਜ਼ਾਦ ਫਿਜ਼ਾ ਵਿਚ ਰਹਿ ਕੇ ਦੁਨੀਆਂ ਨੂੰ ਉਹ 'ਵਿਸ਼ੇਸ਼ ਗੱਲ' ਦੱਸੇਗੀ। ਇਥੇ ਇਹ ਵੀ ਚੇਤੇ ਕਰਵਾ ਦਈਏ ਕਿ ਰਿਫਰੈਂਡਮ ਲਾਤੀਨੀ ਭਾਸ਼ਾ ਤੋਂ ਆਉਂਦਾ ਕਈ ਰੂਪ ਅਖਤਿਆਰ ਕਰ ਗਿਆ ਹੈ। ਹੁਣ ਸੰਨ 2020 ਈਸਵੀ ਵਿਚ ਰਿਫਰੈਂਡਮ-2020 ਦੇ ਮੌਕੇ ਸਾਰੀ ਕੌਮ ਨੇ ਆਜ਼ਾਦੀ ਲਈ ਹਾਂ ਵਿਚ ਹੁੰਗਾਰਾ ਭਰਨਾ ਹੈ ਅਤੇ 12 ਅਗਸਤ ਨੂੰ ਲੰਡਨ ਵਿਚ ਹੋ ਰਹੇ ਸਮਾਗਮ ਵਿਚ ਸਭ ਨਿੱਕੇ ਮੋਟੇ ਮਤਭੇਦ ਭੁਲਾ ਕੇ ਅਤੇ ਵੱਡੀ ਗਿਣਤੀ ਵਿਚ ਸ਼ਾਮਿਲ ਹੋ ਕੇ ਜਿੱਥੇ ਅਸੀਂ ਆਪਣੀ ਦਰਦ ਭਿੱਜੀ ਦਾਸਤਾਨ ਦੁਨੀਆਂ ਨੂੰ ਦੱਸਣੀ ਹੈ, ਉਥੇ ਇਹ ਵੀ ਪ੍ਰਤੱਖ ਕਰਨਾ ਹੈ ਕਿ 'ਦੇਸ਼ ਪੰਜਾਬ' ਵਿਚ ਰਹਿੰਦੇ ਕਰੋੜਾਂ ਪੰਜਾਬੀ ਪੰਜਾਬ ਨੂੰ ਆਜ਼ਾਦ ਵੇਖਣਾ ਚਾਹੁੰਦੇ ਹਨ ਜਿਨ੍ਹਾਂ ਵਿਚ ਇਥੋਂ ਦੇ ਅਸਲ ਬਾਸ਼ਿੰਦੇ ਹਿੰਦੂ, ਮੁਸਲਮਾਨ, ਸਿੱਖ, ਇਸਾਈ-ਸਭ ਸ਼ਾਮਿਲ ਹਨ। ਇਸ ਲਈ ਰਿਫਰੈਂਡਮ ਸਾਡੇ ਲਈ ਮੁਕਤੀ ਦਾ ਰਾਹ ਹੈ। ਇਸ ਰਿਫਰੈਂਡਮ 'ਚ ਸਾਡੀ ਜਿੱਤ ਭ੍ਰਿਸ਼ਟ ਹੋ ਚੁਕੇ ਮੌਜੂਦਾ ਸਮਾਜਿਕ ਪ੍ਰਬੰਧ ਨੂੰ ਮੌਤ ਦੀ ਸਜ਼ਾ ਸੁਣਾਏਗੀ ਅਤੇ ਕਿਰਤ ਕਰੋ, ਨਾਮ ਜਪੋ ਤੇ ਵੰਡ ਛਕੋ ਦੇ ਸਿਧਾਂਤਕ ਆਧਾਰ ਉਤੇ ਇਕ ਅਜਿਹਾ ਰਾਜ ਪ੍ਰਬੰਧ ਸਿਰਜਿਆ ਜਾਏਗਾ ਜਿਸ 'ਚ ਖਾਲਸਾ ਕੁਲ ਰੂਹਾਨੀਅਤ ਨੂੰ ਆਪਣੇ ਅੰਦਰ ਸਮੋ ਲਏਗਾ। 2020 ਨੂੰ ਉਸ ਦਿਨ ਦਾ ਇੰਤਜ਼ਾਰ ਹੈ।

ਸਿੱਖ ਡਾਇਸਪੋਰਾ ਵੱਲੋਂ ਆਜ਼ਾਦੀ ਦੀ ਤਾਂਘ ਦੇ ਜਜ਼ਬੇ ਨੂੰ ਵੀ ਸਲਾਮ ਕੀਤਾ ਜਾਣਾ ਚਾਹੀਦਾ ਹੈ। ਕੈਨੇਡਾ, ਅਮਰੀਕਾ, ਬਰਤਾਨੀਆ, ਆਸਟ੍ਰੇਲੀਆ ਅਤੇ ਹੋਰ ਕਈ ਮੁਲਕਾਂ ਵਿਚ ਸਿੱਖਾਂ ਨੇ ਹਾਲ ਹੀ ਵਿਚ ਜਿਵੇਂ ਵੱਡੀਆਂ ਵੱਡੀਆਂ ਪ੍ਰਾਪਤੀਆਂ ਕੀਤੀਆਂ ਹਨ ਅਤੇ ਜਿਵੇਂ ਸਰਕਾਰਾਂ ਦੀਆਂ ਨੀਤੀਆਂ ਨੂੰ ਘੜਨ ਵਿਚ ਉਨ੍ਹਾਂ ਨੇ ਅਹਿਮ ਰੋਲ ਅਦਾ ਕੀਤਾ ਹੈ, ਉਸ ਤੋਂ ਪਤਾ ਲੱਗਦਾ ਹੈ ਕਿ ਸੱਤ ਸਮੁੰਦਰ ਪਾਰ ਲੜੇ ਜਾ ਰਹੇ ਆਜ਼ਾਦੀ ਦੇ ਸੰਘਰਸ਼ ਨੂੰ ਪੰਜਾਬ ਦੇ ਲੋਕ ਵੀ ਉਸੇ ਜਜ਼ਬੇ ਤੇ ਸ਼ਿੱਦਤ ਨਾਲ ਜਾਰੀ ਰੱਖਣਗੇ।

ਰਿਫਰੈਂਡਮ-2020 ਕੋਲ ਇੰਨੇ ਵੱਡੇ ਠੋਸ ਤੇ ਪਾਏਦਾਰ ਤਰਕ ਹਨ ਕਿ ਉਨ੍ਹਾਂ ਮੌਕਾਪ੍ਰਸਤ ਲੀਡਰਾਂ ਦੀ ਜ਼ਮੀਰ ਨੂੰ ਵੀ ਹਲੂਣਾ ਮਿਲ ਸਕਦਾ ਹੈ ਜਿਨ੍ਹਾਂ ਨੇ ਇਤਿਹਾਸ ਦੇ ਇਕ ਦੌਰ ਵਿਚ ਸਵੈ-ਨਿਰਣੇ ਅਤੇ ਖੁਦਮੁਖਤਿਆਰ ਸਿੱਖ ਸਟੇਟ ਦੀ ਮੰਗ ਕੀਤੀ ਸੀ। 'ਅੰਮ੍ਰਿਤਸਰ ਐਲਾਨਨਾਮਾ' ਉਹ ਦਸਤਾਵੇਜ਼ ਹੈ ਜੋ ਅਕਾਲ ਤਖਤ ਸਾਹਿਬ 'ਤੇ ਪ੍ਰਵਾਨ ਚੜ੍ਹਿਆ ਅਤੇ ਜਿਸ ਵਿਚ ਹੋਰਨਾਂ ਤੋਂ ਇਲਾਵਾ ਮੌਜੂਦਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਵੀ ਦਸਤਖਤ ਹਨ ਅਤੇ ਜਿਸ ਵਿਚ ਖੁਦਮੁਖਤਿਆਰ ਸਿੱਖ ਸਟੇਟ ਦੀ ਮੰਗ ਕੀਤੀ ਗਈ ਹੈ। ਇਸੇ ਤਰ੍ਹਾਂ ਯੂ. ਐਨ. ਓ. ਦੇ ਤਤਕਾਲੀ ਜਨਰਲ ਸਕੱਤਰ ਨੂੰ ਦਿੱਤੇ ਮੰਗ ਪੱਤਰ ਵਿਚ ਸਿੱਖਾਂ ਲਈ ਸਵੈ ਨਿਰਣੇ ਦੀ ਮੰਗ ਕਰਨ ਵਾਲਿਆਂ ਅਤੇ ਉਸ 'ਤੇ ਸਹੀ ਪਾਉਣ ਵਾਲਿਆਂ ਵਿਚ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵੀ ਸ਼ਾਮਿਲ ਹਨ। ਅੱਜ ਉਹ ਕਿਸ ਮੂੰਹ ਨਾਲ ਰਿਫਰੈਂਡਮ 2020 ਦਾ ਵਿਰੋਧ ਕਰ ਸਕਦੇ ਹਨ? ਜਦੋਂ ਕਿ ਇਹ ਵੀ ਆਜ਼ਾਦੀ ਲਈ ਰਾਹ ਪੱਧਰਾ ਕਰਨ ਦਾ ਇਕ ਇਤਿਹਾਸਕ ਦਸਤਾਵੇਜ਼ ਹੈ। ਹੁਣ ਇਹ ਦੋਵੇਂ ਪੰਥ ਦੀ ਕਚਹਿਰੀ ਵਿਚ ਖੜ੍ਹੇ ਹਨ। ਜੇ ਮੁਕਰਦੇ ਹਨ ਤਾਂ ਸੁਭਾਵਕ ਹੀ ਪੰਥ ਅੱਗੇ ਜੁਆਬਦੇਹ ਹੋਣਗੇ ਅਤੇ ਗੁਰੂ ਵੱਲੋਂ ਸਜ਼ਾ ਦੇ ਭਾਗੀ ਹੋਣਗੇ। ਅਕਾਲ ਤਖਤ ਸਾਹਿਬ ਨੂੰ ਵੀ ਚਾਹੀਦਾ ਹੈ ਕਿ ਉਹ ਇਨ੍ਹਾਂ ਲੀਡਰਾਂ ਨੂੰ ਉਨ੍ਹਾਂ ਦਸਤਖਤਾਂ ਦੀ ਯਾਦ ਦਿਵਾਉਂਦੇ ਰਹਿਣ ਅਤੇ ਹੁਕਮ ਅਦੂਲੀ ਦੀ ਸੂਰਤ ਵਿਚ ਸਜ਼ਾ ਦੀ ਚਿਤਾਵਨੀ ਵੀ ਦੇਣ।

ਅਸੀਂ ਸਾਰੇ 'ਪੁਰਸਲਾਤ' ਦੇ ਪੰਥ ਉਤੇ ਚੱਲ ਰਹੇ ਹਾਂ ਜੋ ਗੁਰਬਾਣੀ ਮੁਤਾਬਕ ਵਾਲ ਤੋਂ ਵੀ ਬਾਰੀਕ ਪੁਲ ਹੈ। ਸਾਡੇ ਸਭ ਉਤੇ ਵੱਡੀ ਜ਼ਿੰਮੇਵਾਰੀ ਹੈ। ਪਰ ਉਹ ਦਿਨ ਦੂਰ ਨਹੀਂ ਜਦੋਂ ਮੰਜ਼ਿਲ ਸਾਡੇ ਪੈਰ ਚੁੰਮੇਗੀ। ਜਦੋਂ 1867 ਵਿਚ ਕੈਨੇਡਾ ਕਨਫੈਡਰੇਸ਼ਨ ਦਾ ਗਠਨ ਹੋਇਆ ਤਾਂ ਕਯੂਬੇਕ ਦੇ ਲੋਕਾਂ ਨੇ ਮੰਗ ਕੀਤੀ ਕਿ ਅਸੀਂ ਰਿਫਰੈਂਡਮ ਕਰਾਉਣਾ ਚਾਹੁੰਦੇ ਹਾਂ। ਪਰ ਉਨ੍ਹਾਂ ਨੂੰ ਸਾਫ ਜਵਾਬ ਮਿਲ ਗਿਆ ਤੇ ਕਿਹਾ ਗਿਆ ਕਿ ਇਹ ਕਦੇ ਹੋ ਹੀ ਨਹੀਂ ਸਕਦਾ। ਲੇਕਿਨ ਕਯੂਬੇਕ ਦੇ ਸਵਰਗੀ ਪ੍ਰਧਾਨ ਮੰਤਰੀ ਜੈਕੁਈਜ਼ ਪੈਰੀਜ਼ (1930-2015) ਮੁਤਾਬਕ ਆਖਰ ਉਹ ਦਿਨ ਆ ਹੀ ਗਿਆ ਜਦੋਂ ਕੈਨੇਡਾ ਨੂੰ ਕਯੂਬੇਕ ਲਈ ਰਿਫਰੈਂਡਮ ਕਰਾਉਣ ਦੀ ਮੰਗ ਮੰਨਣੀ ਪਈ, ਭਾਵੇਂ ਇਹ ਗੱਲ ਵੱਖਰੀ ਹੈ ਕਿ ਉਹ ਅਜੇ ਤੱਕ ਸਫਲ ਨਹੀਂ ਹੋ ਸਕੇ। ਉਹ ਦਿਨ ਵੀ ਦੂਰ ਨਹੀਂ ਜਦੋਂ ਯੂ. ਐਨ. ਓ. ਦੀ ਅਗਵਾਈ ਵਿਚ ਪੰਜਾਬ ਲਈ ਵੀ ਇਕ ਰਿਫਰੈਂਡਮ ਹੋਵੇਗਾ ਤੇ ਅਸੀਂ ਸਫਲ ਹੋਵਾਂਗੇ। ਸਾਡੀਆਂ ਉਡੀਕਾਂ ਨੇ ਅਜੇ ਦਮ ਨਹੀਂ ਤੋੜਿਆ।

'ਰਿਫਰੈਂਡਮ 2020' ਅਸਲ ਵਿਚ ਆਜ਼ਾਦੀ ਵੱਲ ਪੁੱਟਿਆ ਇਕ ਇਤਿਹਾਸਕ ਕਦਮ ਹੈ। ਵੈਸੇ ਆਜ਼ਾਦੀ ਲਈ ਹੋਰ ਜਥੇਬੰਦੀਆਂ ਵੀ ਵਿੱਤ ਮੁਤਾਬਕ ਲੰਮੇ ਸਮੇਂ ਤੋਂ ਸੰਘਰਸ਼ ਕਰ ਰਹੀਆਂ ਹਨ ਪਰ ਸਿੱਖਸ ਫਾਰ ਜਸਟਿਸ ਨੇ ਯਕੀਨਨ ਆਜ਼ਾਦੀ ਦੀ ਮੰਜ਼ਿਲ ਵੱਲ ਇਕ ਵੱਡੀ ਪੁਲਾਂਘ ਪੁੱਟੀ ਹੈ। ਜਦੋਂ ਇਤਿਹਾਸ ਡਿਪਲੋਮੈਟਿਕ ਵਿਹੜੇ ਵਿਚ ਦਾਖਲ ਹੋ ਜਾਂਦਾ ਹੈ ਤਾਂ ਸੁਭਾਵਿਕ ਹੀ ਕੌਮ ਨੂੰ ਇਕ ਨਵੀਂ ਤਾਕਤ, ਨਵੀਂ ਦਿਸ਼ਾ, ਨਵੀਂ ਰੌਸ਼ਨੀ ਮਿਲਦੀ ਹੈ।

ਦਿਲਚਸਪ ਗੱਲ ਇਹ ਹੋਈ ਕਿ ਜਿਉਂ ਹੀ ਲੰਦਨ ਵਿਚ '2020 ਰਿਫਰੈਂਡਮ' ਬਾਰੇ ਹੋ ਰਹੇ ਸਮਾਗਮਾਂ ਸਬੰਧੀ ਖਬਰਾਂ ਮਿਲੀਆਂ ਤਾਂ ਭਾਰਤ ਸਰਕਾਰ ਨੇ ਇਸ ਦਾ ਗੰਭੀਰ ਨੋਟਿਸ ਲਿਆ ਅਤੇ ਬਰਤਾਨਵੀ ਸਰਕਾਰ 'ਤੇ ਸਮਾਗਮ ਕੈਂਸਲ ਕਰਾਉਣ ਲਈ ਭਾਰੀ ਕੂਟਨੀਤਿਕ ਦਬਾਅ ਪਾਇਆ। ਪਰ ਕਿਉਂਕਿ ਬਰਤਾਨਵੀ ਸਰਕਾਰ ਦੀਆਂ ਮਨੁੱਖੀ ਅਧਿਕਾਰਾਂ ਦੀ ਰਾਖੀ ਦੇ ਖੇਤਰ 'ਚ ਸ਼ਾਨਦਾਰ ਰਵਾਇਤਾਂ ਹਨ ਤੇ ਕਿਸੇ ਵੀ ਪੁਰਅਮਨ ਸੰਘਰਸ਼ ਨੂੰ ਇਹ ਰਵਾਇਤਾਂ ਬਾਕਾਇਦਾ ਮਾਨਤਾ ਵੀ ਦਿੰਦੀਆਂ ਹਨ, ਇਸ ਲਈ ਉਨ੍ਹਾਂ ਨੇ ਇਸ ਸਮਾਗਮ ਨੂੰ ਰੋਕਣ ਤੋਂ ਸਾਫ ਨਾਂਹ ਕਰ ਦਿੱਤੀ।




ਪਰ ਇਹ ਸਮਾਗਮ ਕਾਮਯਾਬ ਹੋ ਸਕੇਗਾ? ਕੀ ਸਿੱਖ ਕੌਮ ਇਸ ਸਮਾਗਮ ਨੂੰ ਭਰਵੀਂ ਹਮਾਇਤ ਦੇ ਰਹੀ ਹੈ? ਕੀ ਪੰਜਾਬ ਦੇ ਲੋਕਾਂ ਵਿਚ ਇਸ ਸਮਾਗਮ ਦੀ ਸਫਲਤਾ ਲਈ ਉਤਸ਼ਾਹ ਹੈ? ਆਜ਼ਾਦੀ ਲਈ ਜੂਝ ਰਹੀਆਂ ਜਥੇਬੰਦੀਆਂ ਇਸ ਸਮਾਗਮ ਨੂੰ ਕਿਸ ਨਜ਼ਰੀਏ ਨਾਲ ਦੇਖ ਰਹੀਆਂ ਹਨ ਅਤੇ ਕੀ ਉਹ ਤਨੋਂ ਮਨੋਂ ਇਸ ਦੀ ਹਮਾਇਤ ਕਰਨਗੀਆਂ? ਵਿਦੇਸ਼ਾਂ ਵਿਚ ਬੈਠੇ ਸਿੱਖਾਂ ਦੀ ਇਸ ਸਮਾਗਮ ਬਾਰੇ ਕੀ ਰਾਏ ਹੈ? ਇਹ ਸਵਾਲ ਅੱਜ ਹਰ ਇਕ ਦੀ ਜ਼ੁਬਾਨ 'ਤੇ ਹਨ। ਪਰ ਸ਼ਾਇਦ ਇਹ ਸਵਾਲ ਇੰਨੇ ਅਹਿਮ ਨਹੀਂ, ਜਿੰਨੀ ਇਹ ਗੱਲ ਅਹਿਮ ਹੈ ਕਿ ਇਸ ਘਟਨਾ ਨੇ ਸਿੱਖ ਲੀਡਰਸ਼ਿਪ ਅਤੇ ਲੀਡਰਸ਼ਿਪ ਦੀਆਂ ਹੇਠਲੀਆਂ ਸਫਾਂ ਵਿਚ ਵੱਡਾ ਪਾੜਾ ਪਾ ਦਿੱਤਾ ਹੈ। ਦਿਲਚਸਪ ਸੱਚਾਈ ਇਹ ਹੈ ਕਿ ਲੀਡਰਸ਼ਿਪ ਖੜੋਤ ਵਿਚ ਹੈ, ਦੁਬਿਧਾ ਵਿਚ ਹੈ, ਕਦੇ ਹਾਂ ਤੇ ਕਦੇ ਨਾਂਹ ਦੇ ਮਾਹੌਲ ਵਿਚ ਵਿਚਰ ਰਹੀ ਹੈ ਜਦਕਿ ਸੰਗਤਾਂ ਦਾ ਅਚੇਤ ਮਨ '2020 ਰਿਫਰੈਂਡਮ' ਦੀ ਹਮਾਇਤ ਕਰ ਰਿਹਾ ਹੈ। ਜਿਥੋਂ ਤੱਕ ਕੌਮ ਦੇ ਸੁਚੇਤ ਮਨ ਦਾ ਸੁਆਲ ਹੈ, ਉਹ ਕੁਝ ਤਾਂ ਸਰਕਾਰ ਦੇ ਪ੍ਰਾਪੇਗੰਡੇ ਕਾਰਨ, ਕੁਝ ਡਰ ਕਾਰਨ, ਕੁਝ ਅਗਿਆਨ ਕਾਰਨ ਅਤੇ ਕੁਝ ਜਥੇਬੰਦੀਆਂ ਦੀ ਦੁਬਿਧਾ ਕਾਰਨ ਵੰਡਿਆ ਹੋਇਆ ਹੈ, ਇਕਮੱਤ ਨਹੀਂ ਹੈ। ਜਿਥੋਂ ਤੱਕ ਸਿੱਖਾਂ ਦੇ ਅਵਚੇਤਨ ਮਨ ਦਾ ਸਬੰਧ ਹੈ, ਉਹ ਇਸ ਰਿਫਰੈਂਡਮ ਦੇ ਹੱਕ ਵਿਚ ਹੈ। ਹੁਣ ਹਾਲਤ ਇਹ ਹੈ ਕਿ ਸੁਚੇਤ ਮਨ ਇਸ ਸਮੇਂ ਅਚੇਤ ਮਨ ਦੇ ਭਾਰੀ ਦਬਾਅ ਹੇਠ ਹੈ। ਇਹ ਮਨੋਵਿਗਿਆਨਕ ਮਾਜਰਾ ਆਉਣ ਵਾਲੇ ਦਿਨਾਂ ਵਿਚ ਕਿਸ ਪਾਸੇ ਜਾਂਦਾ ਹੈ, ਇਸ ਬਾਰੇ ਮਨੋਵਿਗਿਆਨੀਆਂ ਦੀ ਰਾਏ ਹੈ ਕਿ ਆਖਰੀ ਜਿੱਤ ਅਚੇਤ ਮਨ ਦੀ ਹੋਏਗੀ। ਸੰਸਾਰ ਪ੍ਰਸਿੱਧ ਮਨੋਵਿਗਿਆਨੀ ਕਾਰਲ ਜੁੰਗ ਵੀ ਅਚੇਤ ਮਨ ਦੇ ਹੈਰਾਨੀਜਨਕ ਚਮਤਕਾਰਾਂ ਨੂੰ ਮਾਨਤਾ ਦਿੰਦਾ ਹੈ।

ਹੁਣ ਇਕ ਗੱਲ ਪੂਰੀ ਤਰ੍ਹਾਂ ਨਿਖਰ ਕੇ ਸਾਹਮਣੇ ਆ ਗਈ ਹੈ ਕਿ '2020 ਰਿਫਰੈਂਡਮ' ਨੇ ਹਰ ਵਿਚਾਰਧਾਰਕ ਸਿੱਖ ਨੂੰ ਉਸ ਦੀ ਜ਼ਮੀਰ ਦੇ ਸਾਹਮਣੇ ਖੜ੍ਹਾ ਕਰ ਦਿੱਤਾ ਹੈ। ਹੁਣ ਇਹ ਗੱਲਾਂ ਬਹੁਤ ਪਿੱਛੇ ਰਹਿ ਗਈਆਂ ਹਨ ਕਿ '2020 ਰਿਫਰੈਂਡਮ' ਦਾ ਰਹਿਬਰ ਤਾਨਾਸ਼ਾਹ ਹੈ, ਜਾਂ ਉਸ ਨੇ ਕੇਸ ਨਹੀਂ ਰੱਖੇ, ਜਾਂ ਉਹ ਸਭ ਨੂੰ ਨਾਲ ਲੈ ਕੇ ਨਹੀਂ ਚੱਲਦਾ, ਜਾਂ ਉਸ ਦੇ ਕਦਮ ਸਰਕਾਰ ਨੂੰ ਸੂਟ ਕਰਦੇ ਹਨ-ਅਸਲ ਵਿਚ ਇਹ ਸਾਰੇ ਦੋਸ਼ ਅਸਲ ਸਥਿਤੀ ਤੋਂ ਭੱਜਣ ਦੀ ਨਿਸ਼ਾਨੀ ਹੈ। ਭਾਵੇਂ ਕੋਈ ਇਸ ਨੂੰ ਧੜਿਆਂ ਵਿਚ ਰਹਿਣ ਕਾਰਨ ਸਵੀਕਾਰ ਕਰੇ ਤੇ ਭਾਵੇਂ ਨਾ ਕਰੇ ਪਰ ਇਹ ਸੱਚ ਹੈ ਕਿ ਗੁਰਪਤਵੰਤ ਸਿੰਘ ਪੰਨੂੰ ਨੇ ਇਕ ਇਤਿਹਾਸ ਤਾਂ ਸਿਰਜ ਹੀ ਦਿੱਤਾ ਹੈ, ਅਜਿਹਾ ਇਤਿਹਾਸ ਪਹਿਲਾਂ ਕਦੇ ਨਹੀਂ ਸੀ ਸਿਰਜਿਆ ਗਿਆ। ਮੈਂ ਇਹ ਗੱਲ 50 ਸਾਲਾਂ ਦੇ ਅਨੁਭਵ ਵਿਚੋਂ ਕਹਿ ਰਿਹਾ ਹੈ ਜਿਸ ਵਿਚ ਪੰਜਾਬੀ ਸੂਬਾ ਲਹਿਰ, ਨਕਸਲੀ ਲਹਿਰ ਅਤੇ ਮਹਾਨ ਜੁਝਾਰੂ ਲਹਿਰ ਦੇ ਕੌੜੇ ਮਿੱਠੇ ਅਨੁਭਵ ਸ਼ਾਮਿਲ ਹਨ।

ਇਸ ਵਿਚ ਦੋ ਰਾਵਾਂ ਨਹੀਂ ਕਿ ਆਜ਼ਾਦੀ ਲਈ ਲੜ ਰਹੀਆਂ ਸਭ ਜਥੇਬੰਦੀਆਂ ਸਿਆਸੀ ਖੜੋਤ ਦੇ ਦੌਰ ਵਿਚੋਂ ਲੰਘ ਰਹੀਆਂ ਸਨ। ਇਨ੍ਹਾਂ ਵਿਚ ਵਗਦੇ ਦਰਿਆ ਵਾਲੀ ਹੁਣ ਰਵਾਨਗੀ ਵੀ ਨਹੀਂ ਸੀ ਰਹਿ ਗਈ। ਉਨ੍ਹਾਂ ਨੇ ਜਿਵੇਂ ਕਿਵੇਂ 'ਜੈਸੇ ਥੇ' ਵਾਲੀ ਪੁਜ਼ੀਸ਼ਨ ਅਖਤਿਆਰ ਕਰ ਰੱਖੀ ਸੀ, ਉਹ ਖੜੋਤੇ ਪਾਣੀਆਂ ਦੇ ਪਹਿਰੇਦਾਰ ਬਣ ਗਏ ਸਨ। ਪਰ 'ਸਿਖਸ ਫਾਰ ਜਸਟਿਸ' ਨੇ ਇਸ ਖੜੋਤ ਨੂੰ ਤੋੜ ਕੇ ਇਨ੍ਹਾਂ ਜਥੇਬੰਦੀਆਂ ਲਈ ਵੱਡੀ ਚੁਣੌਤੀ ਖੜ੍ਹੀ ਕਰ ਦਿੱਤੀ ਕਿ ਉਹ ਲਕੀਰ ਦੇ ਕਿਸ ਪਾਸੇ ਖੜ੍ਹੇ ਹਨ? ਕੀ ਇਹ ਸਿੱਖਸ ਫਾਰ ਜਸਟਿਸ ਦੀ ਵੱਡੀ ਪ੍ਰਾਪਤੀ ਨਹੀਂ ਹੈ? ਉਸ ਦੀ ਰਣਨੀਤੀ ਨੇ ਸੁਹਿਰਦ ਸ਼ਖਸੀਅਤਾਂ ਦੀ ਸੂਝ, ਸਿਆਣਪ, ਰਣਨੀਤੀ ਤੇ ਸਿਆਸਤ ਨੂੰ ਵੀ ਵੱਡੇ ਇਮਤਿਹਾਨ ਵਿਚ ਸੁੱਟ ਦਿੱਤਾ ਹੈ। ਇਸ ਲਈ ਹੁਣ ਸਰਕਾਰੀ ਏਜੰਸੀਆਂ ਨਾਲ ਮਿਲੇ ਹੋਣ ਦੇ ਦੋਸ਼ ਲਾਉਣੇ ਕੱਚੀਆਂ ਪਿੱਲੀਆਂ ਗੱਲਾਂ ਹੀ ਹੋਣਗੀਆਂ ਤੇ ਸੰਗਤਾਂ ਦੇ ਮਨਾਂ 'ਚ ਇਸ ਦਾ ਉਲਟਾ ਅਸਰ ਹੀ ਹੋਏਗਾ। ਉਂਜ ਵੀ ਹਰ ਵੰਨਗੀ ਦੀ ਸਿੱਖ ਲੀਡਰਸ਼ਿਪ ਦਾ ਸੁਭਾਅ ਬਣ ਗਿਆ ਹੈ ਕਿ ਜਦੋਂ ਕਦੇ ਕੋਈ ਤਿੱਖੇ ਸੁਰ 'ਚ ਕਿਸੇ ਮੁੱਦੇ 'ਤੇ ਅਸਹਿਮਤੀ ਜਤਾਉਂਦਾ ਹੈ ਤਾਂ ਸਾਹਮਣੇ ਵਾਲੇ ਸ਼ਰੀਕ ਝੱਟਪੱਟ ਸਰਕਾਰੀ ਏਜੰਸੀ ਨਾਲ ਮਿਲੇ ਹੋਣ ਦਾ ਦੋਸ਼ ਲਾ ਕੇ ਵਿਹਲੇ ਹੋ ਜਾਂਦੇ ਹਨ। ਸੱਚ ਤਾਂ ਇਹ ਹੈ ਕਿ ਇਹ ਸ਼ਾਰਟ ਕੱਟ ਰੂਟ ਹਰ ਕਿਸੇ ਨੇ ਅਪਨਾ ਰੱਖਿਆ ਹੈ ਅਤੇ ਲੋੜ ਅਨੁਸਾਰ ਵਰਤਿਆ ਜਾਂਦਾ ਹੈ।

ਹੁਣ ਜਦੋਂ ਪੰਨੂੰ ਰਣਨੀਤਕ ਦੌੜ ਵਿਚ ਹੋਰਨਾਂ ਤੋਂ ਅੱਗੇ ਲੰਘ ਗਿਆ ਹੈ ਤਾਂ ਉਸ ਉਤੇ ਕਦੇ ਇਹ ਦੋਸ਼ ਲਾਉਣੇ ਕਿ ਉਹ ਪਤਿਤ ਹੈ, ਉਸ ਨੇ ਕੇਸ ਨਹੀਂ ਰੱਖੇ ਹੋਏ ਜਾਂ ਉਹ ਸਰਕਾਰੀ ਏਜੰਸੀ ਨਾਲ ਮਿਲਿਆ ਹੋਇਆ ਹੈ, ਅਜੋਕੇ ਹਾਲਾਤ ਵਿਚ ਇਨ੍ਹਾਂ ਦਲੀਲਾਂ ਦੇ ਕੋਈ ਅਰਥ ਨਹੀਂ ਰਹਿ ਜਾਂਦੇ। ਸਵਾਲ ਹੈ ਕਿ ਇਹ ਸਭ ਗੱਲਾਂ ਹੁਣ ਹੀ ਕਿਉਂ ਉਭਾਰੀਆਂ ਜਾ ਰਹੀਆਂ ਹਨ?

ਅਸਲ ਵਿਚ '2020 ਰਿਫਰੈਂਡਮ' ਨੂੰ ਕਈ ਕੋਨਾਂ ਤੋਂ ਦੇਖਣਾ ਪੈਣਾ ਹੈ। ਵਿਰੋਧ ਵਿਚ ਖੜ੍ਹਨ ਵਾਲਿਆਂ ਨੂੰ ਜੇ ਉਨ੍ਹਾਂ ਵਿਰੋਧਤਾ ਕਰਨੀ ਹੀ ਹੈ ਤਾਂ ਆਪਣਾ ਤਰਕ ਤਕੜਾ ਕਰਨਾ ਪੈਣਾ ਹੈ। ਸੱਖਣੇ ਜਜ਼ਬਾਤ ਨਾਲ ਗੱਲ ਨਹੀਂ ਬਣੇਗੀ। ਸਿੱਖਸ ਫਾਰ ਜਸਟਿਸ ਨੇ ਸਭ ਨੂੰ ਜ਼ਮੀਰ ਦੇ ਸਨਮੁਖ ਕੀਤਾ ਹੋਇਆ ਹੈ ਅਤੇ ਇਤਿਹਾਸ ਦੇ ਵੀ, ਉਹ ਸਨਮੁਖ ਹਨ। ਜੋ ਵੀ ਕਹਿਣਗੇ, ਭਵਿੱਖ ਦਾ ਇਤਿਹਾਸ ਉਨ੍ਹਾਂ ਦੇ ਹਰ ਸ਼ਬਦ ਉਤੇ ਟਿੱਪਣੀ ਕਰੇਗਾ। ਹੁਣ ਇਧਰ ਉਧਰ ਦੀਆਂ ਗੱਲਾਂ ਜਾਗਦੇ ਬੰਦਿਆਂ ਨੇ ਨਹੀਂ ਸੁਣਨੀਆਂ। ਸਿੱਖਸ ਫਾਰ ਜਸਟਿਸ ਨੇ ਪਵਿੱਤਰ ਚੁਣੌਤੀ ਸੁੱਟੀ ਹੈ। ਉਸ ਨੂੰ ਪਤਾ ਹੈ ਕਿ ਪੰਜਾਬ ਵਿਚ ਉਸ ਨੂੰ ਭਰਵੀਂ ਹਮਾਇਤ ਅਜੇ ਨਹੀਂ ਮਿਲੇਗੀ ਕਿਉਂਕਿ ਪੰਜਾਬ ਦਾ ਹਰ ਸਿੱਖ ਨਜ਼ਰਬੰਦ ਹੈ। ਪਰ ਉਸ ਨੇ ਉਮੀਦ ਦੀ ਪਵਿੱਤਰ ਕਿਰਨ ਤਾਂ ਜਗਾ ਹੀ ਦਿੱਤੀ ਹੈ। ਇਸ ਵਿਚ ਕੋਈ ਸ਼ੱਕ ਨਹੀਂ ਰਹਿ ਗਿਆ ਕਿ ਖੜੋਤ ਵਾਲੇ ਵੀਰਾਂ ਵਿਚ ਹਿਲਜੁਲ ਤੇ ਹਲਚੱਲ ਹੈ ਕਿਉਂਕਿ ਹੇਠਲੀਆਂ ਸਫਾਂ ਉਨ੍ਹਾਂ ਨੂੰ ਸਵਾਲ ਕਰ ਰਹੀਆਂ ਹਨ। ਪੰਨੂੰ ਦੀ ਇਹ ਵੀ ਇਕ ਵੱਡੀ ਪ੍ਰਾਪਤੀ ਹੈ। ਉਸ ਨੂੰ ਪਤਾ ਹੈ ਕਿ ਜੇ ਅੱਜ ਨਹੀਂ ਤਾਂ ਕਿਸੇ ਭਲਕ ਨੂੰ ਉਹ ਸ਼ਗਨਾਂ ਭਰੀ ਸਵੇਰ ਜ਼ਰੂਰ ਆਏਗੀ ਜਦੋਂ ਜੁਝਾਰੂ ਸਿੰਘਾਂ ਦੀਆਂ ਕੁਰਬਾਨੀਆਂ ਰੰਗ ਲਿਆਉਣਗੀਆਂ। ਇਤਿਹਾਸ ਇਸੇ ਤਰ੍ਹਾਂ ਹੀ ਕਦਮ ਪੁੱਟਦਾ ਹੈ, ਕਦੇ ਇਹ ਘਾਹ ਵਾਂਗ ਵੱਧਦਾ ਹੈ ਅਤੇ ਕਦੇ ਇਸ ਵਿਚ ਗਰਜਵਾਂ ਨਾਦ ਹੁੰਦਾ ਹੈ। '2020 ਰਿਫਰੈਂਡਮ' ਸਫਲ ਨਾ ਵੀ ਹੋਵੇ ਤਾਂ ਵੀ ਇਹ ਦਿਲਾਂ ਤੇ ਦਿਮਾਗਾਂ 'ਚ ਕੁਝ ਵੱਡੇ ਸੁਆਲ ਛੱਡ ਜਾਏਗਾ ਤੇ ਅਗਲੀਆਂ ਪੀੜ੍ਹੀਆਂ ਇਨ੍ਹਾਂ ਸੁਆਲਾਂ ਦਾ ਜਵਾਬ ਦੇਣਗੀਆਂ।

# ਹਿੰਦੋਸਤਾਨ ਤੇ ਪਾਕਿਸਤਾਨ: ਦੋਸਤ ਜਾਂ ਦੁਸ਼ਮਣ?

**ਚਲਦੇ ਮਾਮਲੇ**

*ਪਾਕਿਸਤਾਨ ਵਿਚ ਹੋਈਆਂ ਚੋਣਾਂ ਵਿਚ ਇਮਰਾਨ ਖਾਨ ਦੀ ਪਾਰਟੀ 'ਪਾਕਿਸਤਾਨ ਤਹਿਰੀਕ-ਏ-ਇਨਸਾਫ' ਦੀ ਜਿੱਤ ਨਾਲ ਹਿੰਦੋਸਤਾਨ ਅਤੇ ਪਾਕਿਸਤਾਨ ਦੇ ਰਿਸ਼ਤਿਆਂ ਦਾ ਨਵਾਂ ਅਧਿਆਇ ਅਰੰਭ ਹੋ ਗਿਆ ਹੈ। ਆਪਣੀ ਪਲੇਠੀ ਪ੍ਰੈਸ ਕਾਨਫਰੰਸ ਵਿਚ ਇਮਰਾਨ ਖਾਨ ਨੇ ਹਿੰਦੋਸਤਾਨ ਨਾਲ ਨਿੱਘ ਵਧਾਉਣ ਦੀ ਇਛਾ ਜਾਹਰ ਕੀਤੀ ਹੈ। ਆਉਣ ਵਾਲੇ ਸਮੇਂ ਦੌਰਾਨ ਦੋਹਾਂ ਮੁਲਕਾਂ ਵਿਚਕਾਰ ਸਾਂਝ ਦਾ ਮਾਹੌਲ ਕਿਸ ਪਾਸੇ ਮੋੜ ਕੱਟਦਾ ਹੈ, ਇਸ ਬਾਰੇ ਫਿਲਹਾਲ ਕਿਆਸ ਆਰਾਈਆਂ ਹੀ ਚੱਲ ਰਹੀਆਂ ਹਨ। ਪਾਕਿਸਤਾਨੀ ਪੱਤਰਕਾਰ, ਸਫੀਰ ਅਤੇ ਲਿਖਾਰੀ ਹੁਸੈਨ ਹੱਕਾਨੀ ਨੇ ਆਪਣੀ ਕਿਤਾਬ 'ਹਿੰਦੋਸਤਾਨ ਬਨਾਮ ਪਾਕਿਸਤਾਨ' ਵਿਚ ਦੋਹਾਂ ਮੁਲਕਾਂ ਦੀਆਂ ਸਾਂਝਾਂ ਦਾ ਜ਼ਿਕਰ ਕੀਤਾ ਹੈ। ਡਾ. ਪਰਮਜੀਤ ਢੀਂਗੜਾ ਨੇ ਇਸ ਕਿਤਾਬ ਨੂੰ ਆਧਾਰ ਬਣਾ ਕੇ ਇਹ ਦਿਲਚਸਪ ਲੇਖ 'ਹਿੰਦੋਸਤਾਨ ਤੇ ਪਾਕਿਸਤਾਨ: ਦੋਸਤ ਜਾਂ ਦੁਸ਼ਮਣ?' ਲਿਖਿਆ ਹੈ। -ਸੰਪਾਦਕ*

ਬ੍ਰਿਟਿਸ਼ ਸਾਮਰਾਜਵਾਦੀਆਂ ਨੇ ਲੰਮਾ ਸਮਾਂ ਭਾਰਤ 'ਤੇ ਰਾਜ ਕੀਤਾ। ਦੂਜੀ ਆਲਮੀ ਜੰਗ ਦੇ ਕਈ ਫੈਸਲਾਕੁਨ ਨਤੀਜਿਆਂ ਸਦਕਾ ਗੁਲਾਮ ਮੁਲਕਾਂ ਨੂੰ ਆਜ਼ਾਦ ਹੋਣ ਦੀ ਆਸ ਬੱਝਦੀ ਨਜ਼ਰ ਆਉਣ ਲੱਗੀ। ਇਸ ਦੇ ਨਾਲ ਹੀ ਆਜ਼ਾਦੀ ਦੀ ਮੰਗ ਲਈ ਜਨਤਕ ਘੋਲ ਤਿੱਖੇ ਹੋਣ ਲੱਗੇ ਸਨ। ਫਿਰ ਵੀ ਭਾਰਤ ਨੂੰ ਮਿਲੀ ਆਜ਼ਾਦੀ ਲਈ ਵੰਡ ਦੇ ਰੂਪ ਵਿਚ ਵੱਡੀ ਕੀਮਤ ਤਾਰਨੀ ਪਈ। ਲੋਕਾਂ ਨੂੰ ਆਪਣਾ ਸਭ ਕੁਝ ਛੱਡ ਕੇ ਇਧਰੋਂ ਉਧਰ ਆਉਣ ਜਾਣ ਲਈ ਮਜਬੂਰ ਹੋਣਾ ਪਿਆ।

ਇਸ ਦੌਰਾਨ ਹੋਈ ਕਤਲੋਗਾਰਤ ਅਤੇ ਉਧਾਲਿਆਂ ਆਦਿ ਬਾਰੇ ਪੜ੍ਹ ਕੇ ਅੱਜ ਵੀ ਲੂ ਕੰਡੇ ਖੜ੍ਹੇ ਹੋ ਜਾਂਦੇ ਹਨ।

ਇਉਂ ਬਣੇ ਦੋਵੇਂ ਮੁਲਕਾਂ ਵਿਚ ਇਕ ਦੂਜੇ ਪ੍ਰਤੀ ਮੁੱਢ ਤੋਂ ਹੀ ਬੇਵਿਸ਼ਵਾਸੀ ਅਤੇ ਦੁਸ਼ਮਣੀ ਵਿਕਰਾਲ ਰੂਪ ਵਿਚ ਪ੍ਰਗਟ ਹੋਈ। ਇਕ ਦੂਜੇ ਵੱਲ ਦੋਸਤੀ ਦਾ ਹੱਥ ਵਧਾਉਣ ਦੀ ਕਿਸੇ ਵੀ ਕੋਸ਼ਿਸ਼ ਨੂੰ ਕੁਝ ਤਾਕਤਾਂ ਕਾਮਯਾਬ ਨਹੀਂ ਹੋਣ ਦਿੰਦੀਆਂ। ਸਿੱਟੇ ਵਜੋਂ ਚਾਰ ਯੁੱਧਾਂ, ਅਨੇਕਾਂ

**ਪਰਮਜੀਤ ਢੀਂਗੜਾ**
ਫੋਨ: 91-94173-58120

ਸਮਝੌਤਿਆਂ ਅਤੇ ਐਲਾਨਨਾਮਿਆਂ ਦੇ ਬਾਵਜੂਦ ਦੋਵੇਂ ਪਾਸੇ ਦੁਸ਼ਮਣੀ, ਸ਼ੱਕ ਤੇ ਬੇਗਾਨਗੀ ਦਾ ਮਾਹੌਲ ਬਰਕਰਾਰ ਹੈ।

ਪਾਕਿਸਤਾਨ ਬਣਨ ਤੋਂ ਸਿਰਫ ਸੱਤ ਮਹੀਨੇ ਬਾਅਦ ਅਮਰੀਕੀ ਰਾਜਦੂਤ ਪਾਲ ਏਲਿੰਗ ਨਾਲ ਕਰਾਚੀ ਵਿਚ ਹੋਈ ਗੱਲਬਾਤ ਦੌਰਾਨ ਪਾਕਿਸਤਾਨ ਦੇ ਬਾਨੀ ਮੁਹੰਮਦ ਅਲੀ ਜਿਨਾਹ ਨੇ ਕਿਹਾ ਸੀ ਕਿ ਉਨ੍ਹਾਂ ਲਈ ਇਸ ਤੋਂ ਵਧੇਰੇ ਖੁਸ਼ੀ ਵਾਲੀ ਗੱਲ ਹੋਰ ਕੀ ਹੋ ਸਕਦੀ ਹੈ ਕਿ ਹਿੰਦੋਸਤਾਨ ਤੇ ਪਾਕਿਸਤਾਨ ਵਿਚ ਨੇੜਲੇ ਰਿਸ਼ਤੇ ਬਣੇ ਰਹਿਣ। ਉਨ੍ਹਾਂ ਦੀ ਇਛਾ ਸੀ ਕਿ ਭਾਰਤ ਤੇ ਪਾਕਿਸਤਾਨ ਵਿਚ ਅਜਿਹਾ ਰਿਸ਼ਤਾ ਹੋਣਾ ਚਾਹੀਦਾ ਹੈ, ਜਿਹੋ ਜਿਹਾ ਅਮਰੀਕਾ ਤੇ ਕੈਨੇਡਾ ਵਿਚਕਾਰ ਹੈ। ਇਸ ਰਿਸ਼ਤੇ ਵਿਚ ਇਸ ਤਰ੍ਹਾਂ ਦੀ ਸਾਂਝ ਹੋਣੀ ਚਾਹੀਦੀ ਹੈ ਜਿਸ ਵਿਚ ਗੁਆਂਢੀ ਮੁਲਕਾਂ ਵਿਚ ਪਹਿਰੇ ਵਾਲੀ ਸਰਹੱਦ ਹੋਵੇ। ਸਾਂਝਾ ਫੌਜੀ ਦਲ ਹੋਵੇ, ਮੁਕਤ ਵਪਾਰ ਤੇ ਸਾਰੇ ਰਸਤਿਆਂ ਰਾਹੀਂ ਇਕ ਦੂਜੇ ਮੁਲਕ ਵਿਚ ਆਉਣ ਜਾਣ ਦੀ ਖੁੱਲ੍ਹ ਹੋਵੇ। ਜਿਨਾਹ ਮਰਦੇ ਦਮ ਤਕ ਅਜਿਹੇ ਰਿਸ਼ਤੇ ਦੀ ਵਕਾਲਤ ਕਰਦੇ ਰਹੇ। ਵੰਡ ਵੇਲੇ ਹੋਏ ਖੂਨ ਖਰਾਬੇ ਦਾ ਉਨ੍ਹਾਂ ਨੂੰ ਪਹਿਲਾਂ ਅੰਦਾਜ਼ਾ ਨਹੀਂ ਸੀ, ਪਰ ਇਸ ਨੇ ਦੋਵੇਂ ਫਿਰਕਿਆਂ ਵਿਚ ਪੱਕੀ ਕੰਧ ਉਸਾਰ ਦਿੱਤੀ। ਦਰਅਸਲ, ਜਿਨਾਹ ਨੇ ਜਦੋਂ ਦੋ ਕੌਮਾਂ ਦੇ ਸਿਧਾਂਤ ਨੂੰ ਜ਼ੋਰ ਸ਼ੋਰ ਨਾਲ ਪ੍ਰਚਾਰਿਆ ਤਾਂ ਫਿਰ ਅਨੇਕਾਂ ਵਿਰੋਧਾਂ ਦੇ ਬਾਵਜੂਦ ਉਹ ਹਰ ਹੀਲੇ ਪਾਕਿਸਤਾਨ ਬਣਾਉਣ ਲਈ ਦ੍ਰਿੜ੍ਹ ਸੀ। ਇਸ ਕਰਕੇ ਪਾਕਿਸਤਾਨ ਦੀ ਹੋਂਦ ਕ੍ਰਿਸ਼ਮੇ ਨਾਲੋਂ ਘੱਟ ਨਹੀਂ ਸੀ।

ਫਿਰਕੂ ਰੱਸਾਕਸ਼ੀ ਵਿਚ ਭਾਵੇਂ ਜਿਨਾਹ ਪਾਕਿਸਤਾਨ ਬਣਾਉਣ ਵਿਚ ਤਾਂ ਕਾਮਯਾਬ ਹੋ ਗਿਆ, ਪਰ ਉਹਨੂੰ ਇਹ ਅਹਿਸਾਸ ਸੀ ਕਿ ਧਾਰਮਿਕ ਤਣਾਅ ਵਿਚ ਜੁਝਦਾ ਮੁਲਕ ਬਣ ਕੇ ਉਹ ਸਦਾ ਲਈ ਨਹੀਂ ਸੀ ਰਹਿ ਸਕਦਾ। ਉਸ ਨੇ ਪਾਕਿਸਤਾਨ ਨੂੰ ਧਾਰਮਿਕ ਦੀ ਬਜਾਏ ਧਰਮ ਨਿਰਪੱਖ ਮੁਲਕ ਬਣਾਉਣ 'ਤੇ ਜ਼ੋਰ ਦਿੱਤਾ। ਜਿਨਾਹ ਨੂੰ ਪਤਾ ਸੀ ਕਿ ਭਾਰਤ ਪਾਕਿਸਤਾਨ ਦੋਵਾਂ ਦਾ ਆਪਸ ਵਿਚ ਲੜਦੇ ਰਹਿਣਾ ਕਿਸੇ ਦੇ ਹਿੱਤ ਵਿਚ ਨਹੀਂ। ਜੇ ਇਹ ਮੁਲਕ ਸਦਾ ਦੁਸ਼ਮਣ ਬਣੇ ਰਹੇ ਤਾਂ ਤਰੱਕੀ ਵਿਚ ਇਹ ਦੁਸ਼ਮਣੀ ਸਦਾ ਰੁਕਾਵਟ ਬਣੇਗੀ। ਜਿਨਾਹ ਦੀ ਇਹ ਵੀ ਇੱਛਾ ਸੀ ਕਿ ਗਵਰਨਰ ਜਨਰਲ ਦੇ ਅਹੁਦੇ ਤੋਂ ਸੇਵਾਮੁਕਤ ਹੋ ਕੇ ਉਹ ਵਾਪਸ ਆਪਣੇ ਮੁੰਬਈ ਵਾਲੇ ਜੱਦੀ ਪੁਸ਼ਤੀ ਘਰ ਵਿਚ ਨਿਵਾਸ ਕਰਨ।

ਹਿੰਦੋਸਤਾਨ ਵਿਚ ਮਹਾਤਮਾ ਗਾਂਧੀ ਦੀ ਵੀ ਇਹ ਇੱਛਾ ਸੀ ਕਿ ਦੋਵਾਂ ਮੁਲਕਾਂ ਦੇ ਸਬੰਧ ਦੋਸਤਾਨਾ ਹੋਣ। ਉਨ੍ਹਾਂ ਦਾ ਮੱਤ ਸੀ ਕਿ ਪਾਕਿਸਤਾਨ ਬਣਾਉਣ ਲਈ ਦੋ ਭਰਾਵਾਂ ਵਿਚਕਾਰ ਸਹਿਮਤੀ ਨਾਲ ਵੰਡ ਹੋਈ ਹੈ ਹਾਲਾਂਕਿ ਜਿਨਾਹ ਦੇ ਉਲਟ ਮਹਾਤਮਾ ਗਾਂਧੀ ਵੰਡ ਦੇ ਹੱਕ ਵਿਚ ਨਹੀਂ ਸਨ। ਉਨ੍ਹਾਂ ਨੇ ਤਾਂ ਇੱਥੋਂ ਤਕ ਕਹਿ ਦਿੱਤਾ ਸੀ ਕਿ ਪਾਕਿਸਤਾਨ ਉਨ੍ਹਾਂ ਦੀ ਲਾਸ਼ 'ਤੇ ਬਣੇਗਾ।

ਸੱਤਰ ਵਰ੍ਹਿਆਂ ਦੀ ਉਥਲ ਪੁਥਲ, ਦੋਸਤੀ ਦੁਸ਼ਮਣੀ ਦੇ ਅਜੀਬੋ ਗਰੀਬ ਅਨੁਭਵਾਂ ਤੋਂ ਬਾਅਦ ਇਨ੍ਹਾਂ ਦੋਵੇਂ ਹਸਤੀਆਂ ਦੇ ਖੁਆਬ ਧੁੰਦਲੇ ਪੈ ਗਏ ਹਨ। ਪਿਛਲੇ ਲੰਬੇ ਅਰਸੇ ਤੋਂ ਦੋਵੇਂ ਮੁਲਕਾਂ ਦੇ ਸਿਆਸਤਦਾਨ ਕੌਮਾਂਤਰੀ ਬੈਠਕਾਂ ਵਿਚ ਭਾਗ ਲੈਣ ਸਮੇਂ ਇਕ ਦੂਜੇ ਨਾਲ ਮੇਲ ਮੁਲਾਕਾਤਾਂ ਕਰਦੇ ਹਨ, ਸ਼ਾਂਤੀ ਦੇ ਚਰਚੇ ਹੁੰਦੇ ਹਨ, ਕਸ਼ਮੀਰ ਮੁੱਦੇ 'ਤੇ ਇਕ ਦੂਜੇ ਦਾ ਰੁਖ ਜਾਣਨ ਲਈ ਮਸ਼ਵਰੇ ਵੀ ਹੁੰਦੇ ਹਨ ਪਰ ਇਸੇ ਦੌਰਾਨ ਅਤਿਵਾਦੀ ਹਮਲੇ ਹੋ ਜਾਂਦੇ ਹਨ, ਫਿਰ ਜਵਾਬੀ ਕਾਰਵਾਈ ਹੁੰਦੀ ਹੈ ਅਤੇ ਇਕਦਮ ਦੁਸ਼ਮਣੀ ਵਾਲਾ ਨਾਟਕੀ ਮਾਹੌਲ ਸਿਰਜ ਦਿੱਤਾ ਜਾਂਦਾ ਹੈ। ਗੱਲ ਜਿੱਥੋਂ ਤੁਰਦੀ ਹੈ, ਉਥੇ ਹੀ ਰਹਿ ਜਾਂਦੀ ਹੈ।

ਪਾਕਿਸਤਾਨ ਹਮੇਸ਼ਾਂ ਭਾਰਤ 'ਤੇ ਇਹ ਦੋਸ਼ ਲਾਉਂਦਾ ਹੈ ਕਿ ਉਹ ਉਹਦੇ ਮੁਲਕ ਵਿਚ ਨਸਲੀ ਵੱਖਵਾਦ ਨੂੰ ਸ਼ਹਿ ਦਿੰਦਾ ਹੈ ਜਦੋਂਕਿ ਭਾਰਤ ਆਖਦਾ ਹੈ ਕਿ ਪਾਕਿਸਤਾਨ ਸਿਰਫ ਦਹਿਸ਼ਤਗਰਦਾਂ ਦੀ ਪੁਸ਼ਤਪਨਾਹੀ ਹੀ ਨਹੀਂ ਕਰਦਾ ਸਗੋਂ ਪਾਕਿਸਤਾਨੀ ਫੌਜ ਅਤਿਵਾਦੀਆਂ ਨੂੰ ਬਾਕਾਇਦਾ ਸਿਖਲਾਈ ਦੇ ਕੇ ਭਾਰਤ ਵਿਚ ਗੜਬੜ ਕਰਾਉਂਦੀ ਹੈ। ਸੋਚਣ ਵਾਲੀ ਗੱਲ ਇਹ ਹੈ ਕਿ ਇਸ ਦੁਸ਼ਮਣੀ ਦੇ ਕਾਰਨ ਕੀ ਹਨ? ਇਸ ਲਈ ਕਿਸ ਨੂੰ ਦੋਸ਼ੀ ਠਹਿਰਾਇਆ ਜਾਵੇ?

ਇਸ ਦੁਸ਼ਮਣੀ ਦੇ ਬੀਜ ਤਾਂ ਪਾਕਿਸਤਾਨ ਦੀ ਮੰਗ ਉਠਣ ਦੇ ਨਾਲ ਹੀ ਬੀਜ ਦਿੱਤੇ ਗਏ ਸਨ। ਜਿਨਾਹ ਦਾ ਮੇਲ ਮਿਲਾਪ ਵਾਲਾ ਰੁਖ ਨਾ ਤਾਂ ਮੁਸਲਿਮ ਲੀਗ ਨੂੰ ਭਾਉਂਦਾ ਸੀ ਤੇ ਨਾ ਹੀ ਸਿਵਲ ਤੇ ਮਿਲਟਰੀ ਅਫਸਰਸ਼ਾਹੀ ਨੂੰ। ਉਨ੍ਹਾਂ ਨੂੰ ਲੱਗਦਾ ਸੀ ਕਿ ਵੰਡ ਤੋਂ ਪੈਦਾ ਹੋਈ ਨਫਰਤ ਤੇ ਦੁਸ਼ਮਣੀ ਨੂੰ ਬਰਕਰਾਰ ਰੱਖਣਾ ਉਨ੍ਹਾਂ ਦੇ ਹਿਤ ਵਿਚ ਹੈ ਤਾਂ ਜੋ ਨਵੇਂ ਬਣੇ ਮੁਲਕ ਨੂੰ ਅਧਿਕਾਰਤ ਤੌਰ 'ਤੇ ਉਹ ਆਪਣੇ ਕਬਜ਼ੇ ਵਿਚ ਰੱਖ ਸਕਣ। ਜਵਾਹਰਲਾਲ ਨਹਿਰੂ ਅਤੇ ਗ੍ਰਹਿ ਮੰਤਰੀ ਸਰਦਾਰ ਪਟੇਲ ਦੀ ਨਵੇਂ ਬਣੇ ਪਾਕਿਸਤਾਨ ਵੱਲ ਬੇਰੁਖੀ ਨੇ ਅਤੇ ਦੋਵਾਂ ਮੁਲਕਾਂ ਵਿਚਲੀ ਸੰਪਤੀ ਤੇ ਜਾਇਦਾਦਾਂ ਦੀ ਵੰਡ ਵੰਡਾਈ ਨੂੰ ਲੈ ਕੇ ਪੈਦਾ ਹੋਏ ਸ਼ੱਕ ਸ਼ੁਬਹਿਆਂ ਨੇ ਦੋਵਾਂ ਨੂੰ ਆਪੋ ਆਪਣੇ ਸਟੈਂਡ 'ਤੇ ਕਾਇਮ ਰਹਿਣ ਲਈ ਮਜਬੂਰ ਕਰ ਦਿੱਤਾ।

11 ਅਗਸਤ 1947 ਨੂੰ ਕਰਾਚੀ ਵਿਚ ਆਪਣੇ ਭਾਸ਼ਣ ਵਿਚ ਜਿਨਾਹ ਨੇ ਕਿਹਾ ਸੀ ਕਿ 'ਮੁਲਕਾਂ ਦੀ ਵੰਡ ਵਿਚ ਉਨ੍ਹਾਂ ਨੂੰ ਜ਼ਬਰਦਸਤ ਕ੍ਰਾਂਤੀ ਨਜ਼ਰ ਆ ਰਹੀ ਹੈ ਜਿਸ ਨੇ ਭਾਰਤ ਦੀ ਇਕ ਵੱਡੀ ਸੰਵਿਧਾਨਕ ਸਮੱਸਿਆ ਹੱਲ ਕਰ ਦਿੱਤੀ ਹੈ ਜਿਸ ਵਿਚ ਇਕ ਭਾਈਚਾਰਾ ਘੱਟ ਗਿਣਤੀ ਵਿਚ ਹੈ ਤੇ ਦੂਜਾ ਭਾਈਚਾਰਾ ਬਹੁਗਿਣਤੀ ਵਿਚ। ... ਹੁਣ ਬੀਤੇ ਦੀਆਂ ਗੱਲਾਂ ਭੁਲਾ ਕੇ ਇਕੱਠੇ ਮਿਲ ਕੇ ਦੁਸ਼ਮਣੀ ਨੂੰ ਤੱਜਣ ਦਾ ਵੇਲਾ ਹੈ'। ਅਜਿਹੀਆਂ ਗੱਲਾਂ ਨੂੰ ਅਮਲੀਜਾਮਾ ਪਹਿਨਾਉਣਾ ਆਸਾਨ ਨਹੀਂ ਸੀ।

ਦੋਵਾਂ ਮੁਲਕਾਂ ਵੰਡ ਵੇਲੇ ਕਤਲੋਗਾਰਤ ਤੇ ਹਿੰਸਾ ਦਾ ਸ਼ਿਕਾਰ ਹੋਏ ਲੋਕ ਇਕ ਦੂਜੇ ਪ੍ਰਤੀ ਗੁੱਸਾ, ਨਫਰਤ ਤੇ ਦੁਸ਼ਮਣੀ ਭੁਲਾ ਕਿਵੇਂ ਛੱਡ ਸਕਦੇ ਸਨ? ਪਾਕਿਸਤਾਨ ਦੇ ਇਸ ਤਬਕੇ ਵਿਚ ਫੌਜ, ਪ੍ਰਸ਼ਾਸਨਿਕ ਅਧਿਕਾਰੀਆਂ ਅਤੇ ਰਾਜਨੀਤੀ ਵਿਚ ਆਏ ਵਰਗ ਦਾ ਵੱਡਾ ਹਿੱਸਾ ਸ਼ਾਮਲ ਸੀ। ਨਹਿਰੂ ਨੇ ਕਿਹਾ ਕਿ ਦੋਵੇਂ ਮੁਲਕ ਇਕ ਦੂਜੇ ਦੇ ਕਰੀਬੀ ਰਹਿ ਕੇ ਆਪਣੀ ਵਿਲੱਖਣ ਪਛਾਣ ਤੇ ਪ੍ਰਭੂਸੱਤਾ ਕਾਇਮ ਰੱਖ ਸਕਦੇ ਹਨ ਕਿਉਂਕਿ ਬੁਨਿਆਦੀ ਇਤਿਹਾਸਕ, ਸਭਿਆਚਾਰਕ ਤੇ ਆਰਥਿਕ ਲੋੜਾਂ ਦੀ ਸਾਂਝ ਤੋਂ ਵਧ ਕੇ ਕੁਝ ਨਹੀਂ ਹੁੰਦਾ। ਇਹ ਦੋਵਾਂ ਵਿਚ ਆਦਿ ਕਾਲ ਤੋਂ ਸਾਂਝੀਆਂ ਜੜ੍ਹਾਂ ਵਾਲੀਆਂ ਹਨ ਤੇ ਇਹ ਸਾਨੂੰ ਦੋਵਾਂ ਨੂੰ ਇਕ ਦੂਜੇ ਦੇ ਨੇੜੇ ਲਿਆ ਸਕਦੀਆਂ ਹਨ। ਇਸ ਦੇ ਉਲਟ ਇਸ ਨੂੰ ਪਾਕਿਸਤਾਨ ਵਰਗੇ ਵੱਖਰੇ ਮੁਲਕ ਦੀ ਪਛਾਣ ਨੂੰ ਮਲੀਆਮੇਟ ਕਰਨ ਦੀ ਸਾਜ਼ਿਸ਼ ਕਰਾਰ ਦਿੱਤਾ ਗਿਆ।

ਅਲੀਗੜ੍ਹ ਮੁਸਲਿਮ ਯੂਨੀਵਰਸਿਟੀ ਵਿਚ 1948 ਵਿਚ ਇਕ ਭਾਸ਼ਣ ਦੌਰਾਨ ਪੰਡਿਤ ਨਹਿਰੂ ਨੇ ਪਾਕਿਸਤਾਨ ਨੂੰ ਵੱਖਰੇ ਦੇਸ਼ ਵਜੋਂ ਮਾਨਤਾ ਦਿੰਦਿਆਂ ਸਪਸ਼ਟ ਰੂਪ ਵਿਚ ਕਿਹਾ ਸੀ ਕਿ 'ਜੇ ਅੱਜ ਮੈਨੂੰ ਹਿੰਦੋਸਤਾਨ ਤੇ ਪਾਕਿਸਤਾਨ ਨੂੰ ਦੁਬਾਰਾ ਇਕ ਕਰਨ ਦਾ ਮੌਕਾ ਦਿੱਤਾ ਜਾਵੇ ਤਾਂ ਮੈਂ ਤੁਰੰਤ ਨਾਂਹ ਕਰ ਦਿਆਂਗਾ। ਇਹਦੀ ਵਜ੍ਹਾ ਬਿਲਕੁਲ ਸਪਸ਼ਟ ਹੈ ਕਿ ਮੈਂ ਮੁਸ਼ਕਿਲਾਂ ਨਾਲ ਜੂਝ ਰਹੇ ਪਾਕਿਸਤਾਨ ਦੀਆਂ ਸਮੱਸਿਆਵਾਂ ਦਾ ਬੋਝ ਨਹੀਂ ਚੁੱਕ ਸਕਦਾ। ਮੇਰੇ ਕੋਲ ਆਪਣੇ ਮੁਲਕ ਦੀਆਂ ਬਥੇਰੀਆਂ ਸਮੱਸਿਆਵਾਂ ਹਨ। ਕਿਸੇ ਵੀ ਤਰ੍ਹਾਂ ਦਾ ਨੇੜਲਾ ਸਹਿਯੋਗ ਇਕ ਆਮ ਤਰੀਕੇ ਵਾਂਗ ਹੀ ਹੋਣਾ ਚਾਹੀਦਾ ਹੈ ਤੇ ਅਜਿਹੇ ਦੋਸਤਾਨਾ ਢੰਗ ਨਾਲ ਜਿਸ ਵਿਚ ਪਾਕਿਸਤਾਨ ਨੂੰ ਮੁਲਕ ਦੇ ਤੌਰ 'ਤੇ ਖ਼ਤਮ ਨਾ ਕਰਕੇ ਸਗੋਂ ਵੱਡੇ ਸੰਘ ਦਾ ਸਾਂਝੀਦਾਰ ਬਣਾਇਆ ਜਾਣਾ ਚਾਹੀਦਾ ਹੈ ਜਿਸ ਵਿਚ ਹੋਰ ਵੀ ਕਈ ਮੁਲਕ ਸ਼ਾਮਲ ਕੀਤੇ ਜਾ ਸਕਦੇ ਹਨ।' ਇਸ ਨਾਲ ਵੀ ਪਾਕਿਸਤਾਨੀ ਹਾਕਮਾਂ ਤੇ ਪ੍ਰਸ਼ਾਸਕਾਂ ਨੂੰ ਤਸੱਲੀ ਨਾ ਹੋਈ ਤਾਂ ਉਹ ਇਸ ਧਾਰਨਾ 'ਤੇ ਖੜ੍ਹੇ ਰਹੇ ਕਿ ਭਾਰਤ ਅਸਲ 'ਚ ਪਾਕਿਸਤਾਨ ਨੂੰ ਅੰਤਿਮ ਤੌਰ 'ਤੇ ਆਪਣੇ ਵਿਚ ਮਿਲਾਉਣਾ ਚਾਹੁੰਦਾ ਹੈ। ਵੰਡ ਤੋਂ ਪਹਿਲਾਂ ਕਾਂਗਰਸ ਅਤੇ ਮੁਸਲਿਮ ਲੀਗ ਵਿਚ ਜ਼ਬਰਦਸਤ ਸਿਆਸੀ ਦੁਸ਼ਮਣੀ ਸੀ। ਦੋਵੇਂ ਇਕ ਦੂਜੇ ਨੂੰ ਮਾਤ ਦੇਣ ਦੇ ਮੌਕੇ ਲੱਭਦੇ ਰਹਿੰਦੇ ਸਨ। ਸਿਆਸਤ ਦਾ ਉਹ ਪਰਛਾਵਾਂ ਭਾਰਤ ਅਤੇ ਪਾਕਿਸਤਾਨ ਵਿਚਾਲੇ ਸਬੰਧਾਂ 'ਤੇ ਅੱਜ ਤਕ ਮੰਡਰਾਉਂਦਾ ਹੈ।

ਗ੍ਰਹਿ ਮੰਤਰੀ ਵੱਲਭ ਭਾਈ ਪਟੇਲ ਨੇ ਵੱਖਰੇ ਮੁਲਕ ਵਜੋਂ ਪਾਕਿਸਤਾਨ ਦੇ ਟਿਕੇ ਰਹਿਣ ਦੀ ਸੰਭਾਵਨਾ 'ਤੇ ਸ਼ਰੇਆਮ ਸ਼ੱਕ ਪ੍ਰਗਟਾਇਆ ਸੀ ਤੇ ਇਸ ਗੱਲ 'ਤੇ ਜ਼ੋਰ ਦਿੱਤਾ ਸੀ ਕਿ ਦੇਰ ਸਵੇਰ ਅਸੀਂ ਫਿਰ ਆਪਣੇ ਦੇਸ਼ ਪ੍ਰਤੀ ਆਸਥਾ ਦਿਖਾਉਂਦੇ ਹੋਏ ਇਕ ਹੋ ਜਾਵਾਂਗੇ। ਉਨ੍ਹਾਂ ਦਾ ਇਸ਼ਾਰਾ ਅਖੰਡ ਭਾਰਤ ਵੱਲ ਸੀ। ਦਸੰਬਰ 1950 ਵਿਚ ਆਪਣੇ ਦੇਹਾਂਤ ਤੋਂ ਪਹਿਲਾਂ ਉਨ੍ਹਾਂ ਨੇ ਭਾਰਤੀਆਂ ਨੂੰ ਯਾਦ ਕਰਵਾਇਆ ਸੀ ਕਿ 'ਭੁੱਲੋ ਨਾ ਤੁਹਾਡੀ ਭਾਰਤ ਮਾਤਾ ਦੇ ਅਹਿਮ ਅੰਗ ਨੂੰ ਕੱਟ ਦਿੱਤੇ ਗਏ ਹਨ।'

ਭਾਰਤੀ ਉਪ ਮਹਾਂਦੀਪ ਵਿਚੋਂ ਮੁਸਲਿਮ ਬਹੁਗਿਣਤੀ ਵਾਲੇ ਸੂਬਿਆਂ ਦੇ ਵੱਖ ਹੋ ਜਾਣ ਤੋਂ ਬਾਅਦ ਨਹਿਰੂ ਨੇ ਕਾਂਗਰਸ ਨੂੰ ਦੁਨੀਆਂ ਦੇ ਸਭ ਤੋਂ ਵੱਡੇ ਲੋਕਤੰਤਰ 'ਤੇ ਰਾਜ ਕਰਨ ਵਾਲੀ ਪਾਰਟੀ ਦੇ ਰੂਪ ਵਿਚ ਸਥਾਪਤ ਕਰ ਦਿੱਤਾ। ਪਾਕਿਸਤਾਨ ਵੀ ਆਪਣੇ ਦੇਸ਼ ਦਾ ਨਿਰਮਾਣ ਕਰਨ ਹਿਤ ਚੀਜ਼ਾਂ ਨੂੰ ਨਵੇਂ ਸਿਰਿਓਂ ਘੜ ਰਿਹਾ ਸੀ। ਨਵੇਂ ਮੁਲਕ ਨੂੰ ਸੰਭਾਲਣ ਵਾਲੇ ਵਧੇਰੇ ਲੋਕ ਭਾਰਤ ਵਿਚੋਂ ਹੀ ਪਲਾਇਨ ਕਰਕੇ ਗਏ ਸਨ। ਉਹ ਉਸ ਧਰਤੀ ਦੇ ਅਸਲ ਬਾਸ਼ਿੰਦੇ ਨਹੀਂ ਸਨ ਜਿਥੇ ਪਾਕਿਸਤਾਨ ਬਣਿਆ ਸੀ। ਪਾਕਿਸਤਾਨ ਨੂੰ ਇਸਲਾਮ ਦਾ ਗੜ੍ਹ ਦੱਸਣਾ ਤੇ ਹਿੰਦੂ ਭਾਰਤ ਨੂੰ ਮੁਸਲਿਮ ਪਾਕਿਸਤਾਨ ਤੋਂ ਵੱਖ ਦੱਸਣਾ ਨਵੇਂ ਮੁਲਕ ਨੂੰ ਦਰਪੇਸ਼ ਬੁਨਿਆਦੀ ਸਵਾਲਾਂ ਤੋਂ ਮੁੱਖ ਮੋੜਨ ਦਾ ਬੜਾ ਆਸਾਨ ਜਿਹਾ ਤਰੀਕਾ ਸੀ। ਇਹ ਗੱਲ ਸਮਝ ਤੋਂ ਬਾਹਰੀ ਸੀ ਕਿ ਜਿਹੜੇ ਲੋਕ ਯੂ.ਪੀ., ਦਿੱਲੀ, ਮੁੰਬਈ ਤੇ ਕੋਲਕਾਤਾ ਵਰਗੀਆਂ ਥਾਵਾਂ 'ਤੇ ਪੈਦਾ ਹੋਏ ਸਨ ਤੇ ਉਥੇ ਹੀ ਪੂਰੀ ਜ਼ਿੰਦਗੀ ਬਿਤਾਉਂਦੇ ਹੋਏ ਆਖਰ ਕਿਉਂ ਅਜਿਹੇ ਦੇਸ਼ ਵੱਲ ਭੱਜ ਰਹੇ ਸਨ ਜਿਥੇ ਅਜਿਹੀਆਂ ਥਾਵਾਂ ਨਹੀਂ ਸਨ।

ਸਿੰਧ ਦੀ ਪ੍ਰਸਿਧ ਹਸਤੀ ਗੁਲਾਮ ਮੁਰਤਜ਼ਾ ਸੱਯਦ ਨੇ ਆਪਣੇ ਸੂਬੇ ਵਿਚ ਬਾਹਰੋਂ ਆਏ ਅਜਨਬੀਆਂ ਨੂੰ ਭਾਰੀ ਤਾਦਾਦ ਵਿਚ ਉਥੇ ਵਸਾਉਣ ਦਾ ਵਿਰੋਧ ਕੀਤਾ ਸੀ। ਇਹ ਲੋਕ ਵੰਡ ਤੋਂ ਬਾਅਦ ਆਏ ਪੰਜਾਬੀ ਤੇ ਉਰਦੂ ਬੋਲਣ ਵਾਲੇ ਮੁਹਾਜਿਰ ਸਨ। ਹਾਲਾਤ ਉਦੋਂ ਹੋਰ ਵਿਗੜੇ ਜਦੋਂ ਭਾਰਤ ਦੀ ਆਬਾਦੀ ਦਾ 21 ਫੀਸਦੀ ਤੇ ਆਮਦਨ ਦਾ 17 ਫੀਸਦੀ ਪਾਕਿਸਤਾਨ ਦੇ ਹਿੱਸੇ ਆਇਆ, ਪਰ ਦੂਜੀ ਆਲਮੀ ਜੰਗ ਦੌਰਾਨ ਬ੍ਰਿਟਿਸ਼ ਹਾਕਮਾਂ ਨੇ ਫੌਜ ਵਿਚ ਲੜਾਕੂ ਕਬੀਲੇ ਤੇ ਜ਼ੋਰਾਵਰ ਭਾਈਚਾਰਿਆਂ ਦੇ ਮੁਸਲਮਾਨ ਵੱਡੀ ਗਿਣਤੀ ਵਿਚ ਭਰਤੀ ਕੀਤੇ ਸਨ। ਇਸੇ ਕਰਕੇ ਇਸ ਫੌਜ ਦਾ ਇਕ ਤਿਹਾਈ ਹਿੱਸਾ ਪਾਕਿਸਤਾਨ ਨੂੰ ਮਿਲਿਆ। ਇਹ ਸਾਰੇ ਮੁਸਲਮਾਨ ਸਨ। ਇਸ ਲਈ ਇਨ੍ਹਾਂ ਦਾ ਪਾਕਿਸਤਾਨ ਜਾਣਾ ਜ਼ਰੂਰੀ ਸੀ। ਨਤੀਜਾ ਇਹ ਨਿਕਲਿਆ ਕਿ 1948 ਵਿਚ ਪਾਕਿਸਤਾਨ ਨੂੰ ਕੁਲ ਬਜਟ ਦਾ 75 ਫੀਸਦੀ ਹਿੱਸਾ ਇਸ ਵੱਡੀ ਫੌਜ ਦੀ ਸਾਂਭ ਸੰਭਾਲ ਲਈ ਖਰਚ ਕਰਨਾ ਪਿਆ।

ਪਾਕਿਸਤਾਨ ਨੂੰ ਫੌਜ ਬਣੀ ਬਣਾਈ ਮਿਲ ਗਈ ਸੀ। ਕਿਸੇ ਨਵੇਂ ਬਣੇ ਮੁਲਕ ਵਾਂਗ ਉਹਨੂੰ ਪੜਾਅਵਾਰ ਇਸ ਦਾ ਗਠਨ ਨਹੀਂ ਸੀ ਕਰਨਾ ਪਿਆ। ਪਾਕਿਸਤਾਨੀ ਫੌਜ ਦੇ ਪਹਿਲੇ ਦੋ ਕਮਾਂਡਰ ਬ੍ਰਿਟਿਸ਼ ਜਨਰਲ ਸਨ। ਜਦੋਂ ਪਹਿਲੇ ਮੁਸਲਿਮ ਕਮਾਂਡਰ-ਇਨ-ਚੀਫ ਜਨਰਲ ਅਯੂਬ ਖਾਂ ਨੇ ਪਾਕਿਸਤਾਨੀ ਫੌਜ ਦੀ ਕਮਾਨ ਸੰਭਾਲਦਿਆਂ ਹੀ ਇਹ ਕਹਿਣਾ ਸ਼ੁਰੂ ਕਰ ਦਿੱਤਾ ਕਿ ਬ੍ਰਾਹਮਣਵਾਦੀ ਸੋਚ ਤੇ ਹੰਕਾਰ ਵਿਚੋਂ ਹੀ ਪਾਕਿਸਤਾਨ ਬਣਾਉਣ ਦੀ ਲੋੜ ਪੈਦਾ ਹੋਈ ਹੈ। ਉਹਨੇ ਇਹ ਤਰਕ ਵੀ ਦਿੱਤਾ ਕਿ ਹਿੰਦੂ ਭਾਰਤ ਕੋਲੋਂ ਪਾਕਿਸਤਾਨ ਦੀ ਰੱਖਿਆ ਕਰਨ ਲਈ ਵੱਡੀ ਤੇ ਆਧੁਨਿਕ ਫੌਜ ਦੀ ਲੋੜ ਹੈ। ਉਹਨੇ ਇਹ ਦਾਅਵਾ ਵੀ ਕੀਤਾ ਕਿ ਅਸਲ ਵਿਚ ਹਿੰਦੂ ਇਸ ਉਪ ਮਹਾਂਦੀਪ 'ਤੇ ਸੱਤ ਸੌ ਸਾਲਾਂ ਦੇ ਮੁਗ਼ਲ ਸ਼ਾਸਨ ਦਾ ਬਦਲਾ ਪਾਕਿਸਤਾਨ ਨੂੰ ਧਮਕਾ ਕੇ ਲੈਣਾ ਚਾਹੁੰਦਾ ਹੈ। ਇਸ ਦੇ ਨਾਲ ਹੀ ਇਹ ਐਲਾਨ ਵੀ ਕਰ ਦਿੱਤਾ ਕਿ ਭਾਰਤ ਵਿਚ ਮੁਸਲਮਾਨਾਂ ਨੂੰ ਸਨਕ ਦੀ ਹੱਦ ਤਕ ਨਫਰਤ ਕੀਤੀ ਜਾਂਦੀ ਹੈ ਤੇ ਪਾਕਿਸਤਾਨ ਪ੍ਰਤੀ ਦੁਰਭਾਵਨਾ ਦੀ ਇਹੀ ਵਜ੍ਹਾ ਹੈ ਕਿ ਉਹ ਆਪਣੇ ਗੁਆਂਢ ਵਿਚ ਮੁਸਲਿਮ ਤਾਕਤ ਨੂੰ ਪਨਪਦੇ ਹੋਏ ਨਹੀਂ ਦੇਖ ਸਕਦਾ।



ਤਿੰਨ ਜੂਨ 1947 ਨੂੰ ਹੋਏ ਵੰਡ ਦੇ ਫੈਸਲੇ ਤੋਂ ਬਾਅਦ ਆਜ਼ਾਦੀ ਲਈ ਸਿਰਫ 72 ਦਿਨਾਂ ਦਾ ਸਮਾਂ ਸੀ। ਭਾਰਤ ਦੇ ਉਲਟ ਪਾਕਿਸਤਾਨ ਕੋਲ ਨਾ ਤਾਂ ਕੋਈ ਕੌਮੀ ਰਾਜਧਾਨੀ ਸੀ, ਨਾ ਕੇਂਦਰ ਸਰਕਾਰ ਸੀ ਤੇ ਨਾ ਹੀ ਟੈਕਸ ਦੇ ਕੋਈ ਵਸੀਲੇ ਸਨ। ਮੁਸਲਿਮ ਲੀਗ ਜਿਸ ਦੇਸ਼ ਦੀ ਜ਼ੋਰ ਸ਼ੋਰ ਨਾਲ ਮੰਗ ਕਰ ਰਹੀ ਸੀ, ਉਸ ਨੂੰ ਚਲਾਉਣ ਲਈ ਉਹਦੇ ਕੋਲ ਨਾ ਤਾਂ ਕੋਈ ਅਨੁਭਵ ਸੀ ਤੇ ਨਾ ਹੀ ਰਾਜ ਦੀ ਰੂਪ-ਰੇਖਾ। ਇਸ ਤੋਂ ਇਲਾਵਾ ਪਾਕਿਸਤਾਨ ਦੇ ਦੋਵਾਂ ਹਿੱਸਿਆਂ ਦਰਮਿਆਨ ਇਕ ਹਜ਼ਾਰ ਮੀਲ ਦਾ ਫਾਸਲਾ ਸੀ। ਨਵੇਂ ਬਣ ਰਹੇ ਮੁਲਕ ਨੂੰ ਆਰਥਿਕ ਤੌਰ 'ਤੇ ਅਨੇਕਾਂ ਚੁਣੌਤੀਆਂ ਸਨ। ਪਾਕਿਸਤਾਨ ਇਕ ਤਰ੍ਹਾਂ ਨਾਲ ਉਦਯੋਗਾਂ ਤੋਂ ਵਿਰਵਾ ਸੀ। ਉਹਦੀ ਖੇਤੀ ਉਪਜ ਦੇ ਵੱਡੇ ਬਾਜ਼ਾਰ ਭਾਰਤ ਵਿਚ ਸਨ। ਉਥੇ ਦੁਨੀਆਂ ਦਾ 75 ਫੀਸਦੀ ਜੂਟ ਪੈਦਾ ਹੁੰਦਾ ਸੀ, ਪਰ ਇਸ ਦਾ ਸਾਮਾਨ ਤਿਆਰ ਕਰਨ ਲਈ ਕਾਰਖਾਨੇ ਨਹੀਂ ਸਨ। ਬ੍ਰਿਟਿਸ਼ ਰਾਜ ਵਿਚ ਲਗਪਗ ਇਕ ਤਿਹਾਈ ਕਪਾਹ ਪਾਕਿਸਤਾਨ ਵਿਚ ਪੈਦਾ ਹੁੰਦੀ ਸੀ, ਪਰ ਸੂਤੀ ਮਿੱਲਾਂ ਦੀ ਗਿਣਤੀ ਕੁਲ ਗਿਣਤੀ ਦਾ ਤੀਜਾ ਹਿੱਸਾ ਸੀ। ਇਸ ਲਈ ਭਾਰਤ ਛੱਡ ਕੇ ਗਏ ਲੋਕਾਂ ਦੀਆਂ ਆਸਾਂ ਉਥੇ ਜਾ ਕੇ ਮਿੱਟੀ 'ਚ ਮਿਲ ਗਈਆਂ।

ਉਧਰ ਸ਼ੁਰੂ ਤੋਂ ਹੀ ਪਾਕਿਸਤਾਨੀ ਫੌਜ ਨੇ ਨਵੇਂ ਮੁਲਕ ਦੀ ਸਿਆਸੀ ਜ਼ਮੀਨ ਹੜੱਪਣ ਲਈ ਕੋਸ਼ਿਸ਼ਾਂ ਜਾਰੀ ਰੱਖੀਆਂ। ਭਾਰਤ ਨਾਲ ਫੌਜੀ ਬਰਾਬਰੀ ਦੀ ਹੋੜ ਵਿਚ ਕੁੱਲ ਆਮਦਨ ਦਾ ਵੱਡਾ ਹਿੱਸਾ ਫੌਜ 'ਤੇ ਖਰਚ ਹੋਣ ਲੱਗਾ। ਇਹ ਫੌਜ ਦੇ ਫਾਇਦੇ ਦੀ ਗੱਲ ਸੀ ਕਿ ਮੁਲਕ ਸਦਾ ਭਾਰਤੀ ਹਮਲੇ ਦੇ ਖੌਫ ਹੇਠ ਜਿਊਂਦਾ ਰਹੇ। ਬੰਗਾਲੀ ਨੇਤਾ ਹੁਸੈਨ ਸ਼ਹੀਦ ਸੁਹਰਾਵਰਦੀ ਨੇ 1956 ਵਿਚ ਸੰਸਦ ਨੂੰ ਖਬਰਦਾਰ ਕੀਤਾ ਸੀ ਕਿ ਤੁਸੀਂ ਸਿਰਫ ਮੁਸਲਮਾਨਾਂ ਦੀਆਂ ਭਾਵਨਾਵਾਂ ਭੜਕਾ ਕੇ ਉਨ੍ਹਾਂ ਨੂੰ ਇਕਜੁਟ ਰੱਖ ਰਹੇ ਹੋ। ਪਾਕਿਸਤਾਨ ਖ਼ਤਰੇ ਵਿਚ ਹੋਣ ਦਾ ਰੋਣਾ ਸਿਰਫ ਇਸ ਲਈ ਰੋ ਰਹੇ ਹੋ ਤਾਂ ਕਿ ਤੁਸੀਂ ਸੱਤਾ 'ਤੇ ਕਾਬਜ਼ ਰਹਿ ਸਕੋ। ਪਾਕਿਸਤਾਨੀ ਆਵਾਮ ਦੇ ਦਿਮਾਗ ਵਿਚ ਇਹ ਨਫਰਤ ਵੀ ਭਰੀ ਗਈ ਕਿ ਦੋਵਾਂ ਮੁਲਕਾਂ ਵਿਚ ਸਰਹੱਦ ਤੈਅ ਕਰਨ ਸਮੇਂ ਜਾਣਬੁਝ ਕੇ ਪੰਜਾਬ ਦੀਆਂ ਸਰਹੱਦਾਂ ਇਸ ਤਰ੍ਹਾਂ ਉਲੀਕੀਆਂ ਗਈਆਂ ਤਾਂ ਜੋ ਭਾਰਤ ਸੜਕੀ ਆਵਾਜਾਈ ਰਾਹੀਂ ਕਸ਼ਮੀਰ ਨਾਲ ਰਾਬਤਾ ਕਾਇਮ ਰੱਖ ਸਕੇ।

ਇਸ ਦੇ ਬਾਵਜੂਦ ਦੇਸ਼ ਵੰਡ ਤੋਂ ਬਾਅਦ ਲਗਪਗ ਇਕ ਦਹਾਕੇ ਤਕ ਭਾਰਤ ਤੇ ਪਾਕਿਸਤਾਨ ਵਿਚ ਆਉਣਾ ਜਾਣਾ ਆਸਾਨ ਸੀ। ਬ੍ਰਿਟਿਸ਼ ਰਾਜ ਸਮੇਂ ਬਣੀਆਂ ਰੇਲਾਂ ਰਾਹੀਂ ਲੋਕ ਵੱਡੀ ਗਿਣਤੀ ਵਿਚ ਇਧਰੋਂ ਉਧਰ ਜਾਂਦੇ ਆਉਂਦੇ ਸਨ। 1951 ਤਕ ਪਾਕਿਸਤਾਨ ਨੇ ਆਪਣਾ ਨਾਗਰਿਕਤਾ ਕਾਨੂੰਨ ਤਿਆਰ ਨਹੀਂ ਕੀਤਾ ਸੀ। ਉਦੋਂ ਤਕ ਭਾਰਤ ਦੇ ਮੁਸਲਮਾਨਾਂ ਨੂੰ ਸਰਹੱਦ ਪਾਰ ਆਉਣ ਜਾਣ ਲਈ ਕਿਸੇ ਪਾਸਪੋਰਟ ਦੀ ਲੋੜ ਨਹੀਂ ਸੀ। 1952 ਵਿਚ ਇਸ ਨੂੰ ਲਾਗੂ ਕੀਤੇ ਜਾਣ ਤਕ ਵੀ ਇਕ ਭਾਰਤੀ ਪਾਕਿਸਤਾਨੀ ਪਾਸਪੋਰਟ ਦੋਵਾਂ ਦੇਸ਼ਾਂ ਵਿਚ ਜਾਣ ਲਈ ਪ੍ਰਵਾਨ ਸੀ। ਕੌਮਾਂਤਰੀ ਪਾਸਪੋਰਟ 1965 ਦੀ ਜੰਗ ਤੋਂ ਬਾਅਦ ਲਾਜ਼ਮੀ ਕੀਤਾ ਗਿਆ।

ਦੋਵੇਂ ਮੁਲਕਾਂ ਦੀਆਂ ਫਿਲਮਾਂ ਤੇ ਕਿਤਾਬਾਂ ਇਕ ਦੂਜੇ ਦੇ ਬਾਜ਼ਾਰਾਂ ਵਿਚ ਆਮ ਮਿਲ ਜਾਂਦੀਆਂ ਸਨ। ਉਰਦੂ ਸ਼ਾਇਰ ਮੁਸ਼ਾਇਰਿਆਂ ਵਿਚ ਹਿੱਸਾ ਲੈਣ ਦੋਵੇਂ ਪਾਸੇ ਜਾਂਦੇ ਸਨ। ਖੇਡ ਉਤਸਵ ਤੇ ਵਪਾਰ ਵੀ ਹੁੰਦਾ ਸੀ। ਦੋਵਾਂ ਪਾਸਿਆਂ ਦੇ ਆਗੂ ਤੇ ਨੌਕਰਸ਼ਾਹ ਇਕ ਦੂਜੇ ਨਾਲ ਸਬੰਧ ਰੱਖਦੇ ਸਨ।

ਸ਼ੁਰੂਆਤੀ ਦਿਨਾਂ ਵਿਚ ਕਈ ਦਿਲਚਸਪ ਘਟਨਾਵਾਂ ਵੀ ਵਾਪਰੀਆਂ। ਪਾਕਿਸਤਾਨੀ ਹਕੂਮਤ ਨੇ ਮੁਹੰਮਦ ਇਸਮਾਇਲ ਨੂੰ ਭਾਰਤ ਵਿਚ ਹਾਈ ਕਮਿਸ਼ਨਰ ਬਣਾ ਦਿੱਤਾ ਜੋ ਪਾਕਿਸਤਾਨ ਗਿਆ ਹੀ ਨਹੀਂ ਸੀ। ਲਖਨਊ ਤੋਂ ਛਪਣ ਵਾਲੀ ਅਖ਼ਬਾਰ ਨੇ ਇਹ ਖ਼ਬਰ ਛਾਪ ਦਿੱਤੀ ਕਿ ਪਾਕਿਸਤਾਨ ਦੇ ਹਾਈ ਕਮਿਸ਼ਨਰ ਖੁਦ ਨੂੰ ਹਿੰਦੋਸਤਾਨੀ ਮੰਨਦੇ ਹਨ ਤੇ ਪਾਕਿਸਤਾਨ ਦੀ ਨਾਗਰਿਕਤਾ ਲੈਣ ਦੇ ਇੱਛੁਕ ਨਹੀਂ।

ਕਈ ਹੋਰ ਪ੍ਰਮੁੱਖ ਹਸਤੀਆਂ ਵੀ

**(ਬਾਕੀ ਅਗਲੇ ਸਫੇ 'ਤੇ)**

# ਰੈਡਕਲਿਫ ਕਮਿਸ਼ਨ ਅਤੇ ਹਿੰਦੋਸਤਾਨ ਦੀ ਵੰਡ

*ਸਾਲ 1947 ਵਿਚ ਹਿੰਦੋਸਤਾਨ ਦੀ ਵੰਡ ਬਾਰੇ ਕਈ ਤੱਥ ਅਜੇ ਵੀ ਆਮ ਜਨਤਾ ਦੀ ਪਹੁੰਚ ਤੋਂ ਬਾਹਰ ਹਨ। ਪਿਛੇ ਜਿਹੇ ਪ੍ਰਸਿੱਧ ਫਿਲਮਸਾਜ਼ ਗੁਰਿੰਦਰ ਚੱਢਾ ਨੇ ਆਪਣੀ ਫਿਲਮ 'ਵਾਇਸਰਾਏ'ਜ਼ ਹਾਊਸ' (ਹਿੰਦੋਸਤਾਨ ਵਿਚ ਇਹ ਫਿਲਮ 'ਪਾਰਟੀਸ਼ਨ: 1947' ਦੇ ਨਾਂ ਹੇਠ ਰਿਲੀਜ਼ ਹੋਈ) ਵਿਚ ਮੁਲਕ ਦੀ ਵੰਡ-ਵੰਡਾਈ ਬਾਰੇ ਕੁਝ ਅਹਿਮ ਕਹਾਣੀਆਂ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਸੀ। ਅੱਜ ਕੱਲ੍ਹ ਪੰਜਾਬ ਵਿਚ ਸੀਨੀਅਰ ਆਈ.ਏ.ਐਸ. ਅਫਸਰ ਵਜੋਂ ਕੰਮ ਕਰ ਰਹੇ ਆਰ.ਕੇ. ਕੌਸ਼ਿਕ ਨੇ ਆਪਣੇ ਲੇਖ 'ਰੈਡਕਲਿਫ ਕਮਿਸ਼ਨ ਅਤੇ ਹਿੰਦੋਸਤਾਨ ਦੀ ਵੰਡ' ਵਿਚ ਵੰਡ ਕਰਨ ਵਾਲੇ ਰੈਡਕਲਿਫ ਕਮਿਸ਼ਨ ਬਾਰੇ ਕੁਝ ਤੱਥ ਪੇਸ਼ ਕੀਤੇ ਹਨ। -ਸੰਪਾਦਕ*

ਜੂਨ 1947 ਦੇ ਆਖਰੀ ਹਫਤੇ ਵਿਚ ਬ੍ਰਿਟਿਸ਼ ਸਰਕਾਰ ਨੇ ਸਰ ਸਿਰਿਲ ਰੈਡਕਲਿਫ ਨੂੰ ਭਾਰਤ ਦੀ ਵੰਡ ਬਾਰੇ ਕਮਿਸ਼ਨ ਦਾ ਚੇਅਰਮੈਨ ਨਿਯੁਕਤ ਕੀਤਾ ਸੀ। ਵੈਸੇ ਦੇਸ਼ ਦੀ ਵੰਡ ਦਾ ਐਲਾਨ 3 ਜੂਨ 1947 ਲਾਰਡ ਲੂਈ ਮਾਊਂਟਬੈਟਨ ਨੇ ਕਰ ਦਿੱਤਾ ਸੀ, ਪਰ ਸਰ ਸਿਰਿਲ ਰੈਡਕਲਿਫ ਦੀ ਨਿਯੁਕਤੀ ਜੂਨ 1947 ਦੇ ਆਖਰੀ ਹਫਤੇ ਵਿਚ ਹੋਈ।

ਦਰਅਸਲ, ਪੱਛਮੀ ਤੇ ਪੂਰਬੀ ਪੰਜਾਬ ਅਤੇ ਪੂਰਬ ਤੇ ਪੱਛਮੀ ਬੰਗਾਲ ਦੀਆਂ ਸੀਮਾਵਾਂ ਕਾਂਗਰਸ ਅਤੇ ਮੁਸਲਿਮ ਲੀਗ ਵਿਚਾਲੇ ਸਭ ਤੋਂ ਜ਼ਿਆਦਾ ਗੁੰਝਲਦਾਰ ਮੁੱਦਾ ਸੀ। ਲਾਰਡ ਮਾਊਂਟਬੈਟਨ ਨੇ ਪੰਡਿਤ ਨਹਿਰੂ ਅਤੇ ਮੁਹੰਮਦ ਅਲੀ ਜਿਨਾਹ ਨਾਲ ਗੱਲਬਾਤ ਕਰਕੇ ਪਹਿਲਾਂ ਤਾਂ ਇਹ ਸੋਚਿਆ ਸੀ ਕਿ ਸੰਯੁਕਤ ਰਾਸ਼ਟਰ (ਯੂ.ਐਨ.ਓ.) ਨੂੰ ਦੇਸ਼ ਦੀ ਵੰਡ ਦਾ ਕੰਮ ਦੇ ਦਿੱਤਾ

**ਆਰ. ਕੇ. ਕੌਸ਼ਿਕ**

ਜਾਵੇ। ਮੁਹੰਮਦ ਅਲੀ ਜਿਨਾਹ ਸੰਯੁਕਤ ਰਾਸ਼ਟਰ ਤੋਂ ਦੇਸ਼ ਨੂੰ ਦੋ ਭਾਗਾਂ ਵਿਚ ਵੰਡਣ ਦੀ ਮੰਗ ਕਰ ਰਹੇ ਸਨ, ਪਰ ਬਾਅਦ ਵਿਚ ਲਾਰਡ ਮਾਊਂਟਬੈਟਨ ਨੇ ਹੀ ਇਸ ਮੰਗ ਨੂੰ ਰੱਦ ਕਰ ਦਿੱਤਾ ਕਿਉਂ ਜੋ ਸੰਯੁਕਤ ਰਾਸ਼ਟਰ ਨੂੰ ਦੇਸ਼ ਦੀ ਵੰਡ ਕਰਨ ਵਿਚ ਲੰਮਾ ਸਮਾਂ ਲੱਗਣ ਦੀ ਸੰਭਾਵਨਾ ਸੀ ਅਤੇ 15 ਅਗਸਤ 1947 ਤੱਕ ਦੇਸ਼ ਦੀ ਵੰਡ ਨਹੀਂ ਹੋ ਸਕਦੀ ਸੀ।


ਇਸ ਤੋਂ ਬਾਅਦ ਇਹ ਸੋਚਿਆ ਗਿਆ ਕਿ ਹੱਦਾਂ ਦਾ ਫੈਸਲਾ ਬ੍ਰਿਟਿਸ਼ ਸੰਸਦ ਦੇ ਹਾਊਸ ਆਫ ਲਾਰਡਜ਼ ਦੇ ਤਿੰਨ ਮੈਂਬਰਾਂ ਦਾ ਕਮਿਸ਼ਨ ਬਣਾ ਕੇ ਕਰਵਾ ਲਿਆ ਜਾਵੇ ਪਰ ਇਸ ਮਗਰੋਂ ਇਹ ਨੋਟ ਕੀਤਾ ਗਿਆ ਕਿ ਤਿੰਨਾਂ ਮੈਂਬਰਾਂ ਦੀ ਉਮਰ ਜ਼ਿਆਦਾ ਹੋਣ ਕਾਰਨ ਉਹ ਭਾਰਤ ਦੀ ਗਰਮੀ ਬਰਦਾਸ਼ਤ ਨਹੀਂ ਕਰ ਸਕਣਗੇ। ਭਾਰਤ ਦੀ ਗਰਮੀ, ਮੱਛਰ ਅਤੇ ਸਾਫ ਪਾਣੀ ਦੀ ਘਾਟ ਬਾਰੇ ਅੰਗਰੇਜ਼ ਬਹੁਤ ਜ਼ਿਆਦਾ ਚੌਕੰਨੇ ਸਨ। ਲਾਰਡ ਮਾਊਂਟਬੈਟਨ ਦੇ ਬੌਸ ਬ੍ਰਿਟਿਸ਼ ਕੈਬਨਿਟ ਵਿਚ ਭਾਰਤ ਬਾਰੇ ਮੰਤਰੀ ਲਾਰਡ ਲਿਸਟੋਵਾਲ ਨੂੰ ਕਿਹਾ ਗਿਆ ਕਿ ਉਹ ਕੋਈ ਸੁਝਾਅ ਦੇਣ। ਉਨ੍ਹਾਂ ਪੰਡਿਤ ਨਹਿਰੂ ਅਤੇ ਮੁਹੰਮਦ ਅਲੀ ਜਿਨਾਹ ਨਾਲ ਗੱਲਬਾਤ ਕਰਕੇ ਇਹ ਫੈਸਲਾ ਕੀਤਾ ਕਿ ਲੰਡਨ ਬਾਰ ਐਸੋਸੀਏਸ਼ਨ ਦੇ ਮੀਤ ਪ੍ਰਧਾਨ ਸਰ ਸਿਰਿਲ ਰੈਡਕਲਿਫ ਨੂੰ ਭਾਰਤ ਦੀਆਂ ਸੀਮਾਵਾਂ ਨੂੰ ਵੰਡਣ ਬਾਰੇ ਕਮਿਸ਼ਨ ਦਾ ਚੇਅਰਮੈਨ ਲਗਾਇਆ ਜਾਵੇ। ਇਸ ਨਿਯੁਕਤੀ ਉਤੇ ਪੰਡਿਤ ਨਹਿਰੂ ਅਤੇ ਜਿਨਾਹ ਨੇ ਸਹਿਮਤੀ ਪ੍ਰਗਟ ਕੀਤੀ। ਇਸ ਉਪਰੰਤ ਪੱਛਮੀ ਅਤੇ ਪੂਰਬੀ ਪੰਜਾਬ ਲਈ ਲਾਹੌਰ ਹਾਈਕੋਰਟ ਦੇ ਦੋ ਦੋ ਜੱਜ ਕਮਿਸ਼ਨ ਵਿਚ ਨਾਮਜ਼ਦ ਕੀਤੇ ਗਏ ਅਤੇ ਪੱਛਮੀ ਤੇ ਪੂਰਬੀ ਬੰਗਾਲ ਨੂੰ ਵੰਡਣ ਲਈ ਕਲਕੱਤਾ ਹਾਈਕੋਰਟ ਦੇ ਦੋ ਜੱਜ ਨਾਮਜ਼ਦ ਕੀਤੇ ਗਏ।

ਸਿਰਿਲ ਜੌਹਨ ਰੈਡਕਲਿਫ ਦਾ ਜਨਮ 30 ਮਾਰਚ, 1899 ਨੂੰ ਵੇਲਜ਼ ਦੀ ਡੈਨਬੀਸ਼ਾਇਰ ਕਾਊਂਟੀ ਵਿਚ ਹੋਇਆ ਸੀ। ਉਨ੍ਹਾਂ ਨੇ ਹੈਲਬਰੇ ਕਾਲਜ ਅਤੇ ਨਿਊ ਕਾਲਜ ਆਕਸਫੋਰਡ ਵਿਚ ਸਿੱਖਿਆ ਪ੍ਰਾਪਤ ਕੀਤੀ ਅਤੇ ਇੰਨਰ ਟੈਂਪਲ ਤੋਂ ਵਕਾਲਤ ਦੀ ਬਾਰ-ਐਟ-ਲਾਅ ਡਿਗਰੀ ਹਾਸਲ ਕੀਤੀ ਸੀ। ਉਨ੍ਹਾਂ ਦਾ ਵਿਆਹ ਐਂਟੋਨੀਅਮ ਮੇਰੀ ਨਾਲ ਹੋਇਆ। ਉਹ ਗੰਭੀਰ ਮੈਡੀਕਲ ਸਮੱਸਿਆਵਾਂ ਤੋਂ ਪੀੜਤ ਸਨ ਅਤੇ ਪਹਿਲਾਂ ਕਦੇ ਭਾਰਤ ਨਹੀਂ ਆਏ ਸਨ। ਇਸ ਲਈ ਵੀ ਉਨ੍ਹਾਂ ਨੂੰ ਨਿਰਪੱਖ ਮੰਨਿਆ ਜਾਂਦਾ ਸੀ। ਉਹ ਆਪਣੀ ਦਿਆਨਤਦਾਰੀ ਅਤੇ ਇਮਾਨਦਾਰੀ ਲਈ ਮਸ਼ਹੂਰ ਸਨ।

ਪਾਕਿਸਤਾਨ ਲਈ ਜਸਟਿਸ ਦੀਨ ਮੁਹੰਮਦ ਅਤੇ ਪਟਿਆਲੇ ਦੇ ਕੋਲ ਸਮਾਣਾ ਤਹਿਸੀਲ ਦੇ ਜਸਟਿਸ ਮੁਹੰਮਦ ਮੁਨੀਰ ਨੂੰ ਪੰਜਾਬ ਸੀਮਾ ਕਮਿਸ਼ਨ ਦੇ ਮੈਂਬਰਾਂ ਦੇ ਰੂਪ ਵਿਚ ਨਾਮਜ਼ਦ ਕੀਤਾ ਗਿਆ, ਜਦੋਂ ਕਿ ਭਾਰਤ ਲਈ ਜਸਟਿਸ ਮਿਹਰ ਚੰਦ ਮਹਾਜਨ ਅਤੇ ਜਸਟਿਸ ਤੇਜਾ ਸਿੰਘ ਨੂੰ ਨਾਮਜ਼ਦ ਕੀਤਾ ਗਿਆ। ਬੰਗਾਲ ਸੀਮਾ ਕਮਿਸ਼ਨ ਵਿਚ ਜਸਟਿਸ ਅਬੂ ਸਾਲੇਹ ਅਕਰਮ, ਜਸਟਿਸ ਐਸ.ਏ. ਰਹਿਮਾਨ (ਪਾਕਿਸਤਾਨ ਲਈ) ਅਤੇ ਜਸਟਿਸ ਸੀ.ਸੀ. ਵਿਸਵਾਸ ਅਤੇ ਜਸਟਿਸ ਬੀ.ਕੇ. ਮੁਖਰਜੀ (ਭਾਰਤ ਲਈ) ਸ਼ਾਮਲ ਹੋਏ। ਸਾਰੇ ਨਾਮਜ਼ਦ ਮੈਂਬਰ ਲਾਹੌਰ ਅਤੇ ਕਲਕੱਤਾ ਹਾਈਕੋਰਟ ਦੇ ਜੱਜ ਸਨ।

ਕਾਂਗਰਸ ਪਾਰਟੀ ਵੱਲੋਂ ਐਮ.ਸੀ. ਸੀਤਲਵਾੜ ਬਤੌਰ ਵਕੀਲ ਪੇਸ਼ ਹੋਏ। ਸ੍ਰੀ ਸੀਤਲਵਾੜ ਦੱਖਣੀ ਏਸ਼ੀਆ ਦੇ ਸਭ ਤੋਂ ਵੱਡੇ ਵਕੀਲ ਸਰ ਚਮਨ ਲਾਲ ਸੀਤਲਵਾੜ ਦੇ ਪੁੱਤਰ ਸਨ ਅਤੇ ਬਾਅਦ ਵਿਚ ਆਜ਼ਾਦੀ ਤੋਂ ਬਾਅਦ 13 ਸਾਲ ਤੱਕ ਭਾਰਤ ਦੇ ਪਹਿਲੇ ਅਟਾਰਨੀ ਜਨਰਲ ਵੀ ਰਹੇ। ਮੁਸਲਿਮ ਲੀਗ ਵਲੋਂ ਸਰ ਜ਼ਫਰੁੱਲਾ ਖਾਨ ਨੂੰ ਵਕੀਲ ਪੇਸ਼ ਕੀਤਾ ਗਿਆ, ਜਿਹੜੇ ਬਾਅਦ ਵਿਚ ਪਾਕਿਸਤਾਨ ਦੇ ਪਹਿਲ ਵਿਦੇਸ਼ ਮੰਤਰੀ ਬਣੇ। ਅੱਠ ਜੁਲਾਈ, 1947 ਨੂੰ ਰੈਡਕਲਿਫ ਦੇ ਆਉਣ ਤੋਂ ਪਹਿਲਾਂ ਦੋਵਾਂ ਸੀਮਾ ਕਮਿਸ਼ਨਾਂ ਦਾ ਗਠਨ ਕੀਤਾ ਜਾ ਚੁੱਕਾ ਸੀ।

ਪੰਜਾਬ ਕਾਡਰ ਦੇ 1936 ਬੈਚ ਦੇ ਆਈ.ਸੀ.ਐਸ. ਕ੍ਰਿਸਟੋਫਰ ਬਿਊਮੌਂਟ ਨੂੰ ਰੈਡਕਲਿਫ ਕਮਿਸ਼ਨ ਦਾ ਸਕੱਤਰ ਨਿਯੁਕਤ ਕੀਤਾ ਗਿਆ। ਬਿਊਮੌਂਟ 1936 ਵਿਚ ਭਾਰਤੀ ਸਿਵਲ ਸੇਵਾ ਵਿਚ ਸ਼ਾਮਿਲ ਹੋਏ ਸਨ ਅਤੇ ਪੰਜਾਬ ਵਿਚ ਡੀ.ਸੀ. ਦੇ ਰੂਪ ਵਿਚ ਕੰਮ ਕਰ ਰਹੇ ਸਨ। ਕੇ.ਵੀ.ਕੇ. ਸੁੰਦਰਮ ਆਈ.ਸੀ.ਐਸ ਨੂੰ ਕਮਿਸ਼ਨ ਵਿਚ ਓ.ਐਸ.ਡੀ. ਵਜੋਂ ਨਿਯੁਕਤ ਕੀਤਾ ਗਿਆ। ਸ੍ਰੀ ਵੀ.ਡੀ. ਆਈਅਰ ਇਸ ਕਮਿਸ਼ਨ ਦੇ ਸਹਾਇਕ ਸਕੱਤਰ ਬਣੇ। ਉਹ ਉਸ ਸਮੇਂ ਗਵਰਨਰ ਜਨਰਲ ਅਤੇ ਵਾਇਸਰਾਏ ਦੇ ਦਫਤਰ ਵਿਚ ਅਧੀਨ ਸਕੱਤਰ ਵਜੋਂ ਕੰਮ ਕਰ ਰਹੇ ਸਨ। ਮੁਹੰਮਦ ਅਲੀ ਜਿਨਾਹ ਨੂੰ ਇਹ ਪਤਾ ਨਹੀਂ ਸੀ ਕਿ ਕੇ.ਵੀ.ਕੇ. ਸੁੰਦਰਮ ਦਾ ਸਹੁਰਾ ਸਰਦਾਰ ਹਰਬੰਸ ਸਿੰਘ ਅੰਮ੍ਰਿਤਸਰ ਦਾ ਅਮੀਰ ਜੱਟ ਸਿੱਖ ਸੀ।




ਇਥੇ ਜ਼ਿਕਰਯੋਗ ਹੈ ਕਿ ਸ੍ਰੀ ਰੈਡਕਲਿਫ, ਕੇ.ਵੀ.ਕੇ. ਸੁੰਦਰਮ ਦੇ ਬਹੁਤ ਨੇੜੇ ਸਨ ਅਤੇ ਕੇ.ਵੀ.ਕੇ. ਸੁੰਦਰਮ ਨੂੰ ਨਾਂਹ ਨਹੀਂ ਕਰਦੇ ਸਨ। ਕੇ.ਵੀ.ਕੇ. ਸੁੰਦਰਮ ਦੀ ਪਤਨੀ ਵੀ ਰੈਡਕਲਿਫ ਦੇ ਕਰੀਬੀਆਂ ਵਿਚੋਂ ਸੀ। ਇਹ ਵੀ ਦੱਸਿਆ ਜਾਂਦਾ ਹੈ ਕਿ ਸਿਰਿਲ ਜੌਹਨ ਰੈਡਕਲਿਫ ਕਦੇ ਕਿਸੇ ਭਾਰਤੀ ਨਾਲ ਜ਼ਿਆਦਾ ਖੁੱਲ੍ਹ ਕੇ ਗੱਲ ਨਹੀਂ ਕਰਦੇ ਸਨ ਅਤੇ ਸਖਤ ਸੁਭਾਅ ਦੇ ਹੋਣ ਦਾ ਪ੍ਰਭਾਵ ਦਿੰਦੇ ਸਨ। ਐਤਵਾਰ, 20 ਜੁਲਾਈ 1947 ਨੂੰ ਛੱਡ ਕੇ ਬੰਗਾਲ ਸੂਬੇ ਨਾਲ ਸਬੰਧਤ ਕਮਿਸ਼ਨ ਦੀ ਜਨਤਕ ਬੈਠਕ 16 ਤੋਂ 24 ਜੁਲਾਈ 1947 ਤੱਕ ਕਲਕੱਤਾ ਵਿਚ ਹੋਈ। 27 ਜੁਲਾਈ 1947 (ਐਤਵਾਰ) ਨੂੰ ਛੱਡ ਕੇ ਪੰਜਾਬ ਦੇ ਹੱਦਬੰਦੀ ਕਮਿਸ਼ਨ ਦੀ ਮੀਟਿੰਗ ਲਾਹੌਰ ਵਿਚ 21 ਜੁਲਾਈ ਤੋਂ 31 ਜੁਲਾਈ ਤੱਕ ਹੋਈ।

ਰੈਡਕਲਿਫ ਕਲਕੱਤਾ ਤੋਂ ਲਾਹੌਰ ਗਏ, ਕਿਉਂਕਿ ਉਹ ਦੋਵਾਂ ਕਮਿਸ਼ਨਾਂ ਦੇ ਚੇਅਰਮੈਨ ਸਨ ਪਰ ਉਨ੍ਹਾਂ ਨੇ ਜਨਤਕ ਬੈਠਕਾਂ ਵਿਚ ਹਿੱਸਾ ਨਹੀਂ ਲਿਆ ਕਿਉਂਕਿ ਦੋਵੇਂ ਪਾਸੇ ਕਾਰਵਾਈ ਇਕੋ ਸਮੇਂ ਹੋ ਰਹੀ ਸੀ। ਉਨ੍ਹਾਂ ਨੇ ਹਰ ਰੋਜ਼ ਰਿਕਾਰਡ ਤੇ ਸਮੱਗਰੀ ਜਮ੍ਹਾਂ ਕਰਵਾਉਣ ਵਿਵਸਥਾ ਕੀਤੀ ਹੋਈ ਸੀ। ਹਦਬੰਦੀ ਕਮਿਸ਼ਨਾਂ ਦੀਆਂ ਜਨਤਕ ਬੈਠਕਾਂ ਵਿਚ ਕਾਂਗਰਸ, ਮੁਸਲਿਮ ਲੀਗ, ਅਤੇ ਹੋਰ ਇਛੁਕ ਧਿਰਾਂ ਦੇ ਵਕੀਲਾਂ ਨੇ ਆਪੋ-ਆਪਣੇ ਵਿਚਾਰ ਪੇਸ਼ ਕੀਤੇ; ਹਾਲਾਂਕਿ ਦੋਵੇਂ ਕਮਿਸ਼ਨ ਕਿਸੇ ਸਮਝੌਤੇ ਤੱਕ ਨਹੀਂ ਪੁੱਜੇ। ਰੈਡਕਲਿਫ ਨੇ ਇਕੱਲੇ ਪੰਜਾਬ, ਬੰਗਾਲ ਅਤੇ ਸਿਲਹਟ (ਅਸਾਮ ਦਾ ਜ਼ਿਲ੍ਹਾ) ਦੀਆਂ ਸੀਮਾਵਾਂ ਦਾ ਫੈਸਲਾ ਕੀਤਾ। ਰੈਡਕਲਿਫ ਨੇ 12 ਅਗਸਤ ਨੂੰ ਬੰਗਾਲ ਤੇ ਪੰਜਾਬ ਲਈ ਅਤੇ 13 ਅਗਸਤ ਨੂੰ ਅਸਾਮ ਦੇ ਸਿਲਹਟ ਜ਼ਿਲ੍ਹੇ ਲਈ ਫੈਸਲਾ (ਐਵਾਰਡ) ਦੇ ਦਿੱਤਾ। ਲਾਰਡ ਮਾਊਂਟਬੈਟਨ ਨੇ 16 ਅਗਸਤ 1947 ਦੀ ਦੁਪਹਿਰ ਤੱਕ ਐਵਾਰਡ ਜਾਰੀ ਨਹੀਂ ਕੀਤੇ।

ਰੈਡਕਲਿਫ ਐਵਾਰਡ ਬਾਰੇ ਕਾਇਦੇ-ਏ-ਆਜ਼ਮ ਮੁਹੰਮਦ ਅਲੀ ਜਿਨਾਹ ਦੀਆਂ ਟਿੱਪਣੀਆਂ ਸਨ ਕਿ ਜਿੰਨਾ ਸੰਭਵ ਹੋ ਸਕਿਆ, ਉਨ੍ਹਾਂ ਨੂੰ ਨਚੋੜਿਆ ਗਿਆ ਹੈ। ਰੈਡਕਲਿਫ ਨੇ ਆਪਣੇ ਐਵਾਰਡ, ਜਿਹੜਾ 8 ਅਗਸਤ 1947 ਨੂੰ ਗਵਰਨਰ ਜਨਰਲ ਤੇ ਵਾਇਸਰਾਏ ਨੂੰ ਦਿਖਾਇਆ ਸੀ, ਉਸ ਵਿਚ ਫਿਰੋਜ਼ਪੁਰ ਜ਼ਿਲ੍ਹੇ ਦੀਆਂ ਫਿਰੋਜ਼ਪੁਰ ਤੇ ਜ਼ੀਰਾ ਤਹਿਸੀਲਾਂ, ਜਲੰਧਰ ਜ਼ਿਲ੍ਹੇ ਵਿਚ ਜਲੰਧਰ ਤੇ ਨਕੋਦਰ, ਅੰਮ੍ਰਿਤਸਰ ਜ਼ਿਲ੍ਹੇ ਦੀ ਅਜਨਾਲਾ ਤਹਿਸੀਲ ਤੇ ਗੁਰਦਾਸਪੁਰ ਦਾ ਪੂਰਾ ਜ਼ਿਲ੍ਹਾ ਪਾਕਿਸਤਾਨ ਨੂੰ ਦਿੱਤਾ ਸੀ ਪਰ ਜਦੋਂ 16 ਅਗਸਤ 1947 ਨੂੰ ਐਵਾਰਡ ਐਲਾਨਿਆ ਗਿਆ ਤਾਂ ਗੁਰਦਾਸਪੁਰ ਦੀ ਸ਼ੱਕਰਗੜ੍ਹ ਤਹਿਸੀਲ ਨੂੰ ਛੱਡ ਕੇ ਬਾਕੀ ਸਾਰੇ ਇਲਾਕੇ ਭਾਰਤ ਨੂੰ ਦੇ ਦਿੱਤੇ ਗਏ।

ਰੈਡਕਲਿਫ ਕਮਿਸ਼ਨ ਦੇ ਸਕੱਤਰ ਕ੍ਰਿਸਟੋਫਰ ਬਿਊਮੌਂਟ ਆਈ.ਸੀ.ਐਸ. ਨੇ ਪੁਸ਼ਟੀ ਕੀਤੀ ਹੈ ਕਿ ਸਰਹੱਦਾਂ ਨੂੰ ਭਾਰਤ ਦੇ ਪੱਖ ਵਿਚ ਗੁਪਤ ਰੂਪ ਨਾਲ ਕੱਢਿਆ ਗਿਆ ਸੀ। ਬਿਊਮੌਂਟ ਨੇ 24 ਫਰਵਰੀ 1992 ਨੂੰ ਲੰਡਨ ਦੇ ਅਖਬਾਰ 'ਡੇਲੀ ਟੈਲੀਗ੍ਰਾਫ' ਵਿਚ ਪ੍ਰਕਾਸ਼ਿਤ ਲੇਖ ਵਿਚ ਦੱਸਿਆ ਕਿ ਕਮਿਸ਼ਨ ਨੇ ਜਿਹੜੀਆਂ ਹੱਦਾਂ ਦਾ ਫੈਸਲਾ ਕੀਤਾ ਸੀ, ਉਨ੍ਹਾਂ ਨੂੰ ਉਹ ਪੰਡਿਤ ਨਹਿਰੂ ਦੇ ਕਹਿਣ ਅਤੇ ਲਾਰਡ ਮਾਊਂਟਬੈਟਨ ਦੇ ਦਬਾਅ ਹੇਠ ਬਦਲ ਦਿੱਤਾ ਗਿਆ ਸੀ।

ਰੈਡਕਲਿਫ ਐਵਾਰਡ ਦੇ ਸਬੰਧ ਵਿਚ ਮੁਸਲਿਮ ਲੀਗ ਵਲੋਂ ਉਠਾਏ ਗਏ ਸਭ ਤੋਂ ਮਹੱਤਵਪੂਰਨ ਇਤਰਾਜ਼ ਇਹ ਸਨ ਕਿ ਫਿਰੋਜ਼ਪੁਰ ਜ਼ਿਲ੍ਹਿਆਂ ਵਿਚ ਫਿਰੋਜ਼ਪੁਰ ਤੇ ਜ਼ੀਰਾ, ਜਲੰਧਰ ਜ਼ਿਲ੍ਹੇ ਵਿਚ ਨਕੋਦਰ ਤੇ ਜਲੰਧਰ, ਅੰਮ੍ਰਿਤਸਰ ਵਿਚ ਅਜਨਾਲਾ ਅਤੇ ਗੁਰਦਾਸਪੁਰ ਜ਼ਿਲ੍ਹੇ ਵਿਚ ਗੁਰਦਾਸਪੁਰ ਤੇ ਬਟਾਲਾ ਮੁਸਲਮਾਨ ਬਹੁਗਿਣਤੀ ਵਾਲੇ ਸਨ, ਫਿਰ ਵੀ ਉਹ ਪੂਰਬੀ ਪੰਜਾਬ ਜਾਂ ਭਾਰਤੀ ਪੰਜਾਬ ਨੂੰ ਦਿੱਤੇ ਗਏ ਸਨ। ਪੱਛਮੀ ਬੰਗਾਲ ਦੇ ਜ਼ਿਲ੍ਹਾ ਮੁਰਸ਼ਦਾਬਾਦ ਤੇ ਨਦੀਆ, ਜਿਨ੍ਹਾਂ ਵਿਚ ਮੁਸਲਿਮ ਬਹੁਗਿਣਤੀ ਵਿਚ ਸਨ, ਦਾ ਵੱਡਾ ਹਿੱਸਾ ਭਾਰਤ ਨੂੰ ਦੇ ਦਿੱਤਾ ਗਿਆ ਸੀ। ਮੁਹੰਮਦ ਅਲੀ ਜਿਨਾਹ ਨੇ ਟਿੱਪਣੀ ਕੀਤੀ ਸੀ, ਜਿੰਨਾ ਸੰਭਵ ਹੋ ਸਕਿਆ, ਸਾਨੂੰ ਘੱਟ ਤੋਂ ਘੱਟ ਜਗ੍ਹਾ ਦਿੱਤੀ ਗਈ ਹੈ। ਉਸ ਸਮੇਂ ਬ੍ਰਿਟੇਨ ਦੇ ਪ੍ਰਧਾਨ ਮੰਤਰੀ ਸਰ ਕਲੀਮੈਂਟ ਐਟਲੀ ਨੇ ਪਾਕਿਸਤਾਨ ਦੇ ਪਹਿਲੇ ਵਿਦੇਸ਼ ਮੰਤਰੀ ਸਰ ਜ਼ਫਰੁੱਲਾ ਖਾਨ ਵਲੋਂ ਲਾਏ ਦੋਸ਼ਾਂ ਦੀ ਜਾਂਚ ਕਰਨ ਲਈ ਕਾਮਨਵੈਲਥ ਦੇ ਸਕੱਤਰ ਨੀਲਬੇਕਰ ਨੂੰ ਕਿਹਾ ਸੀ।

ਪ੍ਰਧਾਨ ਮੰਤਰੀ ਐਟਲੀ ਨੂੰ ਦਿੱਤੀ ਰਿਪੋਰਟ 'ਚ ਨੀਲਬੇਕਰ ਨੇ ਕਿਹਾ ਸੀ ਕਿ ਸਰ ਰੈਡਕਲਿਫ ਨੇ ਮੰਨਿਆ ਕਿ ਉਨ੍ਹਾਂ ਨੇ ਲਾਰਡ ਮਾਊਂਟਬੈਟਨ ਤੇ ਉਨ੍ਹਾਂ ਦੇ ਚੀਫ ਆਫ ਸਟਾਫ ਲਾਰਡ ਈਸਮੇ ਨੂੰ ਜੋ ਐਵਾਰਡ ਦਿਖਾਇਆ ਸੀ, ਉਹ ਹੋਰ ਸੀ ਅਤੇ ਲਾਰਡ ਮਾਊਂਟਬੈਟਨ ਦੇ ਕਹਿਣ 'ਤੇ ਉਸ ਵਿਚ ਬਦਲਾਓ ਕੀਤੇ ਗਏ ਸਨ। ਇਨ੍ਹਾਂ ਗੱਲਾਂ ਦਾ ਕ੍ਰਿਸਟੋਫਰ ਬਿਊਮੌਂਟ ਨੇ ਇੰਕਸ਼ਾਫ ਕੀਤਾ ਸੀ।

ਜ਼ਿਕਰਯੋਗ ਹੈ ਕਿ ਚੌਧਰੀ ਮੁਹੰਮਦ ਅਲੀ, ਜੋ ਬਾਅਦ ਵਿਚ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਬਣੇ, ਨੇ ਇਸ ਗੱਲ ਦੀ ਪੁਸ਼ਟੀ ਕੀਤੀ ਕਿ ਉਨ੍ਹਾਂ ਨੇ ਲਾਰਡ ਮਾਊਂਟਬੈਟਨ ਦੇ ਚੀਫ ਆਫ ਸਟਾਫ (ਜਿਵੇਂ ਅੱਜ ਕੱਲ੍ਹ ਪ੍ਰਮੁੱਖ ਸਕੱਤਰ ਹੁੰਦਾ ਹੈ) ਲਾਰਡ ਈਸਮੇ ਦੇ ਕਮਰੇ ਵਿਚ ਨਕਸ਼ਾ ਦੇਖਿਆ ਸੀ ਜਿਹੜਾ 16 ਅਗਸਤ ਨੂੰ ਐਲਾਨੇ ਹੋਏ ਐਵਾਰਡ ਨਾਲ ਮੇਲ ਨਹੀਂ ਖਾਂਦਾ ਸੀ। ਇਸ ਤਰ੍ਹਾਂ ਇਸ ਗੱਲ ਦਾ ਪਤਾ ਲੱਗਦਾ ਹੈ ਕਿ ਐਵਾਰਡ ਵਿਚ ਬਦਲਾਓ ਕੀਤਾ ਗਿਆ ਸੀ। ਸਰ ਫਰਾਂਸਿਸ ਮੂਡੀ (ਆਈ.ਸੀ.ਐਸ.) ਜੋ 15 ਅਗਸਤ 1947 ਨੂੰ ਪਾਕਿਸਤਾਨੀ ਪੰਜਾਬ ਦੇ ਪਹਿਲੇ ਗਵਰਨਰ ਬਣੇ ਸਨ, ਨੂੰ ਵਾਇਸਰਾਏ ਦੇ ਨਿੱਜੀ ਸਕੱਤਰ ਵਲੋਂ ਨਕਸ਼ਾ ਮਿਲਿਆ, ਜਿਸ ਵਿਚ ਉਪਰ ਦਰਸਾਇਆ ਇਲਾਕਾ, ਜੋ ਭਾਰਤ ਨੂੰ ਮਿਲਿਆ ਸੀ, ਉਸ ਨਕਸ਼ੇ ਵਿਚ ਪਹਿਲਾਂ ਪਾਕਿਸਤਾਨ ਵਿਚ ਦਿਖਾਇਆ ਗਿਆ ਸੀ।



*ਸਰ ਸਿਰਿਲ ਰੈਡਕਲਿਫ*

ਸਰ ਰੈਡਕਲਿਫ 14 ਅਗਸਤ 1947 ਨੂੰ ਭਾਰਤ ਤੋਂ ਚਲੇ ਗਏ ਅਤੇ ਦੁਬਾਰਾ ਭਾਰਤ ਨਹੀਂ ਆਏ। ਕਿਹਾ ਜਾਂਦਾ ਹੈ ਕਿ ਉਨ੍ਹਾਂ ਨੂੰ ਕਿਸੇ ਜੋਤਸ਼ੀ ਨੇ ਦੱਸ ਦਿੱਤਾ ਸੀ ਕਿ ਜੇ ਉਹ ਦੁਬਾਰਾ ਭਾਰਤ ਵਿਚ ਆਏ ਤਾਂ ਉਨ੍ਹਾਂ ਦੀ ਮੌਤ ਹੋਣ ਦਾ ਖਤਰਾ ਹੈ। ਇਥੋਂ ਤੱਕ ਕਿ ਉਨ੍ਹਾਂ ਨੇ ਆਪਣੀ ਫੀਸ ਪੰਜ ਹਜ਼ਾਰ ਪੌਂਡ ਸਟਰਲਿੰਗ ਵੀ ਨਹੀਂ ਲਈ ਸੀ। ਉਹ ਲੰਮਾ ਸਮਾਂ ਜਿਊਂਦੇ ਰਹੇ ਅਤੇ ਪਹਿਲੀ ਅਪਰੈਲ 1977 ਨੂੰ ਲੰਡਨ ਵਿਚ ਚਲਾਣਾ ਕਰ ਗਏ ਸਨ।

ਬਹੁਮੁੱਲੇ ਖੇਤਰ/ਇਲਾਕੇ ਬਚਾਉਣ ਦਾ ਸਿਹਰਾ ਉਸ ਸਮੇਂ ਦੇ ਭਾਰਤੀ ਨੇਤਾਵਾਂ, ਖਾਸ ਕਰਕੇ ਪੰਡਿਤ ਜਵਾਹਰ ਲਾਲ ਨਹਿਰੂ ਅਤੇ ਸਰਦਾਰ ਪਟੇਲ ਨੂੰ ਜਾਂਦਾ ਹੈ, ਕਿਉਂਕਿ ਉਨ੍ਹਾਂ ਦੇ ਮਾਊਂਟਬੈਟਨ ਨਾਲ ਅੱਛੇ ਤੁਆਲੁਕਾਤ ਹੋਣ ਕਾਰਨ ਭਾਰਤ ਨੂੰ ਉਹ ਇਲਾਕੇ ਵੀ ਮਿਲ ਗਏ ਜਿਹੜੇ ਰੈਡਕਲਿਫ ਪਾਕਿਸਤਾਨ ਨੂੰ ਦੇਣਾ ਚਾਹੁੰਦਾ ਸੀ।

## ਗੈਂਗਸਟਰ

ਫੁਕਰੇ ਬਣੇ ਵਿਚਾਰੇ ਗੈਂਗਸਟਰ
ਪੁਲਿਸ ਮਾਰ'ਤੇ ਚਾਰੇ ਗੈਂਗਸਟਰ।
ਰਾਤ ਬਰਾਤੇ ਭੱਜੇ ਫਿਰਦੇ
ਦਿਨੇ ਵੇਖਦੇ ਤਾਰੇ ਗੈਂਗਸਟਰ।

ਚੰਗੀ ਸਿਹਤ, ਖਿਡਾਰੀ ਗੱਭਰ
ਫੇਸਬੁੱਕ 'ਤੇ ਭਾਰੇ ਗੈਂਗਸਟਰ।
ਗਾਇਕਾਂ ਦੇ ਗੀਤਾਂ ਨੂੰ ਸੁਣ ਕੇ
ਕਈ ਬਣੇ ਹਤਿਆਰੇ ਗੈਂਗਸਟਰ।
ਜੇਲ੍ਹਾਂ ਵਿਚੋਂ ਹੁਕਮ ਚਲਾਉਂਦੇ
ਪੈਸੇ, ਨਸ਼ੇ ਦੇ ਕਾਰੇ ਗੈਂਗਸਟਰ।

ਨੇਤਾਵਾਂ ਦਾ ਸਿਰ 'ਤੇ ਹੱਥ
ਨੇਤਾ ਬਣਨ ਵਿਚਾਰੇ ਗੈਂਗਸਟਰ।
ਜਿਸ ਗੋਲੀ ਨਾਲ ਲੋਕ ਡਰਾਏ
ਉਸ ਗੋਲੀ ਤੋਂ ਹਾਰੇ ਗੈਂਗਸਟਰ।

*-ਜੁਗਰਾਜ ਗਿੱਲ, ਯੌਰਕ*
*ਫੋਨ: 704-257-6693*

## ਹਿੰਦੋਸਤਾਨ ਤੇ ਪਾਕਿਸਤਾਨ...

(ਪਿਛਲੇ ਸਫੇ ਦੀ ਬਾਕੀ)

ਨਾਗਰਿਕਤਾ ਬਾਰੇ ਕੋਈ ਫੈਸਲਾ ਨਾ ਕਰ ਸਕੀਆਂ ਤੇ ਇਕ ਦੂਜੇ ਮੁਲਕ ਵਿਚ ਆਉਂਦੀਆਂ ਜਾਂਦੀਆਂ ਰਹੀਆਂ। ਚੌਧਰੀ ਖਲੀਕ ਉਜ਼ ਜ਼ਮਾਂ, ਜੋ ਯੂ.ਪੀ. ਦੇ ਰਹਿਣ ਵਾਲੇ ਸਨ, ਪਾਕਿਸਤਾਨ ਮੁਸਲਿਮ ਲੀਗ ਦੇ ਮੁਖੀ ਬਣਨ 'ਤੇ ਕਰਾਚੀ ਜਾ ਕੇ ਵਸਣ ਤੋਂ ਪਹਿਲਾਂ ਭਾਰਤੀ ਸਦਨ ਵਿਚ ਵਿਰੋਧੀ ਧਿਰ ਦੇ ਨੇਤਾ ਸਨ। ਜੋਗਿੰਦਰ ਨਾਥ ਮੰਡਲ ਨੂੰ 1947 ਵਿਚ ਜਿਨਾਹ ਨੇ ਬੁਲਾ ਕੇ ਪਾਕਿਸਤਾਨ ਦਾ ਕਾਨੂੰਨ ਮੰਤਰੀ ਬਣਾ ਦਿੱਤਾ ਅਤੇ 1950 ਵਿਚ ਉਹ ਸਭ ਛੱਡ ਕੇ ਵਾਪਸ ਕੋਲਕਾਤਾ ਆ ਗਿਆ। ਯੂ.ਪੀ. ਵਿਚ ਜਨਮੇ ਪ੍ਰਸਿਧ ਉਰਦੂ ਲੇਖਕ ਸੱਜਾਦ ਜ਼ਹੀਰ ਆਜ਼ਾਦੀ ਤੋਂ ਬਾਅਦ ਪਾਕਿਸਤਾਨ ਚਲੇ ਗਏ ਤੇ ਉਥੇ ਕਮਿਊਨਿਸਟ ਪਾਰਟੀ ਦੇ ਪ੍ਰਮੁੱਖ ਨੇਤਾ ਬਣ ਗਏ। 1951 ਵਿਚ ਉਨ੍ਹਾਂ ਨੂੰ ਦੇਸ਼ ਧ੍ਰੋਹ ਦੇ ਕੇਸ ਵਿਚ ਗ੍ਰਿਫਤਾਰ ਕਰਕੇ ਜੇਲ੍ਹ ਵਿਚ ਸੁੱਟ ਦਿੱਤਾ ਗਿਆ। ਤਿੰਨ ਸਾਲਾਂ ਬਾਅਦ ਉਨ੍ਹਾਂ ਨੇ ਭਾਰਤੀ ਨਾਗਰਿਕਤਾ ਲਈ ਤੇ ਵਾਪਸ ਭਾਰਤ ਆ ਗਏ।

ਅਜਿਹੇ ਹਾਲਾਤ ਵਿਚ ਪਾਕਿਸਤਾਨ ਆਪਣੇ ਜਨਮ ਤੋਂ ਲੈ ਕੇ ਅੱਜ ਤਕ ਡਾਵਾਂਡੋਲ ਹੀ ਰਿਹਾ ਹੈ। ਨਾ ਤਾਂ ਉਹ ਆਰਥਿਕ ਤੌਰ 'ਤੇ ਸਵੈ-ਨਿਰਭਰ ਹੋ ਸਕਿਆ ਤੇ ਨਾ ਹੀ ਜਮਹੂਰੀ ਪ੍ਰਣਾਲੀ ਸਥਾਪਤ ਕਰ ਸਕਿਆ। ਸਿੱਟੇ ਵਜੋਂ ਫੌਜ ਹਮੇਸ਼ਾਂ ਜਮਹੂਰੀ ਸਰਕਾਰ 'ਤੇ ਭਾਰੂ ਰਹਿੰਦੀ ਹੈ। ਇਸ ਕਰਕੇ ਪਾਕਿਸਤਾਨ ਦੀ ਭਾਰਤ ਨਾਲ ਦੋਸਤੀ ਤੇ ਦੁਸ਼ਮਣੀ ਸਦਾ ਫੌਜ ਦੇ ਪਰਛਾਵੇਂ ਹੇਠ ਰਹੀ ਹੈ। ਸਾਂਝੇ ਵਿਰਸੇ ਦੇ ਹੁੰਦਿਆਂ ਅੱਜ ਦੋਵੇਂ ਮੁਲਕ ਇਕ ਦੂਜੇ ਤੋਂ ਬਹੁਤ ਦੂਰ ਜਾ ਚੁੱਕੇ ਹਨ। ਕਸ਼ਮੀਰ ਦੀ ਸਮੱਸਿਆ ਨੂੰ ਹੱਲ ਨਾ ਕਰਨ ਵਿਚ ਦੋਵਾਂ ਦੇਸ਼ਾਂ ਦੀ ਦਿਲਚਸਪੀ ਹੈ। ਅੱਜ ਦੋਵੇਂ ਮੁਲਕ ਇਕ ਦੂਜੇ ਦੇ ਦੋਸਤ ਵੀ ਹਨ ਤੇ ਦੁਸ਼ਮਣ ਵੀ, ਪਰ ਦੋਸਤੀ ਤੇ ਦੁਸ਼ਮਣੀ ਦੀ ਪਰਿਭਾਸ਼ਾ ਦੋਵਾਂ ਦੀ ਆਪੋ ਆਪਣੀ ਹੈ।

## ਕੈਨੇਡਾ ਵਿਚ ਪੰਜਾਬੀ: 100 ਸਾਲ ਪਹਿਲਾਂ

# ਕਾਮਾਗਾਟਾ ਮਾਰੂ ਜਹਾਜ ਪੁਜਦਾ ਹੈ

*ਗਦਰ ਲਹਿਰ ਦਾ ਇਤਿਹਾਸ ਆਪਣੇ ਨਾਵਲਾਂ ਅੰਦਰ ਸਮੋ ਕੇ ਪਾਠਕਾਂ ਅੱਗੇ ਪੇਸ਼ ਕਰਨ ਵਾਲੇ ਉਘੇ ਲੇਖਕ ਕੇਸਰ ਸਿੰਘ ਨਾਵਲਿਸਟ ਨੇ ਗਦਰ ਲਹਿਰ ਦੀ ਵਾਰਤਕ ਲੱਭਣ ਅਤੇ ਸੰਭਾਲਣ ਦਾ ਔਖੇਰਾ ਕਾਰਜ ਵੀ ਨੇਪਰੇ ਚਾੜ੍ਹਿਆ ਸੀ। ਇਸ ਵਿਚ ਗਦਰ ਲਹਿਰ ਸ਼ੁਰੂ ਹੋਣ ਤੋਂ ਪਹਿਲਾਂ ਕੈਨੇਡਾ ਵਿਚੋਂ ਨਿਕਲੇ ਦੋ ਪਰਚਿਆਂ 'ਸੁਦੇਸ਼ ਸੇਵਕ' ਅਤੇ 'ਸੰਸਾਰ' ਦਾ ਜ਼ਿਕਰ ਮਿਲਦਾ ਹੈ। 'ਪੰਜਾਬ ਟਾਈਮਜ਼' ਦੇ ਪਾਠਕ 'ਸੁਦੇਸ਼ ਸੇਵਕ' (1909 ਤੋਂ 1911 ਤੱਕ ਛਪਿਆ) ਅਤੇ 'ਸੰਸਾਰ' (ਸਤੰਬਰ 1912 ਤੋਂ ਜੁਲਾਈ 1914 ਤੱਕ ਛਪਿਆ) ਵਿਚ ਛਪੀਆਂ ਲਿਖਤਾਂ ਪਿਛਲੇ ਅੰਕਾਂ ਵਿਚ ਪੜ੍ਹ ਚੁਕੇ ਹਨ। ਇਨ੍ਹਾਂ ਲਿਖਤਾਂ ਵਿਚ ਉਸ ਵਕਤ ਪਰਦੇਸ ਪੁੱਜੇ ਜਿਉੜਿਆਂ ਵੱਲੋਂ ਹੰਢਾਈਆਂ ਮੁਸੀਬਤਾਂ ਦਾ ਜ਼ਿਕਰ ਹੈ। ਇਨ੍ਹਾਂ ਲਿਖਤਾਂ ਦੇ ਸ਼ਬਦ-ਜੋੜ ਅਤੇ ਵਾਕ ਬਣਤਰ ਜਿਉਂ ਦੇ ਤਿਉਂ ਰੱਖੇ ਗਏ ਹਨ ਤਾਂ ਕਿ ਉਸ ਵਕਤ ਦੀ ਪੰਜਾਬੀ ਦੇ ਦਰਸ਼ਨ-ਦੀਦਾਰੇ ਹੋ ਸਕਣ। -ਸੰਪਾਦਕ*

23 ਮਈ ਦੀ ਸਵੇਰ ਨੂੰ ਅਜੇ ਘੜਿਆਲ ਨੇ 6 ਨਹੀਂ ਵਜਾਏ ਸਨ ਜਦਕਿ ਵਿਕਟੋਰੀਏ ਦੇ ਸਵੇਰੇ ਛਪਣ ਵਾਲੇ ਅਖਬਾਰ ਨੇ ਸਾਰੇ ਸ਼ਹਿਰ ਵਿਚ ਫਿਰ ਕੇ ਢੰਡੋਰਾ ਫੇਰ ਦਿਤਾ ਕਿ ਜਿਹੜੇ ਹਿੰਦੁਸਤਾਨੀਆਂ ਦੇ ਆਪਣੇ ਭਾੜੇ ਕੀਤੇ ਜਹਾਜ ਦੇ ਸ਼ਿੰਘਈ ਤੋਂ ਤੁਰਨ ਦੀਆਂ ਅਵਾਈਆਂ ਉਡ ਰਹੀਆਂ ਸਨ, ਉਹ ਅੱਜ ਇਥੋਂ ਦਸ ਮੀਲ ਦੀ ਵਿਥ 'ਤੇ ਕੁਆਰਨਟੀਨ ਦੀ ਹੱਦ ਪੁਰ ਖੜ੍ਹਾ ਹੈ। ਜਿਸ ਵਿਚ 375 ਹਿੰਦੁਸਤਾਨੀ ਸਵਾਰ ਹਨ ਜਿਨ੍ਹਾਂ ਵਿਚ ਇਕ ਸੱਤ ਸਾਲ ਦਾ ਬਾਲਕ ਹੈ, ਦੋ ਸਿੰਘਣੀਆਂ ਹਨ। ਇਕ ਬਿਰਧ ਸਰੀਰ ਸਰਦਾਰ ਗੁਰਦਿੱਤ ਸਿੰਘ ਨਾਮ ਹੈ, ਜੋ ਆਖਦਾ ਹੈ ਕਿ ਅਸੀਂ ਅੰਗਰੇਜ਼ੀ ਪਰਜਾ ਹਿੰਦੁਸਤਾਨੀ ਕੈਨੇਡਾ ਦੇ ਕਾਨੂੰਨ ਦੀ ਪੂਰੀ ਪਰਖ ਕਰਨ ਆਏ ਹਾਂ। ਇਹ ਪੜ੍ਹਦੇ ਸਾਰ ਹਰ ਇਕ ਆਦਮੀ ਦੀਆਂ ਅੱਖਾਂ ਜਹਾਜ ਵੱਲ ਲੱਗ ਗਈਆਂ। ਵਿਕਟੋਰੀਏ ਦੇ ਹਿੰਦੀ ਵੀਰਾਂ ਨੇ ਪਤਾ ਲੱਗਦੇ ਸਾਰ ਭਰਾਵਾਂ ਦੇ ਪਿਆਰ ਦੀਆਂ ਉਮੰਗ ਵਿਚ ਮਤਾ ਪਕਾਇਆ ਕਿ ਕੁਆਰਨਟੀਨ ਦੇ ਨੇੜੇ ਜਿਥੇ ਜਹਾਜ ਖੜ੍ਹਾ ਹੈ, ਵੀਰਾਂ ਦੇ ਚਲ ਦਰਸ਼ਨ ਕਰੀਏ। ਇਕ ਦਰਜਨ ਸੱਜਣਾਂ ਦੀ ਮੰਡਲ ਜਿਸ ਵਿਚ 'ਸੰਸਾਰ' ਦੇ ਸੇਵਕ ਤੇ ਦੇਸ਼ ਤੋਂ ਆ ਰਹੇ ਭਾਈ ਬਲਵੰਤ ਸਿੰਘ ਜੀ ਤੇ ਹਿੰਦੁਸਤਾਨੀਆਂ ਦਾ ਪੁਰਾਣਾ ਦਰਦੀ ਮਿਸਟਰ ਹਾਲ ਵੀ ਸਨ, ਇਕ ਬੋਟ ਕਿਰਾਏ 'ਤੇ ਕਰਕੇ ਤੁਰ ਪਏ। ਇਕ ਘੰਟੇ ਵਿਚ ਜਹਾਜ ਦਿਸਣ ਲੱਗ ਪਿਆ। ਜਦ ਨੂੰ ਅੱਗੋਂ ਇਮੀਗਰੇਸ਼ਨ ਵਾਲਿਆਂ ਦੀ ਬੋਟ ਆ ਪੁੱਜੀ ਜਿਸ ਦੇ ਵਿਚ ਬੈਠੇ ਅਫਸਰਾਂ ਨੇ ਕਿਹਾ ਕਿ ਤੁਹਾਨੂੰ ਜਹਾਜ ਦੇ ਨੇੜੇ ਜਾਣ ਦੀ ਤੇ ਬਾਹਰੋਂ ਦੂਰੋਂ ਗੱਲ ਕਰਨ ਦੀ ਵੀ ਆਗਿਆ ਨਹੀਂ ਹੈ। ਜਹਾਜ ਦੇ ਕੋਲੋਂ ਦੀ ਉਤੇ ਖੜ੍ਹੇ ਭਰਾਵਾਂ ਨੂੰ ਜੈਕਾਰੇ ਗਜਾਉਂਦਾ ਹੋਇਆ ਤੇ ਦਰਸ਼ਨ ਕਰਦਾ ਹੋਇਆ ਆਪਣਾ ਬੋਟ ਸ਼ਹਿਰ ਨੂੰ ਮੋੜਿਆ। ਸਭ ਦੇ ਦਿਲ ਵਿਚ ਦਰਦ ਤੇ ਫਿਕਰ ਸੀ ਕਿ ਕਿਸੇ ਤਰ੍ਹਾਂ ਭਰਾਵਾਂ ਦੀ ਮਦਦ ਕਰ ਸਕੀਏ। ਕੁਆਰਨਟੀਨ ਦੇ ਡਾਕਟਰ ਨੇ ਨੁਕਸ ਲੱਭਾ ਤੇ ਉਟਾਵੇ ਨੂੰ ਤਾਰ ਦਿੱਤੀ ਸੀ ਕਿ ਜਹਾਜ ਦੇ ਕਪਤਾਨ ਦੇ ਪਾਸ ਮੌਜੀ ਦੇ ਘਾਟ ਦਾ ਸਿਹਤ ਦਾ ਪਰਵਾਨਾ ਨਹੀਂ ਹੈ। ਇਸ ਹੀ ਉਤਰ ਦੇ ਆਉਣ ਵਿਚ ਸਾਰਾ ਦਿਨ ਜਹਾਜ ਰੋਕਿਆ ਰਿਹਾ ਤੇ ਤ੍ਰਿਕਾਲਾਂ ਦੇ ਅਖਬਾਰ ਨੇ ਛਾਪਿਆ ਕਿ ਸ਼ਾਇਦ ਇਸ ਖੁੰਦਕ ਕਰਕੇ ਜਹਾਜ ਇਥੇ ਹੀ ਰੁਕਿਆ ਰਹੇ, ਪਰ ਅੰਤ 5 ਵਜੇ ਖਲਾਸੀ ਹੋਈ। ਹੁਕਮ ਮਿਲਿਆ ਤੇ ਕਾਮਾਗਾਟਾ ਮਾਰੂ ਜਹਾਜ ਭਾਰਤ ਦੇ ਪੁੱਤਰਾਂ ਸਣੇ ਸਹਿਜੇ ਸਹਿਜੇ ਵੈਨਕੂਵਰ ਵੱਲ ਨੂੰ ਖਿਸਕਿਆ।



ਵੈਨਕੂਵਰ ਵਿਚ ਉਤਰਨ ਤੋਂ ਰੋਕਣ ਪਿਛੋਂ ਜਹਾਜ ਉਪਰ ਹੀ ਖੜ੍ਹੇ ਗੁਰਦਿੱਤ ਸਿੰਘ (ਐਨ ਅੱਗੇ, ਚਿੱਟੇ ਸੂਟ ਵਿਚ) ਅਤੇ ਹੋਰ ਮੁਸਾਫਰ

### ਵੈਨਕੂਵਰ ਵਿਚ ਪੁੱਜਣਾ

24 ਮਈ ਨੂੰ ਸਵੇਰੇ ਹੀ ਦੁਰੇਡੇ ਪੰਧ ਤੋਂ ਤੁਰੇ ਹੋਏ ਭਾਰਤ ਵਾਸੀਆਂ ਦਾ ਬੇੜਾ ਵੈਨਕੂਵਰ ਦੀ ਘਾਟ ਵਿਚ ਆ ਫਿਰਿਆ। ਹਿੰਦੁਸਤਾਨੀ ਵੀਰ ਹੁਮ ਹੁਮਾ ਕੇ ਆ ਰਹੇ ਭਰਾਵਾਂ ਦੀ ਅਗਵਾਈ ਲਈ ਘਾਟ 'ਤੇ ਹਾਜ਼ਰ ਸਨ, ਪਰ ਪੁਲਿਸ ਦੇ ਖਾਸ ਪਹਿਰਿਆਂ ਨਾਲ ਕਿਸੇ ਹਿੰਦੁਸਤਾਨੀ ਨੂੰ ਘਾਟ 'ਤੇ ਜਹਾਜ ਨੂੰ ਦੇਖਣ ਤਕ ਦੀ ਆਗਿਆ ਨਾ ਦਿੱਤੀ ਗਈ। ਵੈਨਕੂਵਰ ਦੇ ਇਕ ਅਖਬਾਰ ਵਿਚ ਲਿਖਿਆ ਹੈ ਕਿ ਇਕ ਇਮੀਗਰੇਸ਼ਨ ਅਫਸਰ ਨੇ ਇਹ ਵੀ ਦੱਸਿਆ ਕਿ ਬੰਦੂਕਾਂ ਤੇ ਰਾਈਫਲਾਂ ਵਾਲੇ ਫੌਜੀ ਸਿਪਾਹੀ ਵੀ ਘਾਟ 'ਤੇ ਆਏ ਹਿੰਦੀਆਂ ਦੇ ਕਿਸੇ ਰੌਲੇ ਨੂੰ ਨਜਿੱਠਣ ਲਈ ਤਿਆਰ ਰੱਖੇ ਗਏ ਸਨ, ਸਾਰਾ ਦਿਨ ਡਾਕਟਰੀ ਹੁੰਦੀ ਰਹੀ ਤੇ ਇਮੀਗਰੇਸ਼ਨ ਵਾਲੇ ਦੱਸਦੇ ਰਹੇ ਕਿ ਅਸੀਂ ਉਟਾਵੇ ਤੋਂ ਹੁਕਮ ਉਡੀਕ ਰਹੇ ਹਾਂ। ਅਗਲੇ ਦਿਨ ਐਤਵਾਰ ਤੇ ਸੋਮਵਾਰ ਛੁੱਟੀਆਂ ਆ ਗਈਆਂ ਤੇ ਇਹ ਵੀ ਅਵਾਈ ਇਮੀਗਰੇਸ਼ਨ ਦੇ ਹਲਕੇ ਵਿਚ ਉੱਡੀ ਕਿ ਸ਼ਾਇਦ ਹਿੰਦੁਸਤਾਨੀਆਂ ਨੂੰ ਇਨ੍ਹਾਂ ਦੋਹਾਂ ਛੁੱਟੀਆਂ ਵਿਚ ਹੀ ਕਚਹਿਰੀਆਂ ਖੁਲ੍ਹਣ ਤੋਂ ਪਹਿਲਾਂ ਹੀ ਪਿਛਾਂਹਾਂ ਮੋੜ ਦਿੱਤਾ ਜਾਵੇ। 26 ਮਈ ਨੂੰ ਇਮੀਗਰੇਸ਼ਨ ਵਾਲੇ ਜਹਾਜ ਵਿਚ ਗਏ ਤੇ ਸਿਰਫ ਬਾਹਰ ਇਹ ਹੀ ਪਤਾ ਮਿਲਿਆ ਕਿ ਹਿੰਦੀਆਂ ਦੀ ਡਾਕਟਰੀ ਕੀਤੀ ਜਾ ਰਹੀ ਹੈ।

### ਸਰਦਾਰ ਗੁਰਦਿੱਤ ਸਿੰਘ

ਇਸ ਜਹਾਜ ਨੂੰ ਚਾਰਟਰ ਕਰਕੇ ਰਸਤਿਆਂ ਵਿਚ ਬੈਠੇ ਹਿੰਦੁਸਤਾਨੀਆਂ ਨੂੰ ਇਥੇ ਲਿਆਉਣ ਵਾਲੇ ਸਰਦਾਰ ਗੁਰਦਿੱਤ ਸਿੰਘ ਜੀ ਸਿਰਹਾਲੀ, ਜ਼ਿਲ੍ਹਾ ਲਾਹੌਰ ਦੇ ਵਸਨੀਕ ਹਨ। ਕੈਨੇਡਾ ਦੇ ਅਖਬਾਰਾਂ ਤਕ ਆਪ ਦੇ ਹੌਂਸਲੇ, ਸ਼ਰਾਫਤ ਤੇ ਸਿਆਣਪ ਦੀ ਉਸਤਤ ਕਰ ਰਹੇ ਹਨ। ਗੁਰਦਿੱਤ ਸਿੰਘ ਜੀ ਨੇ ਖੋਲ੍ਹ ਕੇ ਤੇ ਖੜਕਾ ਕੇ ਉੱਤਰ ਦਿੱਤੇ ਹਨ ਕਿ ਅਸੀਂ ਅੰਗਰੇਜ਼ੀ ਪਰਜਾ ਹਾਂ। ਬਸ ਸਾਡਾ ਪੱਕਾ ਤੇ ਅਸਲੀ ਹੱਕ ਹੈ ਕਿ ਅਸੀ ਅੰਗਰੇਜ਼ੀ ਰਾਜ ਦੇ ਕਿਸੇ ਵੀ ਹਿੱਸੇ ਵਿਚ ਫਿਰ ਸਕੀਏ। ਅਸੀਂ ਦੇਖਣਾ ਚਾਹੁੰਦੇ ਹਾਂ ਕਿ ਕਿਸ ਕਰਕੇ ਸਾਨੂੰ ਅੰਗਰੇਜ਼ੀ ਰਾਜ ਦੀ ਹੱਦ ਵਿਚ ਫਿਰਨ ਤੋਂ ਰੋਕਿਆ ਜਾਂਦਾ ਹੈ। ਅਸੀਂ ਖੇਤੀ ਦਾ ਕੰਮ ਕਰਨ ਵਾਲੇ ਹਾਂ। ਇਹ ਹਿੰਦੁਸਤਾਨੀ ਮਜ਼ਦੂਰ ਨਹੀਂ ਸਗੋਂ ਪੰਜਾਬ ਦੇ ਸ਼ੇਰ ਕਿਰਸਾਨ ਹਨ ਜੋ ਕਿ ਖੇਤੀ ਕਰਕੇ ਮੁੰਜਾ ਦੇਸ਼ ਵਸਾਉਣਗੇ। ਇਨ੍ਹਾਂ ਆ ਰਹੇ ਹਿੰਦੀਆਂ ਵਿਚੋਂ ਬਹੁਤੇ ਫੌਜੀ ਸਿਪਾਹੀ ਹਨ ਜਿਨ੍ਹਾਂ ਨੇ ਇਸ ਰਾਜ ਦੀ ਕਾਇਮੀ ਲਈ ਆਪਣੀਆਂ ਜਾਨਾਂ ਤਕ ਹਾਜ਼ਰ ਕੀਤੀਆਂ ਹਨ। ਬਸ ਇਹੋ ਜਿਹੇ ਆਦਮੀ ਹਨ ਜੋ ਨਿਤਾਰਾ ਚਾਹੁੰਦੇ ਹਨ ਕਿ ਅੰਗਰੇਜ਼ੀ ਪਰਜਾ ਦੇ ਅਸਲੀ ਹੱਕ ਕੀ ਹਨ ਤੇ ਇਸ ਸੱਚੇ ਅਸੂਲ ਤੇ ਕੈਨੇਡਾ ਵਿਚ ਉਤਰਨਾ ਮੰਗਦੇ ਹਨ।



ਵੈਨਕੂਵਰ ਤੱਟ 'ਤੇ ਖੜ੍ਹਾ ਕਾਮਾਗਾਟਾ ਮਾਰੂ। ਡੈਕ 'ਤੇ ਮੁਸਾਫਰ ਦਿਖਾਈ ਦੇ ਰਹੇ ਹਨ

### ਬੀਤ ਰਿਹਾ ਸਾਲ

ਹੁਣ ਤਾਂਈਂ ਇਮੀਗਰੇਸ਼ਨ ਦੇ ਮਹਿਕਮੇ ਵੱਲੋਂ ਹੱਦੋਂ ਪਰੇ ਕਰੜਾਈ ਕੀਤੀ ਗਈ ਹੈ ਕਿ ਕੋਈ ਬਾਹਰਲਾ ਹਿੰਦੁਸਤਾਨੀ ਜਹਾਜ ਵਿਚਦਿਆਂ ਨੂੰ ਨਾ ਮਿਲ ਸਕੇ। ਅੱਜ ਤਕ ਜਹਾਜ ਵਿਚਲੇ ਭਰਾਵਾਂ ਨੂੰ ਕੋਈ ਨਹੀਂ ਮਿਲ ਸਕਿਆ। ਇਥੋਂ ਤਾਂਈਂ ਕਿ ਵਕੀਲ ਨੂੰ ਭੀ ਅੰਦਰ ਜਾਣ ਤੋਂ ਰੋਕਿਆ ਗਿਆ ਹੈ। ਉਟਾਵੇ ਦੀਆਂ ਤਾਰਾਂ ਤੇ ਰੁੱਕੇ ਪ੍ਰਗਟ ਕਰ ਰਹੇ ਹਨ ਕਿ ਕੈਨੇਡਾ ਦੀ ਗਵਰਨਮੈਂਟ ਫੈਸਲਾ ਕਰ ਚੁਕੀ ਹੈ ਕਿ ਇਨ੍ਹਾਂ ਹਿੰਦੀਆਂ ਨੂੰ ਮੋੜਿਆ ਜਾਵੇਗਾ, ਪਰ ਹਿੰਦੁਸਤਾਨ ਕੀ ਜਹਾਜ ਵਿਚਲੇ ਤੇ ਕੀ ਬਾਹਰਲੇ, ਬੋਲ ਕੇ ਦਸ ਚੁੱਕੇ ਹਨ ਕਿ ਅਸੀਂ ਅੰਤ ਤਕ ਝਗੜ ਕੇ ਨਬੇੜਾ ਕਰਾਉਣਾ ਚਾਹੁੰਦੇ ਹਾਂ ਕਿ ਅੰਗਰੇਜ਼ੀ ਰਾਜ 'ਚ ਸਾਡੇ ਕੀ ਹੱਕ ਹਨ ਤੇ ਕਿਸ ਦਲੀਲ ਨਾਲ ਸਾਨੂੰ ਕੌਣ ਮੋੜ ਸਕਦਾ ਹੈ?

### ਕੀ ਉਦਮ ਹੋਇਆ ਹੈ

ਵੈਨਕੂਵਰ ਦੇ ਹਿੰਦੁਸਤਾਨੀ ਭਰਾ ਆਪਣੇ ਵੱਲੋਂ ਹਰ ਤਰ੍ਹਾਂ ਦੇ ਯਤਨ ਕਰ ਰਹੇ ਹਨ। ਝਗੜੇ ਲਈ ਡਾਲਰ ਇਕੱਤਰ ਕੀਤੇ ਜਾ ਰਹੇ ਹਨ। ਹਰ ਕੋਈ ਸੱਜਣ, ਕੀ ਵੈਨਕੂਵਰ ਤੇ ਕੀ ਵਿਕਟੋਰੀਏ, ਇਨ੍ਹਾਂ ਭਰਾਵਾਂ ਦੀ ਮਦਦ ਦੇ ਫਿਕਰ 'ਚ ਹੈ। ਸਾਨੂੰ ਅਖਬਾਰ ਦੇ ਛਪਣ ਤਕ ਵੈਨਕੂਵਰ ਦੇ ਭਰਾਵਾਂ ਦੇ ਪੂਰੇ ਉਦਮ ਦਾ ਪਤਾ ਨਹੀਂ ਪੁੱਜ ਸਕਿਆ। ਸਿਰਫ ਇਹ ਖਬਰ ਹੁਣ ਮਿਲੀ ਹੈ ਕਿ ਜੋੜ ਮੇਲੇ ਕੀਤੇ ਜਾ ਰਹੇ ਹਨ ਤੇ ਡਾਲਰ ਇਕੱਤਰ ਹੋ ਰਿਹਾ ਹੈ। ਭਾਈ ਬਲਵੰਤ ਸਿੰਘ ਜੀ ਜੋ ਪਰ ਸਾਲ ਡੈਲੀਗੇਟ ਬਣ ਕੇ ਗਏ ਸਨ, 23 ਤਾਰੀਖ ਤੋਂ ਵੈਨਕੂਵਰ ਪੁੱਜ ਚੁੱਕੇ ਹਨ। 'ਸੰਸਾਰ' ਦੇ ਮੁਖੀ ਸੇਵਕ ਡਾਕਟਰ ਸੁੰਦਰ ਸਿੰਘ ਜਿਨ੍ਹਾਂ ਨੂੰ ਕੈਨੇਡਾ ਦੇ ਲੋਕ ਘਰ-ਘਰ ਜਾਣਦੇ ਹਨ, ਕੱਲ੍ਹ ਉਟਾਵੇ ਜਾ ਪੁੱਜੇ ਹਨ। ਹੁਣ ਆਈ ਤਾਰ ਦੱਸਦੀ ਹੈ ਕਿ ਕਲ੍ਹ ਨੂੰ ਇਮੀਗਰੇਸ਼ਨ ਵਜ਼ੀਰ ਅੱਗੇ ਹਿੰਦੁਸਤਾਨੀਆਂ ਦੇ ਸੱਚੇ ਹੱਕਾਂ ਦੀਆਂ ਦਲੀਲਾਂ ਪੇਸ਼ ਕਰਕੇ ਰਹਿਣਗੇ ਕਿ ਇਨ੍ਹਾਂ ਆਏ ਭਰਾਵਾਂ ਨੂੰ ਜਲਦੀ ਉਤਾਰਿਆ ਜਾਏ। ਡਾਕਟਰ ਸੁੰਦਰ ਸਿੰਘ ਆਪਣੀ ਲਿਆਕਤ, ਇਲਮ ਬਲ ਅਨੁਸਾਰ ਹਿੰਦੁਸਤਾਨੀ ਕੌਮ ਦੇ ਦਬ ਰਹੇ ਹੱਕਾਂ ਦੀ ਪੂਰੀ ਪੂਰੀ ਹਾਲਤ ਖੋਲ੍ਹ ਕੇ ਕੈਨੇਡਾ ਦੇ ਲੋਕਾਂ ਦੇ ਸਾਹਮਣੇ ਰੱਖਣਗੇ ਤੇ ਇਨ੍ਹਾਂ ਅੰਗਰੇਜ਼ੀ ਇਨਸਾਫ ਪਰਖਣ ਅਤੇ ਬਹਾਦਰ ਭਰਾਵਾਂ ਦੀ ਸੱਚੀ ਅਪੀਲ ਨੂੰ ਅੰਗਰੇਜ਼ੀ ਰਾਜ ਦੇ ਸ਼ੁਭਚਿੰਤਕਾਂ ਦੇ ਸਾਹਮਣੇ ਖੋਲ੍ਹ ਕੇ ਦੱਸਣਗੇ।

### ਕੀ ਮਾਮਲਾ ਹੈ


ਇਸ ਜਹਾਜ ਦਾ ਆਉਣਾ ਉਹ ਮਾਮਲਾ ਹੈ ਜਿਸ ਨੇ ਖੋਲ੍ਹ ਕੇ ਦੱਸਣਾ ਹੈ ਕਿ ਹਿੰਦੁਸਤਾਨੀਆਂ ਦੇ ਕੀ ਹੱਕ ਹਨ ਤੇ ਅੰਗਰੇਜ਼ੀ ਰਾਜ ਵਿਚ ਉਨ੍ਹਾਂ ਦਾ ਕੀ ਦਰਜਾ ਹੈ? ਕਿਸ ਕਰਕੇ ਉਨ੍ਹਾਂ ਨੂੰ ਅੰਗਰੇਜ਼ੀ ਬਸਤੀਆਂ ਵਿਚੋਂ ਧੱਕੇ ਪੈ ਰਹੇ ਹਨ। ਕੁਲ ਕੌਮ ਤੋਂ ਦੇਸ਼ ਦੀ ਇੱਜ਼ਤ ਤੇ ਆਬਰੂ ਦਾ ਡਾਹਢਾ ਜ਼ਰੂਰੀ ਤੇ ਬੜਾ ਭਾਰੀ ਸਵਾਲ ਹੈ-ਲੱਖਾਂ ਰੁਪਏ ਖਰਚ ਹੋ ਚੁੱਕੇ ਹਨ, ਜਹਾਜ ਦਾ ਚਾਰਟਰ ਕਰਕੇ ਆਉਣਾ ਕੋਈ ਨਿੱਕੀ ਜਿਹੀ ਗੱਲ ਨਹੀਂ ਹੈ। ਇਤਨਾ ਵੱਡਾ ਉਦਮ ਹੋ ਚੁੱਕਾ ਹੈ ਜੋ ਕਿ ਠੀਕ ਹਿੰਦ ਵਾਸੀਆਂ ਦੀ ਹਿੰਮਤ ਤੇ ਸੱਚਾਈ ਦੇ ਲਾਇਕ ਹੈ। ਇਸ ਲਈ ਸਭ ਕੈਨੇਡਾ ਦੇ ਭਰਾਵਾਂ ਦੇ ਨਾਲ ਆਪ ਭੀ ਜੋ ਕਿਸੇ ਤਰ੍ਹਾਂ ਇਸ ਮੁਕਾਬਲੇ ਵਿਚ ਸਹਾਇਕ ਹੋ ਸਕੇ ਤਾਂ ਝਟਪਟ ਹੋਵੇ। ਆਪ ਦਾ ਧਰਮ ਹੈ, ਪਤਾ ਨਹੀਂ ਅੱਗੇ ਨੂੰ ਕੀ ਹੋਵੇ। ਆਪਣੇ ਦਿਲ ਜਾਨ ਵੈਨਕੂਵਰ ਖੜ੍ਹੇ ਜਹਾਜ ਤੇ ਆਪਣੇ ਤਿੰਨ ਸੌ ਪਚੱਤਰ ਰੁਕੇ ਹੋਏ ਭਰਾਵਾਂ ਵੱਲ ਰੱਖੋ। ਜਦ ਭੀ ਮਦਦ ਲਈ ਕੋਈ ਹੋਕਾ ਆਵੇ, ਖੁਲ੍ਹੇ ਦਿਲ ਮਾਇਆ ਦੇ ਮੀਂਹ ਵਰਾਵੋ। ਇਸ ਵਕਤ 'ਸੰਸਾਰ' ਇਹ ਕੁਝ ਬੇਨਤੀਆਂ ਲੈ ਕੇ ਆਪ ਦੇ ਪਾਸ ਆਉਂਦਾ ਹੈ। ਜੇ ਫੇਰ ਵੀ ਇਸ ਦਾਸ ਤੋਂ ਹੋ ਸਕਿਆ ਤਾਂ ਆਪ ਦੇ ਦਰਸ਼ਨ ਕਰੇਗਾ। ਇਨ੍ਹਾਂ ਭਰਾਵਾਂ ਦੀ ਮਦਦ ਲਈ ਕੁਝ ਭੀ ਮਦਦ ਕਰਨੀ ਚਾਹੋ ਤਾਂ 'ਸੰਸਾਰ' ਦੇ ਦਫਤਰ ਵਿਚ ਪਹੁੰਚਾ ਦਿਓ।

*(ਬਾਕੀ ਅਗਲੇ ਸਫੇ 'ਤੇ)*

# ਗੁਰਮੁਖੀ ਲਿਨੋਟਾਈਪ

ਅੱਜ ਆਦਮੀ ਦੀ ਅਕਲ ਦਿਨ ਪਰ ਦਿਨ ਨਵੇਂ ਤੋਂ ਨਵੇਂ ਕੌਤਕ ਕੱਢ ਰਹੀ ਹੈ। ਇਨਸਾਨ ਕੁਦਰਤ ਦੀਆਂ ਅਨੇਕ ਸ਼ਕਤੀਆਂ 'ਤੇ ਕਾਬੂ ਪਾ ਚੁੱਕਾ ਹੈ। ਹਵਾ, ਸਮੁੰਦਰ, ਬਿਜਲੀ, ਪਹਾੜਾਂ, ਸੂਰਜ, ਚੰਦ ਆਦਿਕ ਸਭ ਕੁਦਰਤੀ ਸੇਵਕਾਂ ਨੂੰ ਆਪਣੇ ਰੌਲੇ ਕਰਕੇ ਵਰਤਦਾ ਹੈ। ਟੈਲੀਫੋਨ, ਤਾਰ, ਹਵਾਈ ਜਹਾਜ, ਮੋਟਰਕਾਰ, ਵਾਇਰਲੈਸ ਆਦਿਕ ਅਨੇਕ ਚੀਜ਼ਾਂ ਅੱਜ ਆਦਮੀ ਦੀ ਸੇਵਾ ਤੇ ਵਾਧੇ ਲਈ ਉਹ ਕੰਮ ਕਰ ਰਹੀਆਂ ਹਨ ਜੋ ਕਰੋੜਾਂ ਆਦਮੀਆ ਦੀ ਮਿਹਨਤ ਭੀ ਨਹੀਂ ਸੁਆਰ ਸਕਦੀ ਸੀ। ਅਜੇ ਅਕਲ ਤੇ ਇਲਮ ਦੇ ਭੰਡਾਰ ਸਿਆਣੇ ਨਿਤ ਨਵੇਂ ਸੂਰਜ, ਨਵੇਂ ਤੋਂ ਨਵੇਂ ਅਚੰਭਾ ਕਢ ਰਹੇ ਹਨ। ਭਾਵੇਂ ਇਨ੍ਹਾਂ ਨਵੀਆਂ ਕਾਢਾਂ ਤੇ ਹੁਨਰਾਂ ਵਿਚੋਂ ਇਕ ਤੋਂ ਇਕ ਵਧ ਕੇ ਹਨ, ਪਰ ਇਨ੍ਹਾਂ ਸਾਰੀਆਂ ਦੇ ਵਾਧੇ ਦੀ ਜਾਨ ਛਾਪੇਖਾਨੇ ਹਨ ਜੋ ਕਿ ਹਰ ਇਲਮ ਦੇ ਹੁਨਰ ਨੂੰ ਕਾਇਮ ਰਖਦਾ ਹੈ ਅਤੇ ਉਸ ਦਾ ਪ੍ਰਚਾਰ ਕਰਦਾ ਹੈ। ਛਾਪੇ ਦੀ ਤਾਕਤ ਤੇ ਮਸ਼ੀਨਾਂ ਅਮਰੀਕਾ ਵਿਚ ਇਤਨੀ ਉਨਤੀ ਕਰ ਗਈਆਂ ਹਨ ਜਿਸ ਦਾ ਹਿੰਦੁਸਤਾਨ ਵਿਚ ਬੈਠੇ ਆਦਮੀ ਨੂੰ ਖਿਆਲ ਭੀ ਨਹੀਂ ਆ ਸਕਦਾ। ਉਸ ਮਸ਼ੀਨ ਦਾ ਨਾਮ, ਜੋ ਹਵਾ ਵਾਂਗਰ ਕਾਹਲੀ ਨਾਲ ਅਬਾਰਤ ਨੂੰ ਜੋੜ ਕੇ ਰੱਖ ਦਿੰਦੀ ਹੈ, ਲਿਨੋਟਾਈਪ ਮਸ਼ੀਨ ਹੈ। ਇਸੇ ਦਾ ਹੀ ਤੁਫੈਲ ਹੈ ਕਿ ਪੰਜਾਹ-ਪੰਜਾਹ ਵੱਡੇ ਸਫਿਆਂ ਦੇ ਅਖਬਾਰ ਅਮਰੀਕਾ ਦੇ ਸ਼ਹਿਰਾਂ ਵਿਚ ਦਿਹਾੜੀ ਵਿਚ ਕਈ ਵਾਰ ਨਿਕਲ ਜਾਂਦੇ ਹਨ। ਇਹ ਮਸ਼ੀਨ ਅੱਖਰ ਜੋੜਨ ਦਾ ਕਈ ਦਿਨਾਂ ਦਾ ਕੰਮ ਸਕਿੰਟਾਂ ਵਿਚ ਪੂਰਾ ਕਰਦੀ ਹੈ। ਹਿੰਦੁਸਤਾਨ ਵਿਚ ਜਿਥੇ ਤਕ ਸਾਨੂੰ ਪਤਾ ਹੈ, ਕਿਸੇ ਭੀ ਜ਼ਬਾਨ ਦੀ ਲਿਨੋਟਾਈਪ ਮਸ਼ੀਨ ਅਜੇ ਤਕ ਨਹੀਂ ਬਣੀ ਹੈ। ਇਹ ਹੀ ਕਾਰਨ ਹੈ ਕਿ ਹੱਥੀਂ ਅੱਖਰ ਜੋੜਨ ਦੀ ਬੇਹਦ ਮਿਹਨਤ ਬਹੁਤ ਵਕਤ ਲਗਣ ਕਰਕੇ ਰੋਜ਼ਾਨਾ ਅਖਬਾਰਾਂ ਦੀ ਗਿਣਤੀ ਨਾਂ-ਮਾਤਰ ਹੀ ਹੈ। ਉਹ ਵੀ ਸੁੰਦਰ ਸਾਫ ਤੇ ਤੁਰੰਤ ਫੁਰਤ ਨਹੀਂ ਛਪ ਸਕਦੇ ਸਗੋਂ ਇਕ ਦੋ ਦਿਨ ਪਹਿਲਾਂ ਹੀ ਛਾਪੇ ਹੋਏ ਰੋਜ਼ਾਨਾ ਕਹਾਉਂਦੇ ਹਨ। ਗੁਰਮੁਖੀ ਵਿਚ ਤਾਂ ਰੋਜ਼ਾਨਾ ਅਖਬਾਰ ਦਾ ਨਾਮ ਨਿਸ਼ਾਨ ਤਕ ਨਹੀਂ ਹੈ। ਅਮਰੀਕਾ ਛਾਪੇਖਾਨੇ ਦੀ ਜਾਨ ਇਥੇ ਨਵੀਆਂ ਮਸ਼ੀਨਾਂ ਬਣਾਈਆਂ ਹਨ। ਸੰਸਾਰ ਦਾ ਗੁਰਮੁਖੀ ਛਾਪੇਖਾਨਾ ਅਮਰੀਕਾ ਵਿਚ ਕਾਇਮ ਹੋ ਚੁੱਕਾ ਹੈ। ਸਾਡਾ ਪੱਕਾ ਇਰਾਦਾ ਹੈ ਕਿ ਅਸੀਂ ਗੁਰਮੁਖੀ ਲਿਨੋਟਾਈਪ ਦੀ ਮਸ਼ੀਨ ਤਿਆਰ ਕਰਾਈਏ। ਗੁਰਮੁਖੀ ਲਿਨੋਟਾਈਪ ਦੀ ਮਸ਼ੀਨ ਤਿਆਰ ਹੋ ਜਾਣ ਨਾਲ ਅਖਬਾਰਾਂ ਪੰਜਾਬ ਦੇ ਬੱਚੇ-ਬੱਚੇ ਦੇ ਹੱਥ ਵਿਚ ਪੁਜ ਸਕਦੀਆਂ ਹਨ। ਗੁਰਮੁਖੀ ਲਿਨੋਟਾਈਪ ਦੀ ਮਸ਼ੀਨ ਤਿਆਰ ਹੋ ਜਾਣ ਨਾਲ ਛਪਾਈ ਦਾ ਕਈ ਕਈ ਦਿਹਾੜੀਆਂ ਦਾ ਕੰਮ ਮਿੰਟਾਂ ਵਿਚ ਨਿਬੜੇਗਾ।

ਲਿਨੋਟਾਈਪ ਮਸ਼ੀਨਾਂ ਤਿਆਰ ਕਰਨ ਵਾਲੀ ਸਭ ਤੋਂ ਵੱਡੀ ਕੰਪਨੀ ਨਾਲ ਅਸੀਂ ਚਿੱਠੀ-ਪੱਤਰ ਕੀਤਾ ਤਾਂ ਉਸ ਦੇ ਏਜੰਟ ਨੇ ਆ ਕੇ 'ਸੰਸਾਰ' ਦਾ ਛਾਪਾਖਾਨਾ ਦੇਖਿਆ ਤੇ ਕਈ ਘੰਟੇ ਗੁਰਮੁਖੀ ਅਖਰਾਂ ਦੀ ਸਭ ਤਰਤੀਬ ਦੇਖ ਕੇ ਕਿਹਾ ਕਿ ਅਸੀਂ ਬਹੁਤ ਸੋਹਣੀ ਮਸ਼ੀਨ ਤਿਆਰ ਕਰ ਸਕਦੇ ਹਾਂ, ਅਸੀਂ ਪੱਕਾ ਇਰਾਕਾ ਕੀਤਾ ਹੋਇਆ ਹੈ ਕਿ ਗੁਰਮੁਖੀ ਲਿਨੋਟਾਈਪ ਦੀ ਮਸ਼ੀਨ ਬਣਵਾ ਕੇ ਉਸ ਨੂੰ 'ਸੰਸਾਰ' ਦੇ ਛਾਪੇਖਾਨੇ ਵਿਚ ਵਰਤ ਕੇ ਦਸੀਏ ਤੇ ਫੇਰ ਦੇਸ਼ ਵਿਚ ਉਸ ਦਾ ਰਿਵਾਜ਼ ਪਵੇ। ਗੁਰਮੁਖੀ ਦੀ ਲਿਨੋਟਾਈਪ ਮਸ਼ੀਨ ਬਣ ਜਾਣ ਨਾਲ ਕਿਤਾਬਾਂ ਤੇ ਅਖਬਾਰਾਂ ਕੌਡੀਆਂ ਦੇ ਮੁੱਲ ਹੋ ਜਾਣਗੀਆਂ ਤੇ ਇਲਮ ਗੁਰਮੁਖੀ ਪੜ੍ਹੇ ਹਰ ਬੱਚੇ ਦੇ ਹੱਥ ਵਿਚ ਅਪੜ ਸਕੇਗਾ। ਇਸ ਵਕਤ ਸਾਨੂੰ ਪੈਸੇ ਦੀ ਬਹੁਤ ਤੰਗੀ ਹੈ। ਜੇ ਸਭ ਭਰਾ ਇਸ ਵਕਤ ਸੰਸਾਰ ਦੀ ਦਿਲ ਖੋਲ੍ਹ ਕੇ ਮਦਦ ਕਰਨ ਤਾਂ ਅਸੀਂ ਜ਼ਰੂਰ ਨਿਊ ਯਾਰਕ ਜਾ ਕੇ ਗੁਰਮੁਖੀ ਲਿਨੋਟਾਈਪ ਮਸ਼ੀਨ ਤਿਆਰ ਕਰਾ ਕੇ ਪੰਜਾਬ ਦੇਸ਼ ਲਈ ਬੜਾ ਭਾਰਾ ਇਲਮ ਦਾ ਕੰਮ ਪੂਰਾ ਕਰਕੇ ਦਸਾਂਗੇ। ਗੁਰਮੁਖੀ ਲਿਨੋਟਾਈਪ ਮਸ਼ੀਨ ਬਣ ਜਾਣ ਨਾਲ ਭਾਵੇਂ ਸੰਸਾਰ ਨੂੰ ਹਰ ਰੋਜ਼ ਹੀ ਕਈ ਵਾਰ ਛਾਪੋ। ਜੋ ਅਮਰੀਕਾ ਤੇ ਲਿਨੋਟਾਈਪ ਮਸ਼ੀਨ ਬਣਵਾ ਕੇ ਅਸੀਂ ਦੇਸ਼ ਪਹੁੰਚਾ ਸਕੀਏ ਤਾਂ ਇਸ ਨਾਲੋਂ ਵਧ ਕੇ ਪੰਜਾਬ ਦੇ ਵਸਨੀਕਾਂ ਨੂੰ ਵੱਡਮੁੱਲੀ ਸੁਗਾਤ ਅਸੀਂ ਹੋਰ ਕੋਈ ਨਹੀਂ ਸਕਦੇ, ਜੋ ਸਦਾ ਅਟਲ ਰਹੇਗੀ ਤੇ ਗੁਰਮੁਖੀ ਅਖਬਾਰਾਂ ਤੇ ਕਿਤਾਬਾਂ, ਜਿਨ੍ਹਾਂ ਦੀ ਅੱਜ ਹੱਦੋਂ ਪਰੇ ਤੋਟ ਹੈ, ਘਰ-ਘਰ ਫਿਰਨਗੀਆਂ।



*ਲਿਨੋਟਾਈਪ ਮਸ਼ੀਨ*

# ਕੁੰਜੀ ਮਰੋੜੀਏ

## ਸ਼ਬਦ ਝਰੋਖਾ



ਬਲਜੀਤ ਬਾਸੀ
ਫੋਨ: 734-259-9353

ਚਾਬੀ ਵਾਲਾ ਲੇਖ ਪੜ੍ਹ ਕੇ ਕਈ ਪਾਠਕਾਂ ਨੇ ਸੋਚਿਆ ਹੋਵੇਗਾ ਕਿ ਜੇ ਪੰਜਾਬੀ ਵਿਚ ਕੁੰਜੀ ਸ਼ਬਦ ਚਾਬੀ ਨਾਲੋਂ ਵੱਧ ਪੁਰਾਣਾ ਹੈ ਤਾਂ ਫਿਰ ਕੁੰਜੀ ਬਾਰੇ ਪਹਿਲਾਂ ਕਿਉਂ ਨਹੀਂ ਲਿਖਿਆ? ਉਜਰ ਸਹੀ ਨਹੀਂ ਹੋਵੇਗਾ ਕਿਉਂਕਿ ਕੁੰਜੀ ਬਾਰੇ ਅੱਜ ਤੋਂ ਇੱਕ ਦਹਾਕਾ ਪਹਿਲਾਂ ਲਿਖਿਆ ਜਾ ਚੁਕਾ ਹੈ। ਉਦੋਂ ਵਧੇਰੇ ਜ਼ੋਰ ਇੱਕ ਇਤਿਹਾਸਕ ਘਟਨਾ ਦੌਰਾਨ ਕੁੰਜੀ ਸ਼ਬਦ ਤੋਂ ਪੈਦਾ ਹੋਈ ਹਾਸੋਹੀਣੀ ਸਥਿਤੀ ਦਾ ਕਿੱਸਾ ਸੁਣਾਉਣ 'ਤੇ ਸੀ, ਇਸ ਸ਼ਬਦ ਦੀ ਵਿਉਤਪਤੀ 'ਤੇ ਤਾਂ ਸਰਸਰੀ ਜਿਹਾ ਹੀ ਲਿਖਿਆ ਸੀ। ਨਵੇਂ ਪਾਠਕਾਂ ਲਈ ਅੱਜ ਵੀ ਉਸ ਨੂੰ ਦੁਹਰਾਵਾਂਗਾ ਪਰ ਫੋਕਸ ਕੁੰਜੀ ਦਾ ਜਿੰਦਾ ਖੋਲ੍ਹਣ 'ਤੇ ਰਹੇਗਾ। ਇਹ ਕਿੱਸਾ ਪੰਜਾਬੀ ਤ੍ਰੈਮਾਸਕ 'ਸਿਰਜਣਾ' ਦੇ ਕਿਸੇ ਅੰਕ 'ਚ ਸੁਰਜੀਤ ਹਾਂਸ ਨੇ ਛੇੜਿਆ ਸੀ ਤੇ ਇਸ ਦਾ ਰੋਚਿਕ ਅੰਤ ਪੰਜਾਬੀ ਕਹਾਣੀਕਾਰ ਗੁਰਬਚਨ ਸਿੰਘ ਭੁੱਲਰ ਨੇ ਕਿਸੇ ਅਗਲੇ ਅੰਕ ਵਿਚ ਕੀਤਾ ਸੀ। ਆਪਣੇ ਸ਼ਬਦਾਂ ਵਿਚ ਸੁਣਾ ਰਿਹਾ ਹਾਂ:

ਸੈਮੀਨਾਰਾਂ, ਗੋਸ਼ਟੀਆਂ ਵਿਚ ਚਰਚਾ ਅਧੀਨ ਵਿਸ਼ੇ ਦਾ ਖੋਲ੍ਹ ਕੇ ਵਿਖਿਆਨ ਕਰਨ ਲਈ ਆਰੰਭ ਵਿਚ ਕਿਸੇ ਵੱਡੇ ਵਿਦਵਾਨ ਦਾ ਭਾਸ਼ਣ ਕਰਾਇਆ ਜਾਂਦਾ ਹੈ, ਜਿਸ ਨੂੰ ਕੁੰਜੀਵਤ ਭਾਸ਼ਣ ਕਿਹਾ ਜਾਂਦਾ ਹੈ। ਕੁੰਜੀਵਤ ਸ਼ਬਦ ਅੰਗਰੇਜ਼ੀ ਪਦ Keynote (ਕੀਨੋਟ) ਲਈ ਕਿਸੇ ਸੰਗੀਤ ਤੋਂ ਕੋਰੇ ਬੰਦੇ ਨੇ ਅਨੁਵਾਦਿਆ ਹੈ। ਇਹ ਤਾਂ ਨਹੀਂ ਪਤਾ ਕਿ ਇਸ ਸ਼ਬਦ ਦਾ ਜਨਮਦਾਤਾ ਕੌਣ ਹੋਵੇਗਾ ਪਰ ਉਸ ਦੀ ਸੰਤਾਨ ਆਪਣੇ ਜਨਮ ਦਿਨ ਤੋਂ ਹੀ ਪੰਜਾਬੀ-ਹਿੰਦੀ ਸੈਮੀਨਾਰਾਂ ਦੀ ਸ਼ਿੰਗਾਰ ਬਣੀ ਪਈ ਹੈ। ਭਲੇ ਪੁਰਖ ਨੇ ਅੰਗਰੇਜ਼ੀ ਸ਼ਬਦ ਵਿਚ 'ਕੀ' ਦੇਖਿਆ ਤੇ ਝੱਟ ਇਸ ਦੀ ਪਛਾਣ ਪੰਜਾਬੀ ਕੁੰਜੀ ਨਾਲ ਕਰ ਦਿੱਤੀ। ਉਸ ਦੀ ਕਿਸਮਤ ਨੂੰ ਪੰਜਾਬੀ ਵਿਚ ਪਹਿਲਾਂ ਵੀ ਕੁੰਜੀਵਤ ਸ਼ਬਦ ਚਲਦਾ ਸੀ ਜਿਸ ਦਾ ਭਾਵ 'ਮੁਖ' ਲਿਆ ਜਾਂਦਾ ਹੈ ਜਿਵੇਂ 'ਕੀ ਇੰਡਸਟਰੀ' ਨੂੰ ਅਸੀਂ 'ਕੁੰਜੀਵਤ ਉਦਯੋਗ' ਕਹਿ ਸਕਦੇ ਹਾਂ ਅਰਥਾਤ ਮੁਖ ਉਦਯੋਗ-ਅਜਿਹੇ ਉਦਯੋਗ ਜੋ ਹੋਰ ਛੋਟੇ ਉਦਯੋਗਾਂ ਦੇ ਪ੍ਰਫੁਲਿਤ ਹੋਣ ਲਈ ਰਾਹ ਖੋਲ੍ਹਦੇ ਹਨ। ਮੇਰੇ ਵਰਗੇ ਸਫਲਤਾ ਦੀਆਂ ਕੁੰਜੀਆਂ ਪੜ੍ਹ ਕੇ ਪਾਸ ਹੋਏ ਇਸ ਸ਼ਖਸ ਨੇ ਸਮਝਿਆ ਕਿ 'ਕੀਨੋਟ' ਭਾਸ਼ਣ ਇਕ ਕੁੰਜੀ ਵਰਗਾ ਕੰਮ ਕਰਦਾ ਹੈ ਜੋ ਹੋਣ ਜਾ ਰਹੀ ਚਰਚਾ ਦੇ ਮਸਲਿਆਂ ਨੂੰ ਜਿੰਦੇ ਵਾਂਗ ਖੋਲ੍ਹਦਾ ਹੈ।

ਇਸ ਅਗਿਆਤ ਭਲੇਮਾਨਸ ਨੇ ਇਹ ਨਹੀਂ ਦੇਖਿਆ ਕਿ ਉਸ ਦਾ ਵਾਹ ਇਕ ਵੱਡੇ ਸ਼ਬਦ 'ਕੀਨੋਟ' ਨਾਲ ਹੈ ਤੇ ਇਸ ਦਾ ਕੋਈ ਹੋਰ ਅਰਥ ਹੋ ਸਕਦਾ ਹੈ। ਦਰਅਸਲ ਇਹ ਸ਼ਬਦ ਸੰਗੀਤ ਨਾਲ ਸਬੰਧ ਰਖਦਾ ਹੈ ਜਿੱਥੇ 'ਕੀ' ਲਈ ਪੰਜਾਬੀ ਸ਼ਬਦ ਸੁਰ ਹੁੰਦਾ ਹੈ। 'ਕੀਨੋਟ' ਪੱਛਮੀ ਸਿੰਫਨੀ ਸੰਗੀਤ ਵਿਚ ਪ੍ਰਧਾਨ ਸੁਰ ਹੁੰਦੀ ਹੈ ਜਿਵੇਂ ਬੈਥੋਵੀਨ ਦੀ ਸਿੰਫਨੀ ਨੰਬਰ 9, ਬੀ ਫਲੈਟ। ਪਰ ਸਾਡੇ ਵਿਦਵਾਨਾਂ ਨੇ 'ਕੀ' ਦਾ ਅਨੁਵਾਦ ਸੁਰ ਕਰਨ ਦੀ ਥਾਂ ਕੁੰਜੀ ਕਰ ਦਿੱਤਾ।


ਮੋਨੀਅਰ ਵਿਲੀਅਮਜ਼ ਦੇ ਸੰਸਕ੍ਰਿਤ-ਅੰਗਰੇਜ਼ੀ ਕੋਸ਼ ਵਿਚ 'ਅੰਸ਼ਸਵਰ' ਦਾ ਅੰਗਰੇਜ਼ੀ ਮਾਅਨਾ 'ਕੀਨੋਟ' ਦਿੱਤਾ ਹੋਇਆ ਹੈ। ਅੰਸ਼ ਦਾ ਅਰਥ ਮੋਢਾ ਹੁੰਦਾ ਹੈ ਅਰਥਾਤ ਉਹ ਸੁਰ ਜਿਸ ਦੇ ਮੋਢੇ ਚੜ੍ਹ ਕੇ ਰਾਗ ਤੁਰਦਾ ਹੈ। ਕੀਨੋਟ ਭਾਸ਼ਣ ਦਾ ਅਰਥ ਵੀ ਉਹ ਕੇਂਦਰੀ ਵਿਚਾਰ ਹੈ ਜਿਸ 'ਤੇ ਬਹਿਸ ਕੀਤੀ ਜਾਣੀ ਹੁੰਦੀ ਹੈ। ਪਰ ਇਸ ਚਰਚਾ ਦਾ ਇਹ ਭਾਵ ਨਾ ਲਿਆ ਜਾਵੇ ਕਿ ਹੁਣ ਅਸੀਂ ਇਸ ਪ੍ਰਚਲਿਤ ਹੋ ਚੁਕੇ ਸ਼ਬਦ ਨੂੰ ਬਦਲ ਦੇਈਏ। ਹਰ ਭਾਸ਼ਾ ਵਿਚ ਅਜਿਹੇ ਬੇਸ਼ੁਮਾਰ ਸ਼ਬਦ ਮਿਲ ਜਾਂਦੇ ਹਨ, ਜਿਨ੍ਹਾਂ ਨੂੰ ਕਿਸੇ ਗਲਤ ਸਮਝੀ ਕਾਰਨ ਘੜ ਲਿਆ ਜਾਂਦਾ ਹੈ।

ਕੀਨੋਟ ਬਾਰੇ ਸ. ਹਾਂਸ ਦੇ ਇਸ 'ਕੁੰਜੀਵਤ' ਉਲੇਖ ਨੂੰ ਸ. ਭੁੱਲਰ ਨੇ ਹੋਰ ਪ੍ਰਸੰਗ ਦਿੱਤੇ। ਸ. ਭੁੱਲਰ ਉਨ੍ਹੀਂ ਦਿਨੀਂ ਸੋਵੀਅਤ ਰਸਾਲੇ 'ਸੋਵੀਅਤ ਦਰਪਨ' ਵਿਚ ਅਨੁਵਾਦਕ ਅਤੇ ਸੰਪਾਦਕ ਦਾ ਕੰਮ ਕਰਦੇ ਸਨ। ਬਰੈਜ਼ਨੇਵ ਦੇ ਇਕ ਭਾਰਤ ਦੌਰੇ ਸਮੇਂ ਇੰਦਰਾ ਗਾਂਧੀ ਨਾਲ ਕੁਝ ਸਮਝੌਤੇ ਸਹੀਬੰਦ ਕੀਤੇ ਗਏ। ਹਰ ਸਮਝੌਤੇ ਦੇ ਅੰਤ 'ਤੇ ਇਹ ਲਿਖਿਆ ਹੁੰਦਾ ਸੀ, "ਇਹ ਸਮਝੌਤਾ ਰੂਸੀ, ਹਿੰਦੀ ਅਤੇ ਅੰਗਰੇਜ਼ੀ ਵਿਚ ਸਹੀਬੰਦ ਕੀਤਾ ਗਿਆ ਹੈ ਜੋ ਤਿੰਨੇ ਰੂਪ ਪ੍ਰਮਾਣਕ ਹਨ।" ਸੱਚਾਈ ਇਹ ਸੀ ਕਿ ਅਫਸਰਾਂ ਦੀ ਸਾਰੀ ਆਪਸੀ ਗੱਲਬਾਤ ਅੰਗਰੇਜ਼ੀ 'ਚ ਹੁੰਦੀ ਸੀ ਤੇ ਹੋਏ ਸਮਝੌਤੇ ਦੇ ਪਾਠ ਦਾ ਰੂਸੀ ਤੇ ਹਿੰਦੀ ਵਿਚ ਅਨੁਵਾਦ ਕਰ ਲਿਆ ਜਾਂਦਾ ਸੀ। ਬਾਅਦ ਵਿਚ ਇਨ੍ਹਾਂ ਉਤੇ ਨੇਤਾਵਾਂ ਦੀ ਘੁਗੀ ਮਰਵਾ ਲਈ ਜਾਂਦੀ ਸੀ।

ਇਹ ਦਸਤਾਵੇਜ਼ 'ਸੋਵੀਅਤ ਦਰਪਨ' ਵਿਚ ਵੀ ਛਾਪੇ ਜਾਂਦੇ ਸਨ। ਹਿੰਦੀ ਵਾਲੇ ਅੰਗਰੇਜ਼ੀ ਦਸਤਾਵੇਜ਼ ਦਾ ਹਿੰਦੀ ਵਿਚ ਅਨੁਵਾਦ ਕਰਨ ਲਈ ਝਖ ਮਾਰਦੇ ਰਹਿੰਦੇ ਸਨ ਪਰ ਸ. ਭੁੱਲਰ ਨੇ ਉਨ੍ਹਾਂ ਨੂੰ ਸਲਾਹ ਦਿੱਤੀ ਕਿ ਉਹ ਇਹ ਵਾਧੂ ਦੀ ਮਿਹਨਤ ਕਿਉਂ ਕਰਦੇ ਹਨ? ਸਰਕਾਰੀ ਅਨੁਵਾਦ ਹੋਇਆ ਪਿਆ ਹੈ ਜੋ ਕਿ ਪ੍ਰਮਾਣਤ ਵੀ ਹੈ, ਉਹੀ ਮੰਗਵਾ ਕੇ ਕੰਮ ਨਿਬੇੜਨ। ਉਨ੍ਹਾਂ ਭੁੱਲਰ ਦੀ ਗੱਲ 'ਤੇ ਫੁੱਲ ਚੜ੍ਹਾਉਂਦਿਆਂ ਫਟਾਫਟ ਭਾਰਤ ਸਰਕਾਰ ਦੇ ਸੂਚਨਾ ਬਿਊਰੋ ਤੋਂ ਉਹ ਹਿੰਦੀ ਅਨੁਵਾਦ ਮੰਗਵਾ ਲਿਆ। ਪਰੂਫ ਪੜ੍ਹਦੇ ਸਮੇਂ ਨਾਲ ਬੈਠੇ ਹਿੰਦੀ ਦੇ ਸੰਪਾਦਕ ਨੇ ਸ. ਭੁੱਲਰ ਨੂੰ ਕਿਹਾ, "ਭੁੱਲਰ ਜੀ, ਇਹ ਰੂਸੀ ਹੁਣ ਸਾਡੇ ਲਈ ਮੋਮਬੱਤੀਆਂ ਤੇ ਦੀਵੇ ਬਣਾਇਆ ਕਰਨਗੇ?" ਪਿੜ ਪੱਲੇ ਕੋਈ ਗੱਲ ਨਾ ਪਈ ਤਾਂ ਸ. ਭੁੱਲਰ ਨੇ ਪੁੱਛ ਹੀ ਲਿਆ। ਉਸ ਨੂੰ ਦੱਸਿਆ ਗਿਆ ਕਿ ਸਮਝੌਤੇ ਵਾਲੇ ਦਸਤਾਵੇਜ਼ ਵਿਚ 'ਰੋਸ਼ਨੀ ਉਦਯੋਗੋਂ ਮੇਂ ਸਹਿਯੋਗ' ਲਿਖਿਆ ਹੋਇਆ ਹੈ। ਸ. ਭੁੱਲਰ ਖੁਦ ਪਹਿਲਾਂ ਇਸ ਦਾ ਅਨੁਵਾਦ ਪੰਜਾਬੀ ਵਿਚ ਕਰ ਚੁਕੇ ਸਨ, ਇਸ ਲਈ ਉਹ ਭੇਤ ਵਾਲੀ ਗੱਲ ਸਮਝ ਗਏ।

ਗੱਲ ਇਸ ਤਰ੍ਹਾਂ ਹੋਈ ਕਿ ਸਰਕਾਰ ਦੇ ਗੁਣੀ ਅਨੁਵਾਦਕਾਂ ਨੇ ਲਾਈਟ ਇੰਡਸਟਰੀ ਦਾ ਅਨੁਵਾਦ 'ਹਲਕੇ ਉਦਯੋਗ' ਦੀ ਥਾਂ 'ਰੋਸ਼ਨੀ ਉਦਯੋਗ' ਕਰ ਦਿੱਤਾ ਸੀ। ਲਾਈਟ ਦੇ ਦੋਵੇਂ ਅਰਥ ਹੁੰਦੇ ਹਨ-ਰੋਸ਼ਨੀ ਵੀ ਤੇ ਹਲਕਾ ਵੀ! ਦਫਤਰ ਦੇ ਲੋਕ ਹੈਰਾਨ ਪ੍ਰੇਸ਼ਾਨ ਹੋ ਗਏ। ਇਕ ਮੁਲਾਜ਼ਮ ਨੂੰ ਸੂਚਨਾ ਬਿਊਰੋ ਭੇਜਿਆ ਗਿਆ। ਉਹ ਜਦ ਬਿਊਰੋ ਦਫਤਰ ਅੱਪੜਿਆ ਤਾ ਉਸ ਨੇ ਦੇਖਿਆ ਕਿ ਸਬੰਧਤ ਕਰਮਚਾਰੀ ਮੇਜ਼ 'ਤੇ ਲੱਤਾਂ ਰੱਖੀ ਬੀੜੀ 'ਤੇ ਬੀੜੀ ਪੀਵੀ ਜਾ ਰਿਹਾ ਸੀ। ਉਸ ਨੂੰ ਜਦ ਸਾਰੀ ਗੱਲ ਦੱਸੀ ਗਈ ਤਾਂ ਉਸ ਨੇ ਇਕ ਲੱਤ ਚੱਕ ਕੇ ਦੂਜੀ 'ਤੇ ਰੱਖੀ ਤੇ ਖਿੜਖਿੜਾ ਕੇ ਹੱਸ ਪਿਆ। ਬੀੜੀ ਦੀ ਰਾਖ ਝਾੜਦਿਆਂ ਉਹ ਬੋਲਿਆ, "ਸ੍ਰੀ ਮਾਨ ਜੀ ਇਹ ਤਾਂ ਕੁਝ ਵੀ ਨਹੀਂ। ਇਕ ਵਾਰ ਇਕ ਅਫਰੀਕੀ ਦੇਸ਼ ਦਾ ਪ੍ਰਧਾਨ ਮੰਤਰੀ ਆਇਆ ਸੀ ਤੇ ਉਸ ਨਾਲ ਹੋਏ ਭਾਰਤ ਸਰਕਾਰ ਦੇ ਸਮਝੌਤੇ ਦੀ ਮੂਲ ਅੰਗਰੇਜ਼ੀ ਦਾ ਹਿੰਦੀ ਵਿਚ ਅਨੁਵਾਦ ਕਰਦਿਆਂ ਸਾਡੇ ਅਨੁਵਾਦਕ ਨੇ 'ਕੀ-ਇੰਡਸਟਰੀਜ਼' ਦਾ ਅਨੁਵਾਦ 'ਚਾਬੀਆਂ ਬਨਾਨੇ ਕਾ ਉਦਯੋਗ' ਕਰ ਦਿੱਤਾ। ਕੁਝ ਨਹੀਂ ਸੀ ਹੋਇਆ। ਦਸਤਖਤ ਉਸੇ ਤਰ੍ਹਾਂ ਹੋ ਗਏ ਸਨ। ਕੰਮ ਅੰਗਰੇਜ਼ੀ ਅਨੁਸਾਰ ਹੁੰਦਾ ਹੈ, ਹਿੰਦੀ ਰੂਪ ਫਾਈਲ ਵਿਚ ਲੱਗ ਜਾਂਦਾ ਹੈ। ਬਾਅਦ ਵਿਚ ਹਿੰਦੀ ਦੇ ਸੰਪਾਦਕ ਨੇ ਕਿਸੇ ਆਪਣੇ ਜਾਣੂ ਐਮ. ਪੀ. ਤੋਂ ਪਾਰਲੀਮੈਂਟ ਵਿਚ ਵੀ ਸਵਾਲ ਪੁਛਾਇਆ ਪਰ ਸਾਰੀ ਗੱਲ ਨੂੰ ਰੌਲੇ-ਗੌਲੇ ਦਾ ਜਿੰਦਾ ਲੱਗ ਗਿਆ। ਜੋ ਹੋਣਾ ਸੀ ਉਹ ਤਾਂ ਹੋ ਗਿਆ ਸੀ, ਦੋਵਾਂ ਦੇਸ਼ਾਂ ਦੇ ਮੁਖੀਆਂ ਦੇ ਹੱਥ ਵੱਢੇ ਜਾ ਚੁਕੇ ਸਨ!!





ਚਾਬੀ ਲਈ ਕੁੰਜੀ ਸ਼ਬਦ ਅਸੀਂ ਆਪਣੇ ਬਚਪਨ ਤੋਂ ਹੀ ਵਰਤਦੇ ਆਏ ਹਾਂ। ਲੋਕਯਾਨ ਵਿਚ ਕੁੰਜੀ ਸ਼ਬਦ ਦਾ ਬੋਲਬਾਲਾ ਹੈ। ਸੱਸਾਂ ਘਿਉ ਦੇ ਡੱਬੇ ਨੂੰ ਜਿੰਦਾ ਲਾ ਕੁੰਜੀ ਆਪਣੇ ਨਾਲੇ ਨਾਲ ਬੰਨ੍ਹ ਰੱਖਦੀਆਂ ਸਨ। ਦੀਪਕ ਜੈਤੋਈ ਦਾ ਲਿਖਿਆ ਅਤੇ ਨਰਿੰਦਰ ਬੀਬਾ ਦਾ ਗਾਇਆ ਗੀਤ 'ਆਹ ਲੈ ਮਾਏ ਸਾਂਭ ਕੁੰਜੀਆਂ, ਧੀਆਂ ਕਰ ਚੱਲੀਆਂ ਸਰਦਾਰੀ' ਕਿਸੇ ਵੇਲੇ ਖੂਬ ਹਰਮਨਪਿਆਰਾ ਸੀ। ਕਿਸੇ ਵੇਲੇ ਹਰ ਕੋਈ 'ਸਫਲਤਾ ਦੀ ਕੁੰਜੀ' ਪੜ੍ਹ ਕੇ ਜਮਾਤਾਂ ਦਾ ਭਵਸਾਗਰ ਪਾਰ ਕਰਦਾ ਸੀ। ਆਹ ਤਾਂ ਅਜੇ ਹਾਲ ਦੀ ਹੀ ਗੱਲ ਹੈ, ਸੁਨੀਲ ਜਾਖੜ ਨੇ ਅਕਾਲੀਆਂ 'ਤੇ ਤਿੱਖਾ ਹਮਲਾ ਬੋਲਦਿਆਂ ਕਿਹਾ ਸੀ ਕਿ 'ਕੁੰਜੀਆਂ' ਵਿਚੋਂ ਨਕਲ ਮਾਰ ਕੇ ਪੜ੍ਹਨ ਵਾਲੇ ਅਕਾਲੀਆਂ ਨੂੰ ਇਤਿਹਾਸ ਦੀ ਜਾਣਕਾਰੀ ਹੀ ਨਹੀਂ ਹੈ। ਅਜਿਹੇ ਵਿਚ ਉਨ੍ਹਾਂ ਨੂੰ ਕਿਸੇ ਵੀ ਪੁਸਤਕ 'ਤੇ ਬੋਲਣ ਤੋਂ ਪਹਿਲਾਂ ਇਤਿਹਾਸ ਦੀ ਜਾਣਕਾਰੀ ਲੈਣੀ ਚਾਹੀਦੀ ਹੈ...।

ਕੁੰਜੀ ਸਿਰਫ ਜਿੰਦਾ ਖੋਲ੍ਹਣ ਵਾਲੀ ਕਲਾ ਨੂੰ ਹੀ ਨਹੀਂ ਕਿਹਾ ਜਾਂਦਾ, ਇਹ ਗੂੜ੍ਹ ਲਿਖਤਾਂ ਸਮਝਣ ਲਈ ਸੁਖੈਨ ਭਾਸ਼ਾ ਵਿਚ ਦਿੱਤੇ ਅਰਥ ਲਈ ਵੀ ਵਰਤਿਆ ਜਾਂਦਾ ਪਦ ਹੈ। ਭਾਈ ਗੁਰਦਾਸ ਦੀਆਂ ਵਾਰਾਂ ਨੂੰ 'ਗੁਰਬਾਣੀ ਦੀ ਕੁੰਜੀ' ਕਿਹਾ ਗਿਆ ਹੈ। ਇਥੇ ਕੁੰਜੀ ਤੋਂ ਭਾਵ ਹੈ, ਗੁਰਮਤਿ ਸਿਧਾਂਤਾਂ ਦੀ ਅਧਿਕਾਰਤ ਢੰਗ ਨਾਲ ਵਿਆਖਿਆ।

ਗੁਰੂ ਗ੍ਰੰਥ ਸਾਹਿਬ ਵਿਚ ਕੁੰਜੀ ਸ਼ਬਦ ਆਇਆ ਹੈ, "ਗੁਰੁ ਕੁੰਜੀ ਪਾਹੂ ਨਿਵਲੁ ਮਨੁ ਕੋਠਾ ਤਨੁ ਛਤਿ॥" (ਗੁਰੂ ਅੰਗਦ ਦੇਵ) ਅਤੇ "ਸਤਿਗੁਰ ਹਥਿ ਕੁੰਜੀ ਹੋਰਤੁ ਦਰੁ ਖੁਲੈ ਨਾਹੀ ਗੁਰੁ ਪੂਰੈ ਭਾਗਿ ਮਿਲਾਵਣਿਆ॥" (ਗੁਰੂ ਅਮਰ ਦਾਸ)। ਕੁੰਜੀ ਸ਼ਬਦ ਦਾ ਸੰਸਕ੍ਰਿਤ ਰੂਪ ਹੈ, ਕੁੰਚਿਕਾ ਜੋ ਪ੍ਰਾਕ੍ਰਿਤ ਵਿਚ ਕੁੰਚਿਆ ਹੋਇਆ। ਉਂਜ ਸੰਸਕ੍ਰਿਤ ਵਿਚ ਇਸ ਦੇ ਰੁਪਾਂਤਰ ਕੁਚਿਕਾ ਅਤੇ ਕੁਰਚਿਕਾ ਵੀ ਮਿਲਦੇ ਹਨ। ਹੋਰ ਕਈ ਹਿੰਦ-ਆਰਿਆਈ ਭਾਸ਼ਾਵਾਂ ਵਿਚ ਇਸ ਨਾਲ ਮਿਲਦੇ-ਜੁਲਦੇ ਸ਼ਬਦ ਹਨ ਜਿਵੇਂ ਪਾਲੀ ਕੁੰਚਿਕਾ, ਪਹਾੜੀ ਅਤੇ ਨੇਪਾਲੀ ਕੁੰਜੀ, ਬੰਗਾਲੀ ਕੁੰਜੀ, ਮਰਾਠੀ ਕੁੰਜੀ, ਕਸ਼ਮੀਰੀ ਕੂੰਜੂ ਅਤੇ ਉੜੀਆ ਕੁੰਚੀ। ਆਖਰੀ ਕੁੰਚੀ ਰੂਪ ਭਗਤ ਕਬੀਰ ਨੇ ਵੀ ਵਰਤਿਆ ਹੈ, "ਦਸਵੈ ਦੁਆਰਿ ਕੁੰਚੀ ਜਬ ਦੀਜੈ।" ਇਸ ਸ਼ਬਦ ਦੇ ਰੂਪ ਜਾਵਾ ਰਾਹੀਂ ਸਮਾਟਰਾ, ਮਲਾਇਆ, ਥਾਈਲੈਂਡ ਵਿਚ ਵੀ ਪੁੱਜ ਗਏ।

ਗ. ਸ. ਰਿਆਲ ਨੇ ਆਪਣੇ ਨਿਰੁਕਤ ਕੋਸ਼ ਵਿਚ ਇਹ ਤਾਂ ਦੱਸਿਆ ਹੈ ਕਿ ਇਸ ਦਾ ਸੰਸਕ੍ਰਿਤ ਰੂਪ ਕੁੰਚਿਕਾ ਹੈ ਪਰ ਇਸ ਦੇ ਧਾਤੂ ਵੱਲ ਸੰਕੇਤ ਨਹੀਂ ਕੀਤਾ। ਨਿਰੁਕਤ ਸ਼ਾਸਤਰੀ ਅਜਿਤ ਵਡਨੇਰਕਰ ਨੇ ਇਸ ਨੂੰ ਕੰਚ ਧਾਤੂ ਤੋਂ ਬਣਿਆ ਦੱਸਿਆ ਹੈ ਜਿਸ ਵਿਚ ਬੰਨ੍ਹਣ ਦਾ ਭਾਵ ਹੈ। ਚੋਲੀ, ਅੰਗੀ ਦੇ ਅਰਥਾਂ ਵਾਲੇ ਕੰਚੁਕੀ, ਕਾਂਚਲੀ ਜਿਹੇ ਦੇਸੀ ਸ਼ਬਦ ਇਸ ਬੰਨ੍ਹਣ ਦੇ ਭਾਵ ਤੋਂ ਹੀ ਵਿਕਸਿਤ ਹੁੰਦੇ ਹਨ ਕਿਉਂਕਿ ਕੋਈ ਵੀ ਪਹਿਰਾਵਾ ਇੱਕ ਤਰ੍ਹਾਂ ਸਰੀਰ 'ਤੇ ਬੰਨ੍ਹਿਆ ਹੀ ਜਾਂਦਾ ਹੈ। ਪਰ ਜਿਸ ਤਰ੍ਹਾਂ ਉਨ੍ਹਾਂ ਬੰਨ੍ਹਣ ਤੋਂ ਕੁੰਜੀ ਦਾ ਵਿਕਾਸ ਦੱਸਿਆ ਹੈ, ਉਹ ਕੁਝ ਗਲੇ ਨਹੀਂ ਉਤਰਦਾ। ਉਨ੍ਹਾਂ ਦੇ ਹੀ ਸ਼ਬਦਾਂ 'ਚ, "ਕੰਚ/ਕੁੰਚ ਵਿਚ ਨਿਹਿਤ ਬੰਨ੍ਹਣ ਦਾ ਭਾਵ ਕੁੰਚਿਕਾ ਵਿਚ ਬੰਧਨਮੁਕਤੀ ਦਾ ਅਰਥ ਗ੍ਰਹਿਣ ਕਰ ਲੈਂਦਾ ਹੈ। ਤਾਲੇ ਵਿਚ ਜੋ ਬੰਧਨਕਾਰੀ ਭਾਵ ਹੈ, ਉਸ ਵੱਲ ਗੌਰ ਕਰੋ। ਘਰ ਨੂੰ ਬੰਦ ਕਰਨ ਦਾ ਕੰਮ ਦਰਵਾਜ਼ੇ ਦੇ ਪੱਲੇ ਕਰਦੇ ਹਨ। ਪੱਲਿਆਂ 'ਤੇ ਵੀ ਤਾਲੇ ਦਾ ਬੰਧਨ ਸੁਰੱਖਿਆ ਨੂੰ ਪੱਕਿਆਂ ਕਰਦਾ ਹੈ। ਇਸ ਬੰਧਨ ਤੋਂ ਮੁਕਤੀ ਦਿਵਾ ਰਹੀ ਹੈ, ਕੁੰਜੀ ਅਰਥਾਤ ਚਾਬੀ।" ਬੰਨ੍ਹਣ ਦਾ ਭਾਵ ਆਪਣੇ ਤੋਂ ਉਲਟ ਖੋਲ੍ਹਣ ਵਿਚ ਪਲਟ ਜਾਣ ਦੀ ਇਹ ਵਿਆਖਿਆ ਪੁਹੰਦੀ ਨਹੀਂ।

ਮੋਨੀਅਰ ਵਿਲੀਅਮਜ਼ ਅਤੇ ਹੋਰ ਸੰਸਕ੍ਰਿਤ ਸ੍ਰੋਤ ਕੁੰਚ ਵਿਚ ਮੋੜਨ, ਵਿਕ੍ਰਿਤ ਕਰਨ ਦੇ ਅਰਥ ਦੱਸ ਰਹੇ ਹਨ। ਜਿੰਦਰਾ ਖੋਲ੍ਹਣ ਲਈ ਕੁੰਜੀ ਨੂੰ ਮੋੜਿਆ ਜਾਂ ਮਰੋੜਿਆ ਹੀ ਜਾਂਦਾ ਹੈ। ਹੋਰ ਤਰ੍ਹਾਂ ਵੀ ਵਿਆਖਿਆ ਕੀਤੀ ਜਾ ਸਕਦੀ ਹੈ। ਖਾਸ ਤੌਰ 'ਤੇ ਪੁਰਾਣੀ ਕਿਸਮ ਦੀ ਕੁੰਜੀ ਦਾ ਸਿਰਾ ਮੁੜਿਆ ਹੋਇਆ ਹੀ ਹੁੰਦਾ ਹੈ।

ਅੰਗਰੇਜ਼ੀ ਦੇ ਪ੍ਰਸਿੱਧ ਨਿਰੁਕਤਕਾਰ ਅਨਾਤੋਲੀ ਲਿਬਰਮੈਨ ਨੇ ਅੰਗਰੇਜ਼ੀ Key ਦੇ ਪੁਰਾਣੇ ਰੂਪ ਦੀ ਵਿਆਖਿਆ ਕਰਦਿਆਂ ਕਿਹਾ ਹੈ ਕਿ ਜਾਪਦਾ ਹੈ, ਇਸ ਦਾ ਮੁਢਲਾ ਅਰਥ ਅਜਿਹਾ ਸੂਆ ਹੈ, ਜਿਸ ਦਾ ਸਿਰਾ ਮੁੜਿਆ ਹੋਵੇ। ਬਹੁਤ ਸਾਰੀਆਂ ਭਾਸ਼ਾਵਾਂ ਵਿਚ ਕੁੰਜੀ ਦੇ ਅਰਥਾਂ ਵਾਲੇ ਸ਼ਬਦਾਂ 'ਚ ਵੱਕਰ, ਵਿੰਗਾਪਣ, ਮਰੋੜੀ ਦਾ ਭਾਵ ਹੈ।

## ਕੈਨੇਡਾ ਵਿਚ ਪੰਜਾਬੀ: 100 ਸਾਲ ਪਹਿਲਾਂ

(ਪਿਛਲੇ ਸਫੇ ਦੀ ਬਾਕੀ)

ਆਪ ਦੇ ਅਗਲੇ ਪਰਚੇ ਵਿਚ ਛਪ ਕੇ ਰਕਮ ਥਾਂ ਸਿਰ ਪੁੱਜ ਜਾਵੇਗੀ।

**ਸਖਤੀ ਵਧ ਰਹੀ ਹੈ**

ਜਿਨ੍ਹਾਂ ਧੱਕੇਬਾਜ਼ੀਆਂ ਨੂੰ ਝਲਦਿਆਂ ਹਿੰਦੁਸਤਾਨੀਆਂ ਦੀ ਨੱਕ ਵਿਚ ਜਾਨ ਆ ਚੁੱਕੀ ਹੈ, ਉਹ ਲਿਖਦਿਆਂ ਨਹੀਂ ਦਿਸਦੀਆਂ। ਆ ਰਹੇ ਹਾਲ ਦੁਖਦਾਇਕ ਹਨ। ਇਸ ਪਰਚੇ ਤੇ ਛਪਣ ਤਾਂਈਂ ਜੋ ਹੋਰ ਹਾਲ ਬੀਤੇ ਹਨ, ਉਹ ਦੱਸਦੇ ਹਨ ਕਿ ਕੈਨੇਡਾ ਦੀ ਗਵਰਨਮੈਂਟ ਵੱਲੋਂ ਹਿੰਦੁਸਤਾਨੀਆਂ ਦੇ ਜਹਾਜ਼ ਨੂੰ ਮੋੜਨ ਦੀ ਪੈਰ-ਪੈਰ 'ਤੇ ਪਕਿਆਈ ਹੋ ਰਹੀ ਹੈ। ਹਿੰਦੁਸਤਾਨੀਆਂ ਦੇ ਵਕੀਲ ਤਕ ਨੂੰ ਜਹਾਜ਼ ਦੇ ਵਿਚ ਨਹੀਂ ਜਾਣ ਦਿੱਤਾ ਗਿਆ ਹੈ। ਵਕੀਲ ਨੇ ਵੈਨਕੂਵਰ ਦੇ ਇਕ ਅਖਬਾਰ ਵਿਚ ਛਪਵਾਇਆ ਹੈ ਕਿ ਇਹ ਜ਼ੁਲਮ ਜਿਥੋਂ ਤਾਂਈਂ ਮੈਂ ਡਿੱਠਾ ਹੈ, ਰੂਸੀ ਜ਼ੁਲਮ ਦੇ ਬਰਾਬਰ ਹੀ ਹੈ। ਗੁਰਦਿੱਤ ਸਿੰਘ ਦਾ ਤਿੰਨ ਲੱਖ ਰੁਪਈਆ ਜੋ ਜਹਾਜ਼ ਦੇ ਲਿਆਉਣ 'ਤੇ ਲੱਗਾ ਹੈ, ਖਤਰੇ ਵਿਚ ਹੈ, ਉਸ ਨੂੰ ਤੇ ਉਸ ਦੇ ਆਦਮੀਆਂ ਨੂੰ ਘਾਟ ਦੇ ਬਾਹਰ ਰਖਿਆ ਹੋਇਆ ਹੈ ਤੇ ਮੈਨੂੰ ਇਸ ਭੰਜਲ ਵਿਚ ਉਸ ਨੂੰ ਕਾਨੂੰਨੀ ਸਲਾਹ ਤੇ ਮਦਦ ਦੇਣ ਅਤੇ ਉਸ ਦਾ ਹੁਕਮ ਲੈਣ ਦੀ ਇਜਾਜ਼ਤ ਤਕ ਨਹੀਂ ਦਿੱਤੀ ਗਈ। ਉਹ ਜੇਲ੍ਹਖਾਨੇ ਨਾਲੋਂ ਭੀ ਵਧ ਕੇ ਕੈਦੀ ਹੈ। ਇਸ ਨਾਲੋਂ ਵਧ ਕੇ ਜ਼ੁਲਮ ਤੇ ਔਖਿਆਈ ਦੀ ਹਾਲਤ ਹੋਰ ਕੀ ਹੋ ਸਕਦੀ ਹੈ ਕਿ ਅੰਗਰੇਜ਼ੀ ਰਾਜ ਦੇ ਦਰਦੀ ਤੇ ਅੰਗਰੇਜ਼ੀ ਇਨਸਾਫ ਨੂੰ ਪਰਖਣ ਦੇ ਚਾਹਵਾਨ ਨੇਕ ਨੀਅਤ ਸਿੱਖ ਗੁਰਦਿੱਤ ਸਿੰਘ ਤੇ ਉਸ ਦੇ ਦੇਸ਼ ਵਾਸੀਆਂ ਨੂੰ ਕਾਨੂੰਨੀ ਝਗੜੇ ਦਾ ਮੌਕਾ ਤਕ ਨਹੀਂ ਦਿੱਤਾ ਜਾ ਰਿਹਾ ਹੈ। ਕੁਲ ਦੁਨੀਆਂ ਦੀਆਂ ਅੱਖਾਂ ਦੁਖੀ ਹੋ ਰਹੇ ਹਿੰਦੀਆਂ ਵੱਲ ਲੱਗ ਰਹੀਆਂ ਹਨ ਤੇ ਪਤਾ ਨਹੀਂ ਇਸ ਧੱਕੇਬਾਜ਼ੀ ਦਾ ਅੱਗੋਂ ਕੀ ਨਤੀਜਾ ਹੋਵੇ। ਆਖਰੀ ਖਬਰ ਹੈ ਕਿ ਵੈਨਕੂਵਰ ਦੀ ਬੋਰਡ ਆਫ ਟਰੇਡ ਨੇ ਇਹ ਰੈਜ਼ੋਲਿਊਸ਼ਨ ਪਾਸ ਕੀਤਾ ਹੈ ਕਿ ਇਹ ਬੋਰਡ ਇਮੀਗਰੇਸ਼ਨ ਸੁਪਰਡੰਟ ਰੀਡ ਦੀਆਂ ਹਿੰਦੂਆਂ ਨੂੰ ਨਾ ਉਤਰਨ ਦੇਣ ਦੀਆਂ ਕੋਸ਼ਿਸ਼ਾਂ ਦੀ ਪਿੱਠ ਪੂਰਦੀ ਹੈ ਤੇ ਗਵਰਨਮੈਂਟ ਕੋਲ ਇਨ੍ਹਾਂ ਨੂੰ ਮੋੜ ਦੇਣ ਲਈ ਬੇਨਤੀ ਕਰਦੀ ਹੈ। ਇਸ ਸੂਬੇ ਦੇ ਵਜ਼ੀਰ ਮਕਬਰਾਈਡ ਨੇ ਭੀ ਹਿੰਦੁਸਤਾਨੀਆਂ ਨੂੰ ਹਰ ਸੂਰਤ ਮੋੜਨ ਲਈ ਹੀ ਜ਼ੋਰ ਦਿੱਤਾ ਹੈ ਤੇ ਹਰ ਦਮ ਕਰੜਾਈ ਵਾਲੇ ਰੁਖ ਬਣ ਰਹੇ ਹਨ ਤੇ ਮੋੜਨ ਦੀਆਂ ਗੁੰਝਲਾਂ ਵਧ ਰਹੀਆਂ ਹਨ। ਅੰਗਰੇਜ਼ੀ ਪਰਚੇ ਬਹਾਦਰ ਹਿੰਦੁਸਤਾਨੀ ਧਿਆਨ ਨਾਲ ਸਭ ਕੁਝ ਦੇਖ ਰਹੇ ਹਨ ਤੇ ਉਹ ਅੰਤ ਤਕ ਆਪਣੇ ਹੱਕਾਂ ਨੂੰ ਪਰਖਣ ਦੇ ਦਾਈਏ ਧਾਰ ਚੁੱਕੇ ਹਨ ਜੋ ਕੁਝ ਭੀ ਕੋਲ ਹੈ, ਉਹ ਸਭ ਕੁਝ ਵਾਰਨ ਲਈ ਤਿਆਰ ਹਨ। ਇਨ੍ਹਾਂ ਭਰਾਵਾਂ ਨੂੰ ਇਸ ਤਰ੍ਹਾਂ ਦੁਖੀ ਤੇ ਔਕੜ ਵਿਚ ਦੇਖ ਕੇ ਹਰ ਇਕ ਹਿਰਦਾ ਕੌਮੀ ਪਿਆਰ ਵਿਚ ਉਛਲ ਰਿਹਾ ਤੇ ਮਦਦ ਲਈ ਨਿਤਰ ਰਿਹਾ ਹੈ।

## ਚੂਹੇ ਦੀ ਬਦ ਦੁਆ

ਸਾਡਾ ਖਾਨਦਾਨ ਏਸੇ ਦੁਕਾਨ ਵਿਚ ਰਹਿੰਦਾ ਆ ਰਿਹਾ ਸੀ। ਮੇਰੇ ਦਾਦਾ-ਪੜਦਾਦਾ ਉਸ ਦੁਕਾਨ ਵਿਚ ਜੰਮੇ ਸਨ ਤੇ ਏਸੇ ਦੁਕਾਨ ਦੇ ਮਾਲਕ ਹੱਥੋਂ ਮੋਏ ਸਨ। ਮੈਨੂੰ ਮੇਰੀ ਨਾਮੀ ਅੰਮਾ ਨੇ ਦੱਸਿਆ ਸੀ ਕਿ ਸਾਡਾ ਰਿਜ਼ਕ ਰੱਬ ਨਹੀਂ ਘੱਲਦਾ ਸਗੋਂ ਸਾਨੂੰ ਆਪ ਰਿਜ਼ਕ ਹਾਸਲ ਕਰਨਾ ਪੈਂਦਾ ਏ। ਜੇ ਏਸ ਰਿਜ਼ਕ ਨੂੰ ਲੱਭਣ ਲੱਗੇ ਜ਼ਰਾ ਹੁਸ਼ਿਆਰੀ ਨਾਲ ਕੰਮ ਨਾ ਕੀਤਾ ਜਾਵੇ ਤਾਂ ਉਸ ਦਾ ਨਤੀਜਾ ਮੇਰੇ ਦਾਦੇ-ਪੜਦਾਦੇ ਵਰਗਾ ਹੋਂਦਾ ਏ।

ਮੈਨੂੰ ਮੇਰੀ ਮਾਂ ਨੇ ਸਾਰੇ ਉਹ ਗੁਰ ਦੱਸੇ ਸਨ ਜਿਸ ਨਾਲ ਆਪਣੇ-ਆਪ ਨੂੰ ਜ਼ਿੰਦਾ ਰੱਖਿਆ ਜਾ ਸਕਦਾ ਏ। ਇਹ ਵੀ ਦੱਸਿਆ ਸੀ ਕਿ ਕਿਸੇ ਐਸੀ ਬੋਰੀ ਵਿਚ ਨਾ ਵੜੀਂ ਜਿਸ ਦਾ ਮੂੰਹ ਉਤੇ ਬੰਦ ਹੋ ਸਕਦਾ ਹੋਵੇ।

ਇਕ ਦਿਨ ਸਵੇਰੇ ਮੈਂ ਉਠਿਆ ਤਾਂ ਮੈਨੂੰ ਬਹੁਤ ਭੁੱਖ ਲੱਗੀ ਹੋਈ ਸੀ। ਮੈਂ ਆਪਣੇ ਘਰੋਂ ਬਾਹਰ ਆਇਆ ਤਾਂ ਮੈਨੂੰ ਮਿੱਠੀ-ਮਿੱਠੀ ਸ਼ੱਕਰ ਦੀ ਖੁਸ਼ਬੂ ਆਈ। ਮੈਂ ਸ਼ੱਕਰ ਦੀ ਬੋਰੀ ਵਿਚ ਵੜ ਗਿਆ। ਅਜੇ ਥੋੜ੍ਹੀ ਈ ਦੇਰ ਹੋਈ ਸੀ ਕਿ ਇਕ ਦਮ ਹਨੇਰਾ ਹੋ ਗਿਆ। ਮੈਂ ਜਦੋਂ ਵਾਪਸੀ ਲਈ ਪਰਤਿਆ ਤਾਂ ਬੋਰੀ ਦਾ ਮੂੰਹ ਬੰਦ ਹੋ ਗਿਆ ਸੀ।

ਮੇਰਾ ਦਿਲ ਡੁੱਬਣ ਲੱਗਾ। ਮੈਨੂੰ ਪਤਾ ਸੀ ਕਿ ਮੇਰਾ ਅੰਜਾਮ ਮੇਰੇ ਪਿਓ ਵਰਗਾ ਈ ਹੋਵੇਗਾ।

ਡਰ ਪਾਰੋਂ ਮੇਰੀਆਂ ਵਿੱਠਾਂ ਈ ਨਿਕਲ ਗਈਆਂ। ਇਕ ਵਾਰੀ ਮਾਂ ਨੇ ਦੱਸਿਆ ਸੀ ਕਿ ਦੁਕਾਨ ਦਾ ਮਾਲਕ ਬੜਾ ਕੰਜੂਸ ਏ, ਕਿਸੇ ਬਾਲ ਨੂੰ ਭੁੰਗਾ ਨਹੀਂ ਦੇਂਦਾ। ਜੇ ਇਹ ਕਿਸੇ ਬਾਲ ਨੂੰ ਫਿੱਕੀਆਂ ਫੁੱਲੀਆਂ ਈ ਦੇ ਦੇਵੇ ਤਾਂ ਕੀ ਏ? ਆਖਰ ਦੁਕਾਨ ਅੰਦਰ ਵੀ ਤਾਂ ਬਹੁਤ ਸਾਰਾ ਮਾਲ ਪਿਆ-ਪਿਆ ਖਰਾਬ ਹੋ ਈ ਜਾਂਦਾ ਏ।

ਕੁਝ ਚਿਰ ਮਗਰੋਂ ਮੈਨੂੰ ਫੜ੍ਹ ਕੇ ਮੇਰੀ ਪੂਛਲ ਨੂੰ ਮੋਟੀ ਰੱਸੀ ਨਾਲ ਬੰਨ੍ਹ ਕੇ ਦੁਕਾਨ ਦੇ ਅੱਗੇ ਪੰਜ ਕਿੱਲੋ ਦੇ ਵੱਟੇ ਨਾਲ ਬੰਨ੍ਹ ਦਿੱਤਾ ਗਿਆ। ਮੇਰੀ ਹਾਲਤ ਇੰਜ ਸੀ ਜਿਵੇਂ ਫਾਂਸੀ ਦੇ ਮੁਜਰਮ ਦੀ ਮੌਤ ਤੋਂ ਕੁਝ ਚਿਰ ਪਹਿਲਾਂ ਹੋਂਦੀ ਏ। ਏਸ ਵਿਚਕਾਰ ਇਕ-ਦੋ ਵਾਰੀ ਮੇਰੀ ਮਾਂ ਮੈਨੂੰ ਵੇਖਣ ਆਈ। ਵਿਚਾਰੀ ਆਪਣੀ ਮਮਤਾ ਹੱਥੋਂ ਮਜਬੂਰ ਸੀ ਪਰ ਉਹ ਮੇਰੀ ਕੋਈ ਮਦਦ ਨਹੀਂ ਸੀ ਕਰ ਸਕਦੀ। ਕੁਝ ਬਾਲ ਇਕੱਠੇ ਹੋ ਗਏ ਤੇ ਮੈਨੂੰ ਰੋੜੇ ਮਾਰਨ ਲੱਗੇ। ਜਿਵੇਂ ਮੈਨੂੰ ਸੰਗਸਾਰ (ਪੱਥਰਾਂ ਨਾਲ ਮਾਰ ਕੇ ਮਾਰ ਦੇਣਾ) ਕਰਨ ਲੱਗੇ ਹੋਣ। ਉਸ ਵੇਲੇ ਮੈਨੂੰ ਆਪਣੀ ਬੇਵਸੀ 'ਤੇ ਬਹੁਤ ਤਰਸ ਆਇਆ ਕਿ ਰੱਬ ਨੇ ਮੈਨੂੰ ਐਨਾ ਕਮਜ਼ੋਰ ਕਿਉਂ ਪੈਦਾ ਕੀਤਾ ਏ। ਅਜੇ ਤਾਂ ਜਵਾਨ ਆਂ ਪਰ ਫੇਰ ਵੀ ਕੁਝ ਨਹੀਂ ਕਰ ਸਕਦਾ ਸੀ।

ਐਨੇ ਵਿਚ ਦੁਕਾਨ ਦੇ ਮਾਲਕ ਹਾਜੀ ਸਾਹਿਬ ਆਏ। ਉਸ ਨੇ ਪੰਜ ਕਿੱਲੋ ਦੇ ਵੱਟੇ ਨਾਲੋਂ ਰੱਸੀ ਖੋਲ੍ਹੀ ਜਿਸ ਨਾਲ ਮੇਰੀ ਪੂਛਲ ਬੱਝੀ ਹੋਈ ਸੀ। ਮੈਂ ਜਦੋਂ ਥੋੜ੍ਹਾ ਦੂਰ ਤੀਕਰ ਜਾਂਦਾ ਤਾਂ ਹਾਜੀ ਹੋਰੀਂ ਰੱਸੀ ਨੂੰ ਖਿੱਚ ਲੈਂਦੇ ਤੇ ਮੈਂ ਮੁੜ ਉਨ੍ਹਾਂ ਦੇ ਪੈਰਾਂ ਵਿਚ ਹੋਂਦਾ। ਮੈਨੂੰ ਇੰਜ ਲੱਗਾ ਜਿਵੇਂ ਮੈਂ ਉਸ ਦਾ ਗੁਲਾਮ ਹੋਵਾਂ। ਮੇਰੀ ਬੇਵਸੀ ਦਾ ਤਮਾਸ਼ਾ ਸਾਰੇ ਲੋਕਾਂ ਵੇਖਿਆ।

ਐਨੇ ਨੂੰ ਇਕ ਟਾਂਗਾ ਆਉਂਦਾ ਦਿਸਿਆ। ਮੈਂ ਟਾਂਗੇ ਤੋਂ ਬਚਣ ਖਾਤਰ ਜ਼ਰਾ ਸੜਕ ਤੋਂ ਹਟ ਗਿਆ ਪਰ ਹਾਜੀ ਹੋਰਾਂ ਰੱਸੀ ਖਿੱਚ ਲਈ ਤੇ ਮੈਨੂੰ ਟਾਂਗੇ ਥੱਲੇ ਦੇ ਦਿੱਤਾ। ਟਾਂਗੇ ਦਾ ਇਕ ਪਹੀਆ ਮੇਰੇ ਮੂੰਹ ਉਤੋਂ ਲੰਘ ਗਿਆ। ਮੇਰੀ ਰੂਹ ਮੇਰੇ ਜੁੱਸੇ ਵਿਚੋਂ ਨਿਕਲ ਕੇ ਉਸ ਹਾਜੀ ਵੱਲ ਵੇਖ ਰਹੀ ਸੀ ਜੋ ਕਈ ਹੱਜ ਕਰ ਆਇਆ ਸੀ ਤੇ ਉਸ ਮੁਹੰਮਦ ਨੂੰ ਮੰਨਣ ਵਾਲਾ ਸੀ ਜਿਸ ਦੇ ਹੱਥੋਂ ਕਦੀ ਵੀ ਕਿਸੇ ਜਨੌਰ ਨੂੰ ਤਕਲੀਫ ਨਹੀਂ ਸੀ ਅੱਪੜੀ।

ਆਖਦੇ ਨੇ ਉਸ ਚੂਹੇ ਦੀ ਬਦ ਦੁਆ ਪਾਰੋਂ ਤਾਊਨ (ਪਲੇਗ) ਦੀ ਖੌਫਨਾਕ ਬਿਮਾਰੀ ਨੇ ਜਨਮ ਲਿਆ ਏ।

**-ਐਮ. ਅਸ਼ਰਫ ਸੁਹੇਲ**

## ਲਤੀਫਾ

ਇਕ ਕਾਲਜ ਅੱਗਿਓਂ ਇਕ ਬਹੁਤ ਸੋਹਣੀ ਕੁੜੀ ਨਿਕਲੀ ਤਾਂ ਇਕ ਮੁੰਡਾ ਦੂਜੇ ਨੂੰ ਕਹਿਣ ਲੱਗਾ, "ਯਾਰ ਕੁੜੀ ਤਾਂ ਬਹੁਤ ਸੋਹਣੀ ਏ, ਇਸ ਦੇ ਘਰ ਦਾ ਪਤਾ ਕਰੀਏ, ਲਾਓ ਸਕੂਟਰ ਇਹਦੇ ਪਿਛੇ।" ਉਸ ਦਾ ਸਾਥੀ ਬੋਲਿਆ, "ਰਹਿਣ ਦੇ ਯਾਰ, ਇਹ ਤਾਂ ਬੋਲੀ ਐ, ਇਸ ਨੂੰ ਆਖੋ ਕੁਝ ਤੇ ਜਵਾਬ ਕੁਝ ਹੋਰ ਈ ਦਿੰਦੀ ਐ।"

"ਤੈਨੂੰ ਕਿਵੇਂ ਪਤਾ?" ਉਸ ਦਾ ਸਾਥੀ ਪੁੱਛਣ ਲੱਗਾ। ਉਹ ਬੋਲਿਆ, "ਕੱਲ੍ਹ ਮੈਂ ਇਸ ਨੂੰ ਕਿਹਾ, ਤੂੰ ਤੇ ਬਹੁਤ ਸੋਹਣੀ ਏਂ ਤਾਂ ਪਤਾ ਕੀ ਕਹਿੰਦੀ, ਆਹ ਸੈਂਡਲ ਮੈਂ ਨਵੇਂ ਹੀ ਲਏ ਆ।"

**-ਵਾਸਦੇਵ ਸਿੰਘ ਪਰਹਾਰ**
**ਫੋਨ: 206-434-1155**

ਕਹਾਣੀ

# ਪ੍ਰਾਹੁਣਾ

***ਉਘੇ ਲਿਖਾਰੀ ਪ੍ਰਿੰਸੀਪਲ ਸੁਜਾਨ ਸਿੰਘ ਨੇ ਆਪਣੀ ਕਹਾਣੀ 'ਪ੍ਰਾਹੁਣਾ' ਵਿਚ ਜਿਨ੍ਹਾਂ ਵਕਤਾਂ ਦੀਆਂ ਬਾਤਾਂ ਪਾਈਆਂ ਹਨ, ਉਸ ਤੋਂ ਅੱਜ ਦਾ ਮਨੁੱਖ ਬਹੁਤ ਅਗਾਂਹ ਨਿਕਲ ਆਇਆ ਹੈ। ਕਹਾਣੀ ਦੱਸਦੀ ਹੈ ਕਿ ਉਨ੍ਹਾਂ ਵੇਲਿਆਂ ਵਿਚ ਸਮਾਜ ਦਾ ਵਰਤਾਰਾ ਕਿਸ ਤਰ੍ਹਾਂ ਦਾ ਸੀ ਅਤੇ ਕੁਝ ਲੋਕ ਕਿਸ ਤਰ੍ਹਾਂ ਸਮਾਜ ਦੀ ਕਾਇਆ ਕਲਪ ਕਰਨ ਲਈ ਜੂਝ ਰਹੇ ਸਨ। ਇਸ ਪ੍ਰਸੰਗ ਵਿਚ ਇਸ ਕਹਾਣੀ ਦਾ ਸੁਨੇਹਾ ਬਹੁਤ ਵੱਡਾ ਹੈ ਕਿਉਂਕਿ ਮਨੁੱਖ ਦੀਆਂ ਮੁਹਿੰਮਾਂ ਕਦੀ ਨਹੀਂ ਮੁੱਕਦੀਆਂ। ਇਹ ਤਾਂ ਸਗੋਂ ਕਿਸੇ ਨਾ ਕਿਸੇ ਰੂਪ ਵਿਚ ਜਾਰੀ ਰਹਿੰਦੀਆਂ ਹਨ। -ਸੰਪਾਦਕ***

**ਪ੍ਰਿੰਸੀਪਲ ਸੁਜਾਨ ਸਿੰਘ**

ਸੂਰਜ ਡੁੱਬ ਚੁੱਕਾ ਸੀ, ਲਹਿੰਦੇ ਤੋਂ ਲਾਲੀ ਹੌਲੀ ਹੌਲੀ ਅਲੋਪ ਹੋ ਰਹੀ ਸੀ। ਰਾਤ ਰਾਣੀ ਦੇ ਰਾਜਦੂਤ ਚਾਨਣ ਵਿਚ ਹਨੇਰਾ ਰਲਾਉਣ ਦੇ ਆਹਰ ਵਿਚ ਸਨ। ਮੀਰਾਂ ਕੋਟੀਆਂ ਦੀ ਨੁਕਰੋਂ ਮੁੜ ਕੇ ਚੀਕਦਾ ਗੱਡਾ ਪਿੰਡ ਦੇ ਚੌਕ ਵਲ ਨੂੰ ਰੁਖ ਕਰੀ ਜਾ ਰਿਹਾ ਸੀ। ਮਗਰੇ ਤਖਤ ਸਿੰਘ, ਗਾਡੀ ਚੂੜ੍ਹੇ ਨੂੰ ਗਾਲ੍ਹਾਂ ਕੱਢਦਾ ਆ ਰਿਹਾ ਸੀ ਤੇ ਉਹ ਅੱਗੋਂ ਆਪਣਾ ਗੁੱਸਾ ਬਲਦਾਂ 'ਤੇ ਕੱਢੀ ਜਾ ਰਿਹਾ ਸੀ।

ਐਨ ਇਸੇ ਵੇਲੇ ਇਕ ਨੌਜੁਆਨ ਖੱਦਰ ਦੇ ਸਾਫ ਕੱਪੜੇ ਪਾਈ ਉਸੇ ਪਾਸਿਓਂ ਵੀਹੀ ਵਿਚ ਦਾਖਲ ਹੋਇਆ ਤੇ ਕਾਹਲੀ ਕਾਹਲੀ ਤੁਰਦਾ ਗਾਲ੍ਹਾਂ ਕੱਢ ਰਹੇ ਜੱਟ ਨਾਲ ਜਾ ਰਲਿਆ। ਮੁਸਕਰਾ ਕੇ ਉਸ ਜੱਟ ਵਲ ਤਕਦਿਆਂ ਕਿਹਾ, "ਸਰਦਾਰ! ਕਿਉਂ ਐਵੇਂ ਜ਼ਬਾਨ ਗੰਦੀ ਕਰਨਾ ਵੇਂ?"

"ਭਾਊ! ਤੈਨੂੰ ਕੀ ਪਤਾ ਇਨ੍ਹਾਂ ਕਮੀਣਾਂ ਦਾ? ਸਾਰਾ ਦਿਨ ਕੱਖ ਭੰਨ ਕੇ ਦੂਹਰਾ ਨਹੀਂ ਕਰਦੇ ਤੇ ਦਾਣੇ ਮੰਗਦੇ ਨੇ ਚਾਲੀ ਚਾਲੀ ਮਣ। ਸਾਰੇ ਦਿਨ ਵਿਚ ਇਕ ਬਾਲਣ ਦਾ ਗੱਡਾ ਨਹੀਂ ਬਣਿਆ ਇਹਦੇ ਕੋਲੋਂ।"

ਨੌਜੁਆਨ ਹੁਣ ਗੱਡੇ ਦੇ ਬਰਾਬਰ ਪਹੁੰਚ ਚੁਕਾ ਸੀ। ਖੱਦਰ ਦੇ ਥੈਲੇ ਨੂੰ ਦੂਸਰੇ ਹੱਥ ਵਿਚ ਲੈਂਦਿਆਂ ਉਸ ਕਿਹਾ, "ਬਈ ਸਰਦਾਰ, ਇਨ੍ਹਾਂ ਬੇਜ਼ਬਾਨਾਂ ਨੂੰ ਐਵੇਂ ਕਿਉਂ ਕੁੱਟੀ ਜਾਨਾਂ ਐਂ?"

ਕੰਮੀ ਚੂੜ੍ਹੇ ਨੇ ਕੋਈ ਉੱਤਰ ਨਾ ਦਿਤਾ, ਪਰ ਡੰਗਰਾਂ ਨੂੰ ਕੁੱਟਣੋਂ ਹਟ ਗਿਆ। ਤਖਤ ਸਿੰਘ ਹਾਲੀ ਵੀ ਚੂੜ੍ਹੇ ਨੂੰ ਗਾਲ੍ਹਾਂ ਕੱਢੀ ਜਾ ਰਿਹਾ ਸੀ। ਚੂੜ੍ਹੇ ਨੂੰ 'ਸਰਦਾਰ' ਆਖਿਆ ਜਾਂਦਾ ਸੁਣ ਕੇ ਉਸ ਮੂੰਹ ਵੱਟਿਆ। ਹਾਲੀ ਕੁਝ ਆਖਣਾ ਹੀ ਚਾਹੁੰਦਾ ਸੀ ਕਿ ਨੌਜੁਆਨ ਖੱਬੇ ਹੱਥ ਗੁਰਦਵਾਰੇ ਵਲ ਮੁੜ ਗਿਆ। ਕੁਝ ਦੂਰ ਜਾ ਕੇ ਨੌਜੁਆਨ ਨੇ ਚੌੜੇ ਪੰਜੇ ਦੀ ਟੁੱਟੀ ਹੋਈ ਜੁੱਤੀ ਨੂੰ ਪੱਬ ਵਿਚ ਅੜਾ ਕੇ ਝਾੜਿਆ। ਦੋ ਤਿੰਨ ਬਾਰੀਕ ਰੋੜੇ, ਜੋ ਘਸੇ ਹੋਏ ਤਲੇ ਵਿਚੋਂ ਅੰਦਰ ਲੰਘ ਗਏ ਸਨ, ਉਥੋਂ ਦੀ ਹੀ ਕਿਰ ਗਏ। ਕਾਹਲੀ ਕਾਹਲੀ ਤੁਰਦਾ ਉਹ ਗੁਰਦਵਾਰੇ ਦੇ ਬਾਹਰਲੇ ਬੂਹੇ ਅੱਗੇ ਪਹੁੰਚਿਆ, ਜਿਥੇ ਜ਼ੈਲਦਾਰ ਸਾਹਿਬ ਤੇ ਭਾਈ ਸਾਹਿਬ ਕੁਝ ਗੱਲਾਂ ਕਰ ਰਹੇ ਸਨ। ਆਖਰੀ ਗੱਲ ਜੋ ਨੌਜੁਆਨ ਨੇ ਸੁਣੀ, ਉਹ ਸੀ: "ਜ਼ੈਲਦਾਰ ਸਾਹਿਬ, ਦਿੱਤਾ ਤਰਖਾਣ ਸ਼ੱਕੀ ਆਦਮੀ ਹੈ। ਉਹਦੇ ਘਰ ਨਿਤ ਨਵੇਂ ਆਦਮੀ ਆਉਂਦੇ ਨੇ।"

ਨੌਜੁਆਨ ਦੀ ਫਤਿਹ ਸੁਣ ਕੇ ਦੋਵੇਂ ਤ੍ਰਬਕ ਕੇ ਚੁੱਪ ਕਰ ਰਹੇ। ਨੌਜੁਆਨ ਨੇ ਲਿਬਾਸ ਤੋਂ ਪਛਾਣਦਿਆਂ ਭਾਈ ਨੂੰ ਪੁੱਛਿਆ, "ਭਾਈ ਜੀ, ਕੰਮੀਆਂ ਦੀ ਪੱਤੀ ਕਿਹੜੀ ਜੇ?"

ਭਾਈ ਜੀ ਦੇ ਜੁਆਬ ਦੇਣ ਤੋਂ ਪਹਿਲਾਂ ਹੀ ਜ਼ੈਲਦਾਰ ਸਾਹਿਬ ਨੇ ਸਵਾਲ ਕੀਤਾ, "ਕੀਹਦੇ ਜਾਣਾ ਐ ਓਇ ਤੂੰ?"

ਆਉਣ ਵਾਲੇ ਦੇ ਮੂੰਹੋਂ ਨਿਕਲ ਗਿਆ, "ਭਾਈ ਜੀ! ਮੈਂ ਕੰਮੀਆਂ ਦੀ ਪੱਤੀ ਜਾਣਾ ਹੈ ਕਿਸੇ ਦੇ।"

ਗੁੱਸੇ ਵਿਚ ਲਾਲ ਪੀਲਾ ਹੋਇਆ ਜ਼ੈਲਦਾਰ ਹਾਲੀ ਕੁਝ ਕੜਕਣਾ ਹੀ ਚਾਹੁੰਦਾ ਸੀ ਕਿ ਭਾਈ ਹੋਰੀਂ ਗੱਜ ਉਠੇ, "ਭਾਈ ਜੀ ਕੀ ਹੁੰਦਾ ਓਇ? ਸਰਦਾਰ ਸਾਹਿਬ ਕਹੁ ਜ਼ੈਲਦਾਰ ਸਾਹਿਬ ਨੂੰ।"

"ਭਾਈ ਜੀ ਮੁਆਫ ਕਰਨਾ, ਪਰ 'ਭਾਈ ਜੀ' ਕੋਈ ਭੈੜਾ ਬਚਨ ਤੇ ਨਹੀਂ। ਸੁਣਿਆ ਗੁਰੂ ਗ੍ਰੰਥ ਸਾਹਿਬ ਵਿਚ ਆਉਂਦਾ, 'ਏਕ ਪਿਤਾ ਏਕਸ ਕੇ ਹਮ ਬਾਰਿਕ।' ਫੇਰ ਭਾਈ ਭਾਈ ਹੀ ਤਾਂ ਹੋਏ ਅਸੀਂ ਸਾਰੇ।"

ਜ਼ੈਲਦਾਰ ਸਾਹਿਬ ਬੋਲੇ, "ਤੂੰ ਹੈਗਾ ਕੌਣ ਐਂ ਓਇ?"

"ਸਰਦਾਰ ਸਾਹਿਬ! ਮੈਂ ਵੀ ਤੁਹਾਡੇ ਜਿਹਾ ਇਕ ਰੱਬ ਦਾ ਬੰਦਾ ਹਾਂ।" ਨੌਜੁਆਨ ਨੇ ਅਧੀਨਗੀ ਨਾਲ ਕਿਹਾ।

ਜ਼ੈਲਦਾਰ ਸਾਹਿਬ ਕਹਿਣ ਲੱਗੇ, "ਓਇ ਬੇਵਕੂਫਾ, ਮੇਰਾ ਮਤਲਬ ਹੈ ਤੇਰਾ ਨਾਂ, ਜਾਤ, ਕੰਮ, ਪਤਾ, ਟਿਕਾਣਾ ਕੀ ਹੈ?"

"ਮੇਰਾ ਨਾਂ ਕੁਰਬਾਨ ਸਿੰਘ, ਜਾਤ ਸਿੱਖ, ਕੌਮ ਪਿੰਡ ਪਿੰਡ ਫਿਰਨਾ ਤੇ ਹੁਣ ਦਾ ਪਤਾ ਚੱਕ 123 ਸਰਗੋਧਾ ਹੈ।"

"ਬੜਾ ਨੁਕਰੋਂ ਕੂਨਾਂ ਓਇ ਤੂੰ?" ਭਾਈ ਨੇ ਜ਼ੈਲਦਾਰ ਦਾ ਪੱਖ ਕਰਦਿਆਂ ਕਿਹਾ, "ਸਿੱਖ ਵੀ ਕੋਈ ਜਾਤ ਹੈ? ਜਾਤ ਦਸ ਦੇ ਖਾਂ, ਅਸੀਂ ਹਾਂ ਖੱਤਰੀ ਬਾਵੇ ਤੇ ਇਹ ਹਨ ਜੱਟ ਸਰਦਾਰ।"

"ਭਾਈ ਜੀ, ਮੈਂ ਤੇ ਸਿੱਧੀ ਗੱਲ ਸਿੱਧੀ ਤਰ੍ਹਾਂ ਕਰਦਾਂ। ਜਿਥੋਂ ਤਕ ਮੈਂ ਜਾਣਦਾਂ, ਸਿੱਖ ਧਰਮ ਵੀ ਹੈ ਤੇ ਸਮਾਜ ਵੀ, ਤੇ ਇਸ ਭਾਈਚਾਰੇ ਵਿਚ ਕੋਈ ਜਾਤ-ਗੋਤ ਦਾ ਵਿਚਾਰ ਨਹੀਂ।"

ਭਾਈ ਜੀ ਨੇ ਜ਼ੈਲਦਾਰ ਸਾਹਿਬ ਵਲ ਤਕਦਿਆਂ ਤੇ ਖੱਦਰ-ਪੋਸ਼ ਵਲ ਇਸ਼ਾਰਾ ਕਰਦਿਆਂ ਕਿਹਾ, "ਸਾਨੂੰ ਪੜ੍ਹਾਉਣ ਆਇਆਂ, ਗੁਰੂ ਦਸਮ ਪਾਤਸ਼ਾਹ ਨੇ ਨਹੀਂ ਆਖਿਆ ਬਚਿਤ੍ਰ ਨਾਟਕ ਵਿਚ 'ਛਤ੍ਰੀ ਕਾ ਪੂਤ ਹੋਂ', ਫੇਰ ਉਨ੍ਹਾਂ ਜਾਤ ਪਾਤ ਮੰਨੀ ਕਿ ਨਾ?"

ਇੰਨੇ ਨੂੰ ਭਾਈਆਣੀ ਲਾਲਟੈਣ ਲੈ ਕੇ ਬਾਹਰ ਨਿਕਲੀ। ਜ਼ੈਲਦਾਰ ਸਾਹਿਬ ਨੇ ਭਾਈ ਸਾਹਿਬ ਨੂੰ ਅੱਖ ਮਾਰੀ ਤੇ ਕਹਿਣ ਲੱਗੇ, "ਜਾਣ ਦਿਓ ਭਾਈ ਜੀ, ਇਸ ਮੂਰਖ ਨੂੰ ਕੋਈ ਸਮਝ ਆਉਣੀ ਹੈ। ਹੋਇਗਾ ਕੋਈ ਚੂੜ੍ਹਾ ਚਪੜਾ।"

ਭਾਈ ਸਾਹਿਬ ਵਾਜ 'ਤੇ ਲੱਗੇ ਬਟੇਰੇ ਵਾਂਗ ਬੋਲ ਉਠੇ, "ਗੁਰਦੁਆਰੇ ਤਾਂ ਤੁਹਾਡੇ ਲਈ ਕੋਈ ਥਾਂ ਨਹੀਂ। ਪਿੰਡ ਦੀ ਖੱਬੀ ਬਾਹੀ ਕੰਮੀਆਂ ਦੀ ਪੱਤੀ ਹੈ, ਤੇ ਉਦੋਂ ਪਰ੍ਹੇ ਬਾਹਰ ਵਾਰ ਚੂੜ੍ਹਿਆਂ ਦੀ ਠੱਠੀ। ਉਥੇ ਤੈਨੂੰ ਤੇਰੇ ਜਾਤ-ਭਰਾ ਮਿਲ ਪੈਣਗੇ।"

'ਸਤਿ ਸ੍ਰੀ ਅਕਾਲ' ਕਹਿ ਕੇ ਜਦ ਉਹ ਕੰਮੀਆਂ ਦੀ ਪੱਤੀ ਵਲ ਤੁਰਿਆ ਤਾਂ ਭਾਈ ਸਾਹਿਬ ਕਹਿ ਰਹੇ ਸਨ, "ਨਾਸਤਕ ਹਨ, ਨਾਸਤਕ, ਜਾਤ ਪਾਤ ਨਹੀਂ ਮੰਨਦੇ, ਧਰਮ ਭ੍ਰਿਸ਼ਟ ਕਰਦੇ ਫਿਰਦੇ ਹਨ।" ਜ਼ੈਲਦਾਰ ਸਾਹਿਬ ਕੁਝ ਹੋਰ ਸੋਚ ਰਿਹਾ ਸੀ। ਸਾਹਮਣੇ ਘਰੋਂ ਕਰਮੂ ਨੂੰ ਵਾਜ ਮਾਰੀ ਤੇ ਕੰਨ ਵਿਚ ਕਹਿ ਕੇ ਉਸ ਨੂੰ ਨੌਜੁਆਨ ਦੇ ਮਗਰ ਪਰਛਾਵੇਂ ਵਾਂਗ ਲਾ ਦਿੱਤਾ।

ਕੰਮੀਆਂ ਦੀ ਪੱਤੀ ਦੇ ਮੋੜ 'ਤੇ ਮੁੰਡੇ ਖੇਡ ਰਹੇ ਸਨ। ਨੌਜੁਆਨ ਨੇ ਪੁਛਿਆ, "ਕੋਈ ਕੇਹਰ ਸਿੰਘ ਹੈ ਇਸ ਪੱਤੀ ਵਿਚ?"

ਮੁੰਡੇ ਖੇਡ ਛੱਡ ਕੇ 'ਕੱਠੇ ਹੋ ਗਏ। ਸੋਚ ਸੋਚ ਕੇ ਤੇ ਇਕ ਦੂਸਰੇ ਨੂੰ ਪੁੱਛ ਪੁੱਛਾ ਕੇ ਕਹਿਣ ਲੱਗੇ, "ਕੇਹਰ ਸਿੰਘ ਤੇ ਇਥੇ ਕੋਈ ਨਹੀਂ। ਹਾਂ ਕੇਹਰ ਸਿੰਘ ਹੈ ਜੱਟ, ਦੂਸਰੀ ਪੱਤੀ।"

"ਲਾਲ ਸਿੰਘ?" ਉਸ ਫਿਰ ਪੁੱਛਿਆ।

"ਉਹ ਤੇ ਸਾਰੇ ਪਿੰਡ ਵਿਚ ਕੋਈ ਨਹੀਂ।" ਇਕ ਸਿਆਣੇ ਮੁੰਡੇ ਨੇ ਕਿਹਾ।

"ਕੋਈ ਨਾਮ੍ਹਾ, ਸੰਤੂ, ਹਸੂ, ਚਾਘਾ, ਦੌਲਾ ਕੋਈ ਨਹੀਂ?"


"ਸੰਤੂ ਤੇ ਹੈਗਾ ਇਕ।" ਇਕ ਮੁੰਡੇ ਨੇ ਆਖਿਆ।

ਕਰਮੂੰ ਜੋ ਹੁਣ ਉਥੇ ਪਹੁੰਚ ਚੁੱਕਾ ਸੀ, ਬੋਲ ਉਠਿਆ, "ਸੰਤੂ ਕਿਹੜਾ ਓਏ ਰਹਿਮਿਆ?"

"ਭਾਊ ਉਹ ਸੰਤਾ ਸਿਹੁੰ ਪੈਂਚ।"

"ਹਾਹੋ, ਠੀਕ ਆ, ਸੰਤਾ ਮਹਿਰ।"

"ਤੇ ਤੂੰ ਮਖ ਉਨ੍ਹਾਂ ਦੇ ਘਰ ਜਾਣਾ ਵਾਂ। ਆ ਮੈਂ ਛਡ ਆਵਾਂ ਤੈਨੂੰ ਭਾਊ।" ਕਰਮੂੰ ਨੇ ਆਖਿਆ ਤੇ ਉਸ ਨੂੰ ਮਗਰ ਲੈ ਤੁਰਿਆ। ਇਕ ਨਿੱਕਾ ਜਿਹਾ ਲਿੰਬਿਆ ਪੋਚਿਆ ਘਰ ਸੀ ਜਿਸ ਦੇ ਬੂਹੇ ਅੱਗੇ ਲਿਜਾ ਕੇ ਕਰਮੂੰ ਨੇ ਕਿਹਾ, "ਆਹ ਈ ਸੰਤੇ ਦਾ ਘਰ, ਵਾਜ ਮਾਰ ਲੈ ਮਖ।"




ਹਾਲੀ ਖੱਦਰ-ਪੋਸ਼ ਨੇ 'ਸਰਦਾਰ ਸੰਤਾ ਸਿੰਘ, ਸਰਦਾਰ ਸੰਤਾ ਸਿੰਘ' ਕਰ ਕੇ ਵਾਜਾਂ ਮਾਰਨੀਆਂ ਸ਼ੁਰੂ ਕੀਤੀਆਂ ਹੀ ਸਨ ਕਿ ਕਰਮੂੰ ਨਾਲ ਦੇ ਘਰ ਜਾ ਵੜਿਆ। ਝੀਤਾਂ ਵਿਚੋਂ ਡਿਉਢੀ ਵਿਚ ਕੰਬਦਾ ਚਾਨਣ ਆਉਂਦਾ ਦਿਸਿਆ ਤੇ ਨਾਲ ਹੀ ਕਿਸੇ ਬਾਰੀਕ ਜਨਾਨਾ ਆਵਾਜ਼ 'ਚ ਆਖਿਆ, "ਜੀ ਇਹ ਸਰਦਾਰ ਸੰਤਾ ਸਿੰਘ ਦਾ ਘਰ ਨਹੀਂ, ਉਨ੍ਹਾਂ ਦਾ ਘਰ ਦੂਸਰੀ...।"

ਪਿੰਡ ਪਿੰਡ ਫਿਰਨ ਵਾਲੇ ਨੌਜੁਆਨ ਨੇ ਹੈਰਾਨ ਹੋ ਕੇ ਪੁਛਿਆ, "ਤਾਂ ਕੀ ਇਹ ਸਰਦਾਰ ਸੰਤਾ ਸਿੰਘ ਪੈਂਚ ਦਾ ਘਰ ਨਹੀਂ?"

"ਪੈਂਚ ਦਾ ਘਰ ਤਾਂ ਇਹੋ ਹੈ ਜੀ ਦੂਜਾ ਨੰਬਰਦਾਰ ਹੈ।"

"ਮੈਂ ਤਾਂ ਸੰਤਾ ਸਿੰਘ ਮਹਿਰੇ ਦੇ ਜਾਣਾ ਹੈ।" ਬੇ-ਘਰ ਨੌਜੁਆਨ ਨੇ ਗੱਲ ਨੂੰ ਸਾਫ ਕਰਨ ਦੇ ਖਿਆਲ ਨਾਲ ਕਿਹਾ। ਬੂਹਾ ਖੁੱਲ੍ਹ ਗਿਆ। ਦੀਵੇ ਦੀ ਲਾਟ ਨੂੰ ਹਵਾ ਦੀ ਮਾਰ ਤੋਂ ਬਚਾਉਣ ਲਈ ਜੋ ਲੰਮਾ ਹਥ ਓਟ ਦਾ ਕੰਮ ਦੇ ਰਿਹਾ ਸੀ, ਉਹ ਚਾਨਣ ਨੂੰ ਪਰਤਾ ਕੇ ਉਸ ਮੁਟਿਆਰ ਦੇ ਸੋਹਣੇ ਚਿਹਰੇ 'ਤੇ ਵੀ ਪਾ ਰਿਹਾ ਸੀ। ਮਨਚਲੇ ਨੌਜੁਆਨ ਦੇ ਦਿਲ ਵਿਚ ਖਿਆਲ ਗੁਜ਼ਰਿਆ: ਇਸ ਨੂੰ ਕਹਿੰਦੇ ਹਨ, ਸੂਰਜ ਨੂੰ ਦੀਵਾ ਦਿਖਾਉਣਾ।

ਕੁਝ ਘਬਰਾਹਟ ਜਿਹੀ ਵਿਚ ਉਸ ਕਿਹਾ, "ਮੈਂ ਉਨ੍ਹਾਂ ਦਾ ਪ੍ਰਾਹੁਣਾ ਹਾਂ।" ਕੁੜੀ ਝੱਟ ਖੁੱਲ੍ਹੇ ਤਾਕ ਦੇ ਓਹਲੇ ਹੋ ਗਈ ਤੇ ਦੀਵਾ ਉਸ ਦੇ ਹੱਥੋਂ ਡਿਗ ਪਿਆ। ਕੁਝ ਚਿਰ ਮਗਰੋਂ ਹਨੇਰੇ ਵਿਚੋਂ ਕੰਬਦੀ ਦਬੀ ਹੋਈ ਆਵਾਜ਼ ਆਈ, "ਬਾਪੂ ਜੀ ਘਰ ਨਹੀਂ ਹਨ।"

"ਮੈਂ ਆ ਗਿਆ ਪੁੱਤਰ।" ਖਾਨਾ-ਬਦੋਸ਼ ਨੌਜੁਆਨ ਨੇ ਕੋਲ ਪਹੁੰਚ ਰਹੇ ਕਦਮਾਂ ਦੀ ਆਵਾਜ਼ ਨਾਲ ਸੁਣਿਆ। ਪਲ ਕੁ ਮਗਰੋਂ ਉਸੇ ਕ੍ਰਿਪਾਨਧਾਰੀ ਨੇ ਕੋਲ ਪਹੁੰਚ ਕੇ ਪੁਛਿਆ, "ਕਿਸ ਨੂੰ ਮਿਲਣਾ ਜੇ, ਸਰਦਾਰ ਜੀ?"

"ਤੁਹਾਨੂੰ! ਮੈਂ ਅਜ ਦੀ ਰਾਤ ਤੁਹਾਡੇ ਕੱਟਣੀ ਚਾਹੁੰਦਾ ਹਾਂ।"

"ਧੰਨ ਭਾਗ! ਜੋ ਸੇਵਕ ਕਿਸੇ ਕੰਮ ਆ ਸਕੇ।" ਤੇ ਫੇਰ ਅੰਦਰ ਹੋ ਕੇ ਉਸ ਕਿਹਾ, "ਏ ਮੁੰਨੋ, ਕੋਈ ਗੁਰਮੁਖ ਰਾਤੀਂ ਸਾਡੇ ਘਰ ਪ੍ਰਸ਼ਾਦ ਛਕੇਗਾ ਤੇ ਰਾਤ ਰਹੇਗਾ। ਹੈਂ, ਅਜ ਦੀਵਾ ਹੀ ਨਹੀਂ ਬਾਲਿਆ?"

"ਬਾਪੂ ਜੀ, ਹੁਣੇ ਹੀ ਬੁਝਿਆ ਹੈ, ਬਾਲਣ ਲੱਗੀ ਆਂ।" ਝਟ ਮਗਰੋਂ ਚੁਲ੍ਹੇ ਦੀ ਲਾਟ ਨਾਲ ਪੱਛੀ ਨੇ ਜਗ ਕੇ ਰਸੋਈ ਵਿਚ ਚਾਨਣ ਕਰ ਦਿਤਾ ਤੇ ਦੀਵਾ ਜਗਾ ਕੇ ਕੁੜੀ ਨੇ ਕੰਧ ਵਿਚ ਗਡੇ ਦੀਵਟ 'ਤੇ ਰੱਖ ਦਿਤਾ।

ਜਦ ਦੋਵੇਂ ਜਣੇ ਡਿਉਢੀ ਪਾਰ ਕਰਕੇ ਛੱਤੀ ਰਸੋਈ ਪਾਸ ਪਹੁੰਚੇ ਤਾਂ ਸੰਤਾ ਸਿੰਘ ਨੇ ਨੌਜੁਆਨ ਦੇ ਮੂੰਹ ਵਲ ਚੰਗੀ ਤਰ੍ਹਾਂ ਦੇਖ ਕੇ ਕੁੜੀ ਨੂੰ ਕਿਹਾ, "ਜਗੀਰੋ ਬਾਰਾਂ ਵਿਚ 'ਪ੍ਰਾਹੁਣਾ' ਜਵਾਈ ਨੂੰ ਆਖਣ ਲਗ ਪਏ ਨੇ। ਦੇਸ ਵਲ ਪ੍ਰਾਹੁਣਾ ਕਿਸੇ ਸਾਕ ਸਬੰਧੀ ਜਾਂ ਰਾਤ ਕਟਣ ਵਾਲੇ ਨੂੰ ਆਖਦੇ ਨੇ। ਹੋਰ ਕੋਈ ਗੱਲ ਨਹੀਂ। ਤੇ ਕੀ ਚਾੜ੍ਹਿਆ ਈ ਮੁੰਨੋ?"

"ਦਾਲ।" ਉਸ ਆਖਿਆ ਤੇ ਖਬਰੇ ਕੀ ਸੋਚ ਕੇ ਪਹਿਲਾਂ ਨਾਂ ਨਾ ਲਿਆ। ਪਿਓ ਸਮਝ ਗਿਆ ਤੇ ਪਰਨਾ ਮੋਢੇ ਤੋਂ ਲਾਹ ਕੇ ਆਖਣ ਲੱਗਾ, "ਆਹ ਦੋ ਆਲੂ ਤੇ ਪਰਨਾ, ਅੰਦਰੋਂ ਇਕ ਅਧੀ ਵੜੀ ਕੱਢ ਕੇ ਪ੍ਰਾਹੁਣੇ ਲਈ ਭੁੰਨ ਲੈ। ਆਓ ਸਰਦਾਰ ਜੀ! ਅਸੀਂ ਵੀ ਏਥੇ ਹੀ ਬੈਠ ਜਾਈਏ। ਅੱਗ ਸੇਕਣ ਦੀ ਇਹੋ ਈ ਰੁੱਤ ਹੁੰਦੀ ਆ ਕੇ, ਮੁੰਨੋ ਦੇਹ ਪੀੜ੍ਹੀ ਪ੍ਰਾਹੁਣੇ ਨੂੰ।"

ਕੁੜੀ ਨੇ ਚੁੱਪ ਚਾਪ ਸਿਰ ਨੀਵਾਂ ਕੀਤੀ ਪੀੜ੍ਹੀ ਥਲਿਓਂ ਕੱਢ ਕੇ ਅੱਗੇ ਰੱਖ ਦਿੱਤੀ। ਨੌਜੁਆਨ ਨੇ ਪੀੜ੍ਹੀ ਚੁੱਕ ਕੇ ਘਰ ਦੇ ਮਾਲਿਕ ਅੱਗੇ ਰੱਖ ਕੇ ਬੈਠਣ ਲਈ ਆਖਿਆ। ਪਰ ਉਹ ਲਾਗੇ ਪਏ ਮੂਹੜੇ 'ਤੇ ਬੈਠ ਚੁੱਕਾ ਸੀ। ਲਾਚਾਰ ਉਸ ਨੂੰ ਪੀੜ੍ਹੀ 'ਤੇ ਬੈਠਣਾ ਪਿਆ ਤੇ ਕੁੜੀ ਅੰਦਰੋਂ ਹੋਰ ਪੱਛੀਆਂ ਦਾ ਮੂਹੜਾ ਲੈ ਕੇ ਬੈਠ ਗਈ।

ਨੌਜੁਆਨ ਨੇ ਬਾਪੂ ਨੂੰ ਕਹਿ ਕੇ ਧੀ ਨੂੰ ਸੁਣਾਇਆ, "ਤੁਸੀਂ ਆਲੂਆਂ ਦੀ ਖੇਚਲ ਨਾ ਕਰੋ, ਮੇਰੇ ਲਈ ਤੁਹਾਡੀ ਛੋਲਿਆਂ ਦੀ ਦਾਲ ਹੀ ਸ਼ਾਹੀ ਖਾਣਿਆਂ ਦੇ ਬਰਾਬਰ ਹੈ। ਲਗਾਤਾਰ ਕੰਮੀਆਂ ਦਾ ਪ੍ਰਾਹੁਣਾ ਬਣ ਬਣ ਕੇ ਮੈਂ ਦਾਲਾਂ, ਅਚਾਰ, ਗੰਢਿਆਂ ਨਾਲ ਰੋਟੀ ਖਾਣ ਦਾ ਆਦੀ ਹੋ ਗਿਆ ਹਾਂ।"

ਕੁੜੀ ਨੇ ਆਪਣੀ ਚੁਪ ਤੋੜਦਿਆਂ ਕਿਹਾ, "ਲਓ ਖਾਂ, ਖੇਚਲ ਕਾਹਦੀ ਐ?"

"ਮੇਰਾ ਮੂੰਹ ਵੀ ਅਜ ਸੁਆਦ ਮੰਗਦਾ ਸੀ। ਦੋ ਆਲੂ ਦਿਵਾਨ ਕਰਾੜ ਦਿਉਂ ਫੜੀ ਆਇਆਂ। ਵੜੀਆਂ ਘਰ ਦੀਆਂ ਨੇ, ਕੋਈ ਤੁਹਾਡੇ ਨਾਲ ਉਚੇਚ ਤੇ ਨਹੀਂ ਕੀਤੀ।" ਪੈਂਚ ਨੇ ਆਖਿਆ।

"ਤੁਹਾਡੀ ਮਰਜ਼ੀ।" ਨੌਜੁਆਨ ਨੇ ਕਿਹਾ ਤੇ ਲੱਕੜ ਹਿਲਾ ਕੇ ਅਗਾਂਹ ਕਰ ਦਿੱਤੀ।

ਕੁੜੀ ਬੋਲੀ, "ਬਾਪੂ ਜੀ, ਅਜ ਧਾਰ ਤੁਸੀਂ ਕੱਢ ਲਓ। ਦਾਲ ਤੇ ਹੋ ਗਈ ਐ, ਮੈਂ ਆਲੂ ਬਣਾ ਲਵਾਂ।" ਮਹੀਂ ਖੁਰਲੀ ਤੇ ਕਾਹਲੀ ਪਈ ਹੋਈ ਸੀ ਤੇ ਕੱਟਾ ਉਸ ਤੋਂ ਵੀ ਵਧ ਕਾਹਲਾ। ਨਿੱਕੀ ਵਲਟੋਹੀ ਲੈ ਕੇ ਜਦੋਂ ਪੈਂਚ ਮਹੀਂ ਚੋਣ ਉਠਿਆ ਤਾਂ ਕੱਟਾ ਫੜਨ ਲਈ ਨੌਜੁਆਨ ਵੀ ਨਾਲ ਹੋ ਤੁਰਿਆ, ਪਰ 'ਤੁਸੀਂ ਬੈਠੋ ਅਰਾਮ ਕਰੋ, ਕਾਕਾ ਥਕਿਆ ਹੋਵੇਂਗਾ।' ਆਖ ਕੇ ਜਗੀਰੋ ਦੇ ਬਾਪੂ ਨੇ ਉਸ ਨੂੰ ਉਥੇ ਬੈਠਣ ਲਈ ਮਜਬੂਰ ਕੀਤਾ। ਕੁੜੀ ਉਠ ਕੇ ਅੰਦਰੋਂ ਵਲੈਤੀ ਨਮੂਨੇ ਦਾ ਚਾਕੂ ਤੇ ਚਾਰ ਵੜੀਆਂ ਫੜ ਲਿਆਈ। ਆਲੂ ਖੋਲ੍ਹ ਕੇ ਉਸ ਛਿਲਣੇ ਸ਼ੁਰੂ ਕੀਤੇ।

ਮੁੰਡੇ ਨੇ ਕਿਹਾ, "ਮੈਂ ਆਲੂ ਛਿਲ ਲੈਂਦਾ ਹਾਂ ਜੀ, ਤੁਸੀਂ ਹੋਰ ਕੰਮ ਕਰ ਲਵੋ।"

ਕੁੜੀ ਨੇ ਨੀਵੀਂ ਨਜ਼ਰ ਨਾਲ ਬਿਨਾਂ ਕੁਝ ਕਿਹਾਂ ਆਲੂਆਂ ਵਾਲਾ ਭਾਂਡਾ ਤੇ ਚਾਕੂ ਨੌਜੁਆਨ ਨੂੰ ਫੜਾ ਦਿਤੇ। ਤੇ ਆਪ ਹਾਰਿਆਂ ਤੋਂ ਕੂੰਡੀ ਡੰਡਾ ਲਾਹ ਕੇ ਮਿਰਚਾਂ ਪੀਸਣ ਲਗ ਪਈ। ਮਿਰਚਾਂ ਇਕ ਜਾਨ ਕਰਕੇ, ਦਾਤੀ ਨਾਲ ਗੰਢੇ ਚੀਰ ਕੇ, ਉਹ ਕੂੰਡੇ ਵਿਚ ਸੁੱਟਣ ਲਗੀ ਸੀ, ਜਦ ਨੌਜੁਆਨ ਨੇ ਕਿਹਾ, "ਕੁੱਟ ਕੇ ਮਸਾਲਾ ਪਾਇਆਂ ਬਹੁਤੀ ਮਿਹਨਤ ਹੋਵੇਗੀ। ਗੰਢੇ ਲਾਲ ਕਰ ਕੇ ਮਸਾਲਾ ਕਿਉਂ ਨਹੀਂ ਬਣਾ ਲੈਂਦੇ।"

ਕੁੜੀ ਨੇ ਕੂੰਡੇ ਵਿਚ ਗੰਢੇ ਸੁਟਣੇ ਬੰਦ ਕਰ ਦਿਤੇ। ਕਾੜ੍ਹਨੀ ਵਿਚ ਕੜਛੀ ਮਾਰ ਕੇ ਉਸ ਦਾਲ ਲਾਹ ਲਈ। ਇੰਨੇ ਨੂੰ ਮਹੀਂ ਚੋ ਕੇ ਪੈਂਚ ਆ ਗਿਆ। ਕੁਝ ਦੁਧ ਉਸ ਕਾੜ੍ਹਨੇ ਵਿਚ ਪਾ ਦਿਤਾ ਤੇ ਬਾਕੀ ਉਸ ਵਲਟੋਹੀ ਵਿਚ ਹੀ ਢਕ ਕੇ ਹਾਰਿਆਂ 'ਤੇ ਰੱਖ ਦਿਤਾ। ਕੁੜੀ ਨੇ ਤਾਂਬੀਆ ਚੁਲ੍ਹੇ 'ਤੇ ਰੱਖ ਕੇ ਖੁਲ੍ਹਾ ਢੱਕਣ ਛਡ ਦਿਤਾ। ਛਾਹ ਸੜਨ ਤੋਂ ਪਿਛੋਂ ਉਸ ਵੜੀਆਂ ਉਸ ਵਿਚੋਂ ਲਾਲ ਕਰ ਕੇ ਕੱਢ ਲਈਆਂ। ਕੁਤਰੇ ਹੋਏ ਗੰਢੇ ਸੁੱਟ ਕੇ ਉਸ ਕੇਸਰੀ ਕਰ ਲਏ ਤੇ ਪਾਣੀ ਤੇ ਸੁੱਕਾ ਮਸਾਲਾ ਪਾ ਕੇ ਮਸਾਲਾ ਤਿਆਰ ਕਰਨ ਮਗਰੋਂ ਆਲੂ ਵਿਚ ਭੁੰਨ ਕੇ ਪਾਣੀ ਪਾ ਦਿਤਾ।

ਪੈਂਚ ਨੇ, ਜੋ ਮੂਹੜੇ 'ਤੇ ਚੁਪ ਕਰ ਕੇ ਬੈਠਾ ਸੀ, ਗੱਲ ਸ਼ੁਰੂ ਕੀਤੀ, "ਮੁੰਨੋ ਸਾਡੀ ਘਰ ਦੇ ਕੰਮਾਂ ਵਿਚ ਸੁਘੜ ਹੈ। ਰੋਟੀ ਤੇ ਬੜੀ ਸੋਹਣੀ ਪਕਾਉਂਦੀ ਹੈ। ਪਹਿਲਾ ਗੁਰਦੁਆਰੀਆ ਵਿਚਾਰਾ ਬੜਾ ਚੰਗਾ ਸੀ। ਉਸ ਕੋਲੋਂ ਇਸ ਗੁਰਮੁਖੀ ਦੀਆਂ ਪੰਜ ਚਾਰ ਕਿਤਾਬਾਂ ਪੜ੍ਹੀਆਂ ਸਨ ਤੇ ਪਾਠ ਵੀ ਕਰ ਲੈਂਦੀ ਹੈ। ਸੋਢੀਆਂ ਦੀ ਨੂੰਹ ਲਾਇਲਪੁਰ ਵੱਡੀ ਮਾਸਟਰਿਆਣੀ ਐ ਨਾ। ਉਹ ਦੋ ਕੁ ਵਰ੍ਹੇ ਹੋਏ ਤਾਂ ਛੇ ਕੁ ਮਹੀਨੇ ਚੱਕ ਰਹੀ ਸੀ। ਉਸ ਨੇ ਇਸ ਨੂੰ ਕਈ ਕਿਤਾਬਾਂ ਪੜ੍ਹਾ ਛੱਡੀਆਂ। ਅੰਗਰੇਜ਼ੀ ਦਾ ਕੈਦਾ ਵੀ ਲਾਇਆ ਸੀ, ਪਰ ਫੇਰ ਉਹ ਚਲੀ ਗਈ। ਮੇਰੇ ਕੋਲ ਵੀ ਐਸ ਵੇਲੇ ਇਸ ਦੇ ਬਿਨਾ ਕੋਈ ਨਹੀਂ, ਕੁੜੀ ਵਰ-ਪ੍ਰਵਾਣ ਐ...।"

ਕੁੜੀ ਆਪਣੀ ਤਾਰੀਫ ਸੁਣ ਕੇ ਆਪਣੀ ਖੁਸ਼ੀ 'ਤੇ ਪੜਦਾ ਪਾਈ ਜਾ ਰਹੀ ਸੀ। ਇਥੇ ਪਹੁੰਚ ਕੇ ਉਸ ਦੀਆਂ ਗੋਰੀਆਂ ਅਨਛੋਹ ਗੱਲ੍ਹਾਂ 'ਤੇ ਇਕ ਐਸੀ ਗੂੜ੍ਹੀ ਲਾਲੀ ਫਿਰ ਗਈ, ਜਿਸ ਨੂੰ ਨੌਜੁਆਨ ਨੇ ਦੀਵੇ ਦੇ ਮਧਮ ਚਾਨਣ ਵਿਚ ਵੀ ਦੇਖ ਲਿਆ।

ਸੰਤਾ ਸਿੰਘ ਨੇ ਗੱਲ ਜਾਰੀ ਰੱਖੀ, "ਆਪਣੀ ਬਰਾਦਰੀ ਵਿਚ ਸਾਨੂੰ ਕੋਈ ਇਸ ਦੇ ਲਾਇਕ ਵਰ ਲਭਦਾ ਨਹੀਂ। ਬੜੀ ਕੁੜਿੱਕੀ ਵਿਚ ਫਾਥੇ ਆਂ, ਹੋਰ ਉਡੀਕ ਵੀ ਨਹੀਂ ਹੁੰਦਾ; ਜੁਆਨ ਜਹਾਨ ਹੀ ਹੋਈ। ਮਾਂ ਤੇ ਵਿਚਾਰੀ ਦੀ ਪੰਜਾਂ ਵਰ੍ਹਿਆਂ ਦੀ ਛੱਡ ਕੇ ਮਰ ਗਈ ਸੀ।"

"ਤੇ ਤੁਸੀਂ ਕਿਸੇ ਹੋਰ ਬਰਾਦਰੀ ਵਿਚ ਵਿਆਹ ਕਰ ਦਿਓ।" ਨੌਜੁਆਨ ਨੇ ਆਖਿਆ।

"ਨਹੀਂ ਨਾ ਬਣਦਾ। ਮੁੰਨੋ ਦਾ ਵੱਡਾ ਭਰਾ ਕਾਲੀ ਮਿੱਟੀ ਫਿਟਰ ਹੈ, ਲਿਖਿਆ ਸੀ। ਹੁਣ ਮਿਸਤਰੀ ਬਣਨ ਵਾਲਾ ਹੈ। ਉਸ ਨੂੰ ਵੀ ਵਿਆਹੁਣਾ ਹੋਇਆ। ਜੇ ਕੁੜੀ ਹੋਰ ਬਰਾਦਰੀ ਵਿਚ ਵਿਆਹ ਦੇਈਏ ਤੇ ਆਪਣੀ ਬਰਾਦਰੀ ਅੰਨ-ਪਾਣੀ ਛੇਕ ਦਿੰਦੀ ਹੈ। ਤੇ ਦੂਸਰੀਆਂ ਬਰਾਦਰੀਆਂ ਵਾਲੇ ਧੀਆਂ ਲੈ ਲੈਂਦੇ ਹਨ, ਪਰ ਦਿੰਦੇ ਨਹੀਂ। ਮੈਂ ਕਹਿਨਾਂ ਗੁਰੂ ਨਾਨਕ ਨੇ ਤੇ ਚਾਰੇ ਵਰਣ ਇਕੋ ਕੀਤੇ ਤੇ ਦਸਵੇਂ ਪਾਤਸ਼ਾਹ ਨੇ ਸਭ ਨੂੰ ਸਾਂਝਾ ਬਾਟਾ ਅੰਮ੍ਰਿਤ ਦਾ ਛਕਾਇਆ। ਅੱਜ ਅਸੀਂ ਸਿੱਖ ਉਨ੍ਹਾਂ ਦੇ ਉਪਦੇਸ਼ ਬਾਣੀ ਤੋਂ ਮੁਨਕਰ ਕਿਉਂ ਹੁੰਦੇ ਜਾਨੇ ਆਂ?"

ਨੌਜੁਆਨ ਕੁਝ ਪ੍ਰੇਰਿਤ ਜਿਹਾ ਹੋ ਕੇ ਬੋਲਿਆ, "ਸਿੱਖੀ ਵਿਚ ਪੂਰਾ ਕੌਣ ਹੈ? ਅਸਲੀ ਸਿੱਖੀ ਕਿਰਤ ਕਰਨਾ ਦਸਦੀ ਹੈ। ਸਿੱਖ ਕਿਰਤੀ ਨੂੰ ਕਮੀਣ ਕਹਿੰਦੇ ਹਨ, ਉਨ੍ਹਾਂ ਦੀ ਨਿਰਾਦਰੀ ਕਰਦੇ ਹਨ। ਜ਼ਿਮੀਂਦਾਰਾਂ ਦੀਆਂ ਜੇ ਬੁਤੀਆਂ ਨਾ ਸਾਰਨ, ਤਾਂ ਉਨ੍ਹਾਂ ਲਈ ਜੰਗਲ ਪਾਣੀ ਜਾਣਾ ਮੁਸ਼ਕਿਲ ਕਰ ਦਿੰਦੇ ਹਨ। ਇਹ ਵਾਹਿਗੁਰੂ ਦੇ ਬੰਦੇ ਵਾਹਿਗੁਰੂ ਦੇ ਬੱਚਿਆਂ ਦਾ ਜਿਉਣਾ ਹਰਾਮ ਕਰ ਦਿੰਦੇ ਹਨ। ਉਨ੍ਹਾਂ ਦੀਆਂ ਬੇਪਤੀਆਂ ਕਰ ਕੇ ਧਰਮ ਦੇ ਆਗੂ ਬਣੇ ਰਹਿੰਦੇ ਹਨ। ਹਿੰਦ ਦੀ ਆਜ਼ਾਦੀ ਲਈ ਕਿਰਤੀਆਂ ਦਾ ਅੰਦੋਲਨ ਕਿਸਾਨਾਂ ਦੇ ਅੰਦੋਲਨ ਤੋਂ ਬਹੁਤਾ ਜ਼ਰੂਰੀ ਹੈ। ਜੱਟ ਜ਼ਿਮੀਂਦਾਰ, ਮਲਕੀਅਤ ਵਾਲਾ ਕਿਸਾਨ-ਸਭ ਸਰਮਾਏਦਾਰ ਹਨ। ਜਦ ਇਹ ਆਪਣੀ ਅੱਡੀ ਥੱਲੇ ਅੱਧੇ ਹਿੰਦੋਸਤਾਨ ਨੂੰ ਦਬਾਈ ਰੱਖਣਾ ਚਾਹੁੰਦੇ ਹਨ, ਤਾਂ ਇਨ੍ਹਾਂ ਨੂੰ ਅਜ਼ਾਦੀ ਕਿਵੇਂ ਮਿਲ ਸਕਦੀ ਹੈ?"

"ਕੀ ਤੂੰ ਸੋਸ਼ਲਿਸਟ ਹੈਂ?" ਪੈਂਚ ਨੇ ਗੁੱਸੇ ਨਾਲ ਪੁਛਿਆ।

"ਨਹੀਂ, ਮੈਂ ਸਿੱਖ ਹਾਂ। ਗੁਰੂ ਨਾਨਕ ਦੇਵ ਜਗਤ ਗੁਰੂ ਨੇ ਭਾਈਚਾਰਕਵਾਦ ਨੂੰ ਜਨਮ ਦਿੱਤਾ ਸੀ। ਦੁਨੀਆਂ ਦੇ ਲੋਕ ਇਕ ਵੱਡੇ ਭਾਈਚਾਰੇ ਦੇ ਮੈਂਬਰ ਥਾਪੇ। ਭਾਈ ਬਾਲਾ, ਭਾਈ ਮਰਦਾਨਾ ਹੀ ਨਹੀਂ, ਭਾਈ ਸੰਤਾ ਸਿੰਘ ਵੀ ਹੈ ਤੇ ਕਿਰਤ ਕੋਈ

***(ਬਾਕੀ ਅਗਲੇ ਸਫੇ 'ਤੇ)***

ਨਫਰਤ ਕਰਨ ਵਾਲੀ ਸ਼ੈ ਨਹੀਂ।"

ਇੰਨੇ ਨੂੰ ਢੋਇਆ ਬੂਹਾ ਖੋਲ੍ਹ ਕੇ ਨਾਮੋ ਨੈਣ ਅੰਦਰ ਆ ਗਈ ਤੇ ਆਖਣ ਲੱਗੀ, "ਜਗੀਰੋ ਕੁੜੇ ਤੁਹਾਡੇ ਸਪਿਰਟ ਹੋਣੀ ਐਂ, ਮੁੰਡਾ ਕੌਡੀ ਖੇਡਦਾ ਰੋੜੀ 'ਚੋਂ ਰਗੜਾਂ ਲਾ ਲਿਆਇਆ।"

ਜਗੀਰੋ ਦੀਵਾ ਲੈ ਕੇ ਅੰਦਰ ਗਈ ਤੇ ਇਕ ਤੂੰਬਾ ਟਿੰਚਰ ਦਾ ਲਿਆ ਕੇ ਨਾਮੋ ਨੂੰ ਆਖਣ ਲੱਗੀ, "ਭਾਬੀ ਰਗੜਾਂ ਤੇ ਲੱਗੂ ਸਹੀ, ਪਰ ਰਾਮ ਕਰ ਦਊ ਜ਼ਰੂਰ।"

ਪ੍ਰਾਹੁਣੇ ਵਲ ਤਾੜ ਤਾੜ ਕੇ ਵੇਖਦੀ ਉਹ ਵਾਪਸ ਚਲੀ ਗਈ ਤੇ ਜਗੀਰੋ ਬਾਹਰਲਾ ਬੂਹਾ ਬੰਦ ਕਰ ਆਈ।

ਸੰਤਾ ਸਿੰਘ ਨੇ ਜ਼ੋਰ ਦੇ ਕੇ ਪੁਛਿਆ, "ਕਾਕਾ ਤੂੰ ਹੈਂ ਕੌਣ?"

"ਮੈਂ ਆਦਮੀ ਹਾਂ, ਸਿੱਖ।"

"ਇਹ ਤੇ ਮੈਨੂੰ ਵੀ ਦਿਸਦਾ ਹੈ ਪਰ ਜਾਤ ਕੀ ਹੈ?"

"ਸਿੱਖ।"

"ਸਿੱਖ ਕੌਣ?"

"ਤੁਸਾਂ ਵੀ ਓਹੋ ਗੱਲ ਕੀਤੀ।"

ਪੈਂਚ ਸ਼ਰਮਿੰਦਾ ਜਿਹਾ ਹੋ ਕੇ ਚੁੱਪ ਕਰ ਰਿਹਾ। ਕੁੜੀ ਨੇ ਪਤੀਲੇ ਵਿਚ ਵੜੀਆਂ ਪਾ ਦਿੱਤੀਆਂ।

"ਮੇਰੇ ਮਾਂ-ਪਿਉ ਖੱਤਰੀ ਹਨ।" ਨੌਜੁਆਨ ਨੇ ਗੱਲ ਸਾਫ ਕਰਨ ਲਈ ਆਖਿਆ।

"ਤੁਸੀਂ ਕੁਝ ਪੜ੍ਹੇ ਹੋਏ ਓ?"

"ਬੀ. ਏ.।"

"ਲਗਦੇ ਤੇ ਨਹੀਂ, ਬੀ. ਆ. ਪਾਸ ਤੇ ਬੰਦੇ ਹੀ ਹੋਰ ਤਰ੍ਹਾਂ ਦੇ ਹੁੰਦੇ ਨੇ।"

"ਅਸਾਂ ਸਭ ਕੁਝ ਕਰਕੇ ਵੇਖ ਲਿਆ, ਸਰਦਾਰ ਜੀ। ਸਾਡਾ ਦੇਸ਼ ਨੰਗ-ਭੁਖ ਦੇ ਦੁਖੋਂ ਮਰੇ, ਇੱਜਤਾਂ ਵੇਚੇ ਤੇ ਅਸੀਂ ਬਦੇਸ਼ੀਆਂ ਦੀਆਂ ਬਾਂਦਰ ਨਕਲਾਂ ਕਰੀਏ। ਇਹ ਮੈਥੋਂ ਹੋ ਨਹੀਂ ਸਕਦਾ?"

"ਤੁਸੀਂ ਕੰਮ ਕੀ ਕਰਦੇ ਹੋ?"

"ਫਿਰਨਾ ਤੁਰਨਾ, ਪ੍ਰਾਹੁਣੇ ਬਣਨਾ ਤੇ ਗੱਲਾਂ ਕਰਨੀਆਂ।"

"ਖਾਂਦੇ ਕਿੱਥੋਂ ਹੋ?"

"ਤੁਮ੍ਹਾਤੜਾਂ ਦੇ ਲੰਗਰਾਂ 'ਚੋਂ।"

ਜਗੀਰੋ ਨੇ ਗੱਲਾਂ ਦਾ ਸਿਲਸਲਾ ਤੋੜਦਿਆਂ ਕਿਹਾ, "ਬਾਪੂ ਜੀ! ਤੁਸੀਂ ਕਿਹੜੀਆਂ ਗੱਲਾਂ ਵਿਚ ਪੈ ਗਏ? ਛੱਡੋ ਵੀ ਪਰੇ, ਆਲੂ ਤਿਆਰ ਨੇ, ਮੈਂ ਫੁਲਕਾ ਲਾਹੁਣ ਲੱਗੀ ਆਂ।"

ਪਤੀਲਾ ਪਛੋਲੇ 'ਤੇ ਰੱਖ ਉਸ ਤਵਾ ਸੁਟਿਆ ਤੇ ਤੌਣ ਮੁੜ ਸਵਾਰ ਕੇ ਫੁਲਕੇ ਲਾਹੁਣੇ ਸ਼ੁਰੂ ਕੀਤੇ। ਨਿੱਕੇ ਨਿੱਕੇ ਫੁਲਕੇ ਕੋਲਿਆਂ 'ਤੇ ਫੁਲਾ ਕੇ ਆਪਣਾ ਨਾਂ ਸੱਚ ਕਰੀ ਜਾ ਰਹੇ ਸਨ।

ਥਾਲੀਆਂ ਲੱਗ ਕੇ ਸਾਹਮਣੇ ਆ ਗਈਆਂ। ਬਿਨ ਤੜਕੀ ਦਾਲ ਵਿਚੋਂ ਵੀ ਅਜ ਉਸ ਨੂੰ ਸੁਆਦ ਆ ਰਿਹਾ ਸੀ। ਆਪਣੇ ਤਿੰਨਾਂ ਸਾਲਾਂ ਦੇ ਅਤਿਥੀ ਜੀਵਨ ਵਿਚ ਉਸ ਭਾਂਤ ਭਾਂਤ ਦੇ ਖਾਣੇ ਖਾਧੇ ਸਨ, ਪਰ ਜਗੀਰੋ ਦੀਆਂ ਵੜੀਆਂ ਤੇ ਮੱਖਣ ਨਾਲ ਚੋਪੜੇ ਫੁਲਕਿਆਂ ਨਾਲੋਂ ਸਭ ਮਾਤ ਸਨ। ਖਬਰੇ ਉਹ ਸੁਆਦ ਜਗੀਰੋ ਦੀ ਛੋਹ ਨੇ ਦਿੱਤਾ ਸੀ ਜਾਂ ਉਹ ਆਪਣੇ ਅੰਦਰੋਂ ਕੱਢ ਰਿਹਾ ਸੀ।

ਰੋਟੀ ਖਾ ਚੁੱਕਣ ਮਗਰੋਂ ਵੀ ਕੁੜੀ ਰੋਟੀਆਂ ਪਕਾਉਂਦੀ ਰਹੀ। ਪੈਂਚ ਨੇ ਦਲਾਨ ਵਿਚ ਮੰਜੇ ਡਾਹ ਕੇ ਨਿੱਘੇ ਬਿਸਤਰੇ ਵਿਛਾ ਦਿਤੇ ਤੇ ਪ੍ਰਾਹੁਣੇ ਨੂੰ ਅੰਦਰ ਆ ਜਾਣ ਵਾਸਤੇ ਕਿਹਾ। ਬਿਸਤਰਿਆਂ ਵਿਚ ਦੋਵੇਂ ਬੈਠੇ ਹੀ ਸਨ ਕਿ ਬਾਹਰ ਦਾ ਬੂਹਾ ਖੜਕਿਆ। ਪੈਂਚ ਨੇ ਬੂਹਾ ਖੋਲ੍ਹਿਆ। ਬਾਹਰ ਨਿੱਕਾ ਚੌਕੀਦਾਰ ਸੀ। ਪੁੱਛਣ ਲੱਗਾ, "ਅਜ ਤੁਹਾਡੇ ਕੋਈ ਬੰਦਾ ਆਇਆ?"

ਸੰਤਾ ਸਿੰਘ ਨੇ ਪੁੱਛਿਆ, "ਕਿਉਂ?"

"ਸੁੱਖ", ਚੌਕੀਦਾਰ ਨੇ ਕਿਹਾ, "ਮੇਰਾ ਤੇ ਫਰਜ਼ ਹੈ ਨਾ, ਆਏ ਗਏ ਦਾ ਖਿਆਲ ਰੱਖਣਾ। ਕਲ੍ਹ ਨੂੰ ਕੋਈ ਚੋਰੀ ਹੋ ਜਾਏ।"

"ਨਹੀਂ ਓਇ ਭਾਈਆ। ਕੋਈ ਫਿਕਰ ਨਾ ਕਰ ਤੂੰ।" ਪੈਂਚ ਨੇ ਕਿਹਾ।

ਬੂਹਾ ਮਾਰ ਕੇ ਆਉਂਦਿਆਂ ਧੀ ਨੂੰ ਰੋਟੀ ਖਾਂਦਿਆਂ ਦੇਖ ਕੇ ਉਸ ਕਿਹਾ, "ਵਲਟੋਹੀ ਵਾਲਾ ਦੁੱਧ ਤੱਤਾ ਕਰ ਲਈਂ, ਮੁੰਨੋ!"

ਅੰਦਰ ਜਾ ਕੇ ਫੇਰ ਸੰਤਾ ਸਿੰਘ ਨਿੰਘਾ ਹੋ ਕੇ ਬਹਿ ਗਿਆ। ਪ੍ਰਾਹੁਣੇ ਨੇ ਪੁੱਛਿਆ, "ਕੌਣ, ਚੌਕੀਦਾਰ ਸੀ?"

ਪੈਂਚ ਸੁਆਲ ਸੁਣ ਕੇ ਹੈਰਾਨ ਸੀ, ਜਦ ਉਸ ਫਿਰ ਕਿਹਾ, "ਹਰ ਇਕ ਨੇ ਆਪੋ ਆਪਣਾ ਕੰਮ ਕਰਨਾ ਹੈ। ਉਸ ਆਪਣਾ, ਤੁਸੀਂ ਆਪਣਾ ਤੇ ਮੈਂ ਆਪਣਾ, ਪਰ ਸਭ ਤੋਂ ਚੰਗਾ ਕੰਮ ਉਹ ਹੈ ਜੋ ਦੇਸ਼ ਤੇ ਕੌਮ ਦੇ ਮਨੁੱਖਾਂ ਦੇ ਭਲੇ ਲਈ ਹੋਵੇ।"

ਸੰਤਾ ਸਿੰਘ ਦਾ ਸ਼ੱਕ ਜਾਂਦਾ ਰਿਹਾ।

ਨੌਜੁਆਨ ਬੋਲਿਆ, "ਧੀ ਤੁਹਾਡੀ ਸਿਆਣੀ ਹੈ। ਇਸ ਨੂੰ ਹੋਰ ਪੜ੍ਹਾਓ। ਮੇਰਾ ਮਤਬਲ ਹੈ, ਹੋਰ ਕਿਤਾਬਾਂ ਪੜ੍ਹਨ ਨੂੰ ਦਿਓ। ਮੇਰੇ ਕੋਲ ਕੁਝ ਪੰਜਾਬੀ ਦੀਆਂ ਕਿਤਾਬਾਂ ਨੇ। ਇਹ ਆਪ ਪੜ੍ਹਨਗੇ ਤੇ ਤੁਹਾਨੂੰ ਸੁਣਾਉਣਗੇ। ਮੁੱਕ ਜਾਣਗੀਆਂ ਤੇ ਕੋਈ ਆ ਕੇ ਲੈ ਜਾਵੇਗਾ। ਹੋਰ ਦੇ ਜਾਵੇਗਾ।"

"ਇਨ੍ਹਾਂ ਕਿਤਾਬਾਂ ਵਿਚ ਕੀ ਹੈ?"

"ਕਹਾਣੀਆਂ, ਕਵਿਤਾਵਾਂ, ਲੇਖ; ਜਿਵੇਂ ਦਸਮ ਗੁਰੂ ਦੇ ਪੰਜ ਪਿਆਰੇ, ਸਿੱਖ ਭਾਈਚਾਰਾ ਤੇ ਸਮਾਜਵਾਦ, ਬਦੇਸ਼ੀ ਰਾਜ ਦੇ ਔਗੁਣ, ਰੱਬ ਦੀਆਂ ਦਾਤਾਂ ਤੇ ਬੰਦਿਆਂ ਦੀ ਕਾਣੀ ਵੰਡ ਆਦਿ।"

"ਨਹੀਂ, ਸਾਨੂੰ ਇਨ੍ਹਾਂ ਦੀ ਲੋੜ ਨਹੀਂ।"

"ਬਾਪੂ ਜੀ! ਲੈ ਲਵੋ, ਮੈਂ ਪੜ੍ਹਿਆ ਕਰਾਂਗੀ। ਪੜ੍ਹਿਆਂ ਚੰਗੇ ਖਿਆਲਾਂ ਦਾ ਅਸਰ ਹੁੰਦਾ ਹੈ, ਬੁਰਿਆਂ ਦਾ ਨਹੀਂ।" ਜਗੀਰੋ ਨੇ ਬਾਹਰੋਂ ਕਿਹਾ।

ਪੈਂਚ ਚੁੱਪ ਰਿਹਾ ਤੇ ਨੌਜੁਆਨ ਨੇ ਦੋ ਚਾਰ ਕਿਤਾਬਾਂ ਉਸ ਨੂੰ ਫੜ੍ਹਾ ਦਿੱਤੀਆਂ। ਬਾਹਰ ਦੁੱਧ ਗਰਮ ਹੋ ਗਿਆ ਸੀ ਤੇ ਕੁੜੀ ਨੇ ਭਾਂਡੇ ਮਾਂਜਣੇ ਸ਼ੁਰੂ ਕੀਤੇ ਹੋਏ ਸਨ।

ਬਾਪੂ ਨੇ ਆਵਾਜ਼ ਦਿੱਤੀ, "ਪੁੱਤਰ, ਪ੍ਰਾਹੁਣੇ ਦੇ ਦੁੱਧ ਵਿਚ ਖੰਡ ਪਾਈਂ, ਕਿਤੇ ਕੱਚਾ ਮਿੱਠਾ ਨਾ ਪਾ ਲਿਆਈਂ।"

"ਨਹੀਂ ਬਾਪੂ ਜੀ, ਮੈਂ ਤੇ ਤੁਹਾਡੇ ਦੁੱਧ ਵਿਚ ਵੀ ਖੰਡ ਹੀ ਪਾਈ ਹੈ।"

ਨੌਜੁਆਨ ਨੇ ਕਿਹਾ, "ਦੁੱਧ ਦੀ ਖੇਚਲ ਨਾ ਕਰੋ, ਮੈਂ ਦੁੱਧ ਬਹੁਤ ਘੱਟ ਪੀਂਦਾ ਹਾਂ।"

"ਕਿਉਂ, ਚਾਹ ਪੀਂਦੇ ਹੋ, ਬਣਵਾ ਦੇਈਏ?"

"ਨਹੀਂ, ਚਾਹ ਦੇ ਤੇ ਮੈਂ ਲਾਗੇ ਵੀ ਨਹੀਂ ਜਾਂਦਾ। ਉਂਜ ਮੈਂ ਸੋਚਦਾ ਹਾਂ, ਜੇ ਸਾਰੇ ਹਿੰਦੁਸਤਾਨੀ ਦੁੱਧ ਪੀਣ ਤਾਂ ਮਸੀਂ ਸਾਰਿਆਂ ਨੂੰ ਇਕ ਇਕ ਚਮਚਾ ਹਿੱਸੇ ਆਏ। ਜਿੱਦਣ ਅਸੀਂ ਛੰਨਾ ਭਰ ਕੇ ਪੀ ਜਾਂਦੇ ਹਾਂ, ਤਾਂ ਖਬਰੇ ਕਿੰਨੇ ਗਰੀਬਾਂ ਦਾ ਹਿੱਸਾ ਪੀ ਜਾਂਦੇ ਹਾਂ। ਸਾਡੇ ਭਰਾ ਭੁੱਖੇ ਮਰਦੇ ਹਨ। ਸਾਡੇ ਮਾਮਲਿਆਂ ਤੇ ਟੈਕਸਾਂ 'ਤੇ ਵਿਹਲੜ ਦਸਤਖਤ ਕਰਨ ਵਾਲੇ ਬਦੇਸ਼ੀ ਹੁਕਮਰਾਨ ਪਲਦੇ ਹਨ। ਸਾਡਾ ਮੱਖਣ ਉਨ੍ਹਾਂ ਦੇ ਬਦਚਲਣ ਕੈਦੀਆਂ ਨੂੰ ਮਿਲ ਸਕਦਾ ਹੈ, ਭਲੇਮਾਣਸ ਹਿੰਦੁਸਤਾਨੀ ਨੂੰ ਨਹੀਂ। ਜਿਥੇ ਆਪਣੀਆਂ ਹਕੂਮਤਾਂ ਨੇ, ਉਥੇ ਕੋਈ ਭੁੱਖਾ ਨਹੀਂ ਮਰਦਾ। ਵਿਦਿਆ ਤੇ ਕਿਤਾਬਾਂ ਮੁਫਤ ਮਿਲਦੀਆਂ ਹਨ। ਉਥੋਂ ਦੇ ਜੋੜੇ ਸੁਖੀ ਹਨ, ਬੱਚੇ ਖੁਸ਼ ਹਨ...।" ਕੁੜੀ ਦੁੱਧ ਦਾ ਗਲਾਸ ਲੈ ਕੇ ਪ੍ਰਾਹੁਣੇ ਦੇ ਲਾਗੇ ਆ ਖਲੋਤੀ। ਬਾਪੂ ਨੇ ਕਿਹਾ, "ਕਾਕਾ! ਦੁੱਧ ਪੀ ਲੈ, ਫੇਰ ਗੱਲਾਂ ਕਰਾਂਗੇ।"

ਨੌਜੁਆਨ ਖਬਰੇ ਨਾਂਹ ਕਰ ਦਿੰਦਾ, ਪਰ ਕੁੜੀ ਦੀ ਨੀਵੀਂ ਤੱਕਣੀ ਸ਼ਾਇਦ ਕਹਿ ਰਹੀ ਸੀ, "ਮੇਰੇ ਹੱਥੋਂ ਅੱਜ ਤੇ ਪੀ ਲਵੋ, ਫੇਰ ਖਬਰੇ ਕਿਤੇ ਕੁਦਰਤ ਨਾਲ ਮੇਲੇ ਹੋਣ।"

ਨੌਜੁਆਨ ਨੇ ਆਖਿਆ, "ਪਹਿਲਾਂ ਬਾਪੂ ਜੀ ਨੂੰ ਦਿਓ।"

"ਮੈਂ ਪੀ ਲੈਣਾ, ਤੁਸੀਂ ਲਵੋ ਪਹਿਲਾਂ।"

ਦੂਸਰਾ ਗਲਾਸ ਬਾਪੂ ਵਾਸਤੇ ਆ ਗਿਆ। ਕੁੜੀ ਨੇ ਕੁਝ ਚਿਰ ਮਗਰੋਂ ਕੰਮ ਖਤਮ ਕੀਤਾ ਤੇ ਮਹੀਂ ਨੂੰ ਡਿਉਢੀ ਵਿਚ ਬੰਨ੍ਹ ਕੇ ਆਪ ਕੋਠੜੀ ਵਿਚ ਮੰਜੀ ਡਾਹ ਕੇ ਦੀਵਾ ਬੁਝਾ ਦਿੱਤਾ ਤੇ ਅਰਾਮ ਨਾਲ ਲੇਟ ਗਈ। ਗੱਲਾਂ ਸ਼ੁਰੂ ਰਹੀਆਂ। ਬਾਪ ਸੁਣਦਾ ਸੌਂ ਜਾਂਦਾ ਤਾਂ ਕਦੇ ਕਦੇ ਕੋਠੜੀ ਵਿਚੋਂ ਨੌਜੁਆਨ ਨੂੰ ਹੁੰਗਾਰਾ ਮਿਲ ਜਾਂਦਾ।

ਅੱਧੀ ਕੁ ਰਾਤ ਨੂੰ ਪੈਂਚ ਨੇ ਆਖਿਆ, "ਹੁਣ ਸੌਂ ਜਾਈਏ, ਤੁਹਾਡੀਆਂ ਗੱਲਾਂ ਸੱਚੀਆਂ ਨੇ, ਬਾਕੀ ਸਵੇਰੇ ਸਹੀ।"

ਸਾਰੇ ਚੁੱਪ ਹੋ ਗਏ। ਬਾਪੂ ਦੇ ਘੁਰਾੜੇ ਛੇਤੀ ਹੀ ਛੁੱਟਣ ਲੱਗ ਪਏ। ਜਗੀਰੋ ਸ਼ਾਇਦ ਸਾਰਿਆਂ ਤੋਂ ਮਗਰੋਂ ਸੁੱਤੀ, ਉਸ ਦੇ ਸੁਪਨਿਆਂ ਦੀ ਕੌਣ ਜਾਣੇ।

ਸਵੇਰੇ ਉਹ ਦੁੱਧ ਰਿੜਕਣ ਕੁਝ ਚਿਰਕੀ ਉਠੀ। ਜਦੋਂ ਉਹ ਮੱਖਣ ਕੱਢ ਰਹੀ ਸੀ, ਬਾਹਰੋਂ ਬਾਪ ਨੂੰ ਆਵਾਜ਼ਾਂ ਪੈਣੀਆਂ ਸ਼ੁਰੂ ਹੋਈਆਂ। ਵਾਹਿਗੁਰੂ ਵਾਹਿਗੁਰੂ ਕਰਦਾ ਪੈਂਚ ਬਾਹਰ ਗਿਆ। ਬਾਹਰ ਨੰਬਰਦਾਰ, ਜ਼ੈਲਦਾਰ, ਚੌਕੀਦਾਰ ਤੇ ਪੰਜਾਂ ਸੱਤਾਂ ਸਿਪਾਹੀਆਂ ਨਾਲ ਥਾਣੇਦਾਰ ਖੜ੍ਹਾ ਸੀ।

ਥਾਣੇਦਾਰ ਨੇ ਪੁੱਛਿਆ, "ਕਿਉਂ ਓਇ ਝੀਊਰਾ, ਤੇਰੇ ਘਰ ਕੋਈ ਪ੍ਰਾਹੁਣਾ ਆਇਆ ਰਾਤੀਂ?"

"ਜੀ ਹਜ਼ੂਰ ਅੰਦਰ ਹੈ, ਭਲਾ ਲੋਕ।"

ਥਾਣੇਦਾਰ ਇਕ ਬਿੱਲੇ ਵਾਲੇ ਸਿਪਾਹੀ ਨੂੰ ਦੇਖ ਕੇ ਕਹਿਣ ਲੱਗਾ, "ਆਲੇ ਦੁਆਲੇ ਠੀਕ ਹੈ ਸਭ?"

"ਜੀ ਹਾਂ।"

"ਚੰਗਾ ਅੰਦਰ ਚਲ ਕੇ ਗ੍ਰਿਫਤਾਰ ਕਰੋ ਉਸ ਨੂੰ।"

ਪ੍ਰਾਹੁਣਾ ਬੂਹੇ ਵਿਚ ਆ ਗਿਆ। ਦਿਨ ਚੜ੍ਹ ਰਿਹਾ ਸੀ। ਅਸਮਾਨ ਲਾਲੋ ਲਾਲ ਹੋ ਰਿਹਾ ਸੀ। ਫੀਰੂ ਲੁਹਾਰ ਦੇ ਹਥੌੜੇ ਦੀ ਆਵਾਜ਼ ਸਭ ਨੂੰ ਸੁਣਾਈ ਦੇ ਰਹੀ ਸੀ, ਖਬਰੇ ਕਿਸੇ ਕੰਮੀ ਦੀ ਦਾਤੀ ਬਣ ਰਹੀ ਹੋਵੇ।

"ਮੈਂ ਹਾਜ਼ਰ ਹੋ ਗਿਆ, ਥਾਣੇਦਾਰ ਸਾਹਿਬ!"

"ਪਰਮਜੀਤ ਸਿੰਘ ਤੁਸੀਂ!" ਹੈਰਾਨੀ ਨਾਲ ਥਾਣੇਦਾਰ ਬੋਲਿਆ ਤੇ ਜ਼ੈਲਦਾਰ ਵਲ ਤਕ ਕੇ, "ਸਰਦਾਰ ਬਹਾਦਰ ਮਿਹਰ ਸਿੰਘ, ਲਾਇਲਪੁਰ ਦੇ ਸਾਹਿਬਜ਼ਾਦੇ; ਪਰ ਸਾਨੂੰ ਆਪਣੀ ਕਾਰਵਾਈ ਕਰਨੀ ਪਵੇਗੀ। ਇਨ੍ਹਾਂ ਤੁਹਾਡੇ ਪਿੰਡ ਬਾਗੀਆਨਾ ਤਕਰੀਰ ਕੀਤੀ ਹੈ ਤੇ...।"

"ਜੀ ਹਾਂ।" ਨੰਬਰਦਾਰ ਨੇ ਕਿਹਾ।

"ਮੈਂ ਤਕਰੀਰ ਤੋਂ ਕਿਤੇ ਵੱਧ ਕੰਮ ਕਰਦਾ ਹਾਂ, ਚੌਧਰੀ ਸਾਹਿਬ।" ਪਰਮਜੀਤ ਸਿੰਘ ਨੇ ਕਿਹਾ।

"ਕੋਈ ਪੈਂਫਲਿਟ ਵੰਡੇ ਜੇ?"

"ਇਹ ਤੇ ਮੇਰਾ ਪਹਿਲਾ ਕੰਮ ਹੈ।"

"ਕਿਉਂ ਓਇ ਸੰਤੂ! ਕੁਝ ਹੈ ਅੰਦਰ?"

ਨੌਜੁਆਨ ਗੁੱਸੇ ਵਿਚ ਬੋਲਿਆ, "ਕੁਝ ਅਦਬ ਨਾਲ ਬੋਲੋ, ਚੌਧਰੀ ਸਾਹਿਬ। ਤੁਸੀਂ ਤੇ ਪੜ੍ਹੇ ਲਿਖੇ ਥਾਣੇਦਾਰ ਹੋ।"

"ਲਿਆ ਬਈ, ਸਰਦਾਰ ਸੰਤਾ ਸਿੰਘਾ, ਫੇਰ ਉਹ ਕਿਤਾਬਾਂ ਅੰਦਰੋਂ।" ਥਾਣੇਦਾਰ ਨੇ ਵਿਅੰਗ ਨਾਲ ਕਿਹਾ। ਸੰਤਾ ਸਿੰਘ ਅੰਦਰ ਗਿਆ, ਪਰ ਕਿਤਾਬਾਂ ਨਾ ਲੱਭੀਆਂ। ਪੁਲਿਸ ਵਾਲਿਆਂ ਵੀ ਲੱਭਣ ਵਿਚ ਉਸ ਦੀ ਮਦਦ ਕੀਤੀ, ਕਿਤੇ ਨਹੀਂ ਸਨ।

ਥਾਣੇਦਾਰ ਸਾਹਿਬ ਆਪਣੇ ਪ੍ਰਾਹੁਣੇ ਨੂੰ ਲੈ ਤੁਰੇ।

# ਮੁਲਕ 'ਚ ਕਿਸਾਨਾਂ ਤੇ ਖੇਤ ਮਜ਼ਦੂਰਾਂ ਦੀਆਂ ਖੁਦਕੁਸ਼ੀਆਂ ਕਿਵੇਂ ਰੁਕਣ?

ਡਾ. ਗਿਆਨ ਸਿੰਘ*
ਫੋਨ: 424-362-8759

ਰਾਜ ਸਭਾ ਵਿਚ ਇੱਕ ਪ੍ਰਸ਼ਨ ਦਾ ਜਵਾਬ ਦਿੰਦਿਆਂ ਕੇਂਦਰੀ ਖੇਤੀਬਾੜੀ ਮੰਤਰੀ ਰਾਧਾ ਮੋਹਨ ਸਿੰਘ ਨੇ ਦੇਸ਼ ਵਿਚ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੀਆਂ ਖੁਦਕੁਸ਼ੀਆਂ ਦੇ ਅੰਕੜੇ ਜਾਰੀ ਕੀਤੇ ਹਨ। ਸਾਲ 2016 ਦੇ ਇਨ੍ਹਾਂ ਅੰਕੜਿਆਂ ਅਨੁਸਾਰ ਇਸ ਸਾਲ ਦੌਰਾਨ 2015 ਦੇ ਮੁਕਾਬਲੇ ਕਿਸਾਨ ਖੁਦਕੁਸ਼ੀਆਂ ਦੀ ਗਿਣਤੀ ਵਿਚ ਕਮੀ ਆਈ ਪਰ ਖੇਤ ਮਜ਼ਦੂਰ ਖੁਦਕੁਸ਼ੀਆਂ ਵਧੀਆਂ। ਸਾਲ 2015 ਦੌਰਾਨ ਮੁਲਕ ਵਿਚ ਕਿਸਾਨ ਖੁਦਕੁਸ਼ੀਆਂ ਦੀ ਗਿਣਤੀ 8007 ਸੀ ਤੇ 2016 ਦੌਰਾਨ 21.13 ਫੀਸਦ ਘਟ ਕੇ 6351 ਰਹਿ ਗਈ। ਸਾਲ 2015 ਦੌਰਾਨ ਹੀ ਮੁਲਕ ਵਿਚ ਖੇਤ ਮਜ਼ਦੂਰ ਖੁਦਕੁਸ਼ੀਆਂ ਦੀ ਗਿਣਤੀ 4595 ਸੀ ਜੋ 2016 ਦੌਰਾਨ 9.3 ਫੀਸਦ ਵਧ ਕੇ 5019 ਹੋ ਗਈ।

ਜੇ 2014 ਦੌਰਾਨ ਕਿਸਾਨ ਅਤੇ ਖੇਤ ਮਜ਼ਦੂਰ ਖੁਦਕੁਸ਼ੀਆਂ ਦੇ ਅੰਕੜਿਆਂ ਵੱਲ ਨਿਗਾਹ ਮਾਰੀ ਜਾਵੇ ਤਾਂ ਇਹ ਕ੍ਰਮਵਾਰ 5650 ਅਤੇ 6710 ਹਨ। ਕੇਂਦਰੀ ਖੇਤੀਬਾੜੀ ਮੰਤਰੀ ਵਲੋਂ ਜਾਰੀ ਅੰਕੜਿਆਂ ਅਨੁਸਾਰ ਖੇਤੀਬਾੜੀ ਖੇਤਰ ਵਿਚ ਖੁਦਕੁਸ਼ੀਆਂ ਦੇ ਸਬੰਧ ਵਿਚ ਆਂਧਰਾ ਪ੍ਰਦੇਸ਼ ਤੇ ਤਿਲੰਗਾਨਾ ਵਿਚ ਕੁਝ ਸੁਧਾਰ ਹੋਇਆ ਹੈ, ਪਰ ਪੰਜਾਬ ਤੇ ਹਰਿਆਣਾ ਵਿਚ ਕਿਸਾਨ ਖੁਦਕੁਸ਼ੀਆਂ ਵਿਚ 2015 ਦੇ ਮੁਕਾਬਲੇ 2016 ਦੌਰਾਨ ਕ੍ਰਮਵਾਰ ਦੁੱਗਣੀਆਂ ਤੇ ਤਿੱਗਣੀਆਂ ਹੋ ਗਈਆਂ ਅਤੇ ਪੰਜਾਬ ਕਿਸਾਨਾਂ ਵਲੋਂ ਇੱਕ ਸਾਲ ਦੌਰਾਨ 200 ਤੋਂ ਵੱਧ ਖੁਦਕੁਸ਼ੀਆਂ ਕਰਨ ਵਾਲੇ ਸੂਬਿਆਂ ਵਿਚ ਦਾਖਲ ਹੋ ਗਿਆ ਹੈ।

ਅੰਕੜਿਆਂ ਅਨੁਸਾਰ ਜਿਨ੍ਹਾਂ ਸੂਬਿਆਂ 'ਚ ਕਿਸਾਨ ਖੁਦਕੁਸ਼ੀਆਂ ਦੀ ਗਿਣਤੀ ਵਧੀ ਹੈ, ਉਨ੍ਹਾਂ ਵਿਚ ਖੇਤ ਮਜ਼ਦੂਰ ਖੁਦਕੁਸ਼ੀਆਂ ਦੀ ਗਿਣਤੀ ਵੀ ਵਧੀ ਹੈ, ਪਰ ਜਿਨ੍ਹਾਂ ਸੂਬਿਆਂ ਵਿਚ ਕਿਸਾਨ ਖੁਦਕੁਸ਼ੀਆਂ ਦੀ ਗਿਣਤੀ ਘਟੀ ਹੈ, ਉਨ੍ਹਾਂ ਵਿਚੋਂ ਤਿਲੰਗਾਨਾ ਨੂੰ ਛੱਡ ਕੇ ਬਾਕੀ ਸੂਬਿਆਂ ਵਿਚ ਖੇਤ ਮਜ਼ਦੂਰ ਖੁਦਕੁਸ਼ੀਆਂ ਦੀ ਗਿਣਤੀ ਵਧੀ ਹੈ। ਪੂਰੇ ਮੁਲਕ ਲਈ ਖੇਤ ਮਜ਼ਦੂਰ ਖੁਦਕੁਸ਼ੀਆਂ ਦੇ ਅੰਕੜਿਆਂ ਵਿਚ ਤਿਲੰਗਾਨਾ, ਛੱਤੀਸਗੜ੍ਹ, ਪੰਜਾਬ ਅਤੇ ਹਰਿਆਣਾ ਦੇ ਅੰਕੜੇ ਨਹੀਂ ਹਨ।

ਸੂਬਾ ਸਰਕਾਰਾਂ ਕਿਸਾਨ ਅਤੇ ਖੇਤ ਮਜ਼ਦੂਰ ਖੁਦਕੁਸ਼ੀਆਂ ਦੀ ਗਿਣਤੀ ਘੱਟ ਦਿਖਾਉਣ ਲਈ ਬਹੁਤ ਤਰਕੀਬਾਂ ਵਰਤਦੀਆਂ ਹਨ। ਬਹੁਤੇ ਸੂਬਿਆਂ ਵਿਚ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੇ ਪਰਿਵਾਰਕ ਜੀਆਂ ਦੀਆਂ ਖੁਦਕੁਸ਼ੀਆਂ ਨੂੰ ਇਸ ਗਿਣਤੀ ਵਿਚ ਸ਼ਾਮਲ ਹੀ ਨਹੀਂ ਕੀਤਾ ਜਾਂਦਾ। ਕਈ ਵਾਰ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੀਆਂ ਖੁਦਕੁਸ਼ੀਆਂ ਨੂੰ ਉਨ੍ਹਾਂ ਦੇ ਵਾਰਸ਼ਾਂ ਵੱਲੋਂ ਕਾਨੂੰਨੀ ਅਤੇ ਸਮਾਜਕ ਉਲਝਣਾਂ ਤੋਂ ਬਚਣ ਲਈ ਕੁਦਰਤੀ ਜਾਂ ਹਾਦਸਾ ਮੌਤਾਂ ਵਜੋਂ ਦਰਜ ਕਰਵਾ ਦਿੱਤਾ ਜਾਂਦਾ ਹੈ। ਇਸ ਤੋਂ ਬਿਨਾ ਇਸ ਗਿਣਤੀ ਵਿਚ ਉਹ ਖੁਦਕੁਸ਼ੀਆਂ ਵੀ ਨਹੀਂ ਆਉਂਦੀਆਂ, ਜੋ ਕਿਸਾਨ ਜਾਂ ਖੇਤ ਮਜ਼ਦੂਰ ਜਿੰਦਗੀ ਦੀਆਂ ਔਕੜਾਂ/ਉਲਝਣਾਂ ਨਾ ਝੱਲਦਿਆਂ ਘਰੋਂ ਲਾਪਤਾ ਹੋਣ ਪਿਛੋਂ ਕਰਦੇ ਹਨ ਅਤੇ ਉਨ੍ਹਾਂ ਦੀਆਂ ਲਾਸ਼ਾਂ ਦਾ ਲਾਵਾਰਸ ਆਖ ਕੇ ਸਸਕਾਰ ਕਰ ਦਿੱਤਾ ਜਾਂਦਾ ਹੈ। ਇਸ ਸਬੰਧੀ ਖੇਤੀਬਾੜੀ ਖੇਤਰ ਦੇ ਤੀਜੇ ਵਰਗ ਛੋਟੇ ਪੇਂਡੂ ਕਾਰੀਗਰਾਂ ਦੇ ਅੰਕੜੇ ਜਾਰੀ ਹੀ ਨਹੀਂ ਕੀਤੇ ਜਾਂਦੇ।

ਅੱਜ ਕਲ੍ਹ ਮੁਲਕ ਇੱਕ ਗੰਭੀਰ ਖੇਤੀਬਾੜੀ ਸੰਕਟ ਦਾ ਸਾਹਮਣਾ ਕਰ ਰਿਹਾ ਹੈ। ਇਹ ਸੰਕਟ ਬਹੁ-ਦਿਸ਼ਾਵੀ ਹੈ, ਜਿਸ ਵਿਚ ਕਿਸਾਨਾਂ, ਖੇਤ ਮਜ਼ਦੂਰਾਂ ਅਤੇ ਛੋਟੇ ਪੇਂਡੂ ਕਾਰੀਗਰਾਂ ਦੀਆਂ ਸਮੱਸਿਆਵਾਂ, ਧਰਤੀ ਹੇਠਲੇ ਪਾਣੀ ਦਾ ਪੱਧਰ ਥੱਲੇ ਜਾਣਾ ਅਤੇ ਪੀਣ ਵਾਲੇ ਪਾਣੀ ਦਾ ਪੱਧਰ ਲਗਾਤਾਰ ਡਿੰਗਦਾ ਮਿਆਰ ਅਤੇ ਥੁੜ੍ਹ, ਵਾਤਾਵਰਨ ਦਾ ਗੰਧਲਾ ਹੋਣਾ ਆਦਿ ਪ੍ਰਮੁੱਖ ਹਨ। ਕੁਝ 'ਵਿਦਵਾਨ' ਖੇਤੀਬਾੜੀ ਸੰਕਟ ਨੂੰ ਸਿਰਫ ਕਿਸਾਨਾਂ ਜਾਂ ਕਿਸਾਨਾਂ ਦੀ ਕਿਸੇ ਖਾਸ ਜਾਤ ਦੇ ਸੰਕਟ ਵਜੋਂ ਹੀ ਉਭਾਰਦੇ ਰਹੇ ਹਨ ਜੋ ਠੀਕ ਨਹੀਂ ਹੈ।

ਖੇਤੀਬਾੜੀ ਖੇਤਰ ਨਾਲ ਸਬੰਧਤ ਤਿੰਨ ਵਰਗਾਂ ਵਿਚੋਂ ਜਿਹੜੇ ਦੋ ਵਰਗਾਂ-ਕਿਸਾਨਾਂ ਅਤੇ ਖੇਤ ਮਜ਼ਦੂਰਾਂ ਵਲੋਂ 2016 ਦੌਰਾਨ ਦਰਜ ਹੋਈਆਂ ਖੁਦਕੁਸ਼ੀਆਂ ਦੇ ਅੰਕੜੇ ਕੇਂਦਰੀ ਖੇਤੀਬਾੜੀ ਮੰਤਰੀ ਨੇ ਜਾਰੀ ਕੀਤੇ ਹਨ, ਉਹ ਇਸ ਤੱਥ ਨੂੰ ਸਾਹਮਣੇ ਲਿਆਉਂਦੇ ਹਨ ਕਿ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੀ ਹਾਲਤ ਵਿਚ ਲਗਾਤਾਰ ਨਿਘਾਰ ਆ ਰਿਹਾ ਹੈ। ਇਹ ਵੀ ਸੱਚ ਹੈ ਕਿ ਸੀਮਾਂਤ ਤੇ ਛੋਟੇ ਕਿਸਾਨ ਅਤੇ ਖੇਤ ਮਜ਼ਦੂਰਾਂ ਦੀਆਂ ਖੁਦਕੁਸ਼ੀਆਂ ਦੀ ਗਿਣਤੀ ਲਗਾਤਾਰ ਵਧ ਰਹੀ ਹੈ।

ਇਨ੍ਹਾਂ ਖੁਦਕੁਸ਼ੀਆਂ ਦੇ ਕਾਰਨਾਂ ਵਿਚ ਆਰਥਕ, ਸਮਾਜਕ, ਸਭਿਆਚਾਰਕ ਅਤੇ ਰਾਜਸੀ ਪੱਖਾਂ ਦੇ ਨਾਲ ਨਾਲ 'ਵਿਦਵਾਨਾਂ' ਦੀ ਬੇਈਮਾਨੀ ਪ੍ਰਮੁੱਖ ਹਨ। 1960ਵਿਆਂ ਦੌਰਾਨ ਜਦੋਂ ਮੁਲਕ ਦੀ ਸਰਕਾਰ ਅਨਾਜ ਦੀ ਭਾਰੀ ਥੁੜ੍ਹ ਕਾਰਨ ਬਾਹਰਲੇ ਮੁਲਕਾਂ ਤੋਂ ਅਨਾਜ ਮੰਗਵਾਉਣ ਲਈ ਠੂਠਾ ਫੜ੍ਹਨ ਵਰਗੀ ਨੌਬਤ ਦਾ ਸਾਹਮਣਾ ਕਰ ਰਹੀ ਸੀ ਤਾਂ ਕੇਂਦਰ ਸਰਕਾਰ ਨੇ ਮੁਲਕ ਵਿਚ 'ਖੇਤੀਬਾੜੀ ਦੀ ਨਵੀਂ ਜੁਗਤ' ਅਪਨਾਉਣ ਦਾ



ਫੈਸਲਾ ਲਿਆ ਅਤੇ ਇਹ ਜੁਗਤ ਵੱਧ ਝਾੜ ਦੇਣ ਵਾਲੇ ਬੀਜਾਂ, ਯਕੀਨੀ ਸਿੰਚਾਈ, ਰਸਾਇਣਕ ਖਾਦਾਂ, ਕੀਟਨਾਸ਼ਕਾਂ, ਨਦੀਨਨਾਸ਼ਕਾਂ, ਮਸ਼ੀਨਰੀ ਅਤੇ ਖੇਤੀਬਾੜੀ ਦੇ ਆਧੁਨਿਕ ਢੰਗਾਂ ਦਾ ਇੱਕ ਪੁਲੰਦਾ ਸੀ। ਮੁਲਕ, ਖਾਸ ਕਰਕੇ ਪੰਜਾਬ ਦੇ ਹਿੰਮਤੀ ਕਿਸਾਨਾਂ, ਖੇਤ ਮਜ਼ਦੂਰਾਂ ਅਤੇ ਪੇਂਡੂ ਛੋਟੇ ਕਾਰੀਗਰਾਂ ਦੀ ਹੱਡ-ਭੰਨਵੀਂ ਮਿਹਨਤ ਸਦਕਾ ਅਨਾਜ ਦੀ ਥੁੜ੍ਹ ਉਤੇ ਕਾਬੂ ਪਾਇਆ ਜਾ ਸਕਿਆ ਅਤੇ ਸਰਕਾਰ ਦਾ ਬਾਹਰਲੇ ਮੁਲਕਾਂ ਤੋਂ ਅਨਾਜ ਮੰਗਵਾਉਣ ਤੋਂ ਤਾਂ ਖਹਿੜਾ ਛੁੱਟ ਗਿਆ, ਪਰ ਸਰਕਾਰਾਂ, ਖਾਸ ਕਰਕੇ ਕੇਂਦਰ ਸਰਕਾਰ ਦੀਆਂ ਖੇਤੀਬਾੜੀ ਖੇਤਰ ਸਬੰਧੀ ਨੀਤੀਆਂ ਨੇ ਇਨ੍ਹਾਂ ਵਰਗਾਂ ਦੀ ਆਰਥਕ ਜ਼ਿੰਦਗੀ ਨੂੰ ਬਹੁਤ ਖੋਰਾ ਲਾਇਆ। ਅੱਜ ਮੁਲਕ ਦੀ ਕੁੱਲ ਆਬਾਦੀ ਵਿਚੋਂ 50 ਫੀਸਦ ਦੇ ਕਰੀਬ ਆਪਣੇ ਜੀਵਨ-ਨਿਰਬਾਹ ਲਈ ਖੇਤੀਬਾੜੀ ਖੇਤਰ 'ਤੇ ਨਿਰਭਰ ਹੈ, ਪਰ ਸਰਕਾਰੀ ਅੰਕੜਿਆਂ ਅਨੁਸਾਰ ਉਨ੍ਹਾਂ ਨੂੰ ਰਾਸ਼ਟਰੀ ਆਮਦਨ ਵਿਚੋਂ 14 ਫੀਸਦ ਦੇ ਕਰੀਬ ਦਿੱਤਾ ਜਾ ਰਿਹਾ।

ਜੇ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਤੋਂ ਰਿਟਾਇਰ ਹੋਏ ਪ੍ਰੋਫੈਸਰ ਅਰੁਣ ਕੁਮਾਰ ਦੇ ਕਾਲੇ ਧਨ ਦੇ ਅਧਿਐਨ ਨੂੰ ਵਿਚਾਰਿਆ ਜਾਵੇ ਤਾਂ ਖੇਤੀਬਾੜੀ 'ਤੇ ਆਧਾਰਤ 50 ਫੀਸਦ ਆਬਾਦੀ ਦਾ ਕੌਮੀ ਆਮਦਨ ਵਿਚੋਂ ਹਿੱਸਾ ਸਿਰਫ 8 ਫੀਸਦ ਹੀ ਰਹਿ ਜਾਂਦਾ ਹੈ। ਖੇਤੀਬਾੜੀ ਕਰਨ ਵਾਲਿਆਂ ਕੋਲ ਕਾਲਾ ਧਨ ਤਾਂ ਕਿੱਥੋਂ ਹੋਣਾ ਹੈ, ਉਨ੍ਹਾਂ ਨੂੰ ਤਾਂ ਧਨ ਦੇ ਦਰਸ਼ਨ ਸਾਲ-ਛਿਮਾਹੀ ਹੀ ਹੁੰਦੇ ਹਨ, ਉਹ ਵੀ ਜੇ ਕੁਦਰਤ ਦੀ ਕੋਈ ਮਾਰ ਨਾ ਪਵੇ।

ਬਹੁਤੇ ਸੀਮਾਂਤ ਅਤੇ ਛੋਟੇ ਕਿਸਾਨਾਂ ਕੋਲ ਮੰਡੀ ਵਿਚ ਵੇਚਣ ਲਈ ਅਨਾਜ ਬਹੁਤ ਹੀ ਘੱਟ ਜਾਂ ਬਿਲਕੁਲ ਵੀ ਨਹੀਂ ਹੁੰਦਾ, ਪਰ ਖੇਤ ਮਜ਼ਦੂਰਾਂ ਕੋਲ ਆਪਣੀ ਕਿਰਤ ਵੇਚਣ ਤੋਂ ਬਿਨਾ ਹੋਰ ਕੁਝ ਵੀ ਨਹੀਂ ਹੁੰਦਾ। ਸਰਕਾਰਾਂ ਦੀਆਂ ਖੇਤੀਬਾੜੀ ਨੀਤੀਆਂ ਕਿਸਾਨਾਂ, ਖੇਤ ਮਜ਼ਦੂਰਾਂ ਅਤੇ ਪੇਂਡੂ ਛੋਟੇ ਕਾਰੀਗਰਾਂ ਨੂੰ ਉਜਾੜ ਰਹੀਆਂ ਹਨ। 2011 ਦੀ ਆਬਾਦੀ ਦੇ ਅੰਕੜਿਆਂ ਅਨੁਸਾਰ ਮੁਲਕ ਵਿਚ ਕਿਸਾਨਾਂ ਦੀ ਗਿਣਤੀ ਵਿਚ ਤੇਜ਼ੀ ਨਾਲ ਘਟੀ ਅਤੇ ਖੇਤ ਮਜ਼ਦੂਰਾਂ ਦੀ ਗਿਣਤੀ ਵਧੀ ਹੈ। ਪੰਜਾਬ ਵਿਚ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੀ ਗਿਣਤੀ ਘਟੀ ਹੈ। ਮੁਲਕ ਵਿਚ ਖੇਤ ਮਜ਼ਦੂਰਾਂ ਦੀ ਗਿਣਤੀ ਵਧਣ ਕਾਰਨ ਉਨ੍ਹਾਂ ਦੀ ਸ਼ੁੱਧ ਆਮਦਨ ਘਟੀ ਹੈ। ਪੰਜਾਬ ਵਿਚ ਨਦੀਨਨਾਸ਼ਕਾਂ ਅਤੇ ਮਸ਼ੀਨਰੀ ਦੀ ਵਰਤੋਂ ਕਾਰਨ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਲਈ ਰੁਜ਼ਗਾਰ ਘਟਿਆ ਹੈ।

ਮੁਲਕ ਵਿਚ ਅਪਨਾਈ ਗਈ 'ਨਵੀਂ ਖੇਤੀਬਾੜੀ ਜੁਗਤ' ਦੀ ਰੂਹ ਦੇ ਵਪਾਰਕ ਹੋਣ ਕਾਰਨ ਕਿਸਾਨ ਭਾਈਚਾਰੇ ਵਿਚਕਾਰ ਸਮਾਜਕ ਸਬੰਧ ਲੀਰੋ-ਲੀਰ ਹੋ ਗਏ। ਵੱਖ-ਵੱਖ ਕਾਰਨਾਂ ਕਰਕੇ ਖੇਤੀਬਾੜੀ ਖੇਤਰ ਉਪਰ ਨਿਰਭਰ ਵਰਗਾਂ ਦਾ ਸੰਘਰਸ਼ ਵਾਲਾ ਸੁਭਾਅ ਵੀ ਜਾਂਦਾ ਰਿਹਾ। ਇਸ ਤਰ੍ਹਾਂ ਸਮਾਜਕ-ਸਭਿਆਚਾਰਕ ਪੱਖਾਂ ਦੇ ਕਮਜ਼ੋਰ ਹੋਣ ਨਾਲ ਬਿਗਾਨੇਪਨ ਦੀ ਭਾਵਨਾ ਦਾ ਵਧਣਾ ਅਤੇ ਸੰਘਰਸ਼ਾਂ ਤੋਂ ਭੱਜਣਾ ਵੀ ਕਿਸਾਨਾਂ ਤੇ ਖੇਤ ਮਜ਼ਦੂਰਾਂ ਦੀਆਂ ਖੁਦਕੁਸ਼ੀਆਂ ਲਈ ਜ਼ਿਮੇਵਾਰ ਹੈ।

ਸਿਆਸੀ ਪਾਰਟੀਆਂ ਵਾਅਦੇ ਅਤੇ ਦਾਅਵੇ ਕਰਨ ਤੱਕ ਹੀ ਸੀਮਤ ਹਨ ਤੇ ਸਰਮਾਏਦਾਰ/ਕਾਰਪੋਰੇਟ ਜਗਤ ਦੀ ਸੇਵਾ ਕਰਨ ਤੱਕ। ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੀਆਂ ਬਹੁਤੀਆਂ ਜਥੇਬੰਦੀਆਂ ਇੱਕ ਬੰਦੇ ਦੀ ਚੌਧਰ ਵਾਲੀਆਂ ਹਨ, ਜਿਨ੍ਹਾਂ ਵਿਚੋਂ ਜ਼ਿਆਦਾ ਆਗੂ ਆਪਣੇ ਨਿੰਜੀ ਹਿੱਤਾਂ ਦੀ ਪੂਰਤੀ ਲਈ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੇ ਹਿੱਤਾਂ ਦੀ ਬਲੀ ਦੇਣ ਤੋਂ ਭੋਰਾ ਵੀ ਸੰਕੋਚ ਨਹੀਂ ਕਰਦੇ। ਅਖੌਤੀ ਵਿਦਵਾਨ ਨਿੰਜੀ ਹਿੱਤਾਂ ਖਾਤਰ ਸਰਮਾਏਦਾਰ/ਕਾਰਪੋਰੇਟ ਜਗਤ ਨੂੰ ਰਾਸ ਆਉਂਦੇ ਅੰਕੜੇ ਬਣਾ ਕੇ ਨਤੀਜਾ-ਮੁਖੀ ਅਧਿਐਨ ਕਰਕੇ ਇਹ ਦੱਸਣ ਲਈ ਪੂਰੀ ਵਾਹ ਲਾ ਦਿੰਦੇ ਹਨ ਕਿ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦਾ ਉਜੜਨਾ ਉਨ੍ਹਾਂ ਦੇ ਆਪਣੇ ਹੀ ਹੱਕ ਵਿਚ ਹੈ।

ਹੁਣ ਸਰਕਾਰ ਅਤੇ ਸਮਾਜ ਦੇ ਜਾਗਣ ਦਾ ਵੇਲਾ ਆ ਗਿਆ ਹੈ ਕਿ ਮਿੱਟੀ ਵਿਚ ਮਿੱਟੀ ਹੋ ਕੇ ਮੁਲਕ ਦੀ ਪੂਰੀ ਆਬਾਦੀ ਲਈ ਖੇਤੀਬਾੜੀ ਜਿਣਸਾਂ ਪੈਦਾ ਕਰਨ ਵਾਲੇ ਵਰਗਾਂ ਦਾ ਆਮਦਨ ਪੱਧਰ ਇੰਨਾ ਯਕੀਨੀ ਬਣਾਇਆ ਜਾਵੇ ਕਿ ਉਹ ਘੱਟੋ-ਘੱਟ ਜ਼ਿੰਦਗੀ ਦੀਆਂ ਮੁੱਢਲੀਆਂ ਲੋੜਾਂ ਨੂੰ ਸਤਿਕਾਰਤ ਢੰਗ ਨਾਲ ਪੂਰੀਆਂ ਕਰ ਸਕਣ ਅਤੇ ਖੁਦਕੁਸ਼ੀਆਂ ਨਾ ਕਰਨ।

---

*ਸਾਬਕਾ ਪ੍ਰੋਫੈਸਰ
ਅਰਥ-ਵਿਗਿਆਨ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ।

# ਪੰਜਾਬਣਾਂ ਦਾ ਪਰੰਪਰਾਗਤ ਤਿਉਹਾਰ-ਤੀਆਂ

**ਦਿਨ ਦਿਹਾਰ**

ਮੇਲੇ ਅਤੇ ਪੁਰਬ ਭਾਰਤੀ ਜਨਜੀਵਨ ਵਿਚ ਨਿੱਤ ਨਵਾਂ ਰੰਗ ਭਰਦੇ ਹਨ ਤੇ ਸਾਡੇ ਸਭਿਆਚਾਰ ਦਾ ਦਰਪਣ ਹਨ। ਉਤਰੀ ਭਾਰਤ ਦੇ ਵਸਨੀਕਾਂ ਖਾਸ ਕਰਕੇ ਪੰਜਾਬੀਆਂ ਲਈ ਸਾਉਣ ਮਹੀਨੇ ਦੀ ਵਿਸ਼ੇਸ਼ ਮਹੱਤਤਾ ਹੈ। ਜੇਠ-ਹਾੜ੍ਹ ਦੀ ਅਤਿ ਦੀ ਗਰਮੀ ਅਤੇ ਲੂੰਹਦੀਆਂ ਲੋਆਂ ਮਗਰੋਂ ਚੱਲਦੀਆਂ ਸਾਉਣ ਮਹੀਨੇ ਦੀਆਂ ਠੰਢੀਆਂ ਠਾਰ ਅਤੇ ਮਹਿਕਦੀਆਂ ਹਵਾਵਾਂ ਸਾਰੇ ਵਾਤਾਵਰਣ ਨੂੰ ਰੁਮਾਂਚਕ ਬਣਾ ਦਿੰਦੀਆਂ ਹਨ। ਨਿੱਕੀ-ਨਿੱਕੀ ਕਣੀ ਦਾ ਮੀਂਹ, ਸਾਉਣ ਦੇ ਛਰਾਟੇ ਅਤੇ ਸਾਉਣ ਦੀਆਂ ਝੜੀਆਂ ਪੰਜਾਬ ਦੇ ਸਭਿਆਚਾਰਕ ਜੀਵਨ ਵਿਚ

ਸੁਖਦੇਵ ਮਾਦਪੁਰੀ
ਫੋਨ: 91-94630-34472

ਅਨੂਠਾ ਰੰਗ ਭਰਦੇ ਹਨ। ਸਾਰਾ ਵਾਤਾਵਰਣ ਨਸ਼ਿਆ ਜਾਂਦਾ ਹੈ। ਇਸ ਰੁਮਾਂਚਕ ਵਾਤਾਵਰਣ ਵਿਚ ਪੰਜਾਬਣਾਂ ਦਾ ਹਰਮਨ ਪਿਆਰਾ ਤਿਉਹਾਰ 'ਤੀਆਂ' ਆਉਂਦਾ ਹੈ। ਇਸ ਤਿਉਹਾਰ ਨੂੰ ਸਾਰੇ ਧਰਮਾਂ ਅਤੇ ਜਾਤਾਂ ਦੀਆਂ ਮੁਟਿਆਰਾਂ ਬੜੇ ਹੀ ਚਾਅ ਨਾਲ ਮਨਾਉਂਦੀਆਂ ਹਨ।

ਤੀਆਂ ਦਾ ਤਿਉਹਾਰ, ਜਿਸ ਨੂੰ ਤੀਜ ਅਤੇ ਸਾਵੇਂ ਵੀ ਆਖਦੇ ਹਨ, ਸਾਉਣ ਸੁਦੀ ਤਿੰਨ ਤੋਂ ਅਰੰਭ ਹੋ ਜਾਂਦਾ ਹੈ। ਇਸ ਤਿਉਹਾਰ ਦੇ ਤੀਜ ਤਿਥੀ ਨੂੰ ਅਰੰਭ ਹੋਣ ਕਰਕੇ ਹੀ ਇਸ ਦਾ ਨਾਂ ਤੀਆਂ ਅਥਵਾ ਤੀਜ ਪਿਆ ਹੈ। ਇਹ ਤਿਉਹਾਰ 7, 9 ਜਾਂ 11 ਦਿਨ ਕੁੜੀਆਂ ਦੀ ਮਰਜ਼ੀ ਅਨੁਸਾਰ ਮਨਾਇਆ ਜਾਂਦਾ ਹੈ। ਪੰਜਾਬ ਦੀਆਂ ਮੁਟਿਆਰਾਂ ਇਸ ਤਿਉਹਾਰ ਨੂੰ ਬੜੇ ਚਾਵਾਂ ਨਾਲ ਉਡੀਕਦੀਆਂ ਹਨ। ਵਿਆਹੀਆਂ ਮੁਟਿਆਰਾਂ ਆਪਣੇ ਪੇਕੀਂ ਆ ਕੇ ਇਹ ਤਿਉਹਾਰ ਮਨਾਉਂਦੀਆਂ ਹਨ।

ਮਹਿੰਦੀ ਤਾਂ ਪਾ ਦੇ ਮਾਏ ਸੁੱਕਣੀ
ਮਾਏ ਮੇਰੀਏ,
ਮਹਿੰਦੀ ਦਾ ਰੰਗ ਨੀ ਉਦਾਸ
ਸਾਵਣ ਆਇਆ।
ਨੂੰਹਾਂ ਨੂੰ ਭੇਜੀਂ ਮਾਏ ਪੇਕੜੇ
ਮਾਏ ਮੇਰੀਏ ਨੀ,
ਧੀਆਂ ਨੂੰ ਲਈਂ ਨੀ ਮੰਗਾ ਸਾਵਣ ਆਇਆ।

ਪਿੰਡੋਂ ਬਾਹਰ ਪਿੱਪਲਾਂ, ਬਰੋਟਿਆਂ 'ਤੇ ਕੁੜੀਆਂ ਪੀਂਘਾਂ ਝੂਟਦੀਆਂ ਹਨ, ਨਾਲੇ ਗਿੱਧਾ ਪਾਉਂਦੀਆਂ ਹਨ। ਕੁਆਰੀਆਂ, ਵਿਆਹੀਆਂ ਅਤੇ ਪਿੰਡ ਦੀਆਂ ਪੇਕੀਂ ਨਾ ਗਈਆਂ ਮੁਟਿਆਰਾਂ ਵੀ ਇਸ 'ਚ ਸ਼ਾਮਲ ਹੁੰਦੀਆਂ ਹਨ। ਸਾਰੀਆਂ ਕੁੜੀਆਂ ਨਵੇਂ ਵਸਤਰ ਪਾ ਕੇ, ਰੰਗ-ਬਿਰੰਗੀਆਂ ਚੂੜੀਆਂ ਚੜ੍ਹਾ, ਹੱਥਾਂ ਨੂੰ ਮਹਿੰਦੀ ਲਾ, ਗਹਿਣੇ ਗੱਟਿਆਂ ਨਾਲ ਸਜੀਆਂ ਤੀਆਂ ਖੇਡਣ ਜਾਂਦੀਆਂ ਹਨ:

ਰਲ ਆਓ ਸਈਓ ਨੀ,
ਸੱਭੇ ਤੀਆਂ ਖੇਡਣ ਜਾਈਏ,
ਹੁਣ ਆ ਗਿਆ ਸਾਵਣ ਨੀ,
ਪੀਂਘਾਂ ਪਿੱਪਲੀਂ ਜਾ ਕੇ ਪਾਈਏ।
ਪਈ ਕੂ ਕੂ ਕਰਦੀ ਨੀ ਸਈਓ,
ਕੋਇਲ ਹੰਝੂ ਡੋਲ੍ਹੇ,
ਪਪੀਹਾ ਵੇਖੋ ਨੀ ਭੈੜਾ, ਪੀਆ ਪੀਆ ਬੋਲੇ।
ਲੈ ਪੈਲਾਂ ਪਾਂਦੇ ਨੀ,
ਬਾਗੀਂ ਮੋਰਾਂ ਸ਼ੋਰ ਮਚਾਇਆ,
ਨੀ ਖਿੜ ਖਿੜ ਫੁੱਲਾਂ ਨੇ,
ਸਾਨੂੰ ਮਾਹੀਆ ਯਾਦ ਕਰਾਇਆ।
ਮੈਂ ਅੱਥਰੂ ਡੋਲ੍ਹਾਂ ਨੀ,
ਕੋਈ ਸਾਰ ਨਾ ਲੈਂਦਾ ਮੇਰੀ,
ਰਲ ਆਓ ਸਈਓ ਨੀ,
ਸੱਭੇ ਤੀਆਂ ਖੇਡਣ ਜਾਈਏ।

ਜਿਹੜੀਆਂ ਵਿਆਹੀਆਂ ਮੁਟਿਆਰਾਂ ਤੀਆਂ ਦੇ ਦਿਨੀਂ ਪੇਕੀਂ ਨਹੀਂ ਜਾ ਸਕਦੀਆਂ, ਉਨ੍ਹਾਂ ਲਈ ਮਾਪੇ ਤੀਆਂ ਦਾ ਸੰਧਾਰਾ ਭੇਜਦੇ ਹਨ:

ਭੇਜੀਂ ਨੀ ਮਾਏ ਮੈਨੂੰ ਮਿੱਠਾ ਸੰਧਾਰਾ
ਛੋਲਿਆਂ ਦੀ ਰੋਟੀ ਵਿਚ ਲੂਣ ਕਰਾਰਾ।
ਮੇਰੇ ਵੀਰ ਨੇ ਸੰਧਾਰੇ ਵਿਚ ਭੇਜੀ
ਕੱਤਣੀ ਚਾਂਦੀ ਦੀ।


ਤੀਆਂ ਦੇ ਸੰਧਾਰੇ 'ਚ ਸੂਟ ਤੇ ਕੁਝ ਮਿਠਾਈ ਹੁੰਦੀ ਹੈ। ਯੂ. ਪੀ. ਵਿਚ ਇਸ ਤਿਉਹਾਰ 'ਤੇ ਸਹੁਰੇ ਪੇਕੀਂ ਗਈ ਨੂੰਹ ਨੂੰ ਸੂਟ, ਚੂੜੀਆਂ, ਮਹਿੰਦੀ ਤੇ ਪਾਕ ਪਕਵਾਨ ਭੇਜਦੇ ਹਨ, ਜਿਵੇਂ ਪੰਜਾਬ ਵਿਚ ਕਰੂਏ ਦੇ ਵਰਤਾਂ ਨੂੰ ਸਰਘੀ ਭੇਜਣ ਦਾ ਰਿਵਾਜ ਹੈ। ਤੀਆਂ ਦੇ ਸੰਧਾਰੇ ਦਾ ਕੁੜੀਆਂ ਨੂੰ ਕਿੰਨਾ ਚਾਅ ਹੁੰਦਾ ਹੈ, ਇਸ ਦੀ ਵਿਆਖਿਆ ਇਕ ਲੋਕ ਗੀਤ ਵਿਚ ਇਸ ਤਰ੍ਹਾਂ ਕੀਤੀ ਗਈ ਹੈ:

ਭੇਜੀਂ ਨੀ ਅੰਮਾ ਰਾਣੀ ਸੂਹੜੇ,
ਸੂਹਿਆਂ ਦੇ ਦਿਨ ਚਾਰ, ਸਾਵਣ ਆਇਆ।
ਕਿੱਕੂੰ ਨੀ ਭੇਜਾਂ ਸੂਹੜੇ
ਪਿਓ ਤੇਰਾ ਪਰਦੇਸ, ਸਾਵਣ ਆਇਆ।
ਲਿਖ ਲਿਖ ਭੇਜਾਂ ਬਾਬਲ ਚੀਰੀਆਂ
ਤੂੰ ਪਰਦੇਸਾਂ ਤੋਂ ਆ, ਸਾਵਣ ਆਇਆ।

ਕਿੱਕੂੰ ਨੀ ਆਵਾਂ ਜਾਈਏ ਮੇਰੀਏ
ਨਦੀਆਂ ਨੇ ਲਿਆ ਨੀ ਉਛਾਲ, ਸਾਵਣ ਆਇਆ।
ਪਾਵੇ ਵੇ ਮਲਾਹੋ ਬੇੜੀਆਂ
ਮੇਰਾ ਬਾਬਲ ਪਾਰ ਲੰਘਾਓ, ਸਾਵਣ ਆਇਆ।
ਹੱਥ ਦੀ ਵੇ ਦੇਵਾਂ ਤੁਹਾਨੂੰ ਮੁੰਦਰੀ
ਗਲ ਦਾ ਨੌ-ਲੱਖਾ ਹਾਰ, ਸਾਵਣ ਆਇਆ।

ਤੀਆਂ ਦੇ ਦਿਨਾਂ ਵਿਚ ਪੰਜਾਬੀ ਮੁਟਿਆਰਾਂ ਰੋਜ ਪਿੰਡੋਂ ਬਾਹਰ ਬਰੋਟਿਆਂ ਟਾਹਲੀਆਂ ਦੇ ਦਰੱਖਤਾਂ ਨਾਲ ਪੀਂਘਾਂ ਪਾ ਕੇ ਪੀਂਘਾਂ ਝੂਟਦੀਆਂ ਹਨ, ਨਾਲ ਗਿੱਧਾ ਪਾਉਂਦੀਆਂ ਹਨ ਤੇ ਗੋਰੇ-ਗੋਰੇ ਹੱਥਾਂ 'ਤੇ ਮਹਿੰਦੀ ਲਾਉਂਦੀਆਂ ਹਨ। ਗੋਰੀਆਂ ਬਾਹਾਂ ਰਾਂਗਲੀਆਂ ਵੰਗਾਂ ਨਾਲ ਸਜਾਉਂਦੀਆਂ ਹਨ। ਰੰਗ-ਬਿਰੰਗੀਆਂ ਪੁਸ਼ਾਕਾਂ ਪਹਿਨੀ ਪੀਂਘਾਂ ਝੂਟਦੀਆਂ ਮੁਟਿਆਰਾਂ ਇਕ ਮਨਮੋਹਕ ਨਜ਼ਾਰਾ ਪੇਸ਼ ਕਰਦੀਆਂ ਹਨ:

ਆਇਆ ਸਾਵਣ ਦਿਲ ਪਰਚਾਵਣ
ਝੜੀ ਲੱਗ ਗਈ ਭਾਰੀ
ਝੂਟੇ ਲੈਂਦੀ ਮਰੀਆਂ ਭਿੱਜ ਗਈ
ਨਾਲੇ ਰਾਮ ਪਿਆਰੀ
ਕੁੜਤੀ ਹਰੋ ਦੀ ਭਿੱਜੀ ਵਰੀ ਦੀ
ਕਿਸ਼ਨੋ ਦੀ ਫੁਲਕਾਰੀ
ਹਰਨਾਮੀ ਦੀ ਸੁੱਥਣ ਭਿੱਜਗੀ
ਬਹੁਤੇ ਗੋਟੇ ਵਾਲੀ
ਜੰਨਤ ਦੀਆਂ ਭਿੱਜੀਆਂ ਮੇਢੀਆਂ
ਗਿਣਤੀ 'ਚ ਪੂਰੀਆਂ ਚਾਲੀ
ਪੀਂਘ ਝੂਟਦੀ ਸੱਸੀ ਡਿੱਗ ਪਈ
ਨਾਲੇ ਨੂਰੀ ਨਾਭੇ ਵਾਲੀ
ਸ਼ਾਮੋ ਕੁੜੀ ਦੀ ਝਾਂਜਰ ਗੁਆਚ ਗਈ
ਆ ਰੱਖੀ ਨੇ ਭਾਲੀ
ਭਿੱਜ ਗਈ ਲਾਜੋ ਵੇ
ਬਹੁਤੇ ਹਿਰਖਾਂ ਆਲੀ।



ਇਨ੍ਹੀਂ ਦਿਨੀਂ ਕਈ ਮੁਟਿਆਰਾਂ ਪੀਂਘਾਂ ਝੂਟਦੀਆਂ ਲੱਤਾਂ ਬਾਹਾਂ ਵੀ ਤੁੜਵਾ ਲੈਂਦੀਆਂ ਹਨ:

ਅੱਗੇ ਤਾਂ ਗੁੜ ਵਿਕੇ ਧੜੀਏਂ
ਹੁਣ ਕਿਉਂ ਦੇਣ ਘਟਾ ਕੇ
ਹੱਟੀਆਂ ਵਾਲੇ ਐਂ ਲੁੱਟ ਲੈਂਦੇ
ਦਿਨ ਤੀਆਂ ਦੇ ਆ ਗੇ
ਜਾਹ ਨੀ ਕੁੜੀਏ ਪੱਤਾ ਤੋੜ ਲਿਆ
ਹੱਥ ਨਾ ਪੱਤੇ ਨੂੰ ਜਾਵੇ
ਮਾਰ ਨਾ ਪੱਤੇ ਨੂੰ ਜਾਵੇ
ਮਾਰ ਟਪੂਸੀ ਪੱਤਾ ਤੋੜ ਲਿਆ
ਬਹਿ'ਗੀ ਟੰਗ ਤੁੜਾ ਕੇ
ਇਕਨਾਂ ਦੇ ਮਨ ਖੁਸ਼ੀਆਂ ਵੀਰਨੋ
ਇਕ ਬੈਠ'ਗੇ ਢੇਰੀਆਂ ਢਾ ਕੇ
ਬਾਗ ਦਾ ਗੁੱਲ ਬਣ'ਗੀ
ਮਹਿੰਦੀ ਹੱਥਾਂ ਨੂੰ ਲਾ ਕੇ।

ਗਿੱਧਾ ਪੰਜਾਬਣਾਂ ਦੇ ਰੋਮ-ਰੋਮ ਵਿਚ ਸਮਾਇਆ ਹੋਇਆ ਹੈ। ਤੀਆਂ ਦਾ ਗਿੱਧਾ ਇਕ ਅਜਿਹਾ ਪਿੜ ਹੈ, ਜਿੱਥੇ ਮੁਟਿਆਰਾਂ ਦਿਲ ਦੇ ਗੁੱਭ-ਗੁਭਾਟ ਕੱਢਦੀਆਂ ਹਨ। ਫੜ੍ਹਾ ਪਾਉਣ ਸਮੇਂ ਉਹ ਭਿੰਨ-ਭਿੰਨ ਸਾਂਗ ਕੱਢਦੀਆਂ ਸਮਾਂ ਬੰਨ ਦਿੰਦੀਆਂ ਹਨ। ਸੱਸ, ਜੇਠ, ਜਠਾਣੀ, ਦਿਓਰ, ਅਨਜੋੜ ਪਤੀ, ਪਰਦੇਸੀ ਢੋਲਾ, ਵੀਰ ਅਤੇ ਦਿਲ ਦੇ ਮਹਿਰਮ ਬਾਰੇ ਅਨੇਕਾਂ ਗੀਤ ਗਾਏ ਜਾਂਦੇ ਹਨ ਅਤੇ ਬਿਦ-ਬਿਦ ਕੇ ਬੋਲੀਆਂ ਪਾਈਆਂ ਜਾਂਦੀਆਂ ਹਨ। ਮਹਿੰਦੀ ਰੰਗੇ ਹੱਥ ਹਰਕਤ ਵਿਚ ਆਉਂਦੇ ਹਨ, ਗਿੱਧਾ ਮਘ ਪੈਂਦਾ ਹੈ। ਸੱਸਾਂ ਬਾਰੇ ਅਨੇਕਾਂ ਬੋਲੀਆਂ ਹਨ:

ਆਪ ਸੱਸ ਮੰਗ ਜੇ ਲੇਟਦੀ
ਸਾਨੂੰ ਮਾਰਦੀ ਚੱਕੀ ਵੱਲ ਸੈਨਤਾਂ
ਮੇਰੀ ਸੱਸ ਨੇ ਮੱਕੀ ਦਾ ਟੁਕ ਮਾਰਿਆ
ਡੋਲੇ ਕੋਲੋਂ ਬਾਂਹ ਟੁੱਟ'ਗੀ
ਮਾਪਿਆਂ ਨੇ ਰੱਖੀ ਲਾਡਲੀ
ਅੱਗੋਂ ਸੱਸ ਬਘਿਆੜੀ ਟੱਕਰੀ
ਨਿੰਮ ਦਾ ਕਰਾ ਦੇ ਘੋਟਣਾ
ਸੱਸੀ ਕੁੱਟਣੀ ਸੰਦੂਕਾਂ ਓਹਲੇ।

ਕੋਈ ਜੇਠ ਤੋਂ ਸਤੀ ਹੋਈ ਆਪਣਾ ਗੁੱਭ-ਗੁਭਾਟ ਕੱਢਦੀ ਹੈ:

ਅਸੀਂ ਜੇਠ ਨੂੰ ਲੱਸੀ ਨੀ ਦੇਣੀ
ਦਿਓਰ ਭਾਵੇਂ ਦੁੱਧ ਪੀ ਲਵੇ।
ਰਾਂਝਾ ਰੁਲਦੂ ਬੱਕਰੀਆਂ ਚਾਰੇ
ਘਰ ਮੇਰੇ ਜੇਠ ਦੀ ਪੁੱਗੇ।
ਪੌੜੀ ਵਿਚ ਅੱਧ ਮੇਰਾ
ਅਸੀਂ ਜੇਠ ਚੜ੍ਹਨ ਨੀ ਦੇਣਾ।

ਵੀਰ ਪਿਆਰ ਦੀ ਭਾਵਨਾ ਵਾਲੀਆਂ ਬੋਲੀਆਂ ਵੀ ਗਿੱਧੇ ਦਾ ਸ਼ਿੰਗਾਰ ਬਣਦੀਆਂ ਹਨ:

ਇਕ ਵੀਰ ਦਈਂ ਵੇ ਰੱਬਾ
ਸੌਂਹ ਖਾਣ ਨੂੰ ਬੜਾ ਚਿੱਤ ਕਰਦਾ।
ਜਿੱਥੋਂ ਮੇਰਾ ਵੀਰ ਲੰਘਿਆ
ਕੌੜੀ ਨਿੰਮ ਨੂੰ ਪਤਾਸੇ ਲੱਗਦੇ।

ਵੀਰਾ ਵੇ ਬੁਲਾ ਸੋਹਣਿਆ
ਤੈਨੂੰ ਦੇਖ ਕੇ ਭੁੱਖੀ ਰੱਜ ਜਾਵਾਂ।
ਚੰਦ ਚੜ੍ਹਿਆ ਬਾਪ ਦੇ ਵਿਹੜੇ
ਵੀਰ ਘਰ ਪੁੱਤ ਜੰਮਿਆ।

ਬਾਪੂ ਤੇਰੇ ਮੰਦਿਰਾਂ 'ਚੋਂ
ਸਾਨੂੰ ਮੁਸ਼ਕ ਚੰਦਨ ਦਾ ਆਵੇ।

ਤੀਆਂ ਦੇ ਪਿੜ ਵਿਚ ਕੋਈ ਬੰਦਿਸ਼ ਨਹੀਂ, ਕੋਈ ਰੋਕ-ਟੋਕ ਨਹੀਂ, ਨਾ ਸੱਸ ਦਾ ਡਰ ਨਾ ਬਾਪੂ ਤੇ ਵੀਰ ਦੀ ਘੂਰਕੀ ਦਾ ਭੈਅ। ਮਨ ਦੇ ਗੁਭ ਗੁਭਾਟ ਕੱਢ ਕੇ ਹੌਲੀਆਂ ਫੁੱਲ ਹੋ ਜਾਂਦੀਆਂ ਹਨ ਤੇ ਸਾਉਣ ਦੇ ਖਤਮ ਹੁੰਦੇ ਸਾਰ ਹੀ ਤੀਆਂ ਦਾ ਤਿਉਹਾਰ ਖਤਮ ਹੋ ਜਾਂਦਾ ਹੈ। ਭਾਦੋਂ ਚੜ੍ਹ ਜਾਂਦੀ ਹੈ। ਵਿਆਹੀਆਂ ਸਹੁਰੇ ਤੁਰ ਜਾਂਦੀਆਂ ਹਨ:

ਭਾਦੋਂ ਕੜਕ ਚੜ੍ਹੀ
ਕੁੜੀਆਂ ਦੇ ਪੈਣ ਵਿਛੋੜੇ।

ਸਾਉਣ ਕੁੜੀਆਂ ਦਾ ਮੇਲ ਕਰਾਉਂਦਾ ਹੈ। ਇਸ ਲਈ ਉਹ ਉਸ ਨੂੰ ਆਪਣੇ ਵੀਰਾਂ ਜਿਹਾ ਸਨਮਾਨ ਦਿੰਦੀਆਂ ਹਨ:

ਸਾਉਣ ਵੀਰ ਕੱਠੀਆਂ ਕਰੇ
ਭਾਦੋਂ ਚੰਦਰੀ ਵਿਛੋੜੇ ਪਾਵੇ।

ਮਸ਼ੀਨੀ ਸਭਿਅਤਾ ਦੇ ਪ੍ਰਭਾਵ ਕਾਰਨ ਸਾਡੇ ਲੋਕ ਜੀਵਨ ਵਿਚ ਬਹੁਤ ਤਬਦੀਲੀਆਂ ਆ ਗਈਆਂ ਹਨ। ਪਹਿਲੇ ਸ਼ੌਕ ਰਹੇ ਨਹੀਂ, ਨਾ ਹੀ ਵਿਹਲ ਹੈ। ਤੀਆਂ ਦਾ ਤਿਉਹਾਰ ਵੀ ਹੁਣ ਪਹਿਲਾਂ ਵਾਲੇ ਸ਼ੌਕ ਅਤੇ ਉਤਸ਼ਾਹ ਨਾਲ ਨਹੀਂ ਮਨਾਇਆ ਜਾਂਦਾ। ਸਾਉਣ ਮਹੀਨੇ ਵਿਚ ਪੱਕਦੇ ਮਾਹਲ ਪੂੜੇ ਅਤੇ ਰਿੱਝਦੀਆਂ ਖੀਰਾਂ ਬੀਤੇ ਦੀਆਂ ਯਾਦਾਂ ਬਣ ਕੇ ਰਹਿ ਗਈਆਂ ਹਨ। ਸਾਡੇ ਤਿਉਹਾਰ ਪੰਜਾਬੀ ਸਭਿਆਚਾਰ ਦਾ ਵਡਮੁੱਲਾ ਅੰਗ ਹਨ। ਇਨ੍ਹਾਂ ਨੂੰ ਮੁੜ ਸੁਰਜੀਤ ਕਰਨ ਦੀ ਲੋੜ ਹੈ।

## ਤੀਆਂ

ਸਾਉਣ ਮਹੀਨਾ ਦਿਨ ਤੀਆਂ ਦੇ
ਕੁੜੀਆਂ ਨੂੰ ਚੜ੍ਹ ਜਾਂਦਾ ਚਾਅ।
ਘਟਾਵਾਂ ਕਾਲੀਆਂ ਚੜ੍ਹ ਚੜ੍ਹ ਆਵਣ
ਕਿਣ ਮਿਣ, ਕਿਣ ਮਿਣ ਠੰਡੀ ਵਾ।
ਮੋਰ ਕਲਹਿਰੀ ਪੈਲਾਂ ਪਾਵਣ
ਰੰਗ ਬਿਰੰਗੇ ਖੰਭ ਫੈਲਾਅ।
ਖੀਰ ਤੇ ਪੂੜੇ ਪੱਕਣ ਲੱਗਦੇ
ਮਹਿਕ ਫੈਲਦੀ ਵਿਚ ਹਵਾ।
ਦੂਰੋਂ ਆ ਸਹੇਲੀਆਂ ਜੁੜੀਆਂ
ਪਿੱਪਲੀਂ ਲਈਆਂ ਪੀਂਘਾਂ ਪਾ।
ਪਹਿਨ ਪਚਰ ਕੇ 'ਕੱਠੀਆਂ ਹੋਈਆਂ
ਵੀਣੀਆਂ ਵੰਗਾਂ ਨਾਲ ਸਜਾ।
ਬੰਨ ਟੋਲੀਆਂ ਕਰਨ ਵਿਚਾਰਾਂ
ਦੁੱਖ ਸੁੱਖ ਸਾਰਾ ਲੈਣ ਵਟਾ।
ਇੱਕ ਦੂਜੀ ਨੂੰ ਦੇ ਕੇ ਝੂਟਾ
ਉਚੀਆਂ ਪੀਂਘਾਂ ਲੈਣ ਚੜ੍ਹਾ।
ਸੱਸ ਦਾ ਚੂੰਡਾ ਤੋੜ ਲਵੇ ਜੋ
ਹੁੰਦੀ ਉਸ ਦੀ ਵਾਹ ਬਈ ਵਾਹ।
ਬੰਨ ਕੇ ਦਾਇਰਾ ਪਾਵਣ ਗਿੱਧਾ
ਦੇਵਣ ਧਰਤ ਹਿਲਾ।
ਇੱਕ ਰੱਖੇ ਇੱਕ ਚੁੱਕੇ ਬੋਲੀ
ਲੈਵਣ ਨਾ ਇਹ ਮੂਲੋਂ ਸਾਹ।
ਨੱਚਣ ਟੱਪਣ ਖਿੜ ਖਿੜ ਹੱਸਣ
ਮਨ ਦੀ ਮਰਜ਼ੀ ਲੈਣ ਪੁਗਾ।
ਥੱਕ ਹਾਰ ਜਦ ਮੁੜਨ ਘਰਾਂ ਨੂੰ
ਯਾਦਾਂ ਲੈਣ ਪਟਾਰੀ ਪਾ।
ਅਗਲੇ ਵਰ੍ਹੇ ਦੇ ਲੈ ਕੇ ਵਾਅਦੇ
ਭਰੇ ਮਨਾਂ ਨਾਲ ਹੋਣ ਵਿਦਾ।

*-ਜਗਮੀਤ ਸਿੰਘ ਪੰਧੇਰ*
*ਪਿੰਡ ਕਲਾਹੜ (ਲੁਧਿਆਣਾ)*
*ਫੋਨ: 91-98783-37222*

---

## ਸਾਉਣ ਮਹੀਨਾ

ਚਾਰ ਚੁਫੇਰਿਓਂ ਨੀਲ ਗਗਨ 'ਤੇ
ਬੱਦਲ ਦੌੜੇ ਆਵਣ।
ਘੋਰ ਘਟਾਵਾਂ ਦਾਮਨਿ ਚਮਕੇ
ਖੁਲ੍ਹ ਕੇ ਵੱਸਦਾ ਸਾਵਣ।
ਸਖੀਓ ਗਿੱਧਾ ਪਾ ਲਈਏ
ਗੀਤ ਵੀਰਾਂ ਦੇ ਗਾ ਲਈਏ।

ਹਰੇ ਹਰੇ ਪਿੱਪਲਾਂ ਦੇ ਉਤੇ
ਕੁੜੀਆਂ ਪੀਂਘਾਂ ਪਾਈਆਂ।
ਅੰਬਰ ਦੇ ਵੱਲ ਉਡੀਆਂ ਜਾਵਣ
ਮਾਂ ਧਰਤੀ ਦੀਆਂ ਜਾਈਆਂ।
ਜ਼ਿਦ ਜ਼ਿਦ ਪੀਂਘ ਚੜ੍ਹਾਉਂਦੀਆਂ ਨੇ
ਬਾਹੀਂ ਚੂੜੇ ਛਣਕਾਉਂਦੀਆਂ ਨੇ।

ਕਾਲੀ ਘਟਾ ਚੜ੍ਹੀ ਵੇਖ ਕੇ
ਮੋਰ ਵੀ ਪੈਲਾਂ ਪਾਵਣ।
ਪੀਓ ਪੀਓ ਪੀਓ ਕਰਨ ਪਪੀਹੇ
ਪੀਆ ਤਾਈਂ ਬੁਲਾਵਣ।
ਹਰ ਪਾਸੇ ਹਰਿਆਲੀ ਏ
ਝੂੰਮਦੀ ਡਾਲੀ ਡਾਲੀ ਏ।

ਸਾਉਣ ਵਸੇਂਦਾ ਵੇਖ ਕੋਇਲ
ਜਦ ਸੁਰ ਬ੍ਰਿਹਾ ਦੀ ਲਾਈ।
ਰਾਹੀਆਂ ਨੂੰ ਰਾਹ ਭੁਲ ਗਏ
ਤੁਰਨਾ ਭੁਲ ਗਈ ਏ ਪੁਰਵਾਈ।
ਡੱਡੂਆਂ ਰਿਦਮ ਵਜਾਏ ਨੇ
ਬੀਂਡਿਆਂ ਗੀਤ ਸੁਣਾਏ ਨੇ।

ਚੀਚ ਵਹੁਟੀਆਂ ਰੰਗ ਬਰੰਗੇ
ਕੱਪੜੇ ਪਾ ਕੇ ਆਈਆਂ।
ਤਿਤਲੀਆਂ ਨੇ ਵੀ ਖੰਭ ਫੈਲਾ ਕੇ
ਖੂਬ ਕਿੱਕਲੀਆਂ ਪਾਈਆਂ।
ਹਰ ਚਿਹਰਾ ਪਿਆ ਹੱਸਦਾ ਏ
ਸਾਵਣ ਛਮ ਛਮ ਵੱਸਦਾ ਏ।

ਹਰੀਆਂ ਭਰੀਆਂ ਫਸਲਾਂ ਤੱਕ ਕੇ
ਕੁਦਰਤ ਵੀ ਹਰਸ਼ਾਈ।
ਇੰਜ ਸੁਰਜੀਤ ਵਰਸਿਆ ਸਾਵਣ
ਧਰਤ ਗਈ ਨਸ਼ਿਆਈ।
ਜਗ ਦੀ ਤਪਸ਼ ਮਿਟਾਈ ਏ
ਸਾਉਣ ਨੇ ਛਹਿਬਰ ਲਾਈ ਏ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*

## ਇਸ ਰੁੱਤੇ

ਇਸ ਵਾਰੀ ਜਦ ਕਿਣ ਮਿਣ ਹੋਈ
ਤੂੰ ਘਰ ਨਹੀਂ ਆਇਆ।
ਇਸ ਵਾਰ ਜਦ ਫੁੱਲ ਖਿੜੇ
ਤੇਰਾ ਮੁਖੜਾ ਦਿਸ ਨਾ ਪਾਇਆ।
ਤੱਕ ਕੇ ਮੈਨੂੰ ਇੱਕਲ-ਮੁਕੱਲੀ
ਬਾਗ ਸਾਰਾ ਕੁਮਲਾਇਆ।

ਉਡਦੇ ਕਾਂ ਨੂੰ 'ਵਾਜ ਨਹੀਂ ਮਾਰੀ
ਨਾ ਚੂਰੀ ਲਈ ਬੁਲਾਇਆ।
ਤੱਕ ਚਿੜੀਆਂ ਨੂੰ ਚੂੰ ਚੂੰ ਕਰਦੇ
ਤਾੜੀ ਮਾਰ ਉਡਾਇਆ।
ਵਾਟਾਂ ਲਾ ਕੇ, ਸਾਹ ਗਿਣ ਗਿਣ ਕੇ
ਜਗ ਦਾ ਧਰਮ ਨਿਭਾਇਆ।
ਭੱਠ ਪੈਣ ਉਹ ਸਾਰੇ ਸੁਪਨੇ
ਜਿਨ੍ਹਾਂ ਸੱਚ ਨਾ ਕਦੇ ਦਿਖਾਇਆ।

*-ਦਿਲਜੋਧ ਸਿੰਘ, ਵਿਸਕਾਨਸਿਨ*

---

## ਚਿੱਟੇ ਨੇ ਪੰਜਾਬ ਖਾ ਲਿਆ

ਚਿੱਟੇ ਦਿਨ ਚਿੱਟੇ ਨੇ ਪੰਜਾਬ ਖਾ ਲਿਆ।
ਪਿੰਡ ਵਿਚ ਲੱਭੇ ਨਾ ਜਵਾਨ ਭਾਲਿਆ।

ਦਿਸਦੇ ਨਾ ਸੋਹਣੇ ਸੋਹਣੇ ਮੁੱਖ ਦਗਦੇ
ਪੈਂਦੀਆਂ ਨਾ ਛਿੰਝਾਂ, ਨਾ ਅਖਾੜੇ ਲੱਗਦੇ।
ਖੇਡਦਾ ਕਬੱਡੀ ਨਸ਼ਿਆਂ 'ਤੇ ਲਾ ਲਿਆ...।

ਮੌਤ ਦੇ ਸੰਨਾਟੇ ਗਲੀ ਗਲੀ ਮੱਲੀ ਹੈ
ਕੈਂਸਰ ਟਰੇਨ ਬੀਕਾਨੇਰ ਚੱਲੀ ਹੈ।
ਛੋਟੇ ਵਿਯੋਗ ਵੱਡਾ ਵੀਰ ਢਾਹ ਲਿਆ...।

ਭੈਣ ਬੈਠੀ ਰੋਵੇ ਕੀਹਦੇ ਬੰਨਾਂ ਰੱਖੜੀ
ਨਾਲ ਦੇ ਜੰਮੇ ਨੂੰ ਖਾ ਗਈ ਮੌਤ ਤੱਤੜੀ।
ਗਲ ਵਿਚ ਕਿਸੇ ਨੇ ਵਲਾਵਾਂ ਪਾ ਲਿਆ...।

ਸੱਜਰੀ ਵਿਆਹੀ 'ਤੇ ਪਹਾੜ ਟੁੱਟਿਆ
ਪਲਾਂ ਵਿਚ ਗਿਆ ਹੈ ਜਹਾਨ ਲੁਟਿਆ।
ਬੱਚਿਆਂ ਦੇ ਸਿਰ ਤੋਂ ਸਹਾਰਾ ਲਾਹ ਲਿਆ...।

ਕੁਝ ਰੋਟੀ ਵਾਸਤੇ ਵਿਦੇਸ਼ ਭੱਜ ਗਏ
ਛੱਡ ਸਰਦਾਰੀ ਜਾ ਕੇ ਸੀਰੀ ਲੱਗ ਗਏ।
ਕਰਜੇ ਦੇ ਦੈਂਤਾਂ ਬਹੁਤਿਆਂ ਨੂੰ ਖਾ ਲਿਆ...।

ਨਸ਼ੇ ਦੇ ਵਪਾਰੀਆਂ ਨੇ ਕੰਡ ਤੋੜ'ਤੀ
ਚੜ੍ਹਦੀ ਜਵਾਨੀ ਨਸ਼ਿਆਂ 'ਚ ਰੋੜ੍ਹ'ਤੀ।
ਚੰਦਰੀ ਕਮਾਈ 'ਚੋਂ ਚੁਬਾਰਾ ਪਾ ਲਿਆ...।

ਛੱਡ ਦੇਹ ਜਵਾਨਾ ਨਸ਼ੇ ਖਾਣੇ ਛੱਡ ਦੇਹ
ਦੇਹੀ ਖਾਣੇ ਰੋਗ ਦਾ ਤੂੰ ਫਾਹਾ ਵੱਢ ਦੇਹ।
ਮਾਪਿਆਂ ਨੇ ਚਾਵਾਂ ਨਾਲ ਤੈਨੂੰ ਪਾਲਿਆ।
ਚਿੱਟੇ ਦਿਨ ਚਿੱਟੇ ਨੇ ਪੰਜਾਬ ਖਾ ਲਿਆ।

*-ਠਾਕਰ ਪ੍ਰੀਤ ਰਾਓਕੇ, ਕੈਨੇਡਾ*
*ਫੋਨ: 519-913-0873*

# ਦਰਦ ਕਿਸਾਨੀ: ਪਿਛੋਕੜ 'ਤੇ ਇਕ ਝਾਤ (ਭਾਗ 8)

ਕਿਸਾਨੀ ਦਰਦ

*ਹਰੇ ਇਨਕਲਾਬ ਨੇ ਭਾਰਤ ਨੂੰ ਅਨਾਜ ਦੀ ਤੋਟ ਤੋਂ ਸੁਰਖਰੂ ਕੀਤਾ ਪਰ ਮੁਲਕ ਨੂੰ ਸਵੈ-ਨਿਰਭਰ ਕਰਨ ਵਾਲਾ ਕਿਸਾਨ ਇਸੇ ਹਰੇ ਇਨਕਲਾਬ ਦੇ ਮਾਰੂ ਸਿੱਟਿਆਂ ਕਾਰਨ ਪੈਰੋਂ ਹਿੱਲ ਗਿਆ। ਕਰਜ਼ੇ ਦੀ ਮਾਰ ਹੇਠ ਆਇਆ ਕਿਸਾਨ ਹੁਣ ਖੁਦਕੁਸ਼ੀਆਂ ਦੇ ਰਾਹ ਪੈ ਚੁਕਾ ਹੈ। ਉਸ ਦੀ ਮਦਦ ਲਈ ਕੋਈ ਨਹੀਂ ਬਹੁੜ ਰਿਹਾ। ਇਨ੍ਹਾਂ ਹਾਲਾਤ ਦੇ ਪਿਛੋਕੜ ਵਿਚ ਡਾ. ਗੋਬਿੰਦਰ ਸਿੰਘ ਸਮਰਾਓ ਦੇ ਲੰਮੇ ਲੇਖ ਦੀ ਪਾਠਕਾਂ ਲਈ 8ਵੀਂ ਤੇ ਆਖਰੀ ਕਿਸ਼ਤ ਹਾਜ਼ਰ ਹੈ। -ਸੰਪਾਦਕ*

*(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)*

ਦਸੰਬਰ ਦਾ ਮਹੀਨਾ ਉਤਰ ਆਇਆ ਸੀ। ਹਾਲੇ ਮੇਰੀ ਫਸਲ ਦਾ ਹਿਸਾਬ ਨਹੀਂ ਸੀ ਹੋਇਆ। ਜਦੋਂ ਜਾਓ, ਆੜ੍ਹਤੀ ਆਖ ਦਿੰਦਾ, "ਥੋੜਾ ਰੁਕ ਜਾਓ, ਜੇ ਲੋੜ ਐ, ਜ਼ਰੂਰੀ ਕੰਮ ਚਲਾਉਣ ਲਈ ਮੁਨੀਮ ਤੋਂ ਦੋ-ਚਾਰ ਸੌ ਲੈ ਜਾਓ।" ਇਹ ਗੱਲਾਂ ਸੁਣਦਾ ਮੈਂ ਥੱਕ ਗਿਆ ਸਾਂ। ਉਹ ਚਾਹੁੰਦਾ ਸੀ, ਮੈਂ ਰਕਮ ਤੋੜ ਕੇ ਉਸ ਦੇ 36% ਦਾ ਕਰਜਾਈ ਬਣ ਜਾਵਾਂ ਪਰ ਮੈਂ ਇਹ ਕੱਤਣੀ ਨਹੀਂ ਸੀ ਚਾਹੁੰਦਾ। ਜਿਉਂ ਜਿਉਂ ਸਮਾਂ ਗੁਜ਼ਰਦਾ ਜਾਂਦਾ ਸੀ, ਮੇਰੇ ਖਰਚਿਆਂ ਦੀ ਸੂਚੀ ਲੰਮੀ ਹੁੰਦੀ ਜਾਂਦੀ ਸੀ ਤੇ ਮੇਰਾ ਰੋਸ ਵਧਦਾ ਜਾਂਦਾ ਸੀ।

ਇਕ ਦਿਨ ਸ਼ਾਮੀਂ ਚਾਰ ਕੁ ਵਜੇ ਮੈਂ ਪਿੰਡ ਜਾ ਰਿਹਾ ਸਾਂ। ਸਨੌਰੀ ਗੇਟ ਪਾਸਿਓਂ ਜਾ ਕੇ ਜਦੋਂ ਪਟਿਆਲਾ ਨਦੀ ਦਾ ਪੁਲ ਉਤਰ ਰਿਹਾ ਸਾਂ ਤਾਂ

**ਡਾ. ਗੋਬਿੰਦਰ ਸਿੰਘ ਸਮਰਾਓ**
ਫੋਨ: 408-634-2310

ਸਾਹਮਣਿਓਂ ਇਕ ਅੰਬੈਸਡਰ ਕਾਰ ਮੇਰੇ ਵੱਲ ਨੂੰ ਆ ਕੇ ਹੌਲੀ ਹੋਈ। ਵਿਚੋਂ ਦੋ ਬੰਦੇ ਮੈਨੂੰ ਹੱਥ ਦੀ ਝੋਲੀ ਦੇ ਕੇ ਰੁਕਣ ਦਾ ਇਸ਼ਾਰਾ ਕਰਦੇ ਨਜ਼ਰ ਆਏ। ਮੇਰੀ ਸਮਝ ਵਿਚ ਕੁਝ ਨਾ ਆਇਆ ਤੇ ਰੋਹੜ ਤੋਂ ਰੁਕਦਾ ਰੁਕਦਾ ਮੈਂ ਸੌ ਕੁ ਗਜ ਅੱਗੇ ਲੰਘ ਗਿਆ। ਗੱਡੀ 'ਚੋਂ ਉਤਰ ਕੇ ਇਕ ਆਦਮੀ ਮੇਰੇ ਵਲ ਭੱਜਾ ਆਇਆ। ਨੇੜੇ ਆ ਕੇ ਉਹ ਇੱਦਾਂ ਬੋਲਿਆ ਜਿਵੇਂ ਮੈਂ ਕੋਈ ਮੁਜ਼ਰਿਮ ਹੋਵਾਂ, "ਸਰਦਾਰ ਜੀ, ਅਸੀਂ ਕਦੋਂ ਤੋਂ ਤੁਹਾਨੂੰ ਰੁਕਣ ਦਾ ਇਸ਼ਾਰਾ ਕਰਦੇ ਆ ਰਹੇ ਹਾਂ, ਤੁਸੀਂ ਰੁਕੇ ਨਹੀਂ।" ਮੈਂ ਕਿਹਾ, ਕੀ ਗੱਲ ਐ ਦਸੋ? ਕਹਿਣ ਲੱਗਾ, "ਤੁਹਾਡੀ ਕਿਸ਼ਤ ਜਮਾਂ ਕਰਾਉਣ ਤੋਂ ਰਹਿੰਦੀ ਹੈ। ਅਸੀਂ ਥੋਨੂੰ ਕਦੋਂ ਤੋਂ ਲੱਭਦੇ ਫਿਰ ਰਹੇ ਹਾਂ, ਤੁਸੀਂ ਕਿਤੇ ਮਿਲਦੇ ਈ ਨਹੀਂ।"

ਬੈਂਕ ਵਾਲਿਆਂ ਵਲੋਂ ਮੈਨੂੰ ਇਸ ਤਰ੍ਹਾਂ ਜਾਂਦੇ ਨੂੰ ਫਿਰ ਘੇਰੇ ਜਾਣ ਦਾ ਇੰਨਾ ਦੁੱਖ ਹੋਇਆ ਕਿ ਦੱਸ ਨਹੀਂ ਸਕਦਾ। ਮੈਂ ਗੁੱਸੇ ਵਿਚ ਉਬਲ ਕੇ ਬੋਲਿਆ, "ਤੁਸੀਂ ਮੈਨੂੰ ਲੱਭ ਰਹੇ ਹੋ, ਭਗੋੜਾ ਆਂ ਮੈਂ? ਤੁਸੀਂ ਮੇਰੇ ਪਿੱਛੇ ਪਏ ਓ ਕੋਈ ਹੋਰ ਕੰਮ ਨਹੀਂ ਤੁਹਾਨੂੰ?" ਉਹ ਬੋਲਿਆ, "ਪਿੱਛੇ ਪਈਏ ਨਾ, ਇੰਨੀ ਵਾਰ ਕਹਿ ਚੁਕੇ ਆਂ ਕਿਸ਼ਤ ਲੇਟ ਹੋ ਗਈ, ਪੈਸੇ ਜਮਾਂ ਕਰਾਓ, ਤੁਸੀਂ ਗੌਲਦੇ ਈ ਨਹੀਂ।"

ਮੈਂ ਪੂਰੀ ਵਾਹ ਲਾ ਕੇ ਉਚੀ ਆਵਾਜ਼ ਵਿਚ ਕਿਹਾ, "ਮੇਰੀ ਕਿਸ਼ਤ ਕਦੋਂ ਲੇਟ ਹੋਏਗੀ ਮੈਨੂੰ ਪਤਾ ਐ, ਤੁਸੀਂ ਕੌਣ ਓਂ ਪਿੱਛੇ ਪੈ ਕੇ ਦੱਸਣ ਵਾਲੇ?" ਉਹ ਬੋਲਿਆ, "ਜਦੋਂ ਅਰੈਸਟ ਕਰ ਕੇ ਕੁਰਕੀ ਹੋਈ, ਉਦੋਂ ਵੀ ਅਸੀਂ ਹੀ ਦੱਸਾਂਗੇ।"

ਮੈਂ ਉਸ ਨੂੰ ਵੰਗਾਰਿਆ, "ਜਾਹ ਤੂੰ ਪਹਿਲਾਂ ਕੁਰਕੀ ਕਰਵਾ। ਨਾਲੇ ਨਾਂ ਦੱਸ ਆਪਣਾ ਤੇ ਆਪਣੇ ਮਾਲਕ-ਸਾਈਂ ਦਾ, ਜਿਸ ਕੋਲ ਸ਼ਿਕਾਇਤ ਕਰਾਂ ਤੇਰੀ।" ਉਹ ਹੋਰ ਵੀ ਨਿੱਡਰ ਹੋ ਕੇ ਬੋਲਿਆ, "ਮੇਰਾ ਅਫਸਰ ਗੱਡੀ 'ਚ ਈ ਬੈਠਾ ਹੈ, ਹੁਣੇ ਗੱਲ ਕਰੋ।"

ਸਕੂਟਰੀ ਦਾ ਸਟੈਂਡ ਲਾ ਕੇ ਰੁਕੀ ਗੱਡੀ ਵੱਲ ਉਸ ਤੋਂ ਵੀ ਅੱਗੇ ਚਲਦਿਆਂ ਮੈਂ ਕਿਹਾ, "ਚੱਲ ਕੱਢ ਬਾਹਰ ਕੌਣ ਐ ਉਹ।"

ਸਾਨੂੰ ਗਰਮਾ ਗਰਮੀ ਵਿਚ ਨੇੜੇ ਆਉਂਦਿਆਂ ਵੇਖ ਇਕ ਅਫਸਰੀ ਦਿੱਖ ਵਾਲਾ ਹਜਾਮਤ-ਫ਼ਿਟ ਵਿਅਕਤੀ ਪਹਿਲਾਂ ਹੀ ਗੱਡੀ ਤੋਂ ਬਾਹਰ ਨਿਕਲ ਆਇਆ ਜਿਵੇਂ ਉਸ ਨੂੰ ਅਗਲੇ ਰੋਲ ਦਾ ਪਤਾ ਹੋਵੇ। ਮੈਨੂੰ ਘੇਰਨ ਵਾਲਾ ਮੁਲਾਜ਼ਮ ਉਸ ਕੋਲ ਜਾ ਕੇ ਕਹਿਣ ਲੱਗਾ, "ਇਹ ਥੋਡੇ ਨਾਲ ਗੱਲ ਕਰਨੀ ਚਾਹੁੰਦੇ ਨੇ ਜੀ।"

ਅਫਸਰ ਦੇ ਬੋਲਣ ਤੋਂ ਪਹਿਲਾਂ ਹੀ ਮੈਂ ਉਸ 'ਤੇ ਗੁਸੈਲਾ ਵਾਰ ਕੀਤਾ, "ਇਨ੍ਹਾਂ ਨੂੰ ਭਰਤੀ ਕੀਤਾ ਐ, ਕੰਮ ਨਹੀਂ ਦੇ ਸਕਦੇ ਕੋਈ, ਮੇਰੇ ਪਿੱਛੇ ਪਾਇਆ ਐ? ਨਾ ਆਪ ਕੁਝ ਕਰਦੇ ਐ, ਨਾ ਕਰਨ ਦਿੰਦੇ ਐ। ਬੋਲਣ ਦਾ ਇਨ੍ਹਾਂ ਨੂੰ ਚੱਜ ਨਹੀਂ, ਹਰ ਵੇਲੇ ਕਿਸ਼ਤ, ਕੁਰਕੀ, ਅਰੈਸਟ ਤੋਂ ਬਿਨਾ ਇਹ ਗੱਲ ਨਹੀਂ ਕਰਦੇ।"

ਅਫਸਰ ਮੈਨੂੰ ਰੋਕ ਕੇ ਬੜੀ ਨਰਮਾਈ ਨਾਲ ਬੋਲਿਆ, "ਇਹ ਕਿਸੇ ਨੂੰ ਉਚਾ ਨੀਵਾਂ ਨਹੀਂ ਬੋਲ ਸਕਦੇ, ਜੇ ਥੋਨੂੰ ਐਸਾ ਕੁਝ ਲੱਗਾ ਤਾਂ ਮੈਂ ਸੌਰੀ ਹਾਂ। ਇਹ ਤੁਹਾਨੂੰ ਯਾਦ ਕਰਾਉਣ ਆਉਂਦੇ ਐ, ਬਈ ਤੁਹਾਡੇ ਲੋਨ ਦੀ ਕਿਸ਼ਤ ਲੇਟ ਹੋ ਰਹੀ ਐ, ਜਮਾਂ ਕਰਵਾ ਦਿਓ।"

ਮੈਂ ਕਿਹਾ, "ਮੈਂ ਮਕਾਨ ਦਾ ਕਿਰਾਇਆ ਦੇਣਾਂ, ਬੱਚਿਆਂ ਦੀ ਫੀਸ ਦੇਣੀ, ਬਿਜਲੀ ਦਾ ਬਿਲ ਦੇਣਾਂ ਮੈਨੂੰ ਸਭ ਭੁਗਤਾਨਾਂ ਦੀਆਂ ਤਾਰੀਖਾਂ ਪਤਾ ਨੇ, ਸਭ ਨੂੰ ਸਮੇਂ ਸਿਰ ਭਰਦਾ ਹਾਂ। ਕੀ ਮੈਂ ਬੈਂਕ ਦੀ ਕਿਸ਼ਤ ਸਮੇਂ ਸਿਰ ਨਹੀਂ ਭਰ ਸਕਦਾ? ਇਹ ਗੱਲ ਤੁਹਾਡੇ ਲੋਕਾਂ ਦੀ ਸਮਝ ਕਿਉਂ ਨਹੀਂ ਆਉਂਦੀ?"

ਉਹ ਬੋਲਿਆ, "ਤੁਸੀਂ ਠੀਕ ਕਹਿੰਦੇ ਓ ਸਰਦਾਰ ਜੀ। ਪਰ ਇਨ੍ਹਾਂ ਦੀ ਵੀ ਮਜਬੂਰੀ ਹੈ। ਸਾਨੂੰ ਫਸਲ ਦੇ ਮੌਕੇ ਜਾ ਕੇ ਕਿਸਾਨਾਂ ਨੂੰ ਕਹਿਣਾ ਪੈਂਦਾ ਹੈ, ਨਹੀਂ ਤਾਂ ਜੇ ਉਹ ਪੈਸੇ ਕਿਤੇ ਹੋਰ ਖਰਚ ਦੇਣ ਤਾਂ ਕਿਥੋਂ ਮੋੜਨਗੇ? ਬੈਂਕ ਨੇ ਇਨ੍ਹਾਂ ਸਾਰੇ ਮੁਲਾਜ਼ਮਾਂ ਦੀ ਉਗਰਾਹੀ ਡਿਊਟੀ ਲਾ ਕੇ ਕੋਟਾ ਫਿਕਸ ਕੀਤਾ ਹੋਇਆ ਹੈ। ਜੇ ਇਹ ਆਪਣਾ ਕੋਟਾ ਪੂਰਾ ਨਾ ਕਰਨਗੇ, ਇਨ੍ਹਾਂ 'ਤੇ ਐਕਸ਼ਨ ਆਊ। ਇਸ ਲਈ ਦਿਨੇ ਬੈਂਕ ਵਿਚ ਡਿਊਟੀ ਕਰ ਕੇ ਸਵੇਰੇ ਸ਼ਾਮ ਇਹ ਉਗਰਾਹੀ 'ਤੇ ਨਿਕਲ ਜਾਂਦੇ ਨੇ। ਅੱਜ ਤਾਂ ਮੈਂ ਵੀ ਇਨ੍ਹਾਂ ਦੀ ਮਦਦ ਕਰਨ ਲਈ ਇਨ੍ਹਾਂ ਨਾਲ ਆਇਆ ਹੋਇਆਂ। ਇਸ ਲਈ ਆਖਰੀ ਮਿਤੀ ਦਾ ਖਿਆਲ ਨਾ ਕਰੋ, ਪਲੀਜ਼। ਛੇਤੀ ਤੋਂ ਛੇਤੀ ਕਿਸ਼ਤ ਭਰ ਦਿਓ।"

ਮੈਂ ਪੁੱਛਿਆ, "ਤੇ ਜੇ ਉਗਰਾਹੀ ਪੂਰੀ ਨਾ ਹੋਈ ਫਿਰ?" ਜਵਾਬ ਸੀ, "ਸਸਪੈਂਡ ਹੋ ਜਾਣਗੇ, ਬੈਂਕ ਦਾ ਹੁਕਮ ਹੈ।" ਮੈਂ ਕਿਹਾ, "ਫਿਰ ਇਹ ਇੱਦਾਂ ਦੱਸਣ। ਇਹ ਉਲਟਾ ਦਬਕੇ ਮਾਰਦੇ ਐ।" ਉਹ ਪੋਲੇ ਜਿਹੇ ਨਾਲ ਬੋਲਿਆ, "ਨਹੀਂ ਨਹੀਂ, ਉਹ ਛੱਡੋ।"

ਮੈਨੂੰ ਪਤਾ ਨਹੀਂ ਕੀ ਹੋਇਆ, ਸਭ ਕੁਝ ਭੁਲਾ ਕੇ ਮੈਂ ਬੋਲਿਆ, "ਕੋਈ ਨਾ, ਸਸਪੈਂਡ ਨਹੀਂ ਹੋਣ ਦਿਆਂਗਾ। ਪਰ ਹੁਣ ਮੇਰੇ ਕੋਲ ਆਵੇ ਕੋਈ ਨਾ।" ਹੱਥ ਮਿਲਾਉਂਦਿਆਂ ਉਸ ਨੇ ਦੋਸਤਾਨਾ ਪੇਸ਼ਕਸ਼ ਕੀਤੀ, "ਤੁਸੀਂ ਹੋਰ ਸੇਵਾ ਦੱਸੋ। ਮੱਝਾਂ, ਮੱਛੀ ਪਾਲਣ, ਭੂਮੀ ਸੁਧਾਰ ਜਾਂ ਖੇਤੀ ਬਾੜੀ ਦੇ ਕਿਸੇ ਸੰਦ ਲਈ ਕੋਈ ਹੋਰ ਲੋਨ ਚਾਹੀਦਾ ਹੋਵੇ, ਮੈਂ ਦਿਆਂਗਾ।" ਮੈਂ ਉਸ ਨੂੰ ਹੱਥ ਜੋੜੇ ਤੇ ਸਤਿ ਸ੍ਰੀ ਅਕਾਲ ਬੁਲਾ ਕੇ ਚਲਾ ਆਇਆ। ਸੋਚਿਆ ਹੁਣ ਸਵੇਰੇ ਜਾ ਕੇ ਆੜ੍ਹਤੀ ਨੂੰ ਫੜ੍ਹਦਾਂ।

ਅਗਲੇ ਦਿਨ ਖਾਲੀ ਪੀਰੀਅਡ ਵਿਚ ਮੈਂ ਅਨਾਜ ਮੰਡੀ ਵਿਚ ਆੜ੍ਹਤੀ ਦੀ ਦੁਕਾਨ 'ਤੇ ਗਿਆ। ਉਹ ਉਥੇ ਦਿਸਿਆ ਨਾ। ਮੈਂ ਗੁੱਸਾ ਸੰਭਾਲਦਿਆਂ ਮੁਨੀਮ ਨੂੰ ਪੁੱਛਿਆ, "ਸੇਠ ਕਿੱਥੇ ਐ?" ਕਹਿਣ ਲੱਗਾ, "ਬਾਹਰ ਗਏ ਐ, ਕੱਲ ਮਿਲਣਗੇ, ਦਸੋ?"

ਮੇਰੇ ਤਨ ਬਦਨ ਨੂੰ ਜਿਵੇਂ ਅੱਗ ਲੱਗ ਗਈ। ਮੈਂ ਸੋਚਿਆ, ਇਹ ਨਾਲੇ ਚੋਰ ਨਾਲੇ ਚਤਰ ਬਣ ਰਿਹਾ ਹੈ। ਨਾਲੇ ਮੇਰੇ ਪੈਸੇ ਰੋਕੇ ਹੋਏ ਹਨ ਤੇ ਨਾਲੇ ਅਨਜਾਣ ਬਣ ਕੇ ਪੁੱਛ ਰਿਹਾ ਹੈ, 'ਦਸੋ'। ਮੈਂ ਉਸ ਨੂੰ ਸਖਤ ਲਹਿਜੇ ਵਿਚ ਕਿਹਾ, "ਤੁਸੀਂ ਦੱਸੋ, ਮੇਰੀ ਪੇਮੈਂਟ ਤਿਆਰ ਹੈ ਕਿ ਨਹੀਂ?" ਉਹ ਬੋਲਿਆ, "ਇਹ ਤਾਂ ਉਹੀ ਦੱਸਣਗੇ ਜੀ। ਸਵੇਰੇ ਆ ਜਾਣਾ।"

ਮੈਂ ਚਾਹੁੰਦਾ ਸਾਂ ਕਿ ਮੇਰਾ ਕੱਲ ਦਾ ਗੇੜਾ ਖਾਲੀ ਨਾ ਜਾਵੇ। ਇਸ ਲਈ ਮੈਂ ਉਸ ਨੂੰ ਚਿਤਾਵਨੀ ਦਿੱਤੀ, "ਮੁਨੀਮ ਜੀ, ਮੈਂ ਗੇੜੇ ਮਾਰ ਮਾਰ ਕੇ ਤੰਗ ਆ ਚੁਕਾਂ। ਕੱਲ ਮੇਰਾ ਭੁਗਤਾਨ ਨਾ ਕੀਤਾ ਤਾਂ ਮੈਂ ਸਿੱਧਾ ਥਾਣੇ ਜਾਵਾਂਗਾ, ਸੇਠ ਨੂੰ ਕਹਿ ਦੇਣਾ ਮੇਰੇ ਵਲੋਂ!" ਉਹ ਮੇਰੀ ਗੱਲ ਗੌਲੇ ਬਿਨਾ ਬੋਲਿਆ, "ਕਹਿ ਦਿਆਂਗਾ।" ਮੈਂ ਸੋਚਿਆ ਸਖਤ ਸੰਕੇਤ ਛੱਡ ਦਿੱਤਾ ਹੈ, ਉਸ ਨੂੰ ਚੁਭੇਗਾ ਤਾਂ ਸਹੀ ਪਰ ਕੱਲ ਭੁਗਤਾਨ ਹੋ ਜਾਵੇਗਾ।

ਅਗਲੇ ਦਿਨ ਮੈਂ ਫਿਰ ਉਸੇ ਖਾਲੀ ਪੀਰੀਅਡ ਵਿਚ ਉਸ ਦੀ ਦੁਕਾਨ 'ਤੇ ਪਹੁੰਚ ਗਿਆ। ਮੁਨੀਮ ਉਵੇਂ ਇੱਕਲਾ ਬੈਠਾ ਸੀ। ਅੰਦਰ ਵੜਦਿਆਂ ਮੈਂ ਫਿਰ ਪੁੱਛਿਆ, "ਮੁਨੀਮ ਸਾਹਿਬ, ਸੇਠ?" ਉਹ ਬੋਲਿਆ, "ਬਾਹਰ ਬੋਲੀ 'ਚ ਐ।"

ਉਸ ਦੇ ਜਵਾਬ ਤੋਂ ਮੈਨੂੰ ਪਤਾ ਲਗ ਗਿਆ ਕਿ ਕੰਮ ਠੰਡਾ ਈ ਐ ਪਰ ਫਿਰ ਵੀ ਦਰਿਆਫਤ ਲਈ ਪੁੱਛਿਆ, "ਮੇਰਾ ਹਿਸਾਬ?" ਕਹਿਣ ਲੱਗਾ, "ਉਨ੍ਹਾਂ ਨੂੰ ਈ ਪਤਾ ਐ। ਮੈਨੂੰ ਤਾਂ ਦੱਸਿਆ ਨੀ ਕੁਝ ਹਾਲੀ।" ਮੈਂ ਫਿਰ ਪੁੱਛਿਆ, "ਮੇਰਾ ਸੁਨੇਹਾ ਲਾ ਦਿੱਤਾ ਸੀ?" ਉਸ ਕਿਹਾ, "ਹਾਂ ਜੀ, ਲਾ 'ਤਾ ਸੀ।" ਮੈਂ ਭਖਦੇ ਗੁੱਸੇ ਵਿਚ ਆਖਿਆ, "ਬੋਲੀ ਕਿੱਥੇ ਹੋ ਰਹੀ ਐ?" ਉਸ ਨੇ ਬਾਹਰ ਦੂਰ ਟਰਾਲੀਆਂ ਤੇ ਜੀਰੀ ਦੀਆਂ ਢੇਰੀਆਂ ਦੇ ਵਿਚਕਾਰ ਵੀਹ ਪੰਝੀ ਬੰਦਿਆਂ ਦੀ ਭੀੜ ਵਲ ਇਸ਼ਾਰਾ ਕੀਤਾ।

ਉਥੇ ਪਹੁੰਚ ਕੇ ਮੈਂ ਦੇਖਿਆ ਕਿ ਕੁਝ ਚਿੱਟ-ਕੱਪੜੀਏ ਆੜ੍ਹਤੀ, ਕੁਝ ਮੁਲਾਜ਼ਮ ਤੇ ਕਈ ਮੈਲਖੋਰੇ ਕਿਸਾਨ ਬਾਸਮਤੀ ਜੀਰੀ ਦੀ ਇਕ ਢੇਰੀ



ਦੁਆਲੇ ਘੇਰਾ ਪਾਈ ਖੜ੍ਹੇ ਸਨ। ਉਹ ਵਾਰੋ ਵਾਰੀ ਢੇਰੀ ਤੋਂ ਕੁਝ ਦਾਣੇ ਚੁੱਕ ਚੁੱਕ ਨਿਹਾਰ ਰਹੇ ਸਨ ਤੇ ਇਸ ਦਾ ਮੁੱਲ ਨਿਰਧਾਰਤ ਕਰ ਰਹੇ ਸਨ। ਮੇਰਾ ਆੜ੍ਹਤੀ ਵੀ ਉਨ੍ਹਾਂ ਵਿਚ ਖੜ੍ਹਾ ਇਹੀ ਕੰਮ ਕਰ ਰਿਹਾ ਸੀ। ਉਸ ਨੇ ਚਿੱਟੇ ਰੰਗ ਦੇ ਕੱਪੜੇ ਤੇ ਗਲ ਵਿਚ ਅੱਜ ਕੱਲ ਦੇ ਭਾਜਪਾ ਲੀਡਰਾਂ ਵਾਂਗ ਭਗਵੇਂ ਰੰਗ ਦਾ ਪੱਲੂ ਜਿਹਾ ਪਾਇਆ ਹੋਇਆ ਸੀ। ਸਮੇਂ ਦੀ ਘਾਟ ਕਾਰਨ ਮੈਂ ਭੀੜ ਦਾ ਘੇਰਾ ਤੋੜ ਕੇ ਉਸ ਕੋਲ ਪਹੁੰਚ ਗਿਆ। ਮੈਨੂੰ ਸਾਹਮਣੇ ਆਇਆ ਦੇਖ ਕੇ ਉਹ ਠਠੰਬਰ ਗਿਆ। ਮੈਂ ਉਸ ਨੂੰ ਬਿਨਾ ਦੁਆ ਸਲਾਮ ਕੀਤੇ ਠੋਸ ਆਵਾਜ਼ ਵਿਚ ਕਿਹਾ, "ਸੇਠ ਮੇਰਾ ਹਿਸਾਬ?"

ਮੇਰੀ ਕੜਕਵੀਂ ਆਵਾਜ਼ ਸੁਣ ਕੇ ਦੁਆਲੇ ਦੇ ਲੋਕ ਮੇਰੇ ਵੱਲ ਤੱਕਣ ਲੱਗ ਪਏ। ਬਹਾਨੇਬਾਜੀ ਕਰਦਾ ਸੇਠ ਮਨਸੂਈ ਗੁੱਸੇ ਨਾਲ ਬੋਲਿਆ, "ਪਹਿਲਾਂ ਇਹ ਦੱਸੋ ਕੱਲ ਦੁਕਾਨ ਪਰ ਆ ਕੇ ਕਿਆ ਬੋਲ ਕੇ ਗਏ ਤੇ?"

ਮੈਂ ਉਸੇ ਉਚੀ ਆਵਾਜ਼ ਵਿਚ ਕਿਹਾ, "ਜੇ ਕੱਲ ਦਾ ਬੋਲਿਆ ਸਮਝ ਨਹੀਂ ਆਇਆ ਤਾਂ ਹੁਣ ਫੇਰ ਬੋਲ ਦਿਨਾਂ, ਚੰਗੀ ਤਰ੍ਹਾਂ ਸੁਣ ਲੈ। ਮੈਂ ਕਿਹਾ ਸੀ ਜੇ ਮੇਰਾ ਹਿਸਾਬ ਕੱਲ ਤੀਕ ਨਾ ਕੀਤਾ ਤਾਂ ਠਾਣੇ ਜਾਵਾਂਗਾ।"

ਉਹ ਭੀੜ ਵਲ ਵੇਖ ਕੇ ਜੇਤੂ ਅੰਦਾਜ਼ ਵਿਚ ਬੋਲਿਆ, "ਫਿਰ ਉਥੇ ਈ ਜਾਓ ਇੱਥੇ ਕਿਆ ਕਰਨ ਆਏ ਐਂ?"

ਮੈਨੂੰ ਆਸ ਸੀ ਕਿ ਸੇਠ ਇਕ ਪਾਸੇ ਲਿਜਾ ਕੇ ਮੈਨੂੰ ਠੰਡਾ ਕਰੇਗਾ ਤੇ ਹਿਸਾਬ ਦਾ ਕੋਈ ਪੱਕਾ ਸਮਾਂ ਨਿਸਚਿਤ ਕਰੇਗਾ ਪਰ ਉਸ ਨੇ ਟਕਰਾਓ ਦਾ ਰਸਤਾ ਅਪਨਾਇਆ। ਉਸ ਦੇ ਜਵਾਬ ਤੋਂ ਸਾਫ ਜਾਹਰ ਸੀ ਕਿ ਉਹ ਹੁਣ ਮੇਰੀ ਪੇਮੈਂਟ ਲਟਕਾਏਗਾ ਤੇ ਮੇਰਾ ਨੱਕ ਰਗੜਵਾਏਗਾ। ਉਸ ਦੀ ਚੁਣੌਤੀ ਨੇ ਮੇਰੇ ਲਈ ਉਹ ਸਥਿਤੀ ਪੈਦਾ ਕਰ ਦਿੱਤੀ ਜਿਸ ਵਿਚ ਕੇਵਲ ਅੱਗੇ ਜਾਣ ਦਾ ਹੀ ਰਸਤਾ ਸੀ ਪਿੱਛੇ ਮੁੜਨਾ ਅਸੰਭਵ ਸੀ। ਮੈਂ ਭੁੱਲ ਗਿਆ ਕਿ ਮੈਂ ਕੌਣ ਸਾਂ ਤੇ ਕਿੱਥੇ ਖੜ੍ਹਾ ਸਾਂ। ਮੈਂ ਅੱਕਥ ਗੁਸੈਲੀ ਵੰਗਾਰ ਨਾਲ ਚਿੰਘਾੜਿਆ, "ਹਰਾਮਜ਼ਾਦੇ ਕੁੱਤੇ, ਭੀਖ ਮੰਗਣ ਆਇਆਂ ਮੈਂ ਜੋ ਠਾਣੇ ਜਾਣ ਨੂੰ ਕਹਿ ਰਿਹਾ ਐਂ! ਡੇਢ ਮਹੀਨਾ ਹੋ ਗਿਆ ਮੇਰੀ ਜੀਰੀ ਗੇਰੀ ਨੂੰ ਹਾਲੇ ਵੀ ਪੈਸੇ ਨੀ ਦੇ ਰਿਹਾ। ਠਾਣਾ ਤਾਂ ਦੇਖ ਹੁਣ ਇੱਥੇ ਈ ਆਊ।"

ਰੋਹ ਤੇ ਗੁੱਸੇ ਦੇ ਵੇਗ ਵਿਚ ਮੈਂ ਅੱਗੇ ਵਧਿਆ, ਸੇਠ ਦੇ ਪੱਲੂ ਨੂੰ ਦੋਵੇਂ ਹੱਥਾਂ ਨਾਲ ਫੜ੍ਹ ਕੇ ਜੋਰ ਨਾਲ ਝਟਕਾ ਮਾਰਿਆ। ਫਿਰ ਇਸ ਨੂੰ ਖੱਬੇ ਹੱਥ ਵਿਚ ਫੜ੍ਹ ਕੇ ਸੱਜੇ ਨਾਲ ਉਸ ਦੇ ਪੇਟ ਵਿਚ ਤਿੰਨ ਜੋਰਦਾਰ ਘਸੁੰਨ ਟਿਕਾਏ। ਸੇਠ ਪਿਛਾਂਹ ਹਟਦਾ ਜੀਰੀ ਦੀ ਢੇਰੀ 'ਤੇ ਡਿੱਗ ਪਿਆ। ਮੈਂ ਬਾਹੋਂ ਫੜ੍ਹ ਕੇ ਖਿਚਣ ਦੀ ਕੋਸ਼ਿਸ਼ ਕੀਤੀ, ਉਸ ਦੇ ਹੱਥ ਕੰਬ ਰਹੇ ਸਨ। ਭੀੜ 'ਚੋਂ ਕੋਈ ਬੰਦਾ ਅੱਗੇ ਨਾ ਆਇਆ ਪਰ ਕਿਸਾਨਾਂ ਦੀਆਂ ਕਈ ਵਰਜਵੀਆਂ ਆਵਾਜ਼ਾਂ ਆਈਆਂ। ਇਨ੍ਹਾਂ ਵਿਚੋਂ ਇਕ ਆਵਾਜ਼ ਸੀ, "ਮਾਰੈਂ ਨਾ ਪ੍ਰੋਫੈਸਰ ਮਾਰੈਂ ਨਾ। ਬੈਠ ਗੈ ਬਾਤ ਕਰ ਲਿਓ।"

**ਰੋਹ ਤੇ ਗੁੱਸੇ ਦੇ ਵੇਗ ਵਿਚ ਮੈਂ ਅੱਗੇ ਵਧਿਆ, ਸੇਠ ਦੇ ਪੱਲੂ ਨੂੰ ਦੋਵੇਂ ਹੱਥਾਂ ਨਾਲ ਫੜ੍ਹ ਕੇ ਜੋਰ ਨਾਲ ਝਟਕਾ ਮਾਰਿਆ। ਫਿਰ ਇਸ ਨੂੰ ਖੱਬੇ ਹੱਥ ਵਿਚ ਫੜ੍ਹ ਕੇ ਸੱਜੇ ਨਾਲ ਉਸ ਦੇ ਪੇਟ ਵਿਚ ਤਿੰਨ ਜੋਰਦਾਰ ਘਸੁੰਨ ਟਿਕਾਏ। ਸੇਠ ਪਿਛਾਂਹ ਹਟਦਾ ਜੀਰੀ ਦੀ ਢੇਰੀ 'ਤੇ ਡਿੱਗ ਪਿਆ। ਮੈਂ ਬਾਹੋਂ ਫੜ੍ਹ ਕੇ ਖਿਚਣ ਦੀ ਕੋਸ਼ਿਸ਼ ਕੀਤੀ, ਉਸ ਦੇ ਹੱਥ ਕੰਬ ਰਹੇ ਸਨ। ਭੀੜ 'ਚੋਂ ਕੋਈ ਬੰਦਾ ਅੱਗੇ ਨਾ ਆਇਆ ਪਰ ਕਿਸਾਨਾਂ ਦੀਆਂ ਕਈ ਵਰਜਵੀਆਂ ਆਵਾਜ਼ਾਂ ਆਈਆਂ। ਇਨ੍ਹਾਂ ਵਿਚੋਂ ਇਕ ਆਵਾਜ਼ ਸੀ, "ਮਾਰੈਂ ਨਾ ਪ੍ਰੋਫੈਸਰ ਮਾਰੈਂ ਨਾ। ਬੈਠ ਗੈ ਬਾਤ ਕਰ ਲਿਓ।"**

ਮੈਨੂੰ ਲੱਗਾ ਉਸ ਭੀੜ ਵਿਚ ਕੁਝ ਲੋਕ ਮੈਨੂੰ ਜਾਣਦੇ ਸਨ ਪਰ ਮੈਂ ਕਿਸੇ ਨੂੰ ਨਹੀਂ ਸੀ ਜਾਣਦਾ। ਮੈਂ ਪਿੱਛੇ ਹਟ ਗਿਆ। ਆਖਰ ਉਹ ਵਾਕਫ ਕਿਸਾਨ ਅੱਗੇ ਆਇਆ ਤੇ ਦੋ ਤਿੰਨ ਹੋਰਾਂ ਦੀ ਮਦਦ ਨਾਲ ਮੈਨੂੰ ਆੜ੍ਹਤੀ ਤੋਂ ਪਰੇ ਲੈ ਗਿਆ। ਭੀੜ ਤੋਂ ਬਾਹਰ ਜਾਣ ਲੱਗੇ ਮੈਂ ਸੇਠ ਨੂੰ ਚਿਤਾਵਨੀ ਦਿੱਤੀ, "ਚੌਵੀ ਘੰਟਿਆਂ 'ਚ ਹਿਸਾਬ ਹੋਣਾ ਚਾਹੀਦਾ ਐ, ਕੱਲ ਇਸੇ ਵੇਲੇ ਫਿਰ ਆਵਾਂਗਾ।"

ਮੈਨੂੰ ਫੜ੍ਹੀ ਜਾਂਦੇ ਕਿਸਾਨ ਦਬੀ ਆਵਾਜ਼ ਨਾਲ ਬੋਲੇ, "ਕੋਈ ਨਾ ਕੋਈ ਨਾ, ਹੋ ਜੇ ਗਾ ਹਸਾਬ ਬੀ, ਰੇਚਕੀ ਰੱਖੇ ਕਰਾਂ।" ਉਹ ਮੈਨੂੰ ਮੇਰੀ ਸਕੂਟਰੀ ਕੋਲ ਛੱਡ ਆਏ।

ਅਗਲੇ ਦਿਨ ਫਿਰ ਸਹੀ ਉਸੇ ਵੇਲੇ ਮੈਂ ਉਸ ਦੀ ਦੁਕਾਨ 'ਤੇ ਜਾ ਧਮਕਿਆ। ਉਹ ਦੁਕਾਨ ਵਿਚ ਨਹੀਂ ਸੀ। ਮੁਨੀਮ ਸਿਰ ਸੁੱਟੀ ਬੈਠਾ ਕੰਮ ਕਰ ਰਿਹਾ ਸੀ। ਮੈਂ ਹੈਰਾਨ ਹੋਇਆ ਕਿ ਕੰਮ ਅੱਜ ਵੀ ਠੰਡਾ ਸੀ। ਪਰ ਇਸ ਤੋਂ ਵੱਧ ਹੈਰਾਨੀ ਉਦੋਂ ਹੋਈ ਜਦੋਂ ਦੁਕਾਨ ਵਿਚ ਮੈਂ ਆਪਣਾ ਬਾਪ ਬੈਠਿਆ ਦੇਖਿਆ। ਉਸ ਦੇ ਨਾਲ ਮੇਰੇ ਚਾਚੇ ਦਾ ਲੜਕਾ ਨੇਕ ਬੈਠਾ ਸੀ। ਉਨ੍ਹਾਂ ਨੂੰ ਉਥੇ ਦੇਖ ਮੈਂ ਥੋੜਾ ਝੇਪ ਗਿਆ। ਪਰ ਜੋ ਕੰਮ ਆਇਆ ਸਾਂ ਉਹ ਤਾਂ ਕਰਨਾ ਹੀ ਸੀ। ਉਨ੍ਹਾਂ ਤੋਂ ਧਿਆਨ ਹਟਾ ਕੇ ਮੁਨੀਮ ਨੂੰ ਪੁੱਛਣ ਲਈ ਅੱਗੇ ਪੈਰ ਪੁੱਟਿਆ ਹੀ ਸੀ ਕਿ ਮੇਰੇ ਪਿਤਾ ਜੀ ਅਚਨਚੇਤ ਇਕ ਪਲਾਸਟਿਕ ਦਾ ਬੈਗ ਮੇਰੇ ਵਲ ਵਧਾਉਂਦੇ ਦੂਰੋਂ ਹੀ ਬੋਲੇ, "ਦੇਖ ਬਈ, ਖਬਰਦਾਰ ਜੇ ਕੁਸ ਬੋਲਿਆਂ! ਜੋਹ ਫੜ੍ਹ ਆਪਣਾ ਹਸਾਬ, ਗਿਣ ਲੈ, ਜਾਹ।"

ਮੁਨੀਮ ਨੇ ਮੇਰੀ ਕੁਲ ਰਾਸ਼ੀ ਲਿਫਾਫੇ ਵਿਚ ਪਾ ਕੇ ਪਹਿਲਾਂ ਹੀ ਪਿਤਾ ਜੀ ਨੂੰ ਫੜ੍ਹਾ ਰੱਖੀ ਸੀ।

ਬਾਪੂ ਦੇ ਕਹੇ ਉਕਤ ਬੋਲ ਅੱਜ ਵੀ ਮੇਰੇ ਕੰਨਾਂ ਵਿਚ ਗੂੰਜ ਕੇ ਕਹਿ ਰਹੇ ਹਨ ਕਿ ਮੈਂ ਆੜ੍ਹਤੀ 'ਤੇ ਹੱਥ ਚੁੱਕ ਕੇ ਚੰਗਾ ਨਹੀਂ ਸੀ ਕੀਤਾ। ਮੈਨੂੰ ਲੱਗਾ ਕਿ ਉਸ ਨੇ ਉਹ 'ਨੇਕ' ਇਸ ਲਈ ਹੀ ਨਾਲ ਲਿਆਂਦਾ ਸੀ ਕਿ ਦਿਖਾ ਸਕੇ ਕਿ ਇੰਨਾ ਮਾੜਾ ਤਾਂ ਕਦੇ ਇਸ ਨੌਕਰੀ ਤੋਂ ਵਾਂਝੇ ਤੇ ਮੇਰੇ ਨਾਲੋਂ ਅੱਧੀ ਜਮੀਨ ਦੇ ਮਾਲਕ ਨੇ ਵੀ ਨਹੀਂ ਸੀ ਕੀਤਾ! ਮੈਂ ਮਨ ਹੀ ਮਨ ਕਿਹਾ, "ਬਾਬਾ ਤੂੰ ਠੀਕ ਹੈ, ਪਰ ਇਹ ਦੱਸ ਤੂੰ 'ਮਦਰ ਇੰਡੀਆ' ਕਦੋਂ ਦੇਖ ਲਈ ਸੀ।" ਪੈਸਿਆਂ ਦਾ ਲਿਫਾਫਾ ਬਿਨਾ ਗਿਣੇ ਮੈਂ ਆਪਣੇ ਬੈਗ ਵਿਚ ਪਾਇਆ ਤੇ ਕਾਲਜ ਵਾਪਸ ਚਲਾ ਗਿਆ। ਅਗਲੇ ਦਿਨ ਬੈਂਕ ਜਾ ਕੇ ਮੈਂ ਟਰੈਕਟਰ ਦੀ ਕਿਸ਼ਤ ਭਰ ਦਿੱਤੀ।

ਬਚਪਨ ਵਿਚ ਇਕ ਕਹਾਣੀ ਪੜ੍ਹੀ ਸੀ ਕਿ ਇਕ ਕਿਸਾਨ ਕੋਲੋਂ ਅਣਜਾਣੇ ਵਿਚ ਚਿੜੀ ਦੇ ਅੰਡੇ ਟੁੱਟ ਗਏ। ਉਸ ਨੂੰ ਇਸ ਦਾ ਇੰਨਾ ਦੁੱਖ ਹੋਇਆ ਕਿ ਉਹ ਪਸ਼ਚਾਤਾਪ ਲਈ ਸੰਸਾਰ ਤਿਆਗ ਕੇ ਸਾਧ ਬਣ ਗਿਆ ਤੇ ਜੰਗਲਾਂ ਵਿਚ ਚਲਾ ਗਿਆ। ਮੈਨੂੰ ਆੜ੍ਹਤੀ 'ਤੇ ਹੱਥ ਚੁੱਕਣ ਦਾ ਕੋਈ ਪਛਤਾਵਾ ਤਾਂ ਨਹੀਂ ਸੀ ਪਰ ਇਕ ਸੰਕੇਤ ਮਿਲ ਗਿਆ ਸੀ ਕਿ ਕਿਸੇ ਚੀਜ਼ ਦੀ ਜੋ ਇਕ ਹੱਦ ਹੁੰਦੀ ਹੈ, ਉਹ ਟੱਪ ਗਈ ਹੈ। ਮੈਂ ਆਪਣੇ ਪਿਛਲੇ ਤਿੰਨ ਚਾਰ ਸਾਲਾਂ ਦੇ ਜੀਵਨ ਦਾ ਲੇਖਾ-ਜੋਖਾ ਲਾਇਆ। ਕਿਸੇ ਪਾਸੇ ਪ੍ਰਗਤੀ ਨਾ ਮਿਲੀ। ਹਾਂ ਇਹ ਤਜਰਬਾ ਮਿਲਿਆ ਕਿ ਖੇਤੀ ਬਾੜੀ ਦਾ ਸਾਰਾ ਸਿਸਟਮ ਗੰਧਲਾ ਹੋ ਕੇ ਗਾਰੇ ਦੀ ਦਲਦਲ ਬਣ ਗਿਆ ਹੈ ਤੇ ਇਸ ਵਿਚ ਹੋਰ ਚੱਲਣਾ ਮੁਸ਼ਕਿਲ ਹੈ। ਮੈਂ ਸੋਚਿਆ, ਇਸ ਵਿਚੋਂ ਹੁਣੇ ਨਿਕਲਿਆ ਜਾ ਸਕਦਾ ਹੈ, ਅੱਗੇ ਚੱਲ ਕੇ ਨਹੀਂ। ਮੈਂ ਪਰਿਵਾਰ ਨਾਲ ਗੱਲ ਕਰਕੇ ਖੇਤੀ ਛੱਡਣ ਦਾ ਫੈਸਲਾ ਕਰ ਲਿਆ। ਅੱਜ ਸੋਚਦਾ ਹਾਂ ਕਿ ਜੇ ਉਹ ਲੇਖਾ-ਜੋਖਾ ਕਿਤੇ ਦੇਰੀ ਨਾਲ ਕੀਤਾ ਹੁੰਦਾ ਤਾਂ ਇਹੀ ਫੈਸਲਾ ਬਿਨਾ ਦੱਸੇ ਆਤਮਘਾਤ ਦਾ ਵੀ ਹੋ ਸਕਦਾ ਸੀ। ਦੋਵੇਂ ਫੈਸਲੇ ਅੰਦਰੋਂ ਇਕੋ ਤਰ੍ਹਾਂ ਦੇ ਹੀ ਤਾਂ ਹਨ-ਬੇਵਸੀ ਅਧੀਨ ਸਿਸਟਮ ਤੋਂ ਕਿਨਾਰਾ ਕਰਨ ਦੇ।

ਮੈਂ ਅਗਲੇ ਦਿਨ ਪਿੰਡ ਜਾ ਕੇ ਅਮਰੇ ਨੂੰ ਕਿਹਾ ਕਿ ਉਹ ਕਣਕ ਤੋਂ ਖਾਲੀ ਪਈ ਸਾਰੀ ਜਮੀਨ ਵਿਚ ਬਰਸੀਮ ਬੀਜ ਦੇਵੇ, ਸਾਂਝੇ ਟਰੈਕਟਰ ਨੂੰ ਵੇਚਣ ਲਈ ਕਹਿ ਦੇਵੇ, ਅਗਲੇ ਸਾਲ ਜਮੀਨ ਨੂੰ ਠੇਕੇ 'ਤੇ ਲੈਣ ਵਾਲਾ ਗਾਹਕ ਲੱਭੇ ਤੇ ਨਾਲੇ ਆਪਣੀ ਨੌਕਰੀ ਦਾ ਵੀ ਹੋਰ ਇੰਤਜਾਮ ਕਰ ਲਵੇ। ਉਹ ਬੋਲਿਆ, "ਥੱਸ ਇੰਨੀ ਛੇਤੀ ਭਿਆਂ ਹੋਗੀ ਲਾਣੇਦਾਰ, ਨੇਂਹ ਕੇ ਸੋਚੇਗੇ?" ਮੈਂ ਕਿਹਾ, "ਇਨ੍ਹਾਂ ਗੀ ਤੋ ਮੇਤੇ ਪਹਿਲਾਂ ਭਿਆਂ ਹੋਈ ਬੀ ਐ। ਹਾਲੇ ਖੁਲ੍ਹ ਗੈ ਨੀ ਦੱਸਦੇ ਨੇਂਹ।" ਉਹ ਨਿਰਵਿਰੋਧ ਬੋਲਿਆ, "ਬਾਤ ਦੋ ਪੱਕੀ ਲਗਾ ਤੇਰੀ।" ਮੈਂ ਮਨ ਹੀ ਮਨ ਸਿਮਰਨ ਕੀਤਾ, "ਇਨਾ ਜੰਤਾਂ ਵਸਿ ਕਿਛੁ ਨਾਹੀ। ਜਿਉਂ ਜਿਉਂ ਇਨ੍ਹਾਂ ਦੀ ਕਿਸ਼ਤੀ ਭਰਦੀ ਜਾਵੇਗੀ ਤਿਉਂ ਤਿਉਂ ਇਹ ਵੀ ਛਾਲਾਂ ਮਾਰ ਜਾਣਗੇ।" ਜਿਸ ਨੇ ਅਗਲੇ ਸਾਲ ਜਮੀਨ ਠੇਕੇ 'ਤੇ ਲਈ, ਅਮਰਾ ਉਸੇ ਨਾਲ ਨੌਕਰ ਲੱਗ ਗਿਆ। ਬੀੜੀਆਂ ਪੀਂਦਾ ਸੀ। ਕਈ ਸਾਲਾਂ ਬਾਅਦ ਉਹ ਸਾਹ ਦੀ ਬੀਮਾਰੀ ਨਾਲ ਮਰ ਗਿਆ।

ਮੈਂ ਇਸ ਕਹਾਣੀ ਨੂੰ ਆਪਣੀ ਜਾਤੀ ਕਹਾਣੀ ਦੇ ਤੌਰ 'ਤੇ ਪੇਸ਼ ਨਹੀਂ ਕੀਤਾ। ਇਹ ਕਿਸੇ ਕਿਸਾਨ-ਵਿਸ਼ੇਸ਼ ਦੀ ਕਹਾਣੀ ਨਹੀਂ ਸਗੋਂ ਪੰਜਾਬ ਦੀ ਸਮੁੱਚੀ ਕਿਸਾਨੀ ਦੀ ਇਕ ਕੇਸ-ਸਟੱਡੀ ਹੈ। ਇਸ ਦੇ ਸਹੀ ਤੇ ਭਾਵਪੂਰਣ ਅਧਿਐਨ ਨਾਲ ਅਜੋਕੀ ਕਿਸਾਨੀ ਦੀਆਂ ਸਮੱਸਿਆਵਾਂ ਦੀ ਜੜ੍ਹ ਤੇ ਸਿੱਟਿਆਂ ਬਾਬਤ ਪ੍ਰਮਾਣੀਕ ਤੇ ਮੂੰਹ ਬੋਲਦੀ ਜਾਣਕਾਰੀ ਮਿਲ ਜਾਵੇਗੀ। ਕੀ ਜਮੀਨੀ ਵੰਡ, ਕੀ ਹਰਾ ਇਨਕਲਾਬ, ਕੀ ਸ਼ਰਮਾਏਦਾਰੀ ਕਦਰਾਂ ਦਾ ਪਸਾਰ, ਕੀ ਪੇਂਡੂ ਭਾਈਚਾਰੇ ਦੇ ਪਰਸਪਰ ਦਵੰਧ, ਕੀ ਅਨਪੜ੍ਹਤਾ, ਕੀ ਫੁਕਰਾਪੰਥੀ, ਕੀ ਨਸ਼ਿਆਂ ਦੀ ਪ੍ਰਧਗਰ, ਕੀ ਭ੍ਰਿਸ਼ਟਾਚਾਰ, ਕੀ ਬੇਰੁਜ਼ਗਾਰੀ, ਕੀ ਮੰਡੀਕਰਣ ਦੇ ਵਿਕਾਰ, ਕੀ ਫਸਲਾਂ ਦੀਆਂ ਕੀਮਤਾਂ ਨਿਰਧਾਰਤ ਕਰਨ ਦਾ ਕਮਿਸ਼ਨੀ ਢੰਗ, ਕੀ ਬੈਂਕਾਂ ਦਾ ਕਰਜ਼ਾ, ਕੀ ਉਗਰਾਹੀ ਦੇ ਅਣਖ-ਮਿਟਾਊ ਤਰੀਕੇ, ਕੀ ਆੜ੍ਹਤੀਆਂ ਦੀ ਧਮਕਾਊ ਅੱਤ, ਕੀ ਮਿਸ਼ਰਤ ਵਿਆਜ ਦੀ ਮਾਰ, ਕੀ ਕੁਰਕੀਆਂ, ਕੀ ਖੁਦਕਸ਼ੀਆਂ ਤੇ ਕੀ ਖੇਤ ਮਜ਼ਦੂਰਾਂ ਦੀ ਜਿੰਦਾ-ਖੁਦਕਸ਼ੀ ਦੀ ਸਦੀਵੀ ਹਾਲਤ-ਇਹ ਇਨ੍ਹਾਂ ਸਭ ਮਸਲਿਆਂ 'ਤੇ ਤਜਰਬੇ ਦੀ ਤੇਜ਼ ਧਾਰ ਰੋਸ਼ਨੀ ਪਾਉਂਦੀ ਪੰਜਾਬ ਕਿਸਾਨੀ ਦੇ ਸੰਤਾਪ ਦੀ ਮਿੰਨੀ ਕਹਾਣੀ ਹੈ। ਇਸ ਲਈ ਇਸ ਨੂੰ ਇਵੇਂ ਹੀ ਵਿਚਾਰਿਆ ਜਾਵੇ।

*(ਸਮਾਪਤ)*

# ਪੀੜ-ਪਾਹੁਲ

*ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਉਹ ਸ਼ਬਦਾਂ ਦੀ ਅਜਿਹੀ ਜੁਗਤ ਬੰਨਦੇ ਹਨ ਕਿ ਪਾਠਕ ਦੇ ਮੂੰਹੋਂ ਸੁਤੇ ਸਿਧ ਨਿਕਲ ਜਾਂਦਾ ਹੈ, ਕਿਆ ਬਾਤ ਹੈ! ਪਿਛਲੇ ਲੇਖ ਵਿਚ ਡਾ. ਭੰਡਾਲ ਨੇ ਕਲਮ ਦੀ ਗਾਥਾ ਬਿਆਨਦਿਆਂ ਸੁਚੇਤ ਕੀਤਾ ਸੀ, "ਕਲਮ ਜਦ ਕਠੋਰ, ਕਰੁਣਾਮਈ, ਕੁਲਹਿਣੀ ਅਤੇ ਕੁਤਿੱਤਣ ਵਿਚ ਲਬਰੇਜ਼ ਹੋ, ਕਾਹਲੀ ਵਿਚ ਕਾਲੇ ਹਰਫਾਂ ਦੀ ਤਫਸੀਲ ਲਿਖਦੀ ਤਾਂ ਸ਼ਬਦਾਂ ਦੇ ਸੀਨਿਆਂ 'ਚ ਸੋਗ ਧਰਿਆ ਜਾਂਦਾ ਅਤੇ ਕਈ ਵਾਰ ਤਾਂ ਉਹ ਆਪਣੀ ਹੋਂਦ ਤੋਂ ਮੁਨਕਰੀ ਦਾ ਰਾਹ ਵੀ ਫੜ੍ਹਦੇ।" ਹਥਲੇ ਲੇਖ ਵਿਚ ਡਾ. ਭੰਡਾਲ ਨੇ ਪੀੜ ਦੀ ਪੀੜਾ ਅਤੇ ਇਸ ਦੀਆਂ ਪਰਤਾਂ ਫਰੋਲੀਆਂ ਹਨ ਕਿ ਸਰੀਰਕ ਪੀੜਾ ਤਾਂ ਜਲਦੀ ਭੁੱਲ ਜਾਂਦੀਆਂ ਹਨ, ਪਰ ਮਨ ਦੀ ਪੀੜਾ ਜੁਗਾਂ ਤੱਕ ਨਾਲ ਨਿਭਦੀ। ਉਹ ਕਹਿੰਦੇ ਹਨ, "ਪੀੜ, ਜਦ ਪਰਾਏ ਦਿੰਦੇ ਤਾਂ ਬਹੁਤਾ ਦਰਦ ਨਾ ਹੁੰਦਾ ਕਿਉਂਕਿ ਪਰਾਇਆਂ 'ਤੇ ਕਾਹਦਾ ਰੋਸਾ। ਪਰ ਜਦ ਆਪਣੇ ਹੀ ਪੀੜ ਬਣ ਜਾਣ ਤਾਂ ਇਕ ਗਿਲਾ ਖੁਦ 'ਤੇ ਹੁੰਦਾ, ਦੂਸਰਾ ਰਿਸ਼ਤੇ ਦੀ ਨਕਾਬਪੋਸ਼ੀ 'ਤੇ। ਇਸ ਦੇ ਨਾਲ ਹੀ ਗਹਿਰੇ ਸਦਮੇ ਵਿਚੋਂ ਖੁਦ ਨੂੰ ਬਚਾਉਣ ਲਈ ਡੂੰਘੇ ਗਮਾਂ ਦੀ ਹਾਥ ਪਾਉਣੀ ਪੈਂਦੀ। ਪਰਾਇਆਂ 'ਤੇ ਕਿਹੜਾ ਦਾਈਆ ਕਰੇ। ਆਪਣਿਆਂ 'ਤੇ ਦਾਈਏ ਵੀ ਫਿਕੇ ਪੈ ਜਾਂਦੇ।" -ਸੰਪਾਦਕ*

## ਨਿਆਮਤਾਂ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

ਪੀੜ, ਪਲਾਂ ਨੂੰ ਤਿੱਲ ਤਿੱਲ ਹੋ ਕੇ ਮਰਨ ਦੀ ਸਜ਼ਾ, ਸਮੇਂ ਨੂੰ ਸੂਲੀ 'ਤੇ ਲਟਕਣ ਦਾ ਹੁਕਮ ਅਤੇ ਇਸ ਦੀ ਹੁਕਮ-ਅਦੂਲੀ 'ਚ ਖੁਦ ਦੀ ਅਰਥੀ ਉਠਾਉਣ ਦਾ ਹੁਕਮਨਾਮਾ।

ਪੀੜ, ਬੋਲਾਂ ਦੇ ਹੋਠਾਂ 'ਤੇ ਚੁੱਪ ਦਾ ਜੰਦਰਾ, ਭਾਵਨਾਵਾਂ ਦੀ ਤਲੀ 'ਤੇ ਸੋਗ ਦਾ ਸ਼ਗਨ ਅਤੇ ਹਾਵ ਭਾਵ ਨੂੰ ਬੁੱਤ ਬਣਨ ਦੀ ਤਾੜਨਾ।

ਪੀੜ, ਪਹਿਲ-ਪਰਿਕਰਮਾ, ਪਲੇਠਾ ਪੰਘੂੜਾ, ਪਲੇਠੀ ਪ੍ਰਤੀਬੱਧਤਾ, ਪ੍ਰਭਾਵੀ ਪ੍ਰਦੱਖਣਾ ਅਤੇ ਪਹਿਲੀ ਪਗਡੰਡੀ। ਕਦੇ ਪੀੜ ਵਿਚੋਂ ਸੁਪਨਿਆਂ ਦੀ ਸਤਰੰਗੀ ਨੂੰ ਨਿਹਾਰਨਾ, ਤੁਹਾਨੂੰ ਪੀੜ ਦੇ ਅਗੰਮੀ ਤੇ ਅਨੂਠੇ ਅਨੁਭਵ ਦਾ ਅਹਿਸਾਸ ਹੋਵੇਗਾ।

ਪੀੜ, ਬਹੁਤ ਸਾਰੇ ਸਰੂਪਾਂ, ਸਰੋਤਾਂ, ਸਮੱਸਿਆਵਾਂ ਜਾਂ ਸਫਲਤਾਵਾਂ ਵਿਚੋਂ ਉਗਮ ਕੇ ਆਪਣੇ ਰੂਪ ਪ੍ਰਗਟਾਉਂਦੀ। ਕਿਹੜੀ ਪੀੜ ਨੇ ਕਿਸ ਰੂਪ ਵਿਚ, ਮਨ, ਤਨ ਜਾਂ ਤੁਹਾਡੀ ਸੋਚ 'ਤੇ ਦਸਤਕ ਦੇਣੀ, ਇਹ ਪੀੜ ਦੇ ਪਸਾਰਾਂ 'ਤੇ ਨਿਰਭਰ।

ਪੀੜ, ਸਰੀਰਕ ਰੂਪ ਵਿਚ ਉਨੀ ਪੀੜਾ ਨਹੀਂ ਦਿੰਦੀ ਜਿੰਨੀ ਮਾਨਸਿਕ ਕਸ਼ਟ ਦਿੰਦੀ। ਪਿੰਡੇ ਦੇ ਜਖਮ ਤਾਂ ਕੁਝ ਸਮੇਂ ਬਾਅਦ ਠੀਕ ਹੋ ਜਾਂਦੇ, ਸਿਰਫ ਕੁਝ ਕੁ ਦਾਗ ਰਹਿ ਜਾਂਦੇ, ਪਰ ਮਨ 'ਤੇ ਪਈਆਂ ਝਰੀਟਾਂ ਸਦਾ ਚਸਕਦੀਆਂ। ਮਸਤਕ 'ਤੇ ਪਈਆਂ ਲਾਸਾਂ ਦਰਦ ਵੀ ਦਿੰਦੀਆਂ ਅਤੇ ਸਦੀਵੀ ਨਿਸ਼ਾਨ ਵੀ।

ਪੀੜ ਕਈ ਵਾਰ ਥੋੜ੍ਹ-ਚਿਰੀ ਹੁੰਦੀ ਪਰ ਕਈ ਵਾਰ ਸਦੀਵੀ। ਕਈ ਵਾਰ ਪ੍ਰਾਹੁਣਿਆਂ ਹਾਰ ਆਉਂਦੀ, ਦਰਦ ਵਹਿੰਗੀ ਵਿਚੋਂ ਕੁਝ ਸਾਡੀ ਝੋਲੀ ਪਾ, ਆਂਦਰ ਦੀ ਖੈਰ ਮੰਗਦੀ, ਦੂਸਰਾ ਦਰ ਜਾ ਖੜਕਾਉਂਦੀ। ਦਰ ਦਰ ਭਟਕਦੀ ਪੀੜਾ, ਭਟਕਣ ਕਾਰਨ ਹੀ ਖੁਦ ਦੀ ਅਹਿਮੀਅਤ ਗਵਾ ਬਹਿੰਦੀ। ਪਰ ਪੀੜ ਜਦ ਸਾਹਾਂ ਦਾ ਸਾਥ ਬਣ ਜਾਵੇ ਤਾਂ ਤੁਸੀਂ ਇਸ ਨੂੰ ਤ੍ਰਾਸਦੀ ਸਮਝਣਾ ਜਾਂ ਇਨਾਇਤ, ਇਹ ਤੁਹਾਡੀ ਫਿਤਰਤ 'ਤੇ ਨਿਰਭਰ। ਇਸ ਨਜ਼ਰੀਏ ਵਿਚੋਂ ਹੀ ਤੁਸੀਂ ਵਿਕਸਿਤ ਹੋ ਸਕਦੇ ਜਾਂ ਸਿਮਟ ਜਾਂਦੇ।

ਪੀੜ, ਜਦ ਪਰਾਏ ਦਿੰਦੇ ਤਾਂ ਬਹੁਤਾ ਦਰਦ ਨਾ ਹੁੰਦਾ ਕਿਉਂਕਿ ਪਰਾਇਆਂ 'ਤੇ ਕਾਹਦਾ ਰੋਸਾ। ਪਰ ਜਦ ਆਪਣੇ ਹੀ ਪੀੜ ਬਣ ਜਾਣ ਤਾਂ ਇਕ ਗਿਲਾ ਖੁਦ 'ਤੇ ਹੁੰਦਾ, ਦੂਸਰਾ ਰਿਸ਼ਤੇ ਦੀ ਨਕਾਬਪੋਸ਼ੀ 'ਤੇ। ਇਸ ਦੇ ਨਾਲ ਹੀ ਗਹਿਰੇ ਸਦਮੇ ਵਿਚੋਂ ਖੁਦ ਨੂੰ ਬਚਾਉਣ ਲਈ ਡੂੰਘੇ ਗਮਾਂ ਦੀ ਹਾਥ ਪਾਉਣੀ ਪੈਂਦੀ। ਪਰਾਇਆਂ 'ਤੇ ਕਿਹੜਾ ਦਾਈਆ ਕਰੇ। ਆਪਣਿਆਂ 'ਤੇ ਦਾਈਏ ਵੀ ਫਿਕੇ ਪੈ ਜਾਂਦੇ।

ਪੀੜ, ਇਕ ਵਰ ਜਾਂ ਸਰਾਪ ਏ, ਇਹ ਮਨੱਖੀ ਵਿਅਕਤੀਤਵ ਦੀ ਪਛਾਣ ਹੁੰਦੀ। ਇਸ ਵਿਚੋਂ ਤੁਹਾਡੇ ਸ਼ਖਸੀ ਬਿੰਬ ਦਾ ਉਹ ਰੂਪ ਉਜਾਗਰ ਹੁੰਦਾ, ਜਿਸ ਤੋਂ ਤੁਸੀਂ ਵੀ ਅਣਜਾਣ ਤੇ ਨਿਰਲੇਪ। ਪੀੜ ਦੇਣ ਵਾਲਿਆਂ ਨੂੰ ਵੀ ਕਿਆਸ ਨਹੀਂ ਹੁੰਦਾ ਕਿ ਦਿਤੀ ਪੀੜਾ ਨੇ ਵਰ ਬਣ ਕੇ, ਨਵੀਆਂ ਰਾਹਾਂ ਦੀ ਦੱਸ ਬਣਨਾ।

ਪੀੜੇ ਨੀ ਪੀੜੇ! ਤੂੰ ਆਉਂਦੀ ਜਾਂਦੀ ਰਹੀਂ। ਸੁੱਤੀਆਂ ਸੰਭਾਵਨਾਵਾਂ ਜਗਾਈਂ ਅਤੇ ਖਾਲੀ ਕਾਸੇ 'ਚ ਪ੍ਰਾਪਤੀ ਦੀ ਟੁੱਕ ਪਾਈਂ। ਬੇਖਬਰ ਕਲਾ ਨੂੰ ਹਿਲਾਵੀਂ ਅਤੇ ਹਿੰਮਤ ਨੂੰ ਸੁਪਨਿਆਂ ਦੇ ਰਾਹ ਪਾਵੀਂ। ਪੀੜੇ ਨੀ ਪੀੜੇ! ਤੇਰੀਆਂ ਰਾਹਾਂ 'ਤੇ ਮਹਿਕਾਂ ਦਾ ਵਣਜ ਹੋਵੇ। ਤੇਰੀ ਫਿਜ਼ਾ ਰੰਗਾਂ ਦੀ ਆਬਸ਼ਾਰ ਸੰਜੋਵੇ ਅਤੇ ਤੇਰੀਆਂ ਬਰੂਹਾਂ ਨੂੰ ਨਵੇਂ ਸਿਰਲੇਖ ਉਕਰਾਉਣ ਦਾ ਸ਼ਰਫ ਹਾਸਲ ਹੋਵੇ। ਪੀੜੇ! ਤੂੰ ਸੁੱਚੇ ਹਰਫਾਂ ਦੀ ਦਾਨੀ, ਸੱਚੇ ਅਰਥਾਂ ਲਈ ਕਾਨੀ ਅਤੇ ਨਵੇਂ ਵਿਚਾਰਾਂ ਨੂੰ ਪਰੋਣ ਵਾਲੀ ਗਾਨੀ। ਪੀੜੇ! ਤੇਰਾ ਵਜੂਦ ਜ਼ਿੰਦਗੀ ਦਾ ਮੁਹਾਂਦਰਾ ਸੰਵਾਰੇ, ਸਾਹ-ਤੋਰ ਤੈਥੋਂ ਜਾਂਦੀ ਵਾਰੇ ਅਤੇ ਜੀਵਨ-ਰਾਹਾਂ 'ਚ ਪੈਂਦੇ ਜੋ ਸਮੁੰਦਰ ਖਾਰੇ। ਤੂੰ ਹੀ ਦੱਸਿਆ ਕਿ ਕਿਵੇਂ ਖਾਰਿਆਂ ਦੀ ਤਾਸੀਰ 'ਚ ਭਰਨੇ ਨੇ ਮੋਹ ਦੇ ਹੁੰਗਾਰੇ। ਕਿਵੇਂ ਸੁਪਨਹੀਣ ਅੱਖਾਂ ਨੂੰ ਦੇਣੇ ਨੇ ਸੂਹੇ ਅੰਬਰੀ-ਨਜ਼ਾਰੇ। ਕਿੰਜ ਧਰਨੇ ਕਾਲਖ-ਜੂਹੇ ਤਾਰੇ। ਕਿਵੇਂ 'ਨੇਰਿਆਂ 'ਚ ਉਗਣੀ ਏ ਜੁਗਨੂੰਆਂ ਦੀ ਡਾਰ ਅਤੇ ਕਿਸੇ ਉਜੜੇ ਘਰ ਦੇ ਬਨੇਰੇ 'ਤੇ ਜਗਣੀ ਏ ਦੀਵਿਆਂ ਦੀ ਡਾਰ। ਜਾਲੇ ਲੱਗੇ ਆਲਿਆਂ ਦੇ ਚਿਰਾਗਾਂ ਨੂੰ ਮਿਲਣੀਆਂ ਨੇ ਮਾਂਵਾਂ ਦੀਆਂ ਮੰਨਤਾਂ। ਘਰ ਨੂੰ ਮਿਲਣੀ ਏ ਬਜੁਰਗੀ ਅਸੀਸ। ਘਰ ਨੂੰ ਘਰ ਬਣਨ ਦਾ ਮਿਲੇਗਾ ਵਰ, ਘਰ ਫਿਰ ਤੋਂ ਤੋਲੇਗਾ ਪਰ ਅਤੇ ਬਣੇਗਾ ਵੱਸਦਾ ਰਸਦਾ ਘਰ।



*ਬਾਬਾ ਬੰਦਾ ਸਿੰਘ ਬਹਾਦਰ ਅਤੇ ਹੋਰ ਸਿੰਘਾਂ ਦੇ ਬੰਦ ਬੰਦ ਕਟਾਉਣ ਦਾ ਦ੍ਰਿਸ਼-ਇਕ ਚਿੱਤਰਕਾਰ ਦੀਆਂ ਨਜ਼ਰਾਂ ਵਿਚ*

ਪੀੜ ਦਾ ਸੰਗ ਵਿਰਲਿਆਂ ਦਾ ਨਸੀਬ, ਕੁਝ ਦਾ ਬਣਦੀ ਏ ਹਬੀਬ ਅਤੇ ਬਾਹਲਿਆਂ ਦੀ ਹੁੰਦੀ ਰਕੀਬ। ਪੀੜ ਵਿਚੋਂ ਖੁਦ ਨੂੰ ਪਰਿਭਾਸ਼ਤ ਅਤੇ ਵਿਸਥਾਰਨ ਵਾਲੇ ਲੋਕ ਹੀ ਨਵੀਆਂ ਪੈੜਾਂ ਦਾ ਸਿਰਨਾਵਾਂ ਤੇ ਉਨ੍ਹਾਂ ਦੀਆਂ ਪ੍ਰਾਪਤੀਆਂ ਦੇ ਸਦਕੇ ਜਾਂਦੀਆਂ ਸੁੰਗੜੀਆਂ ਤੇ ਸਹਿਮੀਆਂ ਫਿਜ਼ਾਵਾਂ।

ਪੀੜਾ ਵਿਚੋਂ ਹੀ ਨਵੀਂ ਸੋਚ ਪਨਪਦੀ, ਨਵੇਂ ਸੁਪਨੇ ਅੰਗੜਾਈ ਭਰਦੇ ਅਤੇ ਨਵੀਆਂ ਸੰਭਾਵਨਾਵਾਂ ਨੂੰ ਅੱਖ ਖੋਲਣਾ ਨਸੀਬ ਹੁੰਦਾ।

ਪੀੜ ਹੀ ਬਣਦੀ ਇਨਕਲਾਬ ਦੀ ਜਨਮ ਭੂਮੀ। ਪੀੜ ਜਦ ਬੇਪਨਾਹ ਹੋ ਕੇ ਹਰ ਦੀਦੇ ਵਿਚ ਸਿੰਮਣ ਲੱਗ ਪਵੇ ਤਾਂ ਦੀਦਿਆਂ ਦਾ ਖਾਰਾ ਪਾਣੀ ਅਤੇ ਉਠਦਾ ਉਬਾਲ, ਬੋਦੀਆਂ ਸਲਤਨਤਾਂ ਅਤੇ ਖੋਖਲੇ ਸਮਾਜਕ, ਧਾਰਮਿਕ ਅਤੇ ਆਰਥਕ ਪ੍ਰਬੰਧਾਂ ਨੂੰ ਤਹਿਸ਼-ਨਹਿਸ਼ ਕਰ, ਨਵ-ਨਿਰਮਾਣ ਦਾ ਅਜਿਹਾ ਕਾਰਜ ਅਰੰਭਦਾ ਕਿ ਆਉਣ ਵਾਲੀਆਂ ਨਸਲਾਂ, ਨਵੀਂ ਸ਼ੁਰੂਆਤ ਦੇ ਮੋਢੀਆਂ ਦੇ ਸਦਕੇ ਜਾਂਦੀਆਂ। ਉਸ ਨਿਵੇਕਲੀ ਸੋਚ ਨੂੰ ਨਤਮਸਤਕ ਹੁੰਦੀਆਂ ਜਿਸ ਨੇ ਅਦਨੇ ਜਿਹੇ ਮਨੁੱਖ ਦੀ ਸੋਚ ਧਰਾਤਲ ਨੂੰ ਵਿਸ਼ਾਲਤਾ ਬਖਸ਼, ਨਵੇਂ ਕੀਰਤੀਮਾਨਾਂ ਲਈ ਸਬੱਬ ਪੈਦਾ ਕੀਤਾ।

ਪੀੜ ਦੇਣ ਵਾਲੇ ਕੋਮਲ ਅਹਿਸਾਸਾਂ ਤੋਂ ਵਿਰਵੇ, ਮਾਸੂਮੀਅਤ ਦੇ ਦੋਖੀ, ਕੋਮਲਤਾ ਨੂੰ ਵਲੂੰਧਰਨ ਵਾਲੇ ਅਤੇ ਨੈਣਾਂ ਨੂੰ ਅੱਥਰੂਆਂ ਦਾ ਨਿਉਂਦਾ ਬਖਸ਼ਣ ਵਾਲੇ। ਅਜਿਹੇ ਕਮੀਨੇ ਲੋਕਾਂ ਨੂੰ ਰਹਿਮ/ਤਰਸ ਦੀ ਅਰਜੋਈ ਕਰਨਾ ਜਾਂ ਉਨ੍ਹਾਂ ਤੋਂ ਆਸ ਰੱਖਣਾ, ਬੇਅਰਥ। ਪੁਰਜਾ ਪੁਰਜਾ ਕੱਟਣ ਵਾਲੇ, ਉਬਲਦੀ ਦੇਗ ਵਿਚ ਉਬਾਲਣ ਵਾਲੇ, ਬੱਚਿਆਂ ਦੇ ਟੋਟੇ ਕਰਕੇ ਮਾਂਵਾਂ ਦੇ ਗਲਾਂ ਵਿਚ ਪਾਉਣ ਵਾਲੇ ਅਤੇ ਮਾਸੂਮ ਜਿੰਦਾਂ ਨੂੰ ਨੀਂਹਾਂ ਵਿਚ ਚਿਣਨ ਵਾਲਿਆਂ ਦੀ ਦਿੱਤੀ ਪੀੜਾ ਨੇ ਹੀ ਰੋਹ ਦਾ ਅਜਿਹਾ ਤੁਫਾਨ ਪੈਦਾ ਕੀਤਾ ਕਿ ਜਾਲਮਾਂ ਦੀਆਂ ਕਈ ਨਸਲਾਂ ਆਪਣੀ ਹੋਣੀ 'ਤੇ ਨੀਰ ਵਹਾਉਣ ਜੋਗੀਆਂ ਰਹਿ ਗਈਆਂ।

ਪੀੜ, ਕਈ ਵਾਰ ਤੁਹਾਡੇ ਸਾਹਵੇਂ ਇਕ ਚੁਣੌਤੀ ਬਣਦੀ। ਪੀੜ-ਪਰੁੱਚੇ ਪਲ ਹੀ ਹੁੰਦੇ ਜੋ ਤੁਹਾਡੇ ਕਦਮਾਂ ਨੂੰ ਤਾਲ, ਹਿੰਮਤ ਨੂੰ ਦਾਦ ਅਤੇ ਸੋਚ ਦੇ ਨਾਵੇਂ ਅੰਬਰ-ਪਰਵਾਜ਼ ਕਰਦੇ। 'ਕੇਰਾਂ ਬਾਪ ਦੇ ਨੈਣਾਂ ਵਿਚ ਸਿੰਮੀ ਪੀੜਾ ਹੀ ਸੀ ਜੋ ਸਿਰੜ-ਸਿਦਕ ਬਣ, ਸਫਲਤਾ ਦੇ ਪੌਡੇ ਮੇਰੇ ਨਾਮ ਕਰਦੀ ਰਹੀ ਅਤੇ ਬਾਪ ਦੇ ਨੈਣਾਂ ਨੂੰ ਸੁਖਨ ਅਤੇ ਸ਼ੁਕਰਗੁਜ਼ਾਰੀ ਨਾਲ ਲਬਰੇਜ਼ ਕੀਤਾ।

ਪੀੜ ਜਦ ਕਬਾੜ ਚੁਗਦੇ ਬੱਚੇ ਦੇ ਦੀਦਿਆਂ ਵਿਚ ਘਰ ਪਾ ਕੇ ਬਹਿ ਜਾਵੇ ਤਾਂ ਇਸ ਵਿਚੋਂ ਕਈ ਵਾਰ ਕੁਝ ਅਜਿਹਾ ਕਰ ਗੁਜਰਨ ਦਾ ਹੀਆ ਪੈਦਾ ਹੁੰਦਾ ਕਿ ਬੇਦਰਦ ਜ਼ਮਾਨਾ ਦੰਦਾਂ ਹੇਠ ਉਗਲਾਂ ਚੱਬਣ ਲਈ ਮਜਬੂਰ ਹੁੰਦਾ।

ਪੀੜਾ ਹੁਜਰਾ ਤੇ ਪੀੜਾ ਹੋਕਾ, ਪੀੜਾ ਜਾਨ-ਪਰਾਣ। ਪੀੜਾ ਦੇ ਸੰਗ ਹੱਸਾਂ ਖੇਡਾਂ, ਪੀੜਾ ਜਿੰਦ-ਮਕਾਨ। ਪੀੜਾ ਅੰਬਰ ਤੇ ਪੀੜ ਪਤਾਲ, ਪੀੜਾ ਸਾਗਰ-ਗੋਤਾ। ਪੀੜਾ ਦੇ ਸਾਹਾਂ ਸੰਗ ਮਿਲਦਾ, ਸਾਹ ਨੂੰ ਇਕ ਵਿਗੋਚਾ।

ਪੀੜ ਦੀ ਰਹਿਮਤ ਵਿਚ ਗੁਜਾਰਾਂ, ਪਲ ਦੀ ਪਰਖ-ਕਹਾਣੀ। ਪੀੜ ਮੇਰੇ ਹਰਫੀਂ ਮੌਲੇ, ਪੀੜ ਅਰਥ ਕਮਾਣੀ। ਪੀੜ ਜਦ ਸਫਿਆਂ 'ਤੇ ਫੈਲੇ, ਕੋਏ ਸਿੰਮਣ ਲੱਗਦੇ। ਜਿੰਦ-ਬਰੂਹੀਂ ਚੋਅ ਉਦਾਸੀ, ਰਾਹ ਮਹਿਰਮ ਦਾ ਦੱਸਦੇ।

ਪੀੜ ਇਤਿਹਾਸਕ ਘਟਨਾਵਾਂ ਦੀ ਜਨਮ-ਦਾਤੀ, ਸੰਸਾਰਕ ਤ੍ਰਾਸਦੀਆਂ ਦਾ ਮੁੱਢ, ਜੀਵਨੀ ਕੁਤਿੱਤਣਾਂ ਦਾ ਸਾਰ-ਅੰਸ਼ ਅਤੇ ਨਵੀਨਤਮ ਰਹਿਤਲਾਂ ਦੀ ਕਰਮਭੂਮੀ।

ਪੀੜ 'ਚ ਪੁੰਗਰਦੀਆਂ ਹੌਸਲਿਆਂ ਦੀਆਂ ਲਗਰਾਂ, ਹਿੰਮਤਾਂ ਨੂੰ ਪੈਂਦਾ ਬੂਰ ਅਤੇ ਸੁਪਨਿਆਂ ਨੂੰ ਸੰਪੂਰਨਤਾ ਦਾ ਵਰਦਾਨ। ਧਰਤੀ ਨਾਲ ਜੁੜੇ ਬਿਰਖਾਂ ਨੂੰ ਡਿੱਗਣ ਦਾ ਡਰ ਨਹੀਂ ਸਤਾਉਂਦਾ ਕਿਉਂਕਿ ਉਹ ਪੀੜਾ ਨੂੰ ਪ੍ਰਣਾਏ ਹੁੰਦੇ।

ਪੀੜ, ਪੈਗੰਬਰੀ ਵਰਦਾਨ ਜਿਸ ਦੀਆਂ ਪੈੜਾਂ ਨੂੰ ਸਿਜ਼ਦਾ ਕਰਦਾ ਜਹਾਨ। ਹੁੰਦਾ ਕੁਝ ਅਜਿਹਾ ਇਲਹਾਮ ਕਿ ਜਿਉਣਾ ਹੋ ਜਾਂਦਾ ਬਦਜ਼ਾਨ ਅਤੇ ਮੌਤ ਵਿਚੋਂ ਸੰਜੀਵਤਾ ਦਾ ਹੁੰਦਾ ਦਰਸ਼ਨ-ਇਸ਼ਨਾਨ।

ਪੀੜ, ਪੀਰ-ਪੈਗੰਬਰੀ ਦੀ ਅੰਜ਼ੀਲ। ਸਭ ਦੀ ਮੋਹਵੰਤੀ ਅਤੇ ਹਰੇਕ ਇਸ ਨੂੰ ਗਲੇ ਲਾਉਣ ਲਈ ਵਿਆਕੁਲ। ਜ਼ਿਆਦਤਰ ਧਾਰਮਿਕ ਹਸਤੀਆਂ, ਦਾਨਸ਼ਵਰਾਂ ਅਤੇ ਦਰਵੇਸ਼ਾਂ ਨੇ ਪੀੜ ਵਿਚੋਂ ਗੁਜਰ ਕੇ ਖੁਦ ਨੂੰ ਅਕੀਦਤਯੋਗ ਬਣਾਇਆ।

ਪੀੜ ਪੀੜ ਹੋ ਕੇ ਜਿਉਣਾ, ਸਭ ਤੋਂ ਔਖਾ ਵੀ ਅਤੇ ਸਹਿਲ ਵੀ। ਪੀੜ ਵਿਚੋਂ ਪੂਰਨਤਾ ਪ੍ਰਾਪਤ ਕਰਨ ਵਾਲੇ, ਸਿਦਕਦਿਲੀ ਅਤੇ ਸਿਰੜ ਦਾ ਬੁਰਜ ਸਿਰਜ ਗਏ ਜਿਸ ਦੀ ਤਸ਼ਬੀਹ ਦੇਣ ਲੱਗਿਆਂ ਹਰਫ ਬੌਣੇ ਹੋ ਜਾਂਦੇ।

ਪੀੜ ਨੂੰ ਗਲ ਦਾ ਗਹਿਣਾ ਬਣਾਉਣਾ, ਸਭ ਤੋਂ ਉਤਮ ਕਾਰਜ। ਪੀੜ-ਪਰਿਕਰਮਾ ਵਿਚੋਂ ਹੀ ਅਸੀਂ ਖੁਦ ਦੇ ਰੂਬਰੂ ਹੋ, ਅੰਤਰੀਵ ਸੰਵਾਦ ਰਚਾਉਂਦੇ, ਛੁਪੇ ਹੋਏ ਗੁਣਾਂ ਅਤੇ ਔਗੁਣਾਂ ਨੂੰ ਨਿਹਾਰਦੇ, ਖਰੇ ਤੇ ਖੋਟੇ ਦੀ ਪਛਾਣ ਕਰ, ਆਪਣੀਆਂ ਕਮੀਆਂ, ਕੁਤਾਹੀਆਂ, ਕਮੀਨਗੀਆਂ, ਕੁਰੀਤੀਆਂ, ਕੁਤਿਤਣ ਅਤੇ ਕੁਹਜ ਨੂੰ ਵਸਾਰ, ਖੁਦ ਵਿਚੋਂ ਸਚਿਆਰੇਪਨ ਅਤੇ ਨਿਆਰੇਪਨ ਦੀਆਂ ਪਿਰਤਾਂ ਪਾਉਣ ਦੀ ਕਾਮਨਾ ਬਣਦੇ।

ਪੀੜ, ਬੇਗਾਨੀ ਹਮੇਸ਼ਾ ਛੋਟੀ ਹੁੰਦੀ। ਪੀੜ ਨੂੰ ਖੁਦ 'ਚ ਜੀਰ ਕੇ ਅਤੇ ਫਿਰ ਉਭਰਨ ਦਾ ਕਿਆਸ ਕਰਕੇ, ਪੀੜ ਦੇ ਅਹਿਸਾਸ ਅਤੇ ਅਨੁਭਵ ਨੂੰ ਹੰਢਾਇਆ ਤੇ ਕਮਾਇਆ ਜਾ ਸਕਦਾ।

ਪੀੜ ਹਮੇਸ਼ਾ ਪੀੜ ਹੁੰਦੀ। ਪੀੜ ਦਰਦ ਦੀ ਵਹਿੰਗੀ ਢੋਂਦੀ, ਦਯਾ, ਦਿਆਲਤਾ ਅਤੇ ਦਿਆਨਦਾਰੀ ਦਾ ਜੋਗ ਕਮਾਉਂਦੀ, ਦਾਨਸ਼ਵਰੀ ਰਹਿਤਲ ਦਾ ਸੁੱਚਮ ਸਿਰਜ, ਅਕੀਦਤਯੋਗ ਬਣ ਜਾਂਦੀ। ਪੀੜ ਵਿਚੋਂ ਹੀ ਹਾਸੇ ਉਗਦੇ, ਪੀੜ ਵਿਚੋਂ ਹੀ ਰੋਣਾ। ਪੀੜ ਸਦਾ ਦੀ ਨੀਂਦ ਸੁਆਵੇ, ਤੇ ਪੀੜ ਭੁਲਾਵੇ ਸੌਣਾ। ਪੀੜ ਪਹੇਲੀ ਬਣ ਕੇ ਟਕਰਨ, ਜਦ ਪੌਣਾਂ ਦੀਆਂ ਲੇਰਾਂ। ਮਨ-ਨਗਰੀ ਦੀ ਵੇਦਨਾ ਵਿਚੋਂ, ਚੁੱਪ ਦੇ ਹੰਝੂ ਕੇਰਾਂ। ਪੀੜ ਪ੍ਰਾਹੁਣੀ ਹਰਦਮ ਟੱਕਰੇ, ਜਦ ਬਾਹਰ ਨੂੰ ਦੇਖਾਂ। ਸੁੰਨੇ ਰਸਤੇ, ਗੂੜ੍ਹ ਹਨੇਰਾ, ਤੇ ਪੈਰੀਂ ਪੁੜੀਆਂ ਮੇਖਾਂ। ਪੀੜ ਦੀ ਪਰਿਕਰਮਾ ਕਰਦਿਆਂ, ਸਾਰੀ ਉਮਰ ਵਿਹਾਈ। ਖੁਦ ਝੋਰੇ ਦੀ ਝੋਲ ਭਰੇਂਦਿਆਂ, ਖੁਦ ਤੋਂ ਹੋਈ ਰੁਸਵਾਈ। ਪੀੜੇ ਨੀ! ਕੇਹੇ ਲੇਖ ਲਿਖਾਏ, ਤੂੰ ਹਰ ਦਰੋਂ ਦੁਰਕਾਰੀ। ਪਰ ਜਿਨ੍ਹਾਂ ਤੈਨੂੰ ਗਲੇ ਲਗਾਇਆ, ਤੂੰ ਸਾਹੋਂ ਵੱਧ ਪਿਆਰੀ। ਪੀੜ-ਪਰਬਤ ਦੇ ਅੰਬਰ ਨੇੜੇ, ਤੇ ਤਾਰੇ ਭਰਨ ਹੁੰਗਾਰਾ। ਚਾਨਣ-ਜੂਹ ਦੀ ਹਮਸਫਰੀ ਦਾ, ਹੁੰਦਾ ਅਜਬ ਨਜ਼ਾਰਾ। ਪੀੜ ਪਾਕੀਜ਼ਗੀ, ਰੂਹ ਦੀ ਸਰਦਲ, ਜਦ ਆ ਮਲ ਖਲੋਵੇ। ਬੋਲ-ਬਹੁਣੀ ਵੀ ਸਾਥ ਨਾ ਦਿੰਦੀ, ਤੇ ਕਲਮ ਵੀ ਧਾਹੀਂ ਰੋਵੇ। ਪੀੜ ਦੀ ਦਰਗਾਹ 'ਤੇ ਜਿਹੜੇ, ਪੀੜ-ਇਬਾਰਤ ਕਰਦੇ। ਪੀੜ-ਪਾਹੁਲ ਦੀ ਕਰ ਜ਼ਿਆਰਤ, ਕਿਸੇ ਮੈਦਾਨ ਨਾ ਹਰਦੇ। ਪੀੜ ਦੀ ਝਾਂਜਰ ਪੈਰੀਂ ਪਾ ਕੇ, ਨੱਚਦੇ ਲੋਕ ਅਵੱਲੇ। ਹਰ ਬੀਹੀ ਹਰ ਚੌਕ-ਚੌਰਸਤੇ, ਹੋਂਦੀ ਬੱਲੇ ਬੱਲੇ।

ਪੀੜ ਵਿਚੋਂ ਵੀ ਕਈ ਵਾਰ ਮਨੁੱਖ ਅਨੰਦਤ ਹੁੰਦਾ ਅਗਰ ਇਹ ਪੀੜ ਕਿਸੇ ਦੀ ਖੁਸ਼ੀ ਦਾ ਸਬੱਬ ਬਣਦੀ। ਪੀੜ ਵਿਚੋਂ ਉਗਮਦੇ ਹਾਸਿਆਂ ਦੀ ਰੁੱਤ 'ਚ ਮੌਲਦੇ ਨੇ, ਨਵੇਂ ਚਾਅ, ਸਿਰਜੇ ਜਾਂਦੇ ਨਵੀਨਤਮ ਰਾਹ ਅਤੇ ਮਨੁੱਖੀ ਚਿੱਤ ਨੂੰ ਮਿਲਦੀ ਸੰਦਲੀ ਭਾਅ।

ਪੀੜ ਬਾਹਰਲੀ ਹੋਵੇ ਤਾਂ ਸਹਿਜੇ ਸਹਿਜੇ ਘਟਦੀ ਤੇ ਖਤਮ ਹੋ ਜਾਂਦੀ। ਪਰ ਅੰਦਰਲੀ ਪੀੜ ਸਭ ਤੋਂ ਭਿਆਨਕ। ਬੰਦਾ ਅੰਦਰੋ ਅੰਦਰ ਮਰਦਾ, ਆਪਣੇ ਸਾਹਾਂ 'ਚ ਸੰਨਾਟਾ ਧਰਦਾ, ਆਖਰ ਨੂੰ ਆਪਣੀ ਅਰਥੀ ਨੂੰ ਮੋਢੇ ਦੇਣ ਤੋਂ ਵੀ ਬੇਜ਼ਾਰ ਹੋ ਜਾਂਦਾ। ਬਾਹਰਲੀ ਪੀੜ ਨੂੰ ਹਰਫ ਦਿੱਤੇ ਜਾ ਸਕਦੇ, ਬੋਲੀਂ ਤਰਜ਼ਮਾਵੇ। ਪਰ ਅੰਦਰਲੀ ਪੀੜ ਨੂੰ ਚੁੱਪ ਉਲਥਾਵੇ। ਬਾਹਰਲੀ ਪੀੜ ਨਾਲ ਵਿਅਕਤੀ ਜਲਦੀ ਮਰਦਾ ਪਰ ਅੰਦਰਲੀ ਪੀੜ ਰੀਂਗ ਰੀਂਗ ਕੇ ਮਰਨ ਦੀ ਮਜ਼ਬੂਰੀ।

ਪੀੜ ਜਦ ਪ੍ਰਸੰਨਤਾ ਤੇ ਪਾਕੀਜ਼ਗੀ ਦੀ ਪ੍ਰਸੰਗਤਾ ਵਿਚ ਪਾਹੁਲ ਬਣਦੀ ਤਾਂ ਮਨੁੱਖੀ ਫਿਤਰਤ ਨੂੰ ਵਿਸਤ੍ਰਿਤ ਕਰਦੀ ਅਤੇ ਮਨੁੱਖੀ ਸੰਵੇਦਨਾਵਾਂ ਨੂੰ ਨਵੀਆਂ ਤਰਜੀਹਾਂ ਅਤੇ ਬੁਲੰਦੀਆਂ ਬਖਸ਼ਦੀ।

*ਪੀੜੇ ਨੀ ਪੀੜੇ! ਤੂੰ ਆਉਂਦੀ ਜਾਂਦੀ ਰਹੀਂ। ਸੁੱਤੀਆਂ ਸੰਭਾਵਨਾਵਾਂ ਜਗਾਈਂ ਅਤੇ ਖਾਲੀ ਕਾਸੇ 'ਚ ਪ੍ਰਾਪਤੀ ਦੀ ਟੁੱਕ ਪਾਈਂ। ਬੇਖਬਰ ਕਲਾ ਨੂੰ ਹਿਲਾਵੀਂ ਅਤੇ ਹਿੰਮਤ ਨੂੰ ਸੁਪਨਿਆਂ ਦੇ ਰਾਹ ਪਾਵੀਂ। ਪੀੜੇ ਨੀ ਪੀੜੇ! ਤੇਰੀਆਂ ਰਾਹਾਂ 'ਤੇ ਮਹਿਕਾਂ ਦਾ ਵਣਜ ਹੋਵੇ। ਤੇਰੀ ਫਿਜ਼ਾ ਰੰਗਾਂ ਦੀ ਆਬਸ਼ਾਰ ਸੰਜੋਵੇ ਅਤੇ ਤੇਰੀਆਂ ਬਰੂਹਾਂ ਨੂੰ ਨਵੇਂ ਸਿਰਲੇਖ ਉਕਰਾਉਣ ਦਾ ਸ਼ਰਫ ਹਾਸਲ ਹੋਵੇ। ਪੀੜੇ! ਤੂੰ ਸੁੱਚੇ ਹਰਫਾਂ ਦੀ ਦਾਨੀ, ਸੱਚੇ ਅਰਥਾਂ ਲਈ ਕਾਨੀ ਅਤੇ ਨਵੇਂ ਵਿਚਾਰਾਂ ਨੂੰ ਪਰੋਣ ਵਾਲੀ ਗਾਨੀ। ਪੀੜੇ! ਤੇਰਾ ਵਜੂਦ ਜ਼ਿੰਦਗੀ ਦਾ ਮੁਹਾਂਦਰਾ ਸੰਵਾਰੇ, ਸਾਹ-ਤੋਰ ਤੈਥੋਂ ਜਾਂਦੀ ਵਾਰੇ ਅਤੇ ਜੀਵਨ-ਰਾਹਾਂ 'ਚ ਪੈਂਦੇ ਜੋ ਸਮੁੰਦਰ ਖਾਰੇ। ਤੂੰ ਹੀ ਦੱਸਿਆ ਕਿ ਕਿਵੇਂ ਖਾਰਿਆਂ ਦੀ ਤਾਸੀਰ 'ਚ ਭਰਨੇ ਨੇ ਮੋਹ ਦੇ ਹੁੰਗਾਰੇ। ਕਿਵੇਂ ਸੁਪਨਹੀਣ ਅੱਖਾਂ ਨੂੰ ਦੇਣੇ ਨੇ ਸੂਹੇ ਅੰਬਰੀ-ਨਜ਼ਾਰੇ। ਕਿੰਜ ਧਰਨੇ ਕਾਲਖ-ਜੂਹੇ ਤਾਰੇ। ਕਿਵੇਂ 'ਨੇਰਿਆਂ 'ਚ ਉਗਣੀ ਏ ਜੁਗਨੂੰਆਂ ਦੀ ਡਾਰ ਅਤੇ ਕਿਸੇ ਉਜੜੇ ਘਰ ਦੇ ਬਨੇਰੇ 'ਤੇ ਜਗਣੀ ਏ ਦੀਵਿਆਂ ਦੀ ਡਾਰ। ਜਾਲੇ ਲੱਗੇ ਆਲਿਆਂ ਦੇ ਚਿਰਾਗਾਂ ਨੂੰ ਮਿਲਣੀਆਂ ਨੇ ਮਾਂਵਾਂ ਦੀਆਂ ਮੰਨਤਾਂ। ਘਰ ਨੂੰ ਮਿਲਣੀ ਏ ਬਜੁਰਗੀ ਅਸੀਸ।*

## ਪੀੜਾਂ ਦਾ ਪਰਾਗਾ

### ਸ਼ਿਵ ਕੁਮਾਰ ਬਟਾਲਵੀ

ਤੈਨੂੰ ਦਿਆਂ ਹੰਝੂਆਂ ਦਾ ਭਾੜਾ,
ਨੀ ਪੀੜਾਂ ਦਾ ਪਰਾਗਾ ਭੁੰਨ ਦੇ।
ਭੱਠੀ ਵਾਲੀਏ ਚੰਬੇ ਦੀਏ ਡਾਲੀਏ
ਨੀ ਪੀੜਾਂ ਦਾ ਪਰਾਗਾ ਭੁੰਨ ਦੇ, ਭੱਠੀ ਵਾਲੀਏ।

ਹੋ ਗਿਆ ਕੁਵੇਲਾ ਮੈਨੂੰ
ਢਲ ਗਈਆਂ ਛਾਂਵਾਂ ਨੀ
ਬੇਲਿਆਂ 'ਚੋਂ ਮੁੜ ਗਈਆਂ
ਮੱਝੀਆਂ ਤੇ ਗਾਂਵਾਂ ਨੀ
ਪਾਇਆ ਚਿੜੀਆਂ ਨੇ ਚੀਕ-ਚਿਹਾੜਾ
ਨੀ ਪੀੜਾਂ ਦਾ ਪਰਾਗਾ ਭੁੰਨ ਦੇ...।

ਛੇਤੀ ਛੇਤੀ ਕਰੀਂ ਮੈਂ ਤੇ ਜਾਣਾ ਬੜੀ ਦੂਰ ਨੀ
ਜਿਥੇ ਮੇਰੇ ਹਾਣੀਆਂ ਦਾ ਟੁਰ ਗਿਆ ਪੂਰ ਨੀ
ਓਸ ਪਿੰਡ ਦਾ ਸੁਣੀਂਦੈ ਰਾਹ ਮਾੜਾ
ਨੀ ਪੀੜਾਂ ਦਾ ਪਰਾਗਾ ਭੁੰਨ ਦੇ...।

ਮੇਰੀ ਵਾਰੀ ਪੱਤਿਆਂ ਦੀ ਪੰਡ ਸਿੱਲ੍ਹੀ ਹੋ ਗਈ
ਮਿੱਟੀ ਦੀ ਕੜਾਹੀ ਤੇਰੀ ਕਾਹਨੂੰ ਪਿੱਲੀ ਹੋ ਗਈ
ਤੇਰੇ ਸੇਕ ਨੂੰ ਕੀਹ ਵੱਜਿਆ ਦੁਗਾੜਾ
ਨੀ ਪੀੜਾਂ ਦਾ ਪਰਾਗਾ ਭੁੰਨ ਦੇ...।

ਲੱਪ ਕੁ ਏ ਚੁੰਗ ਮੇਰੀ ਮੈਨੂੰ ਪਹਿਲਾਂ ਟੋਰ ਨੀ
ਕੱਚੇ ਕੱਚੇ ਰੱਖ ਨਾ ਨੀ ਰੋੜ੍ਹ ਥੋੜ੍ਹੇ ਹੋਰ ਨੀ
ਕਰਾਂ ਮਿੰਨਤਾਂ ਮੁਕਾ ਦੇ ਨੀ ਪੁਆੜਾ
ਨੀ ਪੀੜਾਂ ਦਾ ਪਰਾਗਾ ਭੁੰਨ ਦੇ...।

ਸੌਂ ਗਈਆਂ ਹਵਾਵਾਂ ਰੋ ਰੋ ਕਰ ਵਿਰਲਾਪ ਨੀ
ਤਾਰਿਆਂ ਨੂੰ ਚੜ੍ਹ ਗਿਆ ਮੱਠਾ ਮੱਠਾ ਤਾਪ ਨੀ
ਜੰਞ ਸਾਹਵਾਂ ਦੀ ਦਾ ਰੁੱਸ ਗਿਆ ਲਾੜਾ
ਨੀ ਪੀੜਾਂ ਦਾ ਪਰਾਗਾ ਭੁੰਨ ਦੇ, ਭੱਠੀ ਵਾਲੀਏ।
ਤੈਨੂੰ ਦਿਆਂ ਹੰਝੂਆਂ ਦਾ ਭਾੜਾ
ਨੀ ਪੀੜਾਂ ਦਾ ਪਰਾਗਾ ਭੁੰਨ ਦੇ, ਭੱਠੀ ਵਾਲੀਏ।

# ਪਾਰਸੀ ਥੀਏਟਰ ਦਾ ਉਤਰਾਅ-ਚੜ੍ਹਾਅ ਅਤੇ ਫਿਲਮਾਂ

ਕੋਈ ਵੇਲਾ ਸੀ ਜਦੋਂ ਪਾਰਸੀ ਥੀਏਟਰ, ਭਾਵ ਪਾਰਸੀ ਨਾਟਕ ਕੰਪਨੀਆਂ ਦੀ ਭਾਰਤ ਵਿਚ ਬੜੀ ਧੁੰਮ ਸੀ। ਅੱਜ ਵੀ ਪੁਰਾਣੇ ਲੋਕ ਉਸ ਦੌਰ ਦੇ ਸ਼ਾਨਦਾਰ ਸੈੱਟ, ਬੁਲੰਦ ਆਵਾਜ਼ ਅਤੇ ਵਿਸ਼ੇਸ਼ ਸੰਵਾਦ-ਸ਼ੈਲੀ ਨੂੰ ਨਹੀਂ ਭੁੱਲੇ। ਪਾਰਸੀ ਥੀਏਟਰ ਨੇ ਦੇਸ਼ ਦੀ ਆਜ਼ਾਦੀ ਦੇ ਅੰਦੋਲਨ ਵਿਚ ਬਣਦਾ ਯੋਗਦਾਨ ਪਾਇਆ ਅਤੇ ਅਜੋਕੇ ਸਿਨੇਮੇ ਲਈ ਵੀ ਰਾਹ-ਦਸੇਰਾ ਬਣਿਆ। ਰੰਗਮੰਚ ਦੀ ਸਥਾਪਨਾ ਅਵਧ ਦੇ ਨਵਾਬ ਵਾਜਿਦ ਅਲੀ ਸ਼ਾਹ ਦੇ ਜ਼ਮਾਨੇ ਵਿਚ 1853 ਵਿਚ ਹੋਈ। ਉਰਦੂ ਅਤੇ ਫਾਰਸੀ ਦੇ ਵਿਦਵਾਨ ਉਸਤਾਦ ਅਮਾਨਤ ਤੋਂ ਨਵਾਬ ਨੇ 'ਇੰਦਰ ਸਭਾ' ਨਾਟਕ ਲਿਖਵਾਇਆ। ਉਸ ਵਿਚ ਨਵਾਬ ਨੇ ਫੁਦ ਇੰਦਰ ਦਾ ਕਿਰਦਾਰ ਅਦਾ ਕੀਤਾ ਸੀ ਅਤੇ ਅਪਸਰਾਵਾਂ ਦੀ ਤਾਂ ਕੋਈ ਘਾਟ ਸੀ ਹੀ ਨਹੀਂ। ਅੱਜ ਵੀ ਲਖਨਊ ਦੇ ਕੇਸਰ ਬਾਗ਼ ਦੇ 300 ਕਮਰੇ ਇਸ ਦੇ ਫਾਮੋਸ਼ ਗਵਾਹ ਹਨ। ਉਸ ਦੌਰ ਵਿਚ ਅਨੇਕਾਂ ਛੋਟੀਆਂ-ਛੋਟੀਆਂ ਮੰਡਲੀਆਂ ਬਣੀਆਂ ਜੋ ਪੂਰੇ ਦੇਸ਼ ਵਿਚ ਘੁੰਮਦੀ ਹੋਈਆਂ 'ਇੰਦਰ ਸਭਾ' ਦਾ ਮੰਚਨ ਕਰਦੀਆਂ ਸਨ। ਇਨ੍ਹਾਂ ਨੂੰ ਬਹੁਤ ਪ੍ਰਸਿਧੀ ਮਿਲੀ। ਸਾਲ 1853 ਤੋਂ 1860 ਦਰਮਿਆਨ ਬਹੁਤ ਸਾਰੇ ਨਾਟਕ ਲਿਖੇ ਗਏ, ਜਿਵੇਂ 'ਅਲਾਦੀਨ ਦਾ ਚਿਰਾਗ਼', 'ਅਲੀ ਬਾਬਾ ਚਾਲੀਸ ਚੋਰ', 'ਫਸਾਨੇ ਅਜਾਇਬ', 'ਗੁਲ ਬਕਾਵਲੀ', 'ਵਿਚੰਦਰ ਬਕਾਵਲੀ' ਆਦਿ।

ਪਾਰਸੀ ਥੀਏਟਰ ਦਾ ਇਤਿਹਾਸ ਬਹੁਤ ਵਿੱਲਖਣ ਹੈ। ਹੋਇਆ ਇੰਜ ਕਿ ਜਦੋਂ ਪਰਸ਼ੀਆ (ਇਰਾਨ ਦਾ ਪੁਰਾਣਾ ਨਾਂ) 'ਤੇ ਮੁਸਲਮਾਨਾਂ ਨੇ ਹਮਲਾ ਕੀਤਾ ਤਾਂ ਉਥੋਂ ਭੱਜ ਕੇ ਬਹੁਤਿਆਂ ਨੇ ਭਾਰਤ ਵਿਚ ਪਨਾਹ ਲਈ ਅਤੇ ਉਹ ਮੁੰਬਈ, ਸੂਰਤ, ਨਾਸਿਕ, ਨਵਸਾਰੀ, ਬਲਸਾੜ, ਕਰਨ ਆਦਿ ਸਥਾਨਾਂ 'ਤੇ ਵਸ ਗਏ। ਉਸ ਵੇਲੇ ਸਮਾਜ ਵਿਚ ਸ਼ਰਾਬ ਦਾ ਫੂਬ ਰੁਝਾਨ ਸੀ। ਪਾਰਸੀਆਂ ਦੀ ਨਜ਼ਰ ਇਸ ਧੰਦੇ 'ਤੇ ਪਈ ਕਿਉਂਕਿ ਉਨ੍ਹਾਂ ਕੋਲ ਸ਼ਰਾਬ ਬਣਾਉਣ ਦਾ ਤਜਰਬਾ ਸੀ। ਲਿਹਾਜ਼ਾ ਉਹ ਹੌਲੀ-ਹੌਲੀ ਇਸ ਧੰਦੇ ਵਿਚ ਬਹੁਤ ਕਾਮਯਾਬ ਹੋ ਗਏ। ਬਾਦਸ਼ਾਹ ਜਹਾਂਗੀਰ ਦੀ ਐਸ਼ਪ੍ਰਸਤੀ ਕਾਰਨ ਅੰਗਰੇਜ਼ਾਂ ਨੂੰ ਈਸਟ ਇੰਡੀਆ ਕੰਪਨੀ ਦੀ ਸਥਾਪਨਾ ਦੀ ਆਗਿਆ ਮਿਲ ਗਈ। ਉਨ੍ਹਾਂ ਨੇ ਹੌਲੀ-ਹੌਲੀ ਸੂਰਤ ਵਿਚ ਕੋਠੀਆਂ ਬਣਾ ਲਈਆਂ ਅਤੇ ਕੋਲੇ ਦੀਆਂ ਖਾਣਾਂ, ਚਾਹ ਦੇ ਬਾਗ਼ਾਂ, ਅਬਰਕ ਦੀਆਂ ਖਾਣਾਂ ਆਦਿ 'ਤੇ ਆਪਣਾ ਕਬਜ਼ਾ ਜਮਾਉਣਾ ਸ਼ੁਰੂ ਕਰ ਦਿੱਤਾ ਪਰ ਉਨ੍ਹਾਂ ਤੋਂ ਭਾਰਤ ਦੀ ਗਰਮੀ ਨਹੀਂ ਸੀ ਸਹਿ ਹੁੰਦੀ। ਗਰਮੀਆਂ ਵਿਚ ਉਹ ਇਥੋਂ ਦੇ ਠੰਢੇ ਸਥਾਨਾਂ ਦੀ ਤਲਾਸ਼ ਵਿਚ ਰਹਿੰਦੇ ਸਨ। ਸੋ, ਇੰਗਲੈਂਡ ਤੋਂ ਇੰਜਨੀਅਰ ਆਏ ਅਤੇ ਉਨ੍ਹਾਂ ਨੇ ਨੈਨੀਤਾਲ, ਮਸੂਰੀ, ਅਲਮੋੜਾ, ਰਾਨੀਫੇਤ, ਦਾਰਜੀਲਿੰਗ ਤੇ ਗੁਜਰਾਤ ਦੇ ਕਈ ਸਥਾਨ ਵਿਕਸਤ ਕੀਤੇ। ਅੰਗਰੇਜ਼ ਅਧਿਕਾਰੀਆਂ ਦਾ ਗਰਮੀ ਦੌਰਾਨ ਭਾਰਤ ਤੋਂ ਭੱਜਣਾ ਬੰਦ ਹੋ ਗਿਆ। ਫਿਰ ਉਨ੍ਹਾਂ ਦੇ ਮਨੋਰੰਜਨ ਲਈ ਇੰਗਲੈਂਡ ਤੋਂ ਡਾਂਸ ਪਾਰਟੀਆਂ ਆਉਣ ਲੱਗੀਆਂ। ਇਹ ਸਿਲਸਿਲਾ ਕਾਫੀ ਚੱਲਿਆ।




*2014 ਵਿਚ ਖੇਡੇ ਨਾਟਕ 'ਦਿ ਕਲਾਸ ਐਕਟ' ਦੇ ਕਲਾਕਾਰ*

ਇਸ ਤੋਂ ਬਾਅਦ ਇੰਗਲੈਂਡ ਦੀਆਂ ਕੰਪਨੀਆਂ 'ਸ਼ੈਕਸਪੀਅਰ' ਦੇ ਡਰਾਮੇ ਲੈ ਕੇ ਆਉਣ ਲੱਗੀਆਂ। ਇਹ ਡਰਾਮੇ ਫਾਸੇ ਹਰਮਨ-ਪਿਆਰੇ ਹੋਏ। ਇਉਂ ਇੰਗਲੈਂਡ ਦੀਆਂ ਕੰਪਨੀਆਂ ਨੇ ਅੱਜ ਦੇ ਸਟੇਜ ਦੀ ਨੀਂਹ ਰੱਖੀ। ਬਕਾਇਦਾ ਥੀਏਟਰ ਹਾਲ ਬਣਾਏ ਗਏ। ਇਨ੍ਹਾਂ ਵਿਚ ਡਰਾਮੇ ਖੇਡੇ ਜਾਂਦੇ। ਬਿਜਲੀ ਨਾ ਹੋਣ ਦੇ ਕਾਰਨ ਮਸ਼ਾਲਾਂ ਬਾਲ ਕੇ ਰੋਸ਼ਨੀ ਕੀਤੀ ਜਾਂਦੀ ਸੀ। ਬਿਜਲੀ ਆਉਣ 'ਤੇ ਰੰਗਮੰਚ ਦਾ ਰੰਗ-ਢੰਗ ਹੀ ਬਦਲ ਗਿਆ।

ਨਾਟਕਾਂ ਦੀ ਵਧਦੀ ਮਕਬੂਲੀਅਤ ਵੇਖ ਕੇ ਪਾਰਸੀਆਂ ਨੇ ਸੋਚਿਆ ਕਿ ਜਦੋਂ ਇੰਗਲੈਂਡ ਦੀਆਂ ਕੰਪਨੀਆਂ ਹਜ਼ਾਰਾਂ ਰੁਪਏ ਕਮਾ ਕੇ ਲਿਜਾ ਰਹੀਆਂ ਹਨ ਤਾਂ ਉਹ ਵੀ ਕਿਉਂ ਨਾ ਕਮਾਉਣ? ਇਉਂ 1864 ਵਿਚ ਫੁਰਸ਼ੇਦਜੀ ਬੱਲੀਵਾਲਾ ਜੋ ਰੰਗਮੰਚ ਦੇ ਮਹਾਨ ਕਮੇਡੀਅਨ ਸਨ ਅਤੇ ਕੋਵਾਸਜੀ ਖਟਾਊ ਨੇ ਰਲ ਕੇ ਪਹਿਲੀ ਕੰਪਨੀ ਸ਼ੁਰੂ ਕੀਤੀ-ਪਾਰਸੀ ਬੱਲੀਵਾਲਾ ਥੀਏਟਰੀਕਲ ਕੰਪਨੀ। ਇਸ ਤੋਂ ਬਾਅਦ 20-25 ਕੰਪਨੀਆਂ ਹੋਰ ਬਣੀਆਂ-'ਅਲਫ੍ਰੈਡ, ਇਨਫਿਸਟਨ, ਕੁਰਥੀਅਨ, ਅਲੈਗਜ਼ੈਂਡਰਾ, ਇੰਪਾਇਰ, ਕਾਰਪੋਰੇਸ਼ਨ, ਬੰਬੇ ਪਾਰਸੀ ਆਦਿ। ਇਸ ਦੇ ਨਾਲ ਹੀ ਕੁਝ ਭਾਰਤੀ ਕੰਪਨੀਆਂ ਵੀ ਬਣੀਆਂ ਜਿਵੇਂ ਲਕਸ਼ਮੀਕਾਂਤ ਨਾਟਕ ਸਮਾਜ, ਦੇਸੀ ਨਾਟਕ ਸਮਾਜ, ਮੇਰਠ ਦੀ ਵਿਆਕੁਲ ਭਾਰਤ ਅਤੇ ਪੰਜਾਬ ਦੀ ਮੂੰਜ ਥੀਏਟਰੀਕਲ ਕੰਪਨੀ ਆਦਿ।

ਸੁਆਲ ਹੈ ਕਿ ਪਾਰਸੀ ਨਾਟ-ਸ਼ੈਲੀ ਦੀ ਫਾਸੀਅਤ ਕੀ ਹੈ? ਇਸ ਨਾਲ ਪਾਰਸੀ ਸ਼ਬਦ ਕਿਉਂ ਜੁੜਿਆ? ਇਸ ਸ਼ੈਲੀ ਦੀ ਵਿਸ਼ੇਸ਼ਤਾ ਇਹ ਸੀ ਕਿ ਇਸ ਵਿਚ ਉਚੀ ਅਤੇ ਬੁਲੰਦ ਆਵਾਜ਼ ਵਿਚ ਬੋਲਿਆ ਜਾਂਦਾ ਸੀ। ਇਸ ਪਿੱਛੇ ਕਾਰਨ ਇਹ ਸੀ ਕਿ ਉਸ ਜ਼ਮਾਨੇ ਵਿਚ ਲਾਊਡ ਸਪੀਕਰ ਵਰਗੇ ਧੁਨੀ ਯੰਤਰ ਤਾਂ ਹੈ ਨਹੀਂ ਸਨ, ਦਰਸ਼ਕ ਬਹੁਤ ਜ਼ਿਆਦਾ ਹੁੰਦੇ ਸਨ। ਇਉਂ ਸਾਰਿਆਂ ਤਾਈਂ ਆਪਣੀ ਆਵਾਜ਼ ਪਹੁੰਚਾਉਣ ਲਈ ਪਾਤਰਾਂ ਦੀ ਮਜਬੂਰੀ ਸੀ ਕਿ ਉਹ ਉਚੀ-ਉਚੀ ਬੋਲਣ। ਲਿਹਾਜ਼ਾ ਆਉਣ ਵਾਲੇ ਸਮੇਂ ਵਿਚ ਇਹੀ ਆਵਾਜ਼ ਇਸ ਸ਼ੈਲੀ ਦੀ ਵਿਸ਼ੇਸ਼ਤਾ ਬਣ ਗਈ, ਕਿਉਂਕਿ ਪਾਰਸੀ ਲੋਕਾਂ ਨੇ ਸਭ ਤੋਂ ਪਹਿਲਾਂ ਇਹ ਨਾਟ-ਸ਼ੈਲੀ ਅਪਣਾਈ ਸੀ। ਉਂਜ ਇਸ ਦਾ ਪਰਸੀਆ ਨਾਲ ਕੋਈ ਸਬੰਧ ਨਹੀਂ ਸੀ। ਇਹ ਕੰਪਨੀਆਂ ਪੂਰੇ ਭਾਰਤ ਵਿਚ ਘੁੰਮਦੀਆਂ ਰਹਿੰਦੀਆਂ। ਉਸ ਸਮੇਂ ਸਰਕਸ ਅਤੇ ਥੀਏਟਰ, ਦੋਵਾਂ ਲਈ ਰੇਲਵੇ ਵੱਲੋਂ ਕਿਰਾਏ ਵਿਚ ਛੋਟ ਮਿਲਦੀ ਸੀ। ਲਿਹਾਜ਼ਾ ਵੱਡੀਆਂ-ਵੱਡੀਆਂ ਕੰਪਨੀਆਂ ਵਿਸ਼ੇਸ਼ ਰੇਲਾਂ ਵਿਚ ਸਫਰ ਕਰਦੀਆਂ ਅਤੇ ਨਾਲ ਆਪਣੇ ਜੈਨਰੇਟਰ ਵੀ ਲੈ ਜਾਂਦੀਆਂ। ਉਨ੍ਹੀਂ ਦਿਨੀਂ ਵਿਚ ਬਿਜਲੀ ਕੁਝ ਕੁ ਵੱਡੇ ਸ਼ਹਿਰਾਂ ਵਿਚ ਹੀ ਹੁੰਦੀ ਸੀ। ਮੇਰਠ, ਮੁਰਾਦਾਬਾਦ, ਮੁਜੱਫਰਗੜ੍ਹ, ਅਲੀਗੜ੍ਹ, ਸਹਾਰਨਪੁਰ, ਨੌਚੰਦੀ ਆਦਿ ਮੇਲਿਆਂ ਵਿਚ ਥੀਏਟਰ ਕੰਪਨੀਆਂ ਦੇ ਨਾਟਕ ਹੁੰਦੇ। ਮੰਚ 'ਤੇ ਸਲਾਈਡ ਬਦਲ ਕੇ ਰੰਗ-ਬਿਰੰਗੀ ਰੋਸ਼ਨੀ ਪਾਈ ਜਾਂਦੀ ਤਾਂ ਜਗਮਗਾਹਟ ਨਾਲ ਲੋਕ ਰੌਲਾ ਪਾਉਣ ਲੱਗਦੇ।

ਦੱਖਣ ਵਿਚ ਤਾਮਿਲ ਅਤੇ ਤੇਲਗੂ ਵਿਚ ਪਾਰਸੀ ਸ਼ੈਲੀ ਦੇ ਹੋਏ ਨਾਟਕ ਮਹਾਂਰਾਸ਼ਟਰ ਵਿਚ ਵੀ ਹੋਏ ਪਰ ਬੰਗਾਲ ਵਿਚ ਬੰਗਾਲੀ ਲੇਖਕ ਗਿਰੀਸ਼ ਬਾਬੂ ਅਤੇ ਰਾਨੀ ਬਾਬੂ ਨੇ ਨਵੇਂ ਪ੍ਰਯੋਗ ਅਤੇ ਪਰਿਵਰਤਨ ਕਰਕੇ ਇਸ ਸ਼ੈਲੀ ਨੂੰ ਆਪਣੇ ਮੁਤਾਬਕ ਢਾਲਿਆ। ਬਿਹਾਰ ਵਿਚ ਰੁਸਤਮਜੀ ਮੋਦੀ ਦੇ ਛੋਟੇ ਭਰਾਵਾਂ ਕੇਕੀ ਮੋਦੀ ਤੇ ਸੋਹਰਾਬ ਮੋਦੀ ਦੀ ਕੰਪਨੀ 'ਆਰੀਆ ਨੈਤਿਕ' ਨਾਗਪੁਰ, ਜਬਲਪੁਰ, ਗਯਾ, ਭਾਗਲਪੁਰ, ਪਟਨਾ ਆਦਿ ਵਿਚ ਨਾਟਕ ਕਰਦੀ ਸੀ। ਇਨ੍ਹਾਂ ਵਿਚ ਹਰ ਕਿਰਦਾਰ ਨੂੰ ਸੋਹਰਾਬ ਮੋਦੀ ਬਫੂਬੀ ਨਿਭਾਉਂਦੇ। 'ਵੀਰ ਅਭਿਮੰਨਿਊ', 'ਹੈਮਲਟ', 'ਦਿਲਫਰੋਸ਼', 'ਫੂਬਸੂਰਤ ਬਲਾ' ਆਦਿ ਉਸ ਦੌਰ ਦੇ ਸਭ ਤੋਂ ਮਕਬੂਲ ਡਰਾਮੇ ਸਨ। ਪਾਰਸੀ ਨਾਟਕਾਂ ਵਿਚ ਸਾਰੇ ਧਰਮਾਂ ਅਤੇ ਜਾਤਾਂ ਦੇ ਫਨਕਾਰ ਹੁੰਦੇ ਸਨ। ਇਨ੍ਹਾਂ ਫਨਕਾਰਾਂ ਵਿਚ ਮਾਸਟਰ ਮੋਹਨ, ਅਬਦੁਲ ਰਹਿਮਾਨ ਕਾਬੁਲੀ, ਸੂਰਜ ਰਾਮ, ਦਾਦਾ ਭਾਈ ਪਟੇਲ, ਕੇਕੀ ਅਡਜਾਨੀਆ, ਸੋਹਰਾਬਜੀ, ਡੋਹਰਾਵਜੀ ਮੇਵੇਵਾਲਾ, ਸੋਹਰਾਵਜੀ ਓਗਰਾ ਆਦਿ ਮੁੱਖ ਸਨ। ਔਰਤਾਂ ਦੇ ਕਿਰਦਾਰ ਮਰਦ ਪਾਤਰ ਹੀ ਨਿਭਾਉਂਦੇ ਸਨ। 1885 ਵਿਚ ਸਭ ਤੋਂ ਪਹਿਲਾਂ 'ਬੱਲੀਵਾਲ ਕੰਪਨੀ' ਨੇ ਦੋ ਵੇਸਵਾਵਾਂ ਗੁਲਜ਼ਾਰ ਅਤੇ ਬਿਜਲੀ ਨੂੰ ਆਪਣੀ ਕੰਪਨੀ ਵਿਚ ਦਾਖਲ ਕੀਤਾ। ਇਸ ਤੋਂ ਬਾਅਦ ਹੋਰ ਕੰਪਨੀਆਂ ਵਿਚ ਵੀ ਬਾਜ਼ਾਰੂ ਔਰਤਾਂ ਆਈਆਂ। ਔਰਤ ਪਾਤਰ ਦੀ ਭੂਮਿਕਾ ਅਦਾ ਕਰਨ ਵਾਲ ਜਿੰਨੇ ਵੀ ਮਰਦ ਕਲਾਕਾਰ ਸਨ, ਉਹ ਔਰਤਾਂ ਵਾਂਗ ਲੰਮੇ ਵਾਲ ਰੱਖਦੇ ਸਨ। ਫਿਲਮ ਜਗਤ ਦੇ ਮਹਾਨ ਫਿਲਮਸਾਜ਼ ਵੀ. ਸ਼ਾਂਤਾਰਾਮ 'ਬਾਲ ਗੰਧਰਵ' ਦੀ ਕੰਪਨੀ ਵਿਚ ਔਰਤ ਪਾਤਰ ਦੀ ਭੂਮਿਕਾ ਅਦਾ ਕਰਦੇ ਹੁੰਦੇ ਸਨ। ਮਾਸਟਰ ਭਗਵਾਨ ਦਾਸ, ਮਾਸਟਰ ਨਿਸਾਰ, ਗ਼ੁਲਾਮ ਹੈਦਰ ਸਿੰਘੀ, ਨਰਬਦਾ ਸ਼ੰਕਰ ਆਦਿ ਵੀ ਔਰਤ ਪਾਤਰ ਨਿਭਾਉਂਦੇ ਰਹੇ।

1931 ਵਿਚ ਪਹਿਲੀ ਬੋਲਣ ਵਾਲੀ ਫਿਲਮ 'ਆਲਮਆਰਾ' ਬਣੀ। ਇਹ ਫਿਲਮ 'ਇੰਪੀਰੀਅਲ ਕੰਪਨੀ' ਦੀ ਸੀ ਜਿਸ ਵਿਚ ਪ੍ਰਿਥਵੀਰਾਜ ਕਪੂਰ ਨੇ ਵੀ ਅਦਾਕਾਰੀ ਕੀਤੀ। ਇਸ ਤੋਂ ਬਾਅਦ ਕਈ ਕੰਪਨੀਆਂ ਆਈਆਂ ਜਿਸ ਵਿਚ 'ਸਰੋਜ ਕੰਪਨੀ', 'ਸਾਗਰ ਕੰਪਨੀ', 'ਮਿਨਰਵਾ ਮੂਵੀਟੋਨ', 'ਕਾਰਦਾਰ ਪ੍ਰੋਡਕਸ਼ਨ', 'ਬਾਲ ਗੰਧਰਵ' ਆਦਿ ਫਾਸ ਸਨ। ਇਹ ਫਿਲਮ ਕੰਪਨੀਆਂ ਆਉਣ ਨਾਲ 'ਪਾਰਸੀ ਥੀਏਟਰ' ਦਾ ਪਤਨ ਸ਼ੁਰੂ ਹੋ ਗਿਆ। 1950 ਤਕ ਪਾਰਸੀ ਰੰਗਮੰਚ ਬਿਲਕੁਲ ਫਤਮ ਹੋ ਗਿਆ।

ਹੁਣ ਆਧੁਨਿਕ ਸਹੂਲਤਾਂ ਨੇ ਰੰਗਮੰਚ ਦੀ ਕਾਇਆ ਹੀ ਪਲਟ ਦਿੱਤੀ ਹੈ। ਜਦੋਂ ਬੋਲਦੀਆਂ ਫਿਲਮਾਂ ਦੀ ਸ਼ੁਰੂਆਤ ਹੋਈ ਤਾਂ ਰੰਗਮੰਚ ਦੇ ਕਲਾਕਾਰ ਹੀ ਫਿਲਮਾਂ ਵਿਚ ਲਏ ਗਏ। ਫਿਲਮਾਂ ਵਿਚ ਪਿੱਠਵਰਤੀ ਗੁਲੂਕਾਰੀ ਦੀ ਸ਼ੁਰੂਆਤ 1935 ਵਿਚ ਹੋਈ। ਉਦੋਂ ਤਕ ਸਿਰਫ ਉਨ੍ਹਾਂ ਲੋਕਾਂ ਨੂੰ ਮੌਕਾ ਮਿਲਿਆ ਜੋ ਸੰਵਾਦ ਬੁਲੰਦ ਆਵਾਜ਼ ਵਿਚ ਬੋਲ ਸਕਦੇ ਸਨ। ਕਈ ਸੰਗੀਤ ਨਿਰਦੇਸ਼ਕ ਅਤੇ ਲਿਖਾਰੀ ਵੀ ਪਾਰਸੀ ਥੀਏਟਰ ਤੋਂ ਹੀ ਗਏ, ਜਿਵੇਂ ਪੰਡਿਤ ਫੇਮਚੰਦ ਪ੍ਰਕਾਸ਼, ਨੌਸ਼ਾਦ ਅਲੀ, ਸੀ. ਰਾਮ ਚੰਦਰ, ਮੁਣਸ਼ੀ ਦਿਲ ਆਦਿ। 'ਵਿਰੀਧੀ ਚੰਦਰ' ਦਾ ਇਹ ਗੀਤ 'ਏ ਚਾਂਦ ਛੁਪ ਜਾਨਾ, ਜਬ ਤਕ ਕਿ ਮੈਂ ਆ ਨਾ ਜਾਊਂ" ਅਤੇ ਮਹਿਬੂਬ ਫਾਨ ਦੀ ਫਿਲਮ 'ਹਮਾਯੂੰ' (1945) ਦਾ ਗੀਤ 'ਨੈਨਾ ਭਰ ਆਏ ਨੀਰ' (ਸ਼ਮਸ਼ਾਦ ਬੇਗ਼ਮ), ਜਿਸ ਦਾ ਸੰਗੀਤ ਪੰਜਾਬ ਦੇ ਮਸ਼ਹੂਰ ਸੰਗੀਤਕਾਰ ਮਾਸਟਰ ਗ਼ੁਲਾਮ ਹੈਦਰ ਨੇ ਦਿੱਤਾ ਸੀ, ਉਸ ਵਕਤ ਬੇਹੱਦ ਮਕਬੂਲ ਹੋਏ ਸਨ।

ਗ਼ੁਲਾਮ ਹੈਦਰ 'ਪੰਚੋਲੀ ਆਰਟ ਸਟੂਡੀਓ' ਦੇ ਸਥਾਈ ਸੰਗੀਤਕਾਰ ਸਨ। ਮਲਿਕਾ-ਏ-ਤਰੱਨੁਮ ਨੂਰਜਹਾਂ, ਸ਼ਮਸ਼ਾਦ ਬੇਗ਼ਮ, ਉਮਰਾਜ਼ੀਆ ਬੇਗ਼ਮ, ਸੁਰਿੰਦਰ ਕੌਰ ਤੇ ਲਤਾ ਮੰਗੇਸ਼ਕਰ ਉਨ੍ਹਾਂ ਦੀਆਂ ਹੀ ਸ਼ਗਿਰਦ ਸਨ।



*ਪਾਰਸੀ ਥੀਏਟਰ ਨਾਲ ਜੁੜੀ ਜੋੜੀ, ਰੂਬੀ ਤੇ ਬੁਰਜੋਰ ਪਟੇਲ ਆਪਣੀ ਧੀ ਸ਼ਹਿਨਾਜ਼ ਨਾਲ*

1934-35 ਵਿਚ ਫਿਲਮਾਂ ਵਿਚ ਪਿੱਠਵਰਤੀ ਗਾਇਕੀ ਦੇ ਨਾਲ-ਨਾਲ ਨਵੀਆਂ ਫਿਲਮਾਂ ਦਾ ਦੌਰ ਸ਼ੁਰੂ ਹੋਇਆ। ਅਸ਼ੋਕ ਕੁਮਾਰ, ਕਰਨ ਦੀਵਾਨ, ਰਹਿਮਾਨ, ਦਲੀਪ ਕੁਮਾਰ, ਦੇਵ ਆਨੰਦ, ਰਾਜ ਕਪੂਰ ਅਤੇ ਪਰਾਣ ਵਰਗੇ ਅਦਾਕਾਰਾਂ ਦੇ ਆਉਣ ਨਾਲ ਪਾਰਸੀ ਥੀਏਟਰ ਦੇ ਕਲਾਕਾਰਾਂ ਲਈ ਫਿਲਮਾਂ ਵਿਚ ਵੀ ਜਗ੍ਹਾ ਨਾ ਰਹੀ। ਲਿਹਾਜ਼ਾ ਉਹ ਹੌਲੀ-ਹੌਲੀ ਅਦਾਕਾਰੀ ਦੀ ਦੌੜ ਤੋਂ ਵੀ ਬਾਹਰ ਹੁੰਦੇ ਗਏ। ਇਉਂ ਫਿਲਮਾਂ ਦੀ ਬੇਤਹਾਸ਼ਾ ਚਮਕ-ਦਮਕ ਵਿਚ ਪਾਰਸੀ ਥੀਏਟਰ ਗੁਆਚ ਗਿਆ।

*-ਮਨਦੀਪ ਸਿੰਘ ਸਿੱਧੂ*

# ਹੁਣ ਮੋਦੀ ਦੇ ਬਚਪਨ ਬਾਰੇ ਫਿਲਮ

ਭਾਰਤ ਵਿਚ ਲੋਕ ਸਭਾ ਚੋਣਾਂ ਸਿਰ ਉਤੇ ਹਨ ਅਤੇ ਭਾਜਪਾ ਦੀ ਪ੍ਰਚਾਰ ਮਸ਼ੀਨਰੀ ਨੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਬਾਰੇ ਫਿਲਮ 'ਚਲੋ ਜੀਤੇ ਹੈਂ" ਤਿਆਰ ਕਰ ਲਈ ਹੈ। ਕੁੱਲ 32 ਮਿੰਟ ਦੀ ਇਸ ਫਿਲਮ ਵਿਚ ਭਾਵੇਂ ਕਿਤੇ ਇਹ ਨਹੀਂ ਦਰਸਾਇਆ ਗਿਆ ਕਿ ਇਹ ਫਿਲਮ ਨਰੇਂਦਰ ਮੋਦੀ ਦੇ ਬਚਪਨ ਬਾਰੇ ਹਨ ਪਰ ਫਿਲਮ ਵਿਚਲੀਆਂ ਘਟਨਾਵਾਂ ਅਤੇ ਕਹਾਣੀ ਇਸ ਹਿਸਾਬ ਨਾਲ ਬੁਣੇ ਗਏ ਹਨ ਕਿ ਦਰਸ਼ਕ ਨੂੰ ਫੁਦ-ਬਫੁਦ ਪਤਾ ਲੱਗ ਜਾਂਦਾ ਹੈ ਕਿ ਫਿਲਮ ਦਾ ਨਾਇਕ ਨਰੇਂਦਰ ਮੋਦੀ ਹੀ ਹੈ। ਯਾਦ ਰਹੇ ਕਿ 2014 ਵਾਲੀ ਲੋਕ ਸਭਾ ਚੋਣਾਂ ਤੋਂ ਐਨ ਪਹਿਲਾਂ ਵੀ ਪ੍ਰਚਾਰ ਹਿਤ ਕੌਮਿਕ ਕਿਤਾਬ 'ਬਾਲ ਨਰੇਂਦਰ' ਰਿਲੀਜ਼ ਕੀਤੀ ਗਈ ਸੀ ਅਤੇ ਇਸ ਦੀ ਉਦੋਂ ਫੂਬ ਚਰਚਾ ਕਰਵਾਈ ਗਈ ਸੀ।

'ਚਲੋ ਜੀਤੇ ਹੈਂ" ਫਿਲਮ 29 ਜੁਲਾਈ ਨੂੰ ਰਿਲੀਜ਼ ਕਰ ਦਿਤੀ ਗਈ ਪਰ ਇਸ ਤੋਂ ਪਹਿਲਾਂ ਇਸ ਫਿਲਮ ਦਾ ਵਿਸ਼ੇਸ਼ ਸ਼ੋਅ ਲੰਘੇ ਬੁਧਵਾਰ ਨੂੰ ਰਾਜ ਸਭਾ ਸਕੱਤਰੇਤ ਵਿਚ ਕੀਤਾ ਗਿਆ। ਇਸ ਮੌਕੇ ਉਪ ਰਾਸ਼ਟਰਪਤੀ ਐਮ. ਵੈਂਕਈਆ ਨਾਇਡੂ ਅਤੇ ਕੇਂਦਰੀ ਮੰਤਰੀ ਪਿਯੂਸ਼ ਗੋਇਲ, ਰਵੀ ਸ਼ੰਕਰ ਪ੍ਰਸਾਦ, ਰਾਜਵਰਧਨ ਰਾਠੌੜ, ਜੈਅੰਤ ਸਿਨਹਾ ਤੇ ਜੇ.ਪੀ. ਨੱਢਾ ਮੌਜੂਦਾ ਸਨ। ਇਹੀ ਨਹੀਂ, ਇਕ ਦਿਨ ਪਹਿਲਾਂ ਮੰਗਲਵਾਰ ਨੂੰ ਇਹ ਫਿਲਮ ਰਾਸ਼ਟਰਪਤੀ ਭਵਨ ਵਿਚ ਰਾਸ਼ਟਰਪਤੀ ਰਾਮ ਨਾਥ ਕੋਵਿੰਦ ਲਈ ਦਿਖਾਈ ਗਈ। ਇਸ ਫਿਲਮ ਬਾਰੇ ਸਵਾਲ ਕਰਨ 'ਤੇ ਰਾਸ਼ਟਰਪਤੀ ਦੇ ਪ੍ਰੈੱਸ ਸਕੱਤਰ ਅਸ਼ੋਕ ਮਲਿਕ ਨੇ ਇਉਂ ਸਫਾਈ ਦੇਣ ਦਾ ਯਤਨ ਕੀਤਾ: "ਵੱਖ-ਵੱਖ ਫਿਲਮਸਾਜ਼ ਸਾਡੇ ਤੱਕ ਪਹੁੰਚ ਕਰਦੇ ਰਹਿੰਦੇ ਹਨ ਕਿ ਉਹ ਆਪਣੀ ਫਿਲਮ ਰਾਸ਼ਟਰਪਤੀ ਜੀ ਨੂੰ ਦਿਖਾਉਣਾ ਚਾਹੁੰਦੇ ਹਨ। ਇਸ ਫਿਲਮ ਵਿਚ ਇਕ ਬੱਚੇ ਦੇ ਬਚਪਨ ਅਤੇ ਮਾਸੂਮੀਅਤ ਬਾਰੇ ਬਹੁਤ ਫੂਬਸੂਰਤੀ ਨਾਲ ਬਿਆਨ ਕੀਤਾ ਗਿਆ ਹੈ। ਇਸ ਲਈ ਰਾਸ਼ਟਰਪਤੀ ਨੇ ਇਹ ਫਿਲਮ ਦਿਖਾਉਣ ਦੀ ਆਗਿਆ ਦੇ ਦਿੱਤੀ ਤਾਂ ਕਿ ਜੀਵਨ ਨਾਲ ਜੁੜੀਆਂ ਚੰਗੀਆਂ ਕਦਰਾਂ-ਕੀਮਤਾਂ ਦਾ ਪ੍ਰਸਾਰ ਹੋ ਸਕੇ।" ਇਸ ਦੇ ਨਾਲ ਹੀ ਉਨ੍ਹਾਂ ਉਲਟਾ ਸਵਾਲ ਵੀ ਕੀਤਾ ਕਿ ਸ੍ਰੀ ਕੋਵਿੰਦ ਤੋਂ ਪਹਿਲਾਂ ਦੇ ਰਾਸ਼ਟਰਪਤੀ ਪ੍ਰਣਬ ਮੁਖਰਜੀ ਨੇ ਵੀ ਤਾਂ ਰਾਸ਼ਟਰਪਤੀ ਭਵਨ ਵਿਚ ਕਈ ਫਿਲਮਾਂ ਦੇਖੀਆਂ ਸਨ ਜਿਨ੍ਹਾਂ ਵਿਚ 'ਪਿੰਕ' ਅਤੇ 'ਪੀਕੂ' ਫਿਲਮਾਂ ਵੀ ਸ਼ਾਮਲ ਸਨ, ਕੀ ਉਹ ਵੀ ਸਿਆਸੀ ਪ੍ਰਚਾਰ ਹੀ ਸੀ?




ਇਹ ਫਿਲਮ ਦਿਖਾਉਣ ਤੋਂ ਬਾਅਦ ਭਾਜਪਾ ਨਾਲ ਜੁੜੇ ਮੰਤਰੀਆਂ-ਸੰਤਰੀਆਂ ਅਤੇ ਅਹੁਦੇਦਾਰਾਂ ਨੇ ਪ੍ਰਚਾਰ ਮੁਹਿੰਮ ਵੀ ਵਿੱਢ ਦਿੱਤੀ ਹੈ। ਫਿਲਮ ਮਰਾਠੀ ਫਿਲਮਸਾਜ਼ ਮੰਗਲੇਸ਼ ਹਦਾਵਲੇ ਨੇ ਬਣਾਈ ਹੈ। ਦਾਅਵਾ ਕੀਤਾ ਜਾ ਰਿਹਾ ਹੈ ਕਿ ਇਹ ਫਿਲਮ ਸੱਚੀਆਂ ਘਟਨਾਵਾਂ 'ਤੇ ਆਧਾਰਤ ਹੈ। ਇਹ ਅਜਿਹੇ ਬੱਚੇ ਦੀ ਕਹਾਣੀ ਹੈ ਜੋ ਦੇਸ਼ ਲਈ ਕੁਝ ਕਰਨਾ ਚਾਹੁੰਦਾ ਹੈ। ਇਸ ਬੱਚੇ ਦਾ ਨਾਂ ਨਰੂ ਰੱਖਿਆ ਗਿਆ ਹੈ (ਨਰੇਂਦਰ ਮੋਦੀ ਦਾ ਹੀ ਛੋਟਾ ਨਾਂ)। ਫਿਲਮ ਵਿਚ ਦਰਜ ਹੈ ਕਿ ਬਾਲਕ ਨਰੂ, ਸਵਾਮੀ ਵਿਵੇਕਾਨੰਦ ਦੀ ਕਿਤਾਬ ਪੜ੍ਹਨ ਤੋਂ ਬਾਅਦ ਉਨ੍ਹਾਂ ਦੇ ਵਿਚਾਰਾਂ ਤੋਂ ਬਹੁਤ ਪ੍ਰਭਾਵਿਤ ਹੁੰਦਾ ਹੈ। ਵਿਵੇਕਾਨੰਦ ਦੇ ਵਿਚਾਰ ਹਨ ਕਿ "ਜਿੱਤਦੇ ਉਹੀ ਹਨ ਜੋ ਦੂਜਿਆਂ ਲਈ ਜਿਊਂਦੇ ਹਨ।" ਇਸੇ ਆਧਾਰ 'ਤੇ ਹੀ ਇਸ ਫਿਲਮ ਦੀ ਕਹਾਣੀ ਉਸਾਰੀ ਗਈ ਹੈ। ਅਸਲ ਵਿਚ ਇਹ ਕਹਾਣੀ ਪਹਿਲਾਂ ਛਪੀ ਕਿਤਾਬ 'ਸਮਾਜਿਕ ਸਮਰਤਾ' ਵਿਚੋਂ ਲਈ ਗਈ ਹੈ ਅਤੇ ਇਹ ਕਿਤਾਬ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਲੇਖਾਂ ਦਾ ਹੀ ਸੰਗ੍ਰਹਿ ਹੈ।

ਇਸ ਫਿਲਮ ਦੇ ਡਾਇਰੈਕਟਰ ਮੰਗਲੇਸ਼ ਹਦਾਵਲੇ ਨੇ ਇਸ ਤੋਂ ਪਹਿਲਾਂ ਫਿਲਮ 'ਟਿੰਗੀਆ' ਬਣਾ ਚੁੱਕੇ ਹਨ। ਸਾਲ 2008 ਵਿਚ ਮਰਾਠੀ ਵਿਚ ਬਣਾਈ ਇਹ ਫਿਲਮ ਕੁੱਲ 116 ਮਿੰਟਾਂ ਦੀ ਹੈ ਅਤੇ ਇਸ ਦੀ ਕਹਾਣੀ ਵੀ ਦਿਹਾਤੀ ਬਾਲਕ ਦੁਆਲੇ ਘੁੰਮਦੀ ਹੈ। ਇਸ ਫਿਲਮ ਵਿਚ ਉਹ ਆਪਣੇ ਬਲਦ ਨੂੰ ਬਹੁਤ ਪਿਆਰ ਕਰਦਾ ਹੈ। ਅਸਲ ਵਿਚ ਇਸ ਫਿਲਮ ਵਿਚ ਮਹਾਂਰਾਸ਼ਟਰ ਦੇ ਕਿਸਾਨਾਂ ਨੂੰ ਜੋ ਔਕੜਾਂ, ਮੁਸੀਬਤਾਂ ਅਤੇ ਮੁਸ਼ਕਿਲਾਂ ਝੱਲਣੀਆਂ ਪੈ ਰਹੀਆਂ ਹਨ, ਉਹ ਸਾਰੀ ਕਹਾਣੀ ਦਰਜ ਕੀਤੀ ਗਈ ਹੈ। ਇਸ ਫਿਲਮ ਦੀ ਫੂਬ ਪ੍ਰਸੰਸਾ ਹੋਈ ਸੀ ਅਤੇ ਇਹ ਪੁਣੇ ਕੌਮਾਂਤਰੀ ਫਿਲਮ ਮੇਲੇ ਵਿਚ ਵੀ ਦਿਖਾਈ ਗਈ ਸੀ ਅਤੇ 2008 ਵਿਚ ਫਿਲਮ ਨੂੰ ਮੁੰਬਈ ਅਕੈਡਮੀ ਆਫ ਮੂਵੀਜ਼ ਇਮੇਜਿਜ਼ ਵਲੋਂ ਸਰਵੋਤਮ ਫਿਲਮ ਐਲਾਨਿਆ ਗਿਆ ਸੀ। ਇਸ ਫਿਲਮ ਵਿਚ ਬਾਲ ਕਲਾਕਾਰ ਦਾ ਕਿਰਦਾਰ ਨਿਭਾਉਣ ਵਾਲੇ ਸ਼ਰਦ ਗਿਓਕਰ ਨੂੰ ਸਰਵੋਤਮ ਬਾਲ ਕਲਾਕਾਰ ਦਾ ਕੌਮੀ ਫਿਲਮ ਐਵਾਰਡ ਵੀ ਦਿੱਤਾ ਗਿਆ ਸੀ। ਫਿਲਮ 'ਚਲੋ ਜੀਤੇ ਹੈਂ" ਕਲਾ ਦਾ ਪੱਖ ਤੋਂ 'ਟਿੰਗੀਆ' ਤੋਂ ਕਿਸੇ ਵੀ ਲਿਹਾਜ਼ ਘੱਟ ਨਹੀਂ ਹੈ।

*-ਗੁਰਜੰਟ ਸਿੰਘ*


KAPURTHALA SPORTS & CULTURAL CLUB USA (REGd.)
Presents
7th FOOTBALL, BASKETBALL
& VOLLEYBALL TOURNAMENT
SUNDAY, AUGUST 5th, 2018
Time: 9:00 am
Q-435-M Van Buren, High School, 230-17 Hillside Ave., Queens, NY 11427
AR Helping Hands Foundation
MUKTI PETROLEUM
ਫੁੱਟਬਾਲ, ਬਾਸਕਿਟਬਾਲ ਅਤੇ ਵਾਲੀਬਾਲ ਦੇ ਨਾਲ ਨਾਲ
ਬੱਚਿਆਂ ਦੀਆਂ ਦੌੜਾਂ ਕਰਵਾਈਆਂ ਜਾਣਗੀਆਂ
PARMINDER SINGH
TONY AVELLA
HARRY SINGH
JARNAIL SINGH
GURMEET SINGH
JAGIR SINGH
B. K. KALIA
S. S. SANDHAR
GURDEV GOGI
JUGNU
JAGDEEP DEOL
S. S. WARAICH
K. S. WARAICH
MAKHAN SINGH
GYAN S. JASWAL
NARINDER SINGH
IQBAL SINGH
KEWAL SINGH
DALJEET SINGH
R.S HAPPY
GURDEEP SINGH
Raja Sahib Sports Club Doaba
JASPREET GILL
SPS SANDHU
RANJIT S. PADDA
J. S. BAL
R. K. SHARMA
JARNAIL SINGH
Shaheed Bhai Mani Singh Cultural Society
TIRTH KANG
NIRMAL KANG
SHERI SINGH
HAPPY
DARA SINGH
DALJIT KHERA
J.S. CHEEMA
Shaheed Kartar Singh Sarabha Sports Club
CHICAGO'S PIZZA
Canam fone
MY TICKET
★★LUCKY DRAW★★
LUCKY WINNER PRIZES
1st iPhone
2nd L.E.D TV
3nd Apple Airpods
Punjabi Virsa Sports Kabaddi Club
SOCCER TEMAS PLAYING IN OUR TOURANMENT
INDIA
AFGHANISTAN
BANGLADESH
BHUTAN
CANADA
INDIA WEST
NEPAL
TURKEY
THAILAND
WEST INDIES
ATHLETIC EVENTS
ADULTS
5000 Meter
400 Meter
100 Meter
100 Meter Over 50 Yrs
CHILDREN
Upto 5 Yrs - 50 Meter
Upto 7 Yrs - 50 Meter
Upto 9 Yrs - 75 Meter
Upto 11 Yrs - 100 Meter
Upto 13 Yrs - 100 Meter
Upto 15 Yrs - 100 Meter
Upto 17 Yrs - 100 Meter
EVENTS FOR WOMENS
CHATTI RACE & MUSICAL CHAIR RACE
FOR BASKETBALL REGISTRATION CONTACT JOGA S. JASWAL - 347-335-1014
FOR VOLLEYBALL REGISTRATION CONTACT ROMY - 347-847-5447
FOR SOCCER REGISTRATION CONTACT VIKAS - 917-500-3152
FOR ATHLETIC REGISTRATION CONTACT MANMOHAN SINGH - 347-607-1383
Bellerose Sports Club
ASPIRE TAX & ACCOUNTING SERVICES INC.
Baltej Singh Brar # 718-554-0900
9423 Lefferts Blvd S. Richmond Hill, NY 11419
TATA WATERPROOFING CORPORATION
KARAMJIT SINGH
718-666-8022
CURRY & CO.
271-19 UNION TPKE.
718-749-5418
Surya Sweets
One Stop Driving School
917 751 6492
INDIAN VISA CENTER
718-554-0000
JAI HIND ENTERPRISES INC.
Khera Transport Inc.
718 647 4744
Hillside Hardware Store Inc.
718 343 0072
CARLUX LIMOUSINE
516-307-0777
DISHNET SHOP
COMMERCIAL & RESIDENTIAL
Arora Insurance Agency Inc.
718 831 1230
Bhagat Auto Repair Center
718 347 7200
PANKS SPORTS
Contact 516-851-8044
Sunny Truck Driving School
718 353 6745
PUNJABI DHABA
(718) 487-8002
President J.S.Kari 917 681 5959
Vice President J. S. Bal 917 915 1900
Secretary R. K. Sharma 516 263 8373
Treasurer M. S. Waraich 917 597 6667
Joint Secretary Sukhdev S. Matu 347-229-2227
LIVE ON TV
GARV ਪੰਜਾਬ
GLOBAL PUNJAB
ਪੰਜਾਬ ਟਾਈਮਜ਼
ਆਪਣਾ ਪੰਜਾਬ
ਸ਼ਾਨੇ ਪੰਜਾਬ
AMBA JEWELERS
SOHNA PUNJAB
(718) 470-9400
BROADWAY 516-697-6200
www.broadwayprintingsigns.com